ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

21-27 ਜਨਵਰੀ 2026

ਸਾਲ 17ਵਾਂ - ਅੰਕ 4
email : info@sadelok.com
Ph. : 510-706-1300
Fax : 925-373-1300

## 77ਵਾਂ ਗੰਣਤੰਤਰ ਦਿਵਸ ਅਤੇ ਸਿੱਖ



(ਦੇਖੋ ਸਫ਼ਾ 41 'ਤੇ)

## ਜੇ ਕੁਝ ਹੋਇਆ ਤਾਂ ਈਰਾਨ ਦਾ ਧਰਤੀ ਤੋਂ ਨਾਮੋ-ਨਿਸ਼ਾਨ ਮਿਟਾ ਦਿੱਤਾ ਜਾਵੇਗਾ

### ਟਰੰਪ ਦੀ ਈਰਾਨ ਨੂੰ ਸਿੱਧੀ ਅਤੇ ਖੌਫਨਾਕ ਚੇਤਾਵਨੀ



ਵਾਸ਼ਿੰਗਟਨ, (ਸਾਡੇ ਲੋਕ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਈਰਾਨ ਨੂੰ ਹੁਣ ਤੱਕ ਦੀ ਸਭ ਤੋਂ ਸਖਤ ਅਤੇ ਖੌਫਨਾਕ ਚੇਤਾਵਨੀ ਦਿੱਤੀ ਹੈ। ਟਰੰਪ ਨੇ ਸਾਫ ਸ਼ਬਦਾਂ ਵਿੱਚ ਕਿਹਾ ਹੈ ਕਿ ਜੇਕਰ ਤਹਿਰਾਨ (ਈਰਾਨ) ਵੱਲੋਂ ਉਨ੍ਹਾਂ ਦੀ ਹੱਤਿਆ ਦੀ ਕੋਸ਼ਿਸ਼ ਕੀਤੀ ਗਈ ਜਾਂ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾਇਆ ਗਿਆ, ਤਾਂ ਬਦਲੇ ਵਿੱਚ ਪੂਰੇ ਈਰਾਨ ਨੂੰ ਧਰਤੀ ਤੋਂ ਅਲੋਪ ਕਰ ਦਿੱਤਾ ਜਾਵੇਗਾ। 'ਨਿਊਜ਼ਨੇਸ਼ਨ' ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਕਿਹਾ, 'ਮੈਂ ਪਹਿਲਾਂ ਹੀ ਸਖਤ ਹਦਾਇਤਾਂ

(ਦੇਖੋ ਸਫ਼ਾ 36 'ਤੇ)

## ਦੁਨੀਆਂ ਭਰ 'ਚ ਵਸਦੇ ਸਿੱਖਾਂ ਲਈ ਵੱਡੇ ਮਾਣ ਵਾਲੀ ਗੱਲ !

## ਗਾਜ਼ਾ ਦੇ ਮੁੜ ਨਿਰਮਾਣ ਲਈ ਗਲੋਬਲ 'ਪਾਵਰ ਟੀਮ' ਦਾ ਐਲਾਨ: ਸ. ਅਜੈ ਸਿੰਘ ਬੰਗਾ ਨੂੰ ਵੱਡੀ ਜ਼ਿੰਮੇਵਾਰੀ !

ਨਿਊਯਾਰਕ/ਵਾਸ਼ਿੰਗਟਨ, (ਸਾਡੇ ਲੋਕ) : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੰਘਰਸ਼ ਨੂੰ ਖਤਮ ਕਰਨ ਦੀ ਵਿਆਪਕ ਯੋਜਨਾ ਤਹਿਤ ਗਾਜ਼ਾ ਦੇ ਪੁਨਰ ਨਿਰਮਾਣ ਲਈ 'ਸ਼ਾਂਤੀ ਬੋਰਡ' 'ਚ ਨਾਮਜ਼ਦ ਕੀਤੇ ਗਏ ਆਗੂਆਂ ਵਿਚ ਵਿਸ਼ਵ ਬੈਂਕ ਸਮੂਹ ਦੇ ਭਾਰਤੀ-ਅਮਰੀਕੀ ਪ੍ਰਧਾਨ ਅਜੈ ਬੰਗਾ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸ਼ਾਮਿਲ ਹਨ। ਵ੍ਹਾਈਟ ਹਾਊਸ ਨੇ ਸ਼ੁੱਕਰਵਾਰ ਨੂੰ ਸ਼ਾਂਤੀ ਬੋਰਡ ਦੇ ਸੰਸਥਾਪਕ ਕਾਰਜਕਾਰੀ ਬੋਰਡ ਦੇ ਨਿਯੁਕਤ ਮੈਂਬਰਾਂ ਦੀ ਇੱਕ ਸੂਚੀ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਹੈ ਕਿ ਇਸ ਵਿੱਚ ਕੂਟਨੀਤੀ, ਵਿਕਾਸ, ਬੁਨਿਆਦੀ ਢਾਂਚੇ ਅਤੇ ਆਰਥਿਕ ਰਣਨੀਤੀ ਵਿੱਚ ਤਜਰਬੇ ਵਾਲੇ ਆਗੂ ਸ਼ਾਮਿਲ ਹਨ। ਬੰਗਾ ਅਤੇ ਰੂਬੀਓ ਤੋਂ ਇਲਾਵਾ, ਕਾਰਜਕਾਰੀ ਬੋਰਡ ਵਿੱਚ ਮੱਧ ਪੂਰਬ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਟਰੰਪ ਦੇ ਜਵਾਈ ਜੇਰੇਡ ਕੁਸ਼ਨਰ, ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ, ਪ੍ਰਾਈਵੇਟ ਇਕੁਇਟੀ ਫਰਮ ਅਪੋਲੋ ਗਲੋਬਲ ਮੈਨੇਜਮੈਂਟ ਦੇ ਸੀ. ਈ. ਓ. ਮਾਰਕ




'ਏ ਆਈ ਚਿੱਤਰ'

(ਦੇਖੋ ਸਫ਼ਾ 39 'ਤੇ)

## ਸਿੱਖਾਂ ਦੀ ਸੁਰੱਖਿਆ ਲਈ ਇਤਿਹਾਸਕ ਕਦਮ

## ਸਿੱਖਾਂ ਖਿਲਾਫ ਅੰਤਰਰਾਸ਼ਟਰੀ ਦਮਨ ਰੋਕਣ ਲਈ ਅਮਰੀਕੀ ਸੰਸਦ 'ਚ ਦੋਵਾਂ ਪਾਰਟੀਆਂ ਵੱਲੋਂ ਸਾਂਝਾ ਬਿੱਲ ਪੇਸ਼



ਵਾਸ਼ਿੰਗਟਨ, (ਸਾਡੇ ਲੋਕ) ਅੱਜ ਕਾਂਗਰਸਮੈਨ ਡੇਵਿਡ ਵਲਾਡੋ (CA-22) ਨੇ ਕਾਂਗਰਸਮੈਨ ਜੋਸ਼ ਗੋਟਹਾਈਮਰ (NJ-05) ਨਾਲ ਮਿਲ ਕੇ 'ਸਿੱਖ ਅਮੈਰਿਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' (Sikh American Anti-Discrimination Act) ਪੇਸ਼ ਕੀਤਾ। ਦੋਵਾਂ ਪਾਰਟੀਆਂ ਦੀ ਸਹਿਮਤੀ ਵਾਲਾ ਇਹ ਬਿੱਲ (Bipartisan Bill) ਨਿਆਂ ਵਿਭਾਗ (DOJ) ਦੇ ਅਧੀਨ 'ਸਿੱਖ ਵਿਰੋਧੀ ਵਿਤਕਰਾ ਟਾਸਕ ਫੋਰਸ' ਦੀ ਸਥਾਪਨਾ ਕਰੇਗਾ, ਜਿਸ ਲਈ ਸਿੱਖ ਭਾਈਚਾਰੇ ਨਾਲ ਮਿਲ ਕੇ ਕੰਮ ਕਰਨਾ ਲਾਜ਼ਮੀ ਹੋਵੇਗਾ।

**ਦੁਨੀਆਂ ਦੇ ਸਿੱਖਾਂ ਲਈ ਵੱਡੀ ਖਬਰ**

ਨਿਆਂ ਵਿਭਾਗ ਨੇ ਸਿੱਖਾਂ ਖਿਲਾਫ ਹਿੰਸਾ ਅਤੇ ਵਿਦੇਸ਼ੀ ਧਰਤੀ ਤੋਂ ਹੋ ਰਹੇ ਅੰਤਰਰਾਸ਼ਟਰੀ ਦਮਨ(Transnational repression) ਨੂੰ ਰੋਕਣ ਲਈ ਵੱਡੇ ਸਾਰਥਕ ਅਤੇ ਇਤਹਾਸਕ ਕਦਮ ਚੁੱਕੇ।

'ਇੱਥੇ ਇਹ ਜ਼ਿਕਰਯੋਗ ਹੈ ਕਿ ਕੈਲੀਫੋਰਨੀਆ

(ਦੇਖੋ ਸਫ਼ਾ 32 'ਤੇ)

## ਕੈਨੇਡਾ ਦਾ ਪੰਜਾਬ ਤੋਂ ਵੀ ਮਾੜਾ ਹਾਲ

## ਲੋਕਾਂ ਦੇ ਘਰਾਂ ਅਤੇ ਕਾਰੋਬਾਰਾਂ 'ਤੇ ਗੈਂਗਸਟਰ ਰੋਜ਼ਾਨਾ ਗੋਲਾਬਾਰੀ ਕਰਨ ਲੱਗੇ

(ਦੇਖੋ ਸਫ਼ਾ 32 'ਤੇ)




## ਅਮਰੀਕਾ ਵਿਚ ਸਿੱਖਾਂ ਦੀ ਇਕ ਹੋਰ ਇਤਿਹਾਸਕ ਪ੍ਰਾਪਤੀ

## 32 ਸਾਲਾ ਨੌਜਵਾਨ ਡਾ. ਨਵਰਾਜ ਸਿੰਘ ਰਾਏ ਕੈਲੀਫੋਰਨੀਆ ਸੁਪੀਰੀਅਰ ਕੋਰਟ ਦੇ ਬਣੇ ਜੱਜ

ਬੇਕਰਜ਼ਫੀਲਡ, ਕੈਲੀਫੋਰਨੀਆ: ਅਮਰੀਕਾ ਵਿੱਚ ਵੱਸਦੇ ਸਿੱਖਾਂ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਲਈ ਅੱਜ ਦਾ ਦਿਨ ਇਤਿਹਾਸਕ ਖੁਸ਼ੀ ਅਤੇ ਮਾਣ ਲੈ ਕੇ ਆਇਆ ਹੈ। ਕੈਲੀਫੋਰਨੀਆ ਦੇ ਨੌਜਵਾਨ


(ਦੇਖੋ ਸਫ਼ਾ 38 'ਤੇ)



**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**KW LAKE WASHINGTON SO**
KELLERWILLIAMS. REALTY
CJ Singh
Realtor
License # 24012019
Real Estate Broker




CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ‘ਟਰੰਪ ਰਾਜ’ ’ਚ 8000 ਵਿਦਿਆਰਥੀਆਂ ਦੇ ਵੀਜ਼ੇ ਰੱਦ

ਅਮਰੀਕਾ ਵਿਚ ਉੱਚ ਸਿੱਖਿਆ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਹਾਲਾਤ ਤੇਜ਼ੀ ਨਾਲ ਔਖੇ ਹੁੰਦੇ ਜਾ ਰਹੇ ਹਨ। ਰਾਸ਼ਟਰਪਤੀ ਡੌਨਾਲਡ ਟਰੰਪ ਦੇ ਦੂਜੇ ਕਾਰਜਕਾਲ (ਟਰੰਪ 2.0) ਦੇ ਪਹਿਲੇ ਹੀ ਸਾਲ ਵਿਚ ਅਮਰੀਕੀ ਯੂਨੀਵਰਸਿਟੀਆਂ ਵਿਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿਚ ਕਰੀਬ 75 ਫੀਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਦਹਾਕਿਆਂ ਵਿਚ ਇਹ ਪਹਿਲੀ ਵਾਰ ਹੈ ਜਦੋਂ ਇੰਨੀ ਤੇਜ਼ ਗਿਰਾਵਟ ਦੇਖਣ ਨੂੰ ਮਿਲੀ ਹੈ। ਸਿੱਖਿਆ ਸਲਾਹਕਾਰਾਂ ਅਤੇ ਮਾਹਿਰਾਂ ਅਨੁਸਾਰ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਵੀਜ਼ਾ ਰਿਜੈਕਸ਼ਨ (ਰੱਦ ਹੋਣਾ) ਵਿਚ ਤੇਜ਼ੀ ਨਾਲ ਵਾਧਾ, ਇੰਟਰਵਿਊ ਸਲਾਟ ਦੀ ਘਾਟ ਅਤੇ ਇਮੀਗ੍ਰੇਸ਼ਨ ਨਿਯਮਾਂ ਨੂੰ ਲੈ ਕੇ ਵਧ ਰਹੀ ਬੇਯਕੀਨੀ ਹੈ। ਅਗਸਤ-ਅਕਤੂਬਰ ‘ਫਾਲ ਇਨਟੇਕ’, ਜਿਸ ਵਿਚ ਆਮ ਤੌਰ ’ਤੇ ਕਰੀਬ 70 ਫੀਸਦੀ ਭਾਰਤੀ ਵਿਦਿਆਰਥੀ ਦਾਖਲਾ ਲੈਂਦੇ ਹਨ, ਇਸ ਵਾਰ ਸਭ ਤੋਂ ਵੱਧ ਪ੍ਰਭਾਵਿਤ ਰਿਹਾ।




**ਵੀਜ਼ਾ ਰੱਦ ਹੋਣ ਨਾਲ ਵਿਦਿਆਰਥੀਆਂ ’ਚ ਮਚੀ ਹਾਹਾਕਾਰ**

ਇਕ ਰਿਪੋਰਟ ਅਨੁਸਾਰ ਵੀਜ਼ਾ ਇੰਟਰਵਿਊ ਸਲਾਟ ਸੀਮਤ ਹੋਣ ਕਾਰਨ ਹਜ਼ਾਰਾਂ ਵਿਦਿਆਰਥੀਆਂ ਨੂੰ ਆਪਣੀਆਂ ਯੋਜਨਾਵਾਂ ਟਾਲਣੀਆਂ ਪਈਆਂ। ਸਿਰਫ਼ ਉਹੀ ਵਿਦਿਆਰਥੀ ਅੱਗੇ ਵਧ ਸਕੇ, ਜਿਨ੍ਹਾਂ ਦੀਆਂ ਅਰਜ਼ੀਆਂ ਫਰਵਰੀ ਜਾਂ ਮਾਰਚ ਤਕ ਪੂਰੀਆਂ ਹੋ ਚੁੱਕੀਆਂ ਸਨ। ਸਿੱਖਿਆ ਸਲਾਹਕਾਰਾਂ ਦਾ ਕਹਿਣਾ ਹੈ ਕਿ ਕਈ ਵਿਦਿਆਰਥੀਆਂ ਨੇ ਬਸੰਤ ਸੈਸ਼ਨ (ਜਨਵਰੀ-ਮਾਰਚ) ਤਕ ਉਡੀਕ ਕੀਤੀ ਪਰ ਸਖ਼ਤੀ ਉੱਥੇ ਵੀ ਘੱਟ ਨਹੀਂ ਹੋਈ।

ਅਮਰੀਕਾ ਵਿਚ ਪਹਿਲਾਂ ਤੋਂ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਵੀ ਇਹ ਸਾਲ ਬਹੁਤ ਤਣਾਅਪੂਰਨ ਰਿਹਾ। ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਅਨੁਸਾਰ ਦਸੰਬਰ 2025 ਤਕ ਕਰੀਬ 8,000 ਵਿਦਿਆਰਥੀ ਵੀਜ਼ਾ ਰੱਦ ਕੀਤੇ ਗਏ। ਕਈ ਵਿਦਿਆਰਥੀਆਂ ਨੂੰ ਨਾਮਜ਼ਦ ਸਕੂਲ ਅਧਿਕਾਰੀਆਂ (ਡੀ. ਐੱਸ. ਓ.) ਵਲੋਂ ਈਮੇਲ ਮਿਲੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਕੁਝ ਹੀ ਹਫ਼ਤਿਆਂ ਵਿਚ ਅਮਰੀਕਾ ਛੱਡਣ ਦੇ ਨਿਰਦੇਸ਼ ਦਿੱਤੇ ਗਏ ਹਨ।

**ਭਵਿੱਖ ਨੂੰ ਲੈ ਕੇ ਵਧੀ ਬੇਯਕੀਨੀ**

ਭਾਰਤੀ ਦੂਤਘਰ ਵਿਚ ਮਦਦ ਦੀ ਗੁਹਾਰ ਲਾਉਣ ਵਾਲਿਆਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬੇਯਕੀਨੀ ਫਿਲਹਾਲ ਖਤਮ ਹੁੰਦੀ ਨਹੀਂ ਦਿਖ ਰਹੀ। ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਭਾਰਤੀ ਵੀ ਹੁਣ ਆਪਣੇ ਭਵਿੱਖ ਬਾਰੇ ਦੁਬਾਰਾ ਸੋਚਣ ਲੱਗ ਪਏ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਮੌਜੂਦਾ ਨੀਤੀਆਂ ਜਾਰੀ ਰਹੀਆਂ ਤਾਂ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲ ਵੱਧ ਸਕਦਾ ਹੈ।

**ਸੋਸ਼ਲ ਮੀਡੀਆ ਨਿਗਰਾਨੀ ਨਾਲ ਵਧੀ ਬੇਚੈਨੀ**

ਦਬਾਅ ਸਿਰਫ਼ ਵਿਦਿਆਰਥੀਆਂ ਤਕ ਸੀਮਤ ਨਹੀਂ ਰਿਹਾ। ਐੱਚ-1ਬੀ ਵਰਕ ਵੀਜ਼ਾ ਵੀ ਸਿਆਸੀ ਬਹਿਸ ਅਤੇ ਸਖ਼ਤ ਨਿਗਰਾਨੀ ਦੇ ਘੇਰੇ ਵਿਚ ਆ ਗਿਆ ਹੈ। ਪ੍ਰੋਗਰਾਮ ਨੂੰ ਸੀਮਤ ਕਰਨ, ਫੀਸਾਂ ਵਧਾਉਣ ਅਤੇ ਸਖ਼ਤ ਜਾਂਚ ਵਰਗੇ ਪ੍ਰਸਤਾਵਾਂ ਨੇ ਵਿਦਿਆਰਥੀਆਂ ਅਤੇ ਰੋਜ਼ਗਾਰਦਾਤਾਵਾਂ ਦੋਵਾਂ ਦੀ ਚਿੰਤਾ ਵਧਾ ਦਿੱਤੀ ਹੈ। ਭਾਰਤੀ ਐੱਚ-1ਬੀ ਧਾਰਕਾਂ ਦੀ ਹਿੱਸੇਦਾਰੀ ਕਰੀਬ 72 ਫੀਸਦੀ ਹੋਣ ਕਾਰਨ ਇਸ ਦਾ ਸਭ ਤੋਂ ਵੱਧ ਅਸਰ ਭਾਰਤ ’ਤੇ ਪਿਆ ਹੈ।

ਨਵੇਂ ਨਿਯਮਾਂ ਤਹਿਤ ਵੀਜ਼ਾ ਬਿਨੈਕਾਰਾਂ ਅਤੇ ਐੱਚ-1ਬੀ ਧਾਰਕਾਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਇਸ ਨਾਲ ਵਿਦਿਆਰਥੀਆਂ ਅਤੇ ਕੰਮਕਾਜੀ ਪੇਸ਼ੇਵਰਾਂ ਵਿਚ ਡਰ ਦਾ ਮਾਹੌਲ ਬਣ ਗਿਆ ਹੈ। ਕਈ ਮਾਮਲਿਆਂ ਵਿਚ ਟਰੈਫਿਕ ਚਲਾਨ ਵਰਗੇ ਮਾਮਲਿਆਂ ਦੇ ਬਾਵਜੂਦ ਉਨ੍ਹਾਂ ਦੀ ਅੰਤਰਰਾਸ਼ਟਰੀ ਵਿਦਿਆਰਥੀ ਟਰਾਂਸਫਰ ਕਲੀਅਰੈਂਸ ਰੱਦ ਕਰ ਦਿੱਤੀ ਗਈ, ਜਿਸ ਕਾਰਨ ਵਿਦਿਆਰਥੀਆਂ ਨੂੰ ਭਾਰੀ ਮਾਨਸਿਕ ਅਤੇ ਆਰਥਿਕ ਤਣਾਅ ਝੱਲਣਾ ਪਿਆ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California
Benefits Identification Card
STATE OF CALIFORNIA
BENEFITS IDENTIFICATION CARD

Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ
ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਨੋਬੇਲ ਨਹੀਂ ਮਿਲਿਆ ਤੇ ਹੁਣ ਸ਼ਾਂਤੀ 'ਤੇ ਭਰੋਸਾ ਨਹੀਂ: ਟਰੰਪ

## ਗਰੀਨਲੈਂਡ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵੀ ਤਾਂ ਕੀਤੀ; ਅਮਰੀਕੀ ਰਾਸ਼ਟਰਪਤੀ ਨੇ ਸਰਵਉਚ ਇਨਾਮ ਨਾ ਮਿਲਣ 'ਤੇ ਨਾਰਵੇ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਾਰਵੇ ਦੇ ਪ੍ਰਧਾਨ ਮੰਤਰੀ ਜੇ ਸਟੋਰ ਨੂੰ ਪੱਤਰ ਲਿਖ ਕੇ ਨੋਬੇਲ ਸ਼ਾਂਤੀ ਪੁਰਸਕਾਰ ਨਾ ਮਿਲਣ ਦੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਅੱਠ ਅਹਿਮ ਜੰਗਾਂ ਰੁਕਵਾਉਣ ਤੋਂ ਬਾਅਦ ਵੀ ਉਨ੍ਹਾਂ ਨੂੰ ਨੋਬੇਲ ਨਹੀਂ ਮਿਲਿਆ, ਇਸ ਲਈ ਉਨ੍ਹਾਂ ਨੇ ਸ਼ਾਂਤੀ ਸਥਾਪਤ ਕਰਨ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਸ੍ਰੀ ਟਰੰਪ ਨੇ ਕਿਹਾ ਕਿ ਆਲਮੀ ਰੁਝਾਨਾਂ ਦੇ ਮੱਦੇਨਜ਼ਰ ਵਿਸ਼ਵ ਭਰ ਵਿਚ ਸ਼ਾਂਤੀ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗਰੀਨਲੈਂਡ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦਾ ਇਕ ਕਾਰਨ ਇਹ ਵੀ ਹੈ ਕਿ ਹੁਣ ਉਨ੍ਹਾਂ ਸ਼ਾਂਤੀ ਸਥਾਪਤ ਕਰਨ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਨਾਰਵੇ ਤੇ ਫਿਨਲੈਂਡ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਹਿਲਾਂ ਪੱਤਰ ਲਿਖ ਕੇ ਯੂਰਪੀ ਦੇਸ਼ਾਂ 'ਤੇ ਟੈਕਸ ਵਧਾਉਣ ਦਾ ਵਿਰੋਧ ਕੀਤਾ ਸੀ। ਇਸ ਦਾ ਜਵਾਬ ਟਰੰਪ ਨੇ ਨੋਬੇਲ ਨਾ ਮਿਲਣ ਬਾਰੇ ਸ਼ਿਕਾਇਤ ਕਰਦਿਆਂ ਦਿੱਤਾ।



ਉਨ੍ਹਾਂ ਨਾਰਵੇ ਦੇ ਪ੍ਰਧਾਨ ਮੰਤਰੀ ਨੂੰ ਇੱਕ ਸਖ਼ਤ ਸੰਦੇਸ਼ ਦਿੰਦਿਆਂ ਨਾਟੋ ਸਹਿਯੋਗੀਆਂ ਨਾਲ ਵੀ ਤਣਾਅ ਪੈਦਾ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਜ਼ੋਰ ਦੇ ਕੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਨੂੰ ਗ੍ਰੀਨਲੈਂਡ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਕਿਉਂਕਿ ਡੈਨਮਾਰਕ ਇਸ ਨੂੰ ਰੂਸ ਅਤੇ ਚੀਨ ਤੋਂ ਨਹੀਂ ਬਚਾ ਸਕਦਾ, ਇਸ ਖੇਤਰ 'ਤੇ ਡੈਨਮਾਰਕ ਦੇ ਲੰਬੇ ਸਮੇਂ ਤੋਂ ਦਾਅਵੇ ਦਾ ਉਨ੍ਹਾਂ ਵਿਰੋਧ ਕੀਤਾ। ਟਰੰਪ ਨੇ ਕਿਹਾ, 'ਮੈਂ ਨਾਟੋ ਦੀ ਸਥਾਪਨਾ ਤੋਂ ਬਾਅਦ ਕਿਸੇ ਵੀ ਹੋਰ ਵਿਅਕਤੀ ਨਾਲੋਂ ਜ਼ਿਆਦਾ ਕੰਮ ਕੀਤਾ ਹੈ ਅਤੇ ਹੁਣ ਨਾਟੋ ਨੂੰ ਸੰਯੁਕਤ ਰਾਜ ਅਮਰੀਕਾ ਲਈ ਕੁਝ ਕਰਨਾ ਚਾਹੀਦਾ ਹੈ। ਦੁਨੀਆਂ ਉਦੋਂ ਤੱਕ ਸੁਰੱਖਿਅਤ ਨਹੀਂ ਹੈ ਜਦੋਂ ਤੱਕ ਅਮਰੀਕਾ ਦਾ ਗਰੀਨਲੈਂਡ 'ਤੇ ਪੂਰਾ ਕਬਜ਼ਾ ਨਹੀਂ ਹੋ ਜਾਂਦਾ। ਇਸ ਤੋਂ ਦੋ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਸੀ ਕਿ ਜਦੋਂ ਤੱਕ ਅਮਰੀਕਾ ਨੂੰ ਗਰੀਨਲੈਂਡ ਖਰੀਦਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਉਹ ਆਪਣੇ ਯੂਰਪੀਅਨ ਸਹਿਯੋਗੀ ਦੇਸ਼ਾਂ 'ਤੇ ਨਵਾਂ ਟੈਕਸ ਲਾਉਣਗੇ।

ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਦੱਸਿਆ ਕਿ 1 ਫਰਵਰੀ ਤੋਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਨੀਦਰਲੈਂਡ, ਫਿਨਲੈਂਡ ਅਤੇ ਬ੍ਰਿਟੇਨ ਤੋਂ ਆਉਣ ਵਾਲੀਆਂ ਵਸਤੂਆਂ 'ਤੇ ਵਾਧੂ 10 ਫੀਸਦੀ ਟੈਰਿਫ ਲਾਗੂ ਹੋਵੇਗਾ ਜੋ 1 ਜੂਨ ਤੱਕ ਵਧ ਕੇ 25 ਫੀਸਦੀ ਹੋ ਜਾਵੇਗਾ। ਟਰੰਪ ਨੇ ਗਰੀਨਲੈਂਡ ਨੂੰ ਅਮਰੀਕੀ ਸੁਰੱਖਿਆ ਅਤੇ ਖਣਿਜ ਭੰਡਾਰਾਂ ਲਈ ਅਹਿਮ ਦੱਸਿਆ, ਜਦਕਿ ਡੈਨਮਾਰਕ ਅਤੇ ਗਰੀਨਲੈਂਡ ਦੇ ਨੇਤਾਵਾਂ ਨੇ ਸਪੱਸ਼ਟ ਕੀਤਾ ਸੀ ਕਿ ਇਹ ਟਾਪੂ ਵਿਕਾਊ ਨਹੀਂ ਹੈ।

# ਆਖਿਰਕਾਰ ਟਰੰਪ ਨੇ ਲੈ ਹੀ ਲਿਆ ਨੋਬਲ ਪੁਰਸਕਾਰ, ਚਾਹੇ ਦੂਜੇ ਦਾ ਹੀ ਸਹੀ...

## ਵੈਨੇਜ਼ੁਏਲਾ ਦੀ ਪ੍ਰਮੁੱਖ ਆਗੂ ਨੇ ਟਰੰਪ ਨੂੰ ਆਪਣਾ ਨੋਬਲ ਸ਼ਾਂਤੀ ਪੁਰਸਕਾਰ ਭੇਂਟ ਕੀਤਾ; ਵੈਨੇਜ਼ੁਏਲਾ ਦੀ ਲੀਡਰਸ਼ਿਪ 'ਤੇ ਸਸਪੈਂਸ ਬਰਕਰਾਰ

ਵਾਸ਼ਿੰਗਟਨ : ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਪ੍ਰਮੁੱਖ ਆਗੂ ਮਾਰੀਆ ਕੋਰੀਨਾ ਮਚਾਡੋ ਨੇ ਵੀਰਵਾਰ ਨੂੰ ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਇੱਕ ਬੇਹੱਦ ਅਹਿਮ ਅਤੇ ਇਤਿਹਾਸਕ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਆਪਣਾ ਨੋਬਲ ਸ਼ਾਂਤੀ ਪੁਰਸਕਾਰ ਮੈਡਲ ਟਰੰਪ ਨੂੰ ਭੇਂਟ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਟਰੰਪ ਨੇ ਅਮਰੀਕੀ ਫੌਜਾਂ ਦੁਆਰਾ ਨਿਕੋਲਸ ਮਾਦੁਰੋ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਵੈਨੇਜ਼ੁਏਲਾ ਦੀ ਸੱਤਾ ਸੰਭਾਲਣ ਲਈ ਮਚਾਡੋ ਦੀ ਯੋਗਤਾ ਅਤੇ ਭਰੋਸੇਯੋਗਤਾ 'ਤੇ ਜਨਤਕ ਤੌਰ 'ਤੇ ਸਵਾਲ ਚੁੱਕੇ ਹਨ। ਹਾਲਾਂਕਿ ਨੋਬਲ ਇੰਸਟੀਚਿਊਟ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਮਚਾਡੋ ਨਿਯਮਾਂ ਅਨੁਸਾਰ ਆਪਣਾ ਪੁਰਸਕਾਰ ਕਿਸੇ ਹੋਰ ਨੂੰ ਨਹੀਂ ਦੇ ਸਕਦੀ, ਪਰ ਇਸ ਸੰਕੇਤਕ ਕਦਮ ਨੂੰ ਕੂਟਨੀਤਕ ਹਲਕਿਆਂ ਵਿੱਚ ਬੇਹੱਦ ਅਸਧਾਰਨ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਇਸ ਲਈ ਕਿਉਂਕਿ ਟਰੰਪ ਨੇ ਮਚਾਡੋ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਾਸੇ ਕਰ ਦਿੱਤਾ ਹੈ, ਜੋ ਲੰਬੇ ਸਮੇਂ ਤੋਂ ਵੈਨੇਜ਼ੁਏਲਾ ਵਿੱਚ ਤਾਨਾਸ਼ਾਹੀ ਵਿਰੁੱਧ ਸੰਘਰਸ਼ ਦਾ ਮੁੱਖ ਚਿਹਰਾ ਰਹੀ ਹੈ।



ਟਰੰਪ ਨੇ ਮਾਦੁਰੋ ਦੀ ਸਾਬਕਾ ਸਹਿਯੋਗੀ ਅਤੇ ਮੌਜੂਦਾ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨਾਲ ਮਿਲ ਕੇ ਕੰਮ ਕਰਨ ਦੇ ਸੰਕੇਤ ਦਿੱਤੇ ਹਨ, ਜੋ ਕਿ ਮਾਦੁਰੋ ਦੇ ਸ਼ਾਸਨ ਵਿੱਚ ਦੂਜੇ ਨੰਬਰ 'ਤੇ ਸੀ। ਮਚਾਡੋ ਨੇ ਵ ?ਹਾਈਟ ਹਾਊਸ ਤੋਂ ਬਾਹਰ ਨਿਕਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਹ ਸਨਮਾਨ ਟਰੰਪ ਦੀ 'ਆਜ਼ਾਦੀ ਪ੍ਰਤੀ ਵਿਲੱਖਣ ਵਚਨਬੱਧਤਾ' ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਸੌਂਪਿਆ ਹੈ। ਟਰੰਪ ਨੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਇਸ ਦੀ ਪੁਸ਼ਟੀ ਕਰਦਿਆਂ ਲਿਖਿਆ ਕਿ ਮਚਾਡੋ ਨੇ ਮੈਡਲ ਉਨ੍ਹਾਂ ਕੋਲ ਰੱਖਣ ਲਈ ਛੱਡ ਦਿੱਤਾ ਹੈ ਅਤੇ ਉਨ੍ਹਾਂ ਨੇ ਮਚਾਡੋ ਨੂੰ ਇੱਕ 'ਸ਼ਾਨਦਾਰ ਔਰਤ' ਦੱਸਦੇ ਹੋਏ ਇਸ ਨੂੰ ਆਪਸੀ ਸਤਿਕਾਰ ਦਾ ਪ੍ਰਤੀਕ ਦੱਸਿਆ।

ਪਰ ਇਸ ਦੇ ਬਾਵਜੂਦ, ਰਾਸ਼ਟਰਪਤੀ ਟਰੰਪ ਨੇ ਵੈਨੇਜ਼ੁਏਲਾ ਵਿੱਚ ਲੋਕਤੰਤਰੀ ਚੋਣਾਂ ਕਰਵਾਉਣ ਬਾਰੇ ਕੋਈ ਸਪੱਸ਼ਟ ਸਮਾਂ ਸੀਮਾ ਨਹੀਂ ਦਿੱਤੀ ਅਤੇ ਮਚਾਡੋ ਦੀ ਲੀਡਰਸ਼ਿਪ 'ਤੇ ਮੁੜ ਸ਼ੱਕ ਜ਼ਾਹਰ ਕਰਦਿਆਂ ਕਿਹਾ ਕਿ ਸ਼ਾਇਦ ਉਨ੍ਹਾਂ ਕੋਲ ਦੇਸ਼ ਦੇ ਅੰਦਰ ਲੋੜੀਂਦਾ ਸਨਮਾਨ ਜਾਂ ਸਮਰਥਨ ਨਹੀਂ ਹੈ।

# ਭਾਰਤੀ ਮੂਲ ਦੇ ਸੰਜੇ ਟੇਲਰ ਇਲੀਨੋਇਸ ਸੁਪਰੀਮ ਕੋਰਟ ਦੇ ਜੱਜ ਬਣੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੇ ਸੰਜੇ ਟੀ ਟੇਲਰ ਨੂੰ ਇਲੀਨੋਇਸ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ ਹੈ। ਉਹ 30 ਜਨਵਰੀ ਨੂੰ ਅਹੁੱਦਾ ਸੰਭਾਲਣਗੇ। ਉਹ ਭਾਰਤੀ ਮੂਲ ਦੇ ਪਹਿਲੇ ਜੱਜ ਹਨ ਜਿਨਾਂ ਦੀ ਰਾਜ ਦੀ ਚੋਟੀ ਦੀ ਅਦਾਲਤ ਵਿੱਚ ਨਿਯੁਕਤੀ ਹੋਈ ਹੈ। ਉਹ ਸੇਵਾ ਮੁਕਤ ਹੋਏ ਜੱਜ ਮੈਰੀ ਜੇਨ ਥੀਸ ਦੀ ਜਗਾ ਲੈਣਗੇ। ਟੇਲਰ ਦੀ ਚੋਣ ਇਲੀਨੋਇਸ ਦੀ ਸੰਵਿਧਾਨਕ ਪ੍ਰਕ੍ਰਿਆ ਦੁਆਰਾ ਹੋਈ ਹੈ ਜਿਸ ਤਹਿਤ ਜਦੋਂ ਕੋਈ ਜੱਜ ਆਪਣੇ ਕਾਰਜਕਾਲ ਤੋਂ ਪਹਿਲਾਂ ਸੇਵਾ ਮੁਕਤ ਹੋ ਜਾਂਦਾ ਹੈ ਤਾਂ ਉਸ ਦੀ ਜਗਾ 'ਤੇ ਅੰਤ੍ਰਿਮ ਨਿਯੁਕਤੀ ਕੀਤੀ ਜਾਂਦੀ ਹੈ। ਉਹ 4 ਦਸੰਬਰ 2028 ਤੱਕ ਇਸ ਅਹੁੱਦੇ 'ਤੇ ਰਹਿਣਗੇ। ਟੇਲਰ ਦਾ 23 ਸਾਲ ਦਾ ਜੁਡੀਸ਼ੀਅਲ ਕਰੀਅਰ ਹੈ ਜਿਸ ਦੌਰਾਨ ਉਨਾਂ ਨੇ ਟਰਾਇਲ ਜੱਜ, ਅਪੀਲ ਜੱਜ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ ਹਨ।



ਉਨਾਂ ਨੇ ਆਪਣਾ ਜੁਡੀਸ਼ੀਅਲ ਕਰੀਅਰ ਅਪ੍ਰੈਲ 2003 ਵਿੱਚ ਕੁੱਕ ਕਾਊਂਟੀ ਸਰਕਟ ਕੋਰਟ ਦੇ ਐਸੋਸੀਏਟ ਜੱਜ ਵਜੋਂ ਸ਼ੁਰੂ ਕੀਤਾ ਸੀ।

# ਕਟਾਹਰੀ ਦੇ ਨੌਜਵਾਨ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਨਾਲ ਮੌਤ

ਪਾਇਲ : ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਸੁਨਿਹਰੀ ਭਵਿੱਖ ਦੇ ਸੁਪਨੇ ਸਾਕਾਰ ਕਰਨ ਗਏ ਇੱਥੋਂ ਨੇੜਲੇ ਪਿੰਡ ਕਟਾਹਰੀ ਦੇ ਇੱਕ ਨੌਜਵਾਨ ਅਮਰਵੀਰ ਸਿੰਘ (27) ਪੁੱਤਰ ਸ਼ਿੰਗਾਰਾ ਸਿੰਘ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਜਿਸ ਕਾਰਨ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਉੱਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ।



ਮ੍ਰਿਤਕ ਦੇ ਪਿਤਾ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਉਹ ਸਾਲ 2022 ਵਿਚ ਉੱਚੇਰੀ ਵਿਦਿਆ ਹਾਸਲ ਕਰਨ ਲਈ ਬਰੈਂਪਟਨ ਗਿਆ ਸੀ। ਹੁਣ ਉਹ ਵਰਕ ਪਰਮਿਟ 'ਤੇ ਟਰੱਕ ਚਲਾਉਂਦਾ ਸੀ ਅਤੇ ਇਸ ਸਾਲ ਪੰਜਾਬ ਆਉਣ ਦੀ ਇੱਛਾ ਵੀ ਪ੍ਰਗਟਾ ਰਿਹਾ ਸੀ। ਮ੍ਰਿਤਕ ਨੌਜਵਾਨ ਦੀ ਦੇਹ ਅੱਜ ਉਸ ਦੇ ਪਿੰਡ ਕਟਾਹਰੀ ਨੇੜੇ ਰਾੜਾ ਸਾਹਿਬ ਪੁੱਜਣ ਦੀ ਸੰਭਾਵਨਾ ਹੈ, ਜਦਕਿ ਸਸਕਾਰ 20 ਜਨਵਰੀ ਨੂੰ ਜੱਦੀ ਪਿੰਡ ਕਟਾਹਰੀ ਵਿਖੇ ਕੀਤਾ ਜਾਵੇਗਾ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104


Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ, ਪ੍ਰੈਸ ਦੀ ਆਜ਼ਾਦੀ ਦੀ ਜਿੱਤ: ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

### ਭਾਜਪਾ ਆਗੂ ਨੇ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਕੀਤਾ ਜ਼ੋਰਦਾਰ ਸਵਾਗਤ

ਚੰਡੀਗੜ੍ਹ : ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਮਾਣਯੋਗ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ ਅਤੇ ਮੀਡੀਆ ਦੀ ਆਜ਼ਾਦੀ ਨੂੰ ਮਜ਼ਬੂਤ ਕਰਦਾ ਹੈ।

ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਸਪੱਸ਼ਟ ਅਤੇ ਸਖ਼ਤ ਫੈਸਲੇ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਪੰਜਾਬ ਵਿੱਚ 'ਪੰਜਾਬ ਕੇਸਰੀ' ਅਖ਼ਬਾਰ ਦੇ ਪ੍ਰਕਾਸ਼ਨ ਨੂੰ ਰੋਕਣ ਜਾਂ ਦਬਾਉਣ ਦੀ ਕੋਸ਼ਿਸ਼ ਨਹੀਂ ਕਰ ਸਕੇਗੀ ਇਹ ਫੈਸਲਾ ਲੋਕਤੰਤਰ ਅਤੇ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਇੱਕ ਮਜ਼ਬੂਤ ਸੰਵਿਧਾਨਕ ਸੰਦੇਸ਼ ਦਿੰਦਾ ਹੈ ਕਿ ਮੀਡੀਆ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਸੱਚਾਈ ਨੂੰ ਦਬਾਇਆ ਜਾ ਸਕਦਾ ਹੈ। ਪ੍ਰੈਸ



ਬੀਜੇਪੀ ਦੇ ਨੈਸ਼ਨਲ ਲੀਡਰ ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

ਦੀ ਆਜ਼ਾਦੀ ਲੋਕਤੰਤਰ ਦੀ ਆਤਮਾ ਹੈ ਅਤੇ ਇਸਨੂੰ ਕਿਸੇ ਵੀ ਕੀਮਤ 'ਤੇ ਦਬਾਇਆ ਨਹੀਂ ਜਾ ਸਕਦਾ। ਭਾਜਪਾ ਆਗੂ ਨੇ ਕਿਹਾ ਕਿ ਪੰਜਾਬ ਹਮੇਸ਼ਾ ਨਿਡਰ ਪੱਤਰਕਾਰੀ ਵਿੱਚ ਵਿਸ਼ਵਾਸ ਰੱਖਦਾ ਹੈ ਅਤੇ ਭਾਰਤੀ ਜਨਤਾ ਪਾਰਟੀ ਸੁਤੰਤਰ ਮੀਡੀਆ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

# ਟਰੰਪ ਦੇ ਆਰਥਕ ਪ੍ਰਗਤੀ ਦੇ ਦਾਅਵਿਆਂ ਵਿੱਚ ਕੋਈ ਸੱਚਾਈ ਨਹੀਂ : ਥਾਨੇਦਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਕਾਂਗਰਸ ਮੈਂਬਰ ਸ਼੍ਰੀ ਥਾਨੇਦਾਰ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਉਸ ਨੇ ਮਿਸ਼ੀਗਨ ਦੇ ਇਕ ਆਟੋ ਵਰਕਰ ਦਾ ਅਪਮਾਨ ਕੀਤਾ ਹੈ। ਟੀ ਜੇ ਸਾਬੁਲਾ ਨਾਮੀ ਇਸ ਆਟੋ ਵਰਕਰ ਨੂੰ ਪਹਿਲੀ ਸੋਧ ਅਧਿਕਾਰਾਂ ਦੀ ਗਲ ਕਰਨ ਬਦਲੇ ਨੌਕਰੀ ਤੋਂ ਜਵਾਬ ਦੇ ਦਿੱਤਾ ਗਿਆ ਹੈ। ਥਾਨੇਦਾਰ ਨੇ ਟਰੰਪ ਦੇ ਆਰਥਕ ਨੀਤੀਆਂ ਬਾਰੇ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਇਨਾਂ ਨੀਤੀਆਂ ਕਾਰਨ ਕਾਮਿਆਂ ਨੂੰ ਨੁਕਸਾਨ ਪੁੱਜਾ ਹੈ ਤੇ ਖਾਸ ਕਰਕੇ ਡੈਟਰਾਇਟ ਖੇਤਰ ਵਿੱਚ ਸਨਅਤਕਾਰ ਪ੍ਰਭਾਵਿਤ ਹੋਏ ਹਨ। ਉਨਾਂ ਨੇ ਟਰੰਪ ਦੁਆਰਾ ਹਾਲ ਹੀ ਵਿਚ ਕੀਤੇ ਦਾਅਵੇ 'ਮਹਿੰਗਾਈ ਘਟ ਗਈ ਹੈ ਤੇ ਕੀਮਤਾਂ ਥਲੇ ਆ ਗਈਆਂ ਹਨ', ਬਾਰੇ ਕਿਹਾ ਕਿ ਬਿਊਰੋ ਆਫ ਲੇਬਰ ਸਟੈਟਿਕਸ ਦੀ ਰਿਪੋਰਟ ਅਨੁਸਾਰ ਕੀਮਤਾਂ ਵਧ ਗਈਆਂ ਹਨ ਤੇ ਖਾਸ ਕਰਕੇ ਖਾਣ ਪੀਣ ਵਾਲਿਆਂ ਵਸਤਾਂ ਦੀਆਂ ਕੀਮਤਾਂ ਵਿੱਚ ਵੱਡੀ ਪੱਧਰ 'ਤੇ ਵਾਧਾ ਹੋਇਆ ਹੈ ਤੇ ਇਹ ਪਿਛਲੇ 3 ਸਾਲਾਂ ਦੇ ਸਿਖਰਲੇ ਪੱਧਰ 'ਤੇ ਪੁੱਜ ਗਈਆਂ ਹਨ। ਸ਼੍ਰੀ ਥਾਨੇਦਾਰ ਨੇ ਕਿਹਾ ਕਿ ਟਰੰਪ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਮਜਬੂਤ ਅਰਥ ਵਿਵਸਥਾ ਦਾ ਦਾਅਵਾ ਕਰ ਰਹੇ ਹਨ ਜਦ ਕਿ ਹਕੀਕਤ ਇਹ ਹੈ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਪਿਛਲਾ ਸਾਲ ਨੌਕਰੀਆਂ ਪੈਦਾ ਕਰਨ ਦੇ ਮਾਮਲੇ ਵਿਚ ਸਭ ਤੋਂ ਵਧ ਮਾੜਾ ਸਾਲ ਰਿਹਾ ਹੈ। ਉਨਾਂ ਕਿਹਾ ਕਿ ਟਰੰਪ ਦੀ ਟੈਰਿਫ ਨੀਤੀ ਨੇ ਅਰਥਵਿਵਸਥਾ ਬਰਬਾਦ ਕਰਕੇ ਰੱਖ ਦਿੱਤੀ ਹੈ। ਪਿਛਲੇ ਸਾਲ ਅਪ੍ਰੈਲ ਤੋਂ ਟੈਰਿਫ ਨੀਤੀਆਂ ਲਾਗੂ ਹੋਣ ਉਪਰੰਤ ਨਿਰਮਾਣ ਖੇਤਰ ਵਿੱਚ 72 ਹਜ਼ਾਰ ਨੌਕਰੀਆਂ ਖਤਮ ਹੋ ਗਈਆਂ ਹਨ।

# ਅਦਾਲਤ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨ ਲਈ ਟਰੰਪ ਪਸ਼ਾਸਨ ਨੂੰ ਝਾੜ

### ਊਰਜਾ ਵਿਭਾਗ ਨੂੰ ਗਰਾਂਟਾਂ ਜਾਰੀ ਕਰਨ ਦਾ ਆਦੇਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਡਿਸਟ੍ਰਿਕਟ ਜੱਜ ਅਮਿਤ ਪੀ ਮਹਿਤਾ ਨੇ ਅਰਬਾਂ ਡਾਲਰਾਂ ਦੀਆਂ ਸੰਘੀ ਊਰਜਾ ਗਰਾਂਟਾਂ ਰੱਦ ਕਰਨ ਦੇ ਮਾਮਲੇ 'ਤੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਆਪਣੇ ਨਿਰਨੇ ਵਿੱਚ ਕਿਹਾ ਹੈ ਕਿ ਅਜਿਹਾ ਕਰਕੇ ਉਸ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ ਜੋ ਸੰਵਿਧਾਨ ਸਾਰੇ ਅਮਰੀਕੀਆਂ ਦੀ ਭਲਾਈ ਦੀ ਗੱਲ ਕਰਦਾ ਹੈ। ਜੱਜ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨਾ ਅਣਉਚਿੱਤ ਹੈ। ਆਪਣੇ 17 ਸਫਿਆਂ ਦੇ ਨਿਰਨੇ ਵਿੱਚ ਜੱਜ ਨੇ ਕਿਹਾ ਕਿ ਊਰਜਾ ਵਿਭਾਗ ਨੇ ਮੋਟੇ ਤੌਰ 'ਤੇ ਊਰਜਾ ਤੇ ਵਾਤਾਵਰਣ ਨਾਲ ਸਬੰਧਤ 8 ਅਰਬ ਡਾਲਰ ਦੀਆਂ ਗਰਾਂਟਾਂ ਰਾਜਸੀ ਆਧਾਰ 'ਤੇ ਰੱਦ ਕੀਤੀਆਂ ਹਨ ਜੋ ਪੰਜਵੀਂ ਸੋਧ ਦੀ ਉਲੰਘਣਾ ਹੈ ਜੋ ਸੋਧ ਸਾਰੇ ਰਾਜਾਂ ਨੂੰ ਬਰਾਬਰ ਹਿਫਾਜਤ



ਦੀ ਗਰੰਟੀ ਦਿੰਦੀ ਹੈ। ਜੱਜ ਨੇ ਵਿਭਾਗ ਨੂੰ ਆਦੇਸ਼ ਦਿੱਤਾ ਕਿ ਉਹ 27.60 ਕਰੋੜ ਡਾਲਰ ਦੀਆਂ ਵਿਸ਼ੇਸ਼ ਗਰਾਂਟਾਂ ਬਹਾਲ ਕਰੇ। ਜੱਜ ਨੇ ਆਪਣੇ ਨਿਰਨੇ ਵਿੱਚ ਸਪੱਸ਼ਟ ਕੀਤਾ ਕਿ ਸੰਘੀ ਸਰਕਾਰ ਆਪਣੀ ਵਿੱਤੀ ਸ਼ਕਤੀ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਨਹੀਂ ਵਰਤ ਸਕਦੀ। ਉਨਾਂ ਕਿਹਾ ਕਿ ਸੰਵਿਧਾਨ ਵਿੱਚ ਅਜਿਹੀ ਕੋਈ ਛੋਟ ਨਹੀਂ ਹੈ ਜਿਸ ਤਹਿਤ ਸਰਕਾਰ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੇ ਫੰਡਾਂ ਨੂੰ ਰੋਕਿਆ ਜਾ ਸਕਦਾ ਹੋਵੇ। ਜੱਜ ਨੇ ਸਬੂਤਾਂ ਦਾ ਹਵਾਲਾ ਵੀ ਦਿੱਤਾ ਜਿਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ 2024 ਦੀਆਂ ਚੋਣਾਂ ਵਿੱਚ ਡੋਨਲਡ ਟਰੰਪ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੀਆਂ ਗਰਾਂਟਾਂ ਖਤਮ ਕੀਤੀਆਂ ਗਈਆਂ ਹਨ। ਜੱਜ ਨੇ ਇਹ ਫੈਸਲਾ ਸੇਂਟ ਪਾਲ, ਮਿਨੀਸੋਟਾ ਸਮੇਤ ਵਾਤਾਵਰਣ ਨਾਲ ਸਬੰਧਤ ਕਈ ਸੰਗਠਨਾਂ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਾਇਆ ਹੈ।

# ਅਮਰੀਕਾ ਨੇ ਕਰ ਲਿਆ ਕੈਨੇਡਾ ਤੇ ਗ੍ਰੀਨਲੈਂਡ 'ਤੇ ਕਬਜ਼ਾ! ਟਰੰਪ ਨੇ ਸ਼ੇਅਰ ਕੀਤਾ ਨਵਾਂ ਨਕਸ਼ਾ






ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ 'ਤੇ ਏਅਰਸਟ੍ਰਾਈਕ ਕਰਨ ਮਗਰੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਟਰੰਪ ਨੇ ਮੰਗਲਵਾਰ ਨੂੰ ਆਪਣੇ 'ਟ੍ਰਥ ਸੋਸ਼ਲ' ਪਲੇਟਫਾਰਮ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਇਕ ਅਜਿਹੇ ਨਕਸ਼ੇ ਦੀ ਪੋਸਟ ਸਾਂਝੀ ਕੀਤੀ ਹੈ, ਜਿਸ 'ਚ ਕੈਨੇਡਾ, ਗ੍ਰੀਨਲੈਂਡ ਅਤੇ ਵੈਨੇਜ਼ੁਏਲਾ ਨੂੰ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਦਿਖਾਇਆ ਗਿਆ ਹੈ।

ਇਸ ਏ.ਆਈ. ਤਸਵੀਰ ਵਿੱਚ ਟਰੰਪ ਓਵਲ ਆਫਿਸ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਯੂ.ਕੇ. ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਕਈ ਨਾਟੋ (NATO) ਦੇਸ਼ਾਂ ਦੇ ਨੇਤਾਵਾਂ ਨਾਲ ਬੈਠੇ ਦਿਖਾਈ ਦੇ ਰਹੇ ਹਨ। ਰਿਪੋਰਟਾਂ ਅਨੁਸਾਰ ਟਰੰਪ ਨੇ ਇੱਕ ਹੋਰ ਏ.ਆਈ. ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗ੍ਰੀਨਲੈਂਡ ਵਿੱਚ ਅਮਰੀਕੀ ਝੰਡਾ ਲਹਿਰਾ ਰਹੇ ਹਨ। ਇਸ ਤਸਵੀਰ ਨਾਲ ਲਿਖਿਆ ਹੈ- "ਗ੍ਰੀਨਲੈਂਡ ਅਮਰੀਕੀ ਖੇਤਰ 'ਚ ਸ਼ਾਮਲ।"

ਟਰੰਪ ਨੇ ਨਾਟੋ ਦੇ ਸਕੱਤਰ-ਜਨਰਲ ਮਾਰਕ ਰੁਟੇ ਨਾਲ ਗੱਲਬਾਤ ਕਰਦਿਆਂ ਗ੍ਰੀਨਲੈਂਡ ਨੂੰ ਅਮਰੀਕੀ ਅਤੇ ਵਿਸ਼ਵ ਸੁਰੱਖਿਆ ਲਈ ਅਟੁੱਟ ਅੰਗ ਦੱਸਿਆ ਹੈ। ਇਸ ਦੌਰਾਨ ਅਮਰੀਕਾ ਗ੍ਰੀਨਲੈਂਡ ਦੇ ਪਿਟੁਫਿਕ ਸਪੇਸ ਬੇਸ 'ਤੇ ਨੋਰਡ (NORAD) ਜਹਾਜ਼ ਤਾਇਨਾਤ ਕਰਨ ਦੀ ਤਿਆਰੀ ਕਰ ਰਿਹਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਡੈਨਮਾਰਕ ਗ੍ਰੀਨਲੈਂਡ ਨੂੰ ਵੇਚਣ ਲਈ ਸਹਿਮਤ ਨਹੀਂ ਹੁੰਦਾ ਤਾਂ 1 ਫਰਵਰੀ 2026 ਤੋਂ 10 ਫੀਸਦੀ ਅਤੇ 1 ਜੂਨ 2026 ਤੋਂ 25 ਫੀਸਦੀ ਟੈਰਿਫ ਲਗਾਏ ਜਾਣਗੇ। ਉਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਨੂੰ ਚੀਨ ਅਤੇ ਰੂਸ ਦੇ ਵਧਦੇ ਹਿੱਤਾਂ ਕਾਰਨ ਜ਼ਰੂਰੀ ਦੱਸਿਆ ਹੈ।

ਟਰੰਪ ਨੇ ਪਹਿਲਾਂ ਸੁਝਾਅ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੀਦਾ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਕਹਿ ਕੇ ਮਜ਼ਾਕ ਉਡਾਇਆ ਸੀ। ਹਾਲਾਂਕਿ, ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਸੁਝਾਅ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ ਕਿਉਂਕਿ ਕੈਨੇਡੀਅਨ ਆਜ਼ਾਦੀ ਚਾਹੁੰਦੇ ਹਨ।

ਦੂਜੇ ਪਾਸੇ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ, ਟਰੰਪ ਨੇ ਕਿਹਾ ਹੈ ਕਿ ਅਮਰੀਕਾ ਉੱਥੇ ਉਦੋਂ ਤੱਕ ਰਹੇਗਾ ਜਦੋਂ ਤੱਕ ਸੁਰੱਖਿਅਤ ਅਤੇ ਉਚਿਤ ਤਬਦੀਲੀ ਨਹੀਂ ਹੋ ਜਾਂਦੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਅਨੁਸਾਰ, ਵੈਨੇਜ਼ੁਏਲਾ ਦੇ ਅੰਤਰਿਮ ਅਧਿਕਾਰੀਆਂ ਦੇ ਫੈਸਲੇ ਪੂਰੀ ਤਰ੍ਹਾਂ ਅਮਰੀਕਾ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

# ਅਮਰੀਕੀ ਨਾਕਾਬੰਦੀ ਨਾਲ ਚੀਨ-ਕਿਊਬਾ ਨੂੰ ਵੱਡਾ ਝਟਕਾ, ਵੈਨੇਜ਼ੁਏਲਾ ਦੇ ਤੇਲ ਦੀ ਦੋਵਾਂ ਦੇਸ਼ਾਂ ਨੂੰ ਨਹੀਂ ਹੋਵੇਗੀ ਬਰਾਮਦ

ਨਿਊਯਾਰਕ : ਅਮਰੀਕਾ ਵਲੋਂ ਵੈਨੇਜ਼ੁਏਲਾ 'ਤੇ ਲਾਗੂ ਸਖ਼ਤ ਪਾਬੰਦੀਆਂ ਅਤੇ ਸਮੁੰਦਰੀ ਨਾਕਾਬੰਦੀ ਕਾਰਨ ਚੀਨ ਅਤੇ ਕਿਊਬਾ ਨੂੰ ਭੇਜੀ ਜਾਣ ਵਾਲੀ ਵੈਨੇਜ਼ੁਏਲਾ ਦੀ ਕੱਚੇ ਤੇਲ ਦੀ ਸਪਲਾਈ ਲਗਭਗ ਪੂਰੀ ਤਰ੍ਹਾਂ ਬੰਦ ਹੋ ਗਈ ਹੈ। ਇਹ ਕਦਮ ਨਾ ਸਿਰਫ਼ ਵੈਨੇਜ਼ੁਏਲਾ ਦੀ ਆਰਥਿਕਤਾ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਸਗੋਂ ਇਸ ਨਾਲ ਵਿਸ਼ਵ ਊਰਜਾ ਰਾਜਨੀਤੀ ਵਿਚ ਵੀ ਨਵੀਂ ਹਲਚਲ ਤੇਜ਼ ਹੋ ਗਈ ਹੈ।

**3 ਜਨਵਰੀ ਤੋਂ ਬਾਅਦ ਬਦਲੇ ਹਾਲਾਤ :** ਜਾਣਕਾਰੀ ਅਨੁਸਾਰ ਨਵੇਂ ਸਾਲ ਦੇ ਦਿਨ ਵੈਨੇਜ਼ੁਏਲਾ ਤੋਂ ਕੁਝ ਤੇਲ ਟੈਂਕਰ ਚੀਨ ਅਤੇ ਕਿਊਬਾ ਵੱਲ ਰਵਾਨਾ ਹੋਏ ਸਨ। ਇਨ੍ਹਾਂ ਜਹਾਜ਼ਾਂ ਨੂੰ ਵੈਨੇਜ਼ੁਏਲਾ ਦੀ ਜਲ ਸੈਨਾ ਦੀ ਸੁਰੱਖਿਆ ਹੇਠ ਕੈਰੇਬੀਅਨ ਸਾਗਰ ਤੋਂ ਲੰਘਾਇਆ ਗਿਆ। ਹਾਲਾਂਕਿ ਸੈਟੇਲਾਈਟ ਤਸਵੀਰਾਂ ਅਤੇ ਸ਼ਿਪਿੰਗ ਡਾਟਾ ਤੋਂ ਸੰਕੇਤ ਮਿਲਿਆ ਹੈ ਕਿ ਇਹ ਖੇਪ ਅਮਰੀਕੀ ਪਾਬੰਦੀਆਂ ਦੇ ਵਿਚਕਾਰ ਦਿੱਤੀ ਗਈ ਇਕ ਸੀਮਤ ਛੋਟ ਤਹਿਤ ਭੇਜੀ ਗਈ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵੈਨੇਜ਼ੁਏਲਾ ਤੋਂ ਚੀਨ ਅਤੇ ਕਿਊਬਾ ਲਈ ਨਿਕਲੀ ਆਖਰੀ ਵੱਡੀ ਖੇਪ ਸਾਬਤ ਹੋਈ। ਸ਼ਿਪਿੰਗ ਟਰੈਕਰ ਕੰਪਨੀਆਂ ਮੁਤਾਬਕ 3 ਜਨਵਰੀ ਤੋਂ ਬਾਅਦ ਵੈਨੇਜ਼ੁਏਲਾ ਤੋਂ ਸਿਰਫ਼ ਅਮਰੀਕਾ ਜਾਣ ਵਾਲੇ ਸੀਮਤ ਟੈਂਕਰ ਹੀ ਰਵਾਨਾ ਹੋ ਸਕੇ ਹਨ। ਚੀਨ ਅਤੇ ਕਿਊਬਾ ਲਈ ਲੋਡ ਕੀਤੇ ਗਏ ਕਈ ਜਹਾਜ਼ ਜਾਂ ਤਾਂ ਬੰਦਰਗਾਹਾਂ 'ਤੇ ਹੀ ਖੜ੍ਹੇ ਰਹਿ ਗਏ ਜਾਂ ਉਨ੍ਹਾਂ ਨੂੰ ਅੱਧ ਵਿਚਕਾਰੋਂ ਵਾਪਸ ਮੁੜਨਾ ਪਿਆ।

ਟਰੰਪ ਕਾਲ ਨਾਲ ਵੈਨੇਜ਼ੁਏਲਾ 'ਤੇ ਜਾਰੀ ਹੈ ਦਬਾਅ : ਟਰੰਪ ਪ੍ਰਸ਼ਾਸਨ ਨੇ ਵੈਨੇਜ਼ੁਏਲਾ ਦੇ ਤੇਲ ਬਰਾਮਦ ਨੈੱਟਵਰਕ 'ਤੇ ਨਿਗਰਾਨੀ ਹੋਰ ਸਖ਼ਤ ਕਰ ਦਿੱਤੀ ਹੈ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਬੰਦੀਆਂ ਨੂੰ ਦਰਕਿਨਾਰ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਕਾਰਨ ਉਨ੍ਹਾਂ ਵਿਦੇਸ਼ੀ ਕੰਪਨੀਆਂ ਅਤੇ ਸ਼ਿਪਿੰਗ ਨੈੱਟਵਰਕਾਂ 'ਤੇ ਵੀ ਦਬਾਅ ਵਧਾ ਦਿੱਤਾ ਹੈ, ਜੋ ਵੈਨੇਜ਼ੁਏਲਾ ਦੇ ਤੇਲ ਦੀ ਢੋਆ-ਢੁਆਈ ਵਿਚ ਸ਼ਾਮਲ ਹਨ। ਜ਼ਿਕਰਯੋਗ ਹੈ ਕਿ 2019 ਵਿਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਦੇ ਤੇਲ ਉਦਯੋਗ 'ਤੇ ਸਖ਼ਤ ਪਾਬੰਦੀਆਂ ਲਾਈਆਂ ਸਨ। ਇਨ੍ਹਾਂ ਪਾਬੰਦੀਆਂ ਤਹਿਤ ਅਮਰੀਕੀ ਰਿਫਾਇਨਰੀਆਂ ਨੂੰ ਵੈਨੇਜ਼ੁਏਲਾ ਦਾ ਤੇਲ ਖਰੀਦਣ ਤੋਂ ਰੋਕਿਆ ਗਿਆ ਅਤੇ ਉਨ੍ਹਾਂ ਵਿਦੇਸ਼ੀ ਕੰਪਨੀਆਂ 'ਤੇ ਵੀ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ, ਜੋ ਇਸ ਤੇਲ ਦੀ ਬਰਾਮਦ ਵਿਚ ਮਦਦ ਕਰ ਰਹੀਆਂ ਸਨ। ਸਮੇਂ ਦੇ ਨਾਲ ਵੈਨੇਜ਼ੁਏਲਾ ਨੇ ਕੁਝ ਰਸਤੇ ਕੱਢ ਕੇ ਤੇਲ ਭੇਜਣਾ ਸ਼ੁਰੂ ਕੀਤਾ ਪਰ ਹੁਣ ਉਨ੍ਹਾਂ ਰਸਤਿਆਂ 'ਤੇ ਵੀ ਸ਼ਿਕੰਜਾ ਕੱਸ ਦਿੱਤਾ ਗਿਆ ਹੈ।



**ਵਿਸ਼ਵ ਬਾਜ਼ਾਰ ਦੀ ਵਧੀ ਚਿੰਤਾ :** ਮਾਹਿਰਾਂ ਦਾ ਮੰਨਣਾ ਹੈ ਕਿ ਫਿਲਹਾਲ ਅੰਤਰਰਾਸ਼ਟਰੀ ਤੇਲ ਕੀਮਤਾਂ 'ਤੇ ਇਸ ਦਾ ਅਸਰ ਸੀਮਤ ਹੈ ਪਰ ਜੇਕਰ ਇਹ ਸਥਿਤੀ ਲੰਬੀ ਚੱਲੀ ਤਾਂ ਵਿਸ਼ਵ ਬਾਜ਼ਾਰ ਵਿਚ ਅਸਥਿਰਤਾ ਵਧ ਸਕਦੀ ਹੈ। ਅਮਰੀਕਾ ਦੀ ਇਸ ਕਾਰਵਾਈ ਨੂੰ ਦੁਨੀਆ ਭਰ ਵਿਚ ਊਰਜਾ ਸਪਲਾਈ 'ਤੇ ਉਸ ਦੇ ਪ੍ਰਭਾਵ ਅਤੇ ਕੰਟਰੋਲ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ।

**ਚੀਨ ਤੇ ਕਿਊਬਾ 'ਤੇ ਕਿੰਨਾ ਪਵੇਗਾ ਅਸਰ :** ਊਰਜਾ ਮਾਹਿਰਾਂ ਅਨੁਸਾਰ ਹਾਲ ਹੀ ਦੇ ਮਹੀਨਿਆਂ ਵਿਚ ਚੀਨ ਰੋਜ਼ਾਨਾ ਔਸਤਨ ਚਾਰ ਲੱਖ ਬੈਰਲ ਵੈਨੇਜ਼ੁਏਲਾ ਦਾ ਕੱਚਾ ਤੇਲ ਦਰਾਮਦ ਕਰ ਰਿਹਾ ਸੀ। ਸਪਲਾਈ ਰੁਕਣ ਨਾਲ ਚੀਨ ਨੂੰ ਹੁਣ ਬਦਲਵੇਂ ਸਰੋਤਾਂ ਵੱਲ ਰੁਖ ਕਰਨਾ ਪੈ ਸਕਦਾ ਹੈ। ਉਥੇ ਹੀ ਕਿਊਬਾ ਦੀ ਸਥਿਤੀ ਜ਼ਿਆਦਾ ਗੰਭੀਰ ਮੰਨੀ ਜਾ ਰਹੀ ਹੈ ਕਿਉਂਕਿ ਉਸ ਦੀ ਬਿਜਲੀ ਅਤੇ ਊਰਜਾ ਲੋੜਾਂ ਦਾ ਵੱਡਾ ਹਿੱਸਾ ਵੈਨੇਜ਼ੁਏਲਾ ਦੇ ਤੇਲ 'ਤੇ ਨਿਰਭਰ ਰਿਹਾ ਹੈ। ਸਪਲਾਈ ਠੱਪ ਹੋਣ ਨਾਲ ਉੱਥੇ ਬਿਜਲੀ ਸੰਕਟ ਹੋਰ ਡੂੰਘਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਵੈਨੇਜ਼ੁਏਲਾ ਸਰਕਾਰ ਨੇ ਇਸ ਨੂੰ 'ਆਰਥਿਕ ਯੁੱਧ' ਦੱਸਦੇ ਹੋਏ ਆਮ ਜਨਤਾ 'ਤੇ ਇਸ ਦੇ ਮਾੜੇ ਨਤੀਜਿਆਂ ਦੀ ਚੇਤਾਵਨੀ ਦਿੱਤੀ ਹੈ।

# ਜ਼ਰੂਰੀ ਹੈ ਜਲ ਸਰੋਤਾਂ ਦੀ ਸੰਭਾਲ

ਸਾਡੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਸਮੇਂ-ਸਮੇਂ ਦੇਸ਼ ਦੇ ਵਿਕਾਸ ਬਾਰੇ ਅਕਸਰ ਵੱਡੇ-ਵੱਡੇ ਦਾਅਵੇ ਕਰਦੀਆਂ ਰਹਿੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਦੁਨੀਆ ਦਾ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ ਅਤੇ ਇਹ ਕੌਮਾਂਤਰੀ ਪੱਧਰ 'ਤੇ ਚੌਥੀ ਆਰਥਿਕਤਾ ਬਣ ਚੁੱਕਾ ਹੈ ਅਤੇ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਛੇਤੀ ਹੀ ਇਹ ਤੀਜੀ ਆਰਥਿਕਤਾ ਬਣ ਜਾਵੇਗਾ। ਪਰ ਦੂਜੇ ਪਾਸੇ ਜੇਕਰ ਪ੍ਰਤੀ ਜੀਅ ਆਮਦਨ ਦੇ ਪੱਖ ਤੋਂ ਦੇਖੀਏ ਤਾਂ ਦੇਸ਼ ਵਿਕਸਿਤ ਦੇਸ਼ਾਂ ਤੋਂ ਬੇਹੱਦ ਪਛੜਿਆ ਹੋਇਆ ਹੈ। ਭਾਵ ਲੋਕਾਂ ਦੀ ਹਾਲਤ ਬੇਹੱਦ ਮਾੜੀ ਹੈ। 80 ਕਰੋੜ ਤੋਂ ਵੱਧ ਲੋਕਾਂ ਨੂੰ ਕੇਂਦਰ ਸਰਕਾਰ ਵਲੋਂ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਦੇਸ਼ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਵੀ ਪਾਈ ਜਾ ਰਹੀ ਹੈ। ਇਸੇ ਕਾਰਨ ਮਜਬੂਰ ਹੋ ਕੇ ਨੌਜਵਾਨ ਹਰ ਜਾਇਜ਼-ਨਜਾਇਜ਼ ਢੰਗ ਨਾਲ ਰੋਟੀ-ਰੋਜ਼ੀ ਦੀ ਭਾਲ ਵਿਚ ਵਿਦੇਸ਼ ਜਾਣ ਲਈ ਮਜਬੂਰ ਹੁੰਦੇ ਹਨ। ਪਰ ਅੱਜ ਇਨ੍ਹਾਂ ਕਾਲਮਾਂ ਵਿਚ ਅਸੀਂ ਦੇਸ਼ ਦੀ ਅਤੇ ਦੇਸ਼ ਦੇ ਲੋਕਾਂ ਦੀ ਆਰਥਿਕਤਾ ਦੀ ਵਧੇਰੇ ਗੱਲ ਨਹੀਂ ਕਰ ਰਹੇ ਸਗੋਂ ਇਕ ਹੋਰ ਅਹਿਮ ਮਸਲੇ 'ਤੇ ਚਰਚਾ ਕਰ ਰਹੇ ਹਾਂ, ਜੋ ਲੋਕਾਂ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ, ਇਹ ਹੈ ਲੋਕਾਂ ਦੀਆਂ ਜੀਉਣ ਯੋਗ ਹਾਲਤਾਂ ਦਾ। ਮਨੁੱਖ ਦੇ ਜੀਊਣ ਲਈ ਸਾਫ਼ ਪਾਣੀ, ਸਾਫ਼ ਹਵਾ ਅਤੇ ਸ਼ੁੱਧ ਖ਼ੁਰਾਕ ਬੁਨਿਆਦੀ ਜ਼ਰੂਰਤ ਹੈ। ਪਰ ਸਾਡੇ ਦੇਸ਼ ਵਿਚ ਇਹ ਤਿੰਨੇ ਸਹੂਲਤਾਂ ਵਿਕਾਸ ਦੇ ਦਾਅਵਿਆਂ ਦੇ ਨਾਲ-ਨਾਲ ਤੇਜ਼ੀ ਨਾਲ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ।

ਦੇਸ਼ ਦੇ ਦਰਿਆਵਾਂ ਵਿਚ ਸ਼ਹਿਰੀ ਅਤੇ ਦਿਹਾਤੀ ਆਬਾਦੀ ਦੇ ਗੰਦੇ ਪਾਣੀ ਨਿਰੰਤਰ ਪੈ ਰਹੇ ਹਨ। ਜਿਉਂ-ਜਿਉਂ ਦੇਸ਼ ਵਿਚ ਸਨਅਤੀਕਰਨ ਦਾ ਅਮਲ ਵਧ ਰਿਹਾ ਹੈ, ਸਨਅਤਾਂ ਦੇ ਗੰਦੇ ਅਤੇ ਤੇਜ਼ਾਬੀ ਪਾਣੀ ਵੀ ਨਦੀਆਂ-ਨਾਲਿਆਂ ਵਿਚ ਬਿਨਾਂ ਸਾਫ਼ ਕੀਤਿਆਂ ਨਿਰੰਤਰ ਸੁੱਟੇ ਜਾ ਰਹੇ ਹਨ। ਬਿਨਾਂ ਸ਼ੱਕ ਕੌਮੀ ਪੱਧਰ 'ਤੇ ਅਤੇ ਵੱਖ-ਵੱਖ ਸੂਬਿਆਂ ਦੀ ਪੱਧਰ 'ਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਨੇਕਾਂ ਕਾਨੂੰਨ ਹਨ। ਸਾਡੇ ਹਾਈ ਕੋਰਟ, ਸੁਪਰੀਮ ਕੋਰਟ ਅਤੇ ਇਥੋਂ ਤੱਕ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਸ਼ਿਕਾਇਤਾਂ ਮਿਲਣ 'ਤੇ ਇਸ ਸਮੱਸਿਆ 'ਤੇ ਸੁਣਵਾਈ ਕਰਕੇ ਸਰਕਾਰਾਂ ਨੂੰ ਨਿਰਦੇਸ਼ ਵੀ ਦਿੰਦੇ ਰਹਿੰਦੇ ਹਨ। ਪਰ ਦਰਿਆਵਾਂ ਅਤੇ ਨਦੀਆਂ-ਨਾਲਿਆਂ ਵਿਚ ਪੈਂਦੇ ਗੰਦੇ ਪਾਣੀਆਂ ਦੀ ਸਮੱਸਿਆ ਨਿਰੰਤਰ ਬਣੀ ਹੋਈ ਹੈ। ਗੰਗਾ ਅਤੇ ਯਮੁਨਾ ਨੂੰ ਸਾਫ਼ ਕਰਨ ਲਈ ਵੀ ਅਨੇਕਾਂ ਪ੍ਰਾਜੈਕਟ ਬਣਦੇ ਹਨ, ਵੱਡੀ ਪੱਧਰ 'ਤੇ ਪੈਸੇ ਵੀ ਖ਼ਰਚ ਕੀਤੇ ਜਾਂਦੇ ਹਨ। ਪਰ ਸਥਿਤੀ ਇਸ ਪੱਖ ਤੋਂ ਪਹਿਲਾਂ ਵਾਲੀ ਹੀ ਬਣੀ ਰਹਿੰਦੀ ਹੈ। ਕਿਉਂਕਿ ਨਦੀਆਂ-ਨਾਲਿਆਂ ਵਿਚ ਪੈ ਰਹੇ ਗੰਦੇ ਪਾਣੀਆਂ ਨੂੰ ਰੋਕਣ ਲਈ ਨਾ ਤਾਂ ਸਰਕਾਰਾਂ ਵਿਚ ਦ੍ਰਿੜ੍ਹ ਇੱਛਾ ਸ਼ਕਤੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਜਾਗਰੂਕ ਤੇ ਲਾਮਬੰਦ ਹੋ ਕੇ ਲੋਕ ਸਰਕਾਰਾਂ ਦੀ ਜਵਾਬਦੇਹੀ ਕਰਨ ਵਿਚ ਸਫ਼ਲ ਹੁੰਦੇ ਹਨ।



ਜੇ ਆਪਣੇ ਰਾਜ ਪੰਜਾਬ ਦੀ ਗੱਲ ਕਰੀਏ ਤਾਂ ਇਥੇ ਵੀ ਦਰਿਆਵਾਂ ਦੇ ਪ੍ਰਦੂਸ਼ਿਤ ਹੋਣ ਦਾ ਮਸਲਾ ਕਾਫ਼ੀ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ। ਸਾਡੇ ਸਤਲੁਜ ਅਤੇ ਬਿਆਸ ਦੋਵਾਂ ਦਰਿਆਵਾਂ ਵਿਚ ਸ਼ਹਿਰੀ ਤੇ ਦਿਹਾਤੀ ਆਬਾਦੀਆਂ ਦਾ ਗੰਦਾ ਪਾਣੀ ਅਤੇ ਸਨਅਤਾਂ ਦਾ ਬਿਨਾਂ ਸਾਫ਼ ਕੀਤਾ ਪਾਣੀ ਨਿਰੰਤਰ ਪੈ ਰਿਹਾ ਹੈ। ਅਨੇਕਾਂ ਵਾਰ ਇਨ੍ਹਾਂ ਕਾਰਨਾਂ ਕਰਕੇ ਮੱਛੀਆਂ ਦੇ ਮਰਨ ਦੀਆਂ ਵੀ ਖ਼ਬਰਾਂ ਆਉਂਦੀਆਂ ਹਨ। ਪੰਜਾਬ ਦੇ ਨਾਲ ਲਗਦੇ ਹਿਮਾਚਲ ਦੇ ਇਲਾਕਿਆਂ ਵਿਚ ਵਧੇਰੇ ਸਨਅਤਾਂ ਲੱਗਣ ਕਾਰਨ ਹੁਣ ਪੰਜਾਬ ਆਉਂਦੇ ਦਰਿਆ ਪਾਣੀ ਦੇ ਪੱਖ ਤੋਂ ਹਿਮਾਚਲ ਵਿਚ ਹੀ ਪ੍ਰਦੂਸ਼ਿਤ ਹੋ ਜਾਂਦੇ ਹਨ। ਅੱਗੇ ਦਰਿਆਵਾਂ ਦੇ ਪੰਜਾਬ ਵਿਚ ਦਾਖ਼ਲ ਹੋਣ ਤੋਂ ਬਾਅਦ ਵੀ ਉਨ੍ਹਾਂ ਦੇ ਪਾਣੀ ਦੇ ਪ੍ਰਦੂਸ਼ਣ ਦਾ ਪੱਧਰ ਨਿਰੰਤਰ ਵਧਦਾ ਰਹਿੰਦਾ ਹੈ। ਲੁਧਿਆਣਾ ਦੇ ਬੁੱਢੇ ਨਾਲੇ ਨੂੰ ਸਾਫ਼ ਕਰਨ ਦੀ ਮੰਗ ਨੂੰ ਲੈ ਕੇ ਵੱਖ-ਵੱਖ ਸਮਾਜਿਕ ਸੰਗਠਨ ਅਤੇ ਵਾਤਾਵਰਨ ਪ੍ਰੇਮੀ ਅਨੇਕਾਂ ਵਾਰ ਅੰਦੋਲਨ ਕਰ ਚੁੱਕੇ ਹਨ। ਪੰਜਾਬ ਦੀਆਂ ਸਰਕਾਰਾਂ ਵਲੋਂ ਸਮੇਂ-ਸਮੇਂ ਕੁਝ ਕਦਮ ਵੀ ਉਠਾਏ ਜਾਂਦੇ ਰਹੇ ਹਨ। ਅੱਜ ਕੱਲ੍ਹ ਵਾਤਾਵਰਨ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਇਸ ਮਕਸਦ ਲਈ ਦ੍ਰਿੜ੍ਹਤਾ ਨਾਲ ਕੰਮ ਕਰਦੇ ਨਜ਼ਰ ਆ ਰਹੇ ਹਨ। ਰਾਜ ਸਭਾ ਦੇ ਮੈਂਬਰ ਹੋਣ ਕਾਰਨ ਉਹ ਸਰਕਾਰੀ ਅਦਾਰਿਆਂ ਤੋਂ ਵੀ ਸਹਿਯੋਗ ਹਾਸਿਲ ਕਰਨ ਲਈ ਪ੍ਰਭਾਵੀ ਢੰਗ ਨਾਲ ਯਤਨ ਕਰ ਰਹੇ ਹਨ। ਇਸ ਕਾਰਨ ਕੁਝ ਆਸ ਤਾਂ ਬੱਝੀ ਹੈ। ਪਰ ਸਮੁੱਚੇ ਤੌਰ 'ਤੇ ਸਰਕਾਰਾਂ ਵਿਚ ਇਸ ਮਕਸਦ ਲਈ ਇੱਛਾ ਸ਼ਕਤੀ ਦੀ ਨਿਰੰਤਰ ਘਾਟ ਪਾਈ ਜਾਂਦੀ ਹੈ।

ਦਰਿਆਈ ਪਾਣੀਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਪੰਜਾਬ ਦਾ ਪਹਿਲਾ ਕਾਨੂੰਨ ਕਾਫ਼ੀ ਸਖ਼ਤ ਸੀ, ਜਿਸ ਦੇ ਆਧਾਰ 'ਤੇ ਕਿਸੇ ਵੀ ਰੂਪ ਵਿਚ ਪਾਣੀ ਗੰਦਾ ਕਰਨ ਵਾਲੇ ਸਨਅਤਕਾਰ ਨੂੰ 5 ਤੋਂ 6 ਸਾਲ ਦੀ ਕੈਦ ਹੋ ਸਕਦੀ ਸੀ। ਪਰ ਪੰਜਾਬ ਸਰਕਾਰ ਨੇ 2025 ਵਿਚ ਇਸ ਕਾਨੂੰਨ ਨੂੰ ਨਰਮ ਕਰ ਦਿੱਤਾ। ਹੁਣ ਪਾਣੀ ਗੰਦਾ ਕਰਨ ਵਾਲੇ ਸਨਅਤਕਾਰ ਨੂੰ ਸਿਰਫ਼ 10,000 ਤੋਂ ਲੈ ਕੇ 5,00,000 ਤੱਕ ਜੁਰਮਾਨਾ ਹੀ ਕੀਤਾ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਪੰਜਾਬ ਸਰਕਾਰ ਨੇ ਪਾਣੀ ਗੰਦਾ ਕਰਨ ਦੇ ਅਮਲ ਨੂੰ ਗੰਭੀਰ ਜ਼ੁਰਮ ਦੀ ਸ਼ ?ਰੇਣੀ ਵਿਚੋਂ ਬਾਹਰ ਕੱਢ ਦਿੱਤਾ ਹੈ। ਇਸ ਤੋਂ ਹੀ ਪਤਾ ਲਗਦਾ ਹੈ ਕਿ ਸਰਕਾਰਾਂ ਇਸ ਮਸਲੇ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈਂਦੀਆਂ ਹਨ? ਪੰਜਾਬ ਸਰਕਾਰ ਨੂੰ ਪਾਣੀ ਦੇ ਪ੍ਰਦੂਸ਼ਣ ਸੰਬੰਧੀ ਕਾਨੂੰਨ ਨੂੰ ਮੁੜ ਤੋਂ ਸਖ਼ਤ ਕਰਨ ਦੀ ਲੋੜ ਹੈ। ਜੇਕਰ ਸਰਕਾਰਾਂ ਦਾ ਪਾਣੀ ਦੇ ਪ੍ਰਦੂਸ਼ਣ ਸੰਬੰਧੀ ਇਸੇ ਤਰ੍ਹਾਂ ਢਿੱਲ-ਮੱਠ ਵਾਲਾ ਵਤੀਰਾ ਜਾਰੀ ਰਿਹਾ ਤਾਂ ਇਸ ਸਮੱਸਿਆ 'ਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਵੇਗਾ। ਜਿਸ ਨਾਲ ਇਸ ਦੇਸ਼ ਵਿਚ ਰਹਿਣ ਵਾਲੇ ਮਨੁੱਖ ਸਿਹਤਮੰਦ ਨਹੀਂ ਰਹਿ ਸਕਣਗੇ ਅਤੇ ਜੇ ਲੋਕ ਸਿਹਤਮੰਦ ਨਹੀਂ ਰਹਿਣਗੇ ਤਾਂ ਦੇਸ਼ ਦੇ ਵਿਕਾਸ ਦੇ ਦਾਅਵੇ ਵੀ ਧਰੇ-ਧਰਾਏ ਹੀ ਰਹਿ ਜਾਣਗੇ। ਦੇਸ਼ ਦੇ ਆਰਥਿਕ ਵਿਕਾਸ ਤੋਂ ਪਹਿਲਾਂ ਬੇਹੱਦ ਜ਼ਰੂਰੀ ਹੈ ਕਿ ਲੋਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਮਿਲੇ, ਸਾਹ ਲੈਣ ਲਈ ਸ਼ੁੱਧ ਹਵਾ ਮਿਲੇ ਅਤੇ ਖਾਣ ਲਈ ਸ਼ੁੱਧ ਖ਼ੁਰਾਕ ਮਿਲੇ। ਆਸ ਹੈ ਸਰਕਾਰਾਂ ਇਸ ਸੰਬੰਧ ਵਿਚ ਆਪਣੇ ਜਰੂਰੀ ਫਰਜ਼ ਨਿਭਾਉਣ ਲਈ ਅੱਗੇ ਆਉਣਗੀਆਂ।

# ਭਾਰਤੀ ਅਰਥਚਾਰੇ ਦੀਆਂ ਨਾਕਾਮੀਆਂ ਤੇ ਚੁਣੌਤੀਆਂ




ਸਾਲ 2026 ਦੀ ਸ਼ੁਰੂਆਤ ਭਾਰਤ ਦੀ ਕੇਂਦਰ ਸਰਕਾਰ, ਇਸ ਦੇ ਪ੍ਰਤੀਨਿਧੀਆਂ, ਸਮਰਥਕਾਂ ਅਤੇ ਹਮਾਇਤੀ ਅਰਥਸ਼ਾਸਤਰੀਆਂ ਲਈ ਸਫ਼ਲਤਾ ਦੇ ਮੌਕੇ ਲੈ ਕੇ ਆਈ ਹੈ। ਸਰਕਾਰ ਦੁਆਰਾ ਜਾਰੀ ਆਰਥਿਕ ਸਮੀਖਿਆ ਨੇ ਦਰਸਾਇਆ ਕਿ ਭਾਰਤ ਹੁਣ 4.18 ਟ੍ਰਿਲੀਅਨ ਡਾਲਰ ਦੀ ਜੀ ਡੀ ਪੀ ਨਾਲ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਇਹ ਵੀ ਦੱਸਿਆ ਗਿਆ ਕਿ ਅਗਲੇ ਤਿੰਨ ਕੁ ਸਾਲਾਂ ਵਿੱਚ ਜਰਮਨੀ ਨੂੰ ਪਿੱਛੇ ਛੱਡਦਿਆਂ ਭਾਰਤ ਤੀਜੇ ਸਥਾਨ 'ਤੇ ਪਹੁੰਚ ਜਾਵੇਗਾ ਅਤੇ 2030 ਤੱਕ 7.3 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣ ਜਾਵੇਗਾ। ਪ੍ਰਧਾਨ ਮੰਤਰੀ ਨੇ ਵੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲ ਇਸ਼ਾਰਾ ਕਰਦਿਆਂ ਵਿਅੰਗਾਤਮਕ ਤਰੀਕੇ ਨਾਲ ਬਿਆਨ ਦਿੱਤਾ ਕਿ ਦੁਨੀਆ ਹੁਣ ਦਿੱਲੀ ਵੱਲ ਦੇਖ ਰਹੀ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ ਦੀ ਅਰਥਵਿਵਸਥਾ ਦਾ ਆਕਾਰ ਦੁੱਗਣਾ ਹੋ ਗਿਆ ਹੈ ਅਤੇ ਹੁਣ ਅਸੀਂ ਦੁਨੀਆ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨਾ ਲੋਚਦੇ ਹਾਂ। 7 ਜਨਵਰੀ 2026 ਨੂੰ ਜਾਰੀ ਰਾਸ਼ਟਰੀ ਅੰਕੜਾ ਦਫ਼ਤਰ ਦੀ ਰਿਪੋਰਟ ਨੇ ਮੁਤਾਬਿਕ ਭਾਰਤ ਦੀ ਅਰਥਵਿਵਸਥਾ ਦੇ ਚਾਲੂ ਵਿੱਤੀ ਸਾਲ ਦੌਰਾਨ 7.4 ਫ਼ੀਸਦੀ ਦਰ ਨਾਲ ਵਧਣ ਦਾ ਅਨੁਮਾਨ ਹੈ, ਜੋ ਪਿਛਲੇ ਵਿੱਤੀ ਸਾਲ ਦੇ 6.5 ਫ਼ੀਸਦੀ ਤੋਂ ਕਿਤੇ ਬਿਹਤਰ ਹੈ। ਇਸ ਤੋਂ ਪਹਿਲਾਂ ਭਾਰਤ ਦੇ ਕੇਂਦਰੀ ਬੈਂਕ ਦੇ ਮੁਦਰਾ ਨੀਤੀ ਪੈਨਲ ਨੇ ਪਿਛਲੇ ਸਾਲ ਦੀ ਆਖ਼ਰੀ ਸਮੀਖਿਆ ਦੌਰਾਨ ਖਪਤ ਮਹਿੰਗਾਈ ਸੂਚਕ ਅੰਕ ਦੇ ਅਨੁਮਾਨਾਂ ਨੂੰ 4 ਫ਼ੀਸਦੀ ਦੀ ਸਹਿਣਸ਼ੀਲਤਾ ਸੀਮਾ ਤੋਂ ਘੱਟ 2 ਫ਼ੀਸਦੀ 'ਤੇ ਰਹਿਣ ਦਾ ਅਨੁਮਾਨ ਦਿੱਤਾ। ਇਸ ਦਾ ਅਰਥ ਹੈ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਆਮ ਲੋਕਾਂ ਨੂੰ ਮਹਿੰਗਾਈ ਦੀ ਵੱਧ ਮਾਰ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਅਤੇ ਕੀਮਤਾਂ ਵੱਡੇ ਪੱਧਰ 'ਤੇ ਕਾਬੂ ਵਿੱਚ ਹਨ। ਸੱਚਮੁੱਚ ਇਨ੍ਹਾਂ ਬੇਮਿਸਾਲ ਪ੍ਰਾਪਤੀਆਂ ਦੀ ਲੋਅ ਵਿੱਚ ਜਾਪਦਾ ਹੈ ਕਿ ਕਿਸੇ ਵੀ ਮੌਕੇ ਹੁਣ ਭਾਰਤ ਦੇ ਵਿਸ਼ਵਗੁਰੂ ਬਣਨ ਦਾ ਐਲਾਨ ਹੋ ਸਕਦਾ ਹੈ, ਪਰ ਇਸ ਆਰਥਿਕ ਆਸ਼ਾਵਾਦ ਹੇਠਾਂ ਦੱਬੀਆਂ ਕੁਝ ਢਾਂਚਾਗਤ ਚੁਣੌਤੀਆਂ ਵਿਕਾਸ ਦੇ ਰਾਹ ਨੂੰ ਧੁੰਦਲਾ ਅਤੇ ਅਨਿਸ਼ਚਿਤ ਬਣਾ ਰਹੀਆਂ ਹਨ।

**ਵਿਕਾਸ ਵਿੱਚ ਢਾਂਚਾਗਤ ਚੁਣੌਤੀਆਂ** : ਦੇਸ਼ ਦੀ ਅਨੁਮਾਨਿਤ 7.4 ਫ਼ੀਸਦੀ ਵਿਕਾਸ ਦਰ ਨੂੰ ਉਪਲਬਧੀ ਵਜੋਂ ਦਿਖਾਇਆ ਜਾ ਰਿਹਾ ਹੈ, ਪਰ ਤਿਮਾਹੀ ਅੰਕੜਿਆਂ ਦੀ ਗਹਿਰਾਈ ਨਾਲ ਜਾਂਚ ਇਹ ਦਰਸਾਉਂਦੀ ਹੈ ਕਿ ਵਿਕਾਸ ਦੀ ਅਸਲ ਰਫ਼ਤਾਰ ਘਟ ਰਹੀ ਹੈ। ਪਹਿਲੀ (ਅਪਰੈਲ 2025 ਤੋਂ ਜੂਨ 2025) ਅਤੇ ਦੂਜੀ (ਜੁਲਾਈ 2025 ਤੋਂ ਸਤੰਬਰ 2025) ਤਿਮਾਹੀ ਵਿੱਚ ਵਿਕਾਸ ਦਰ ਕ੍ਰਮਵਾਰ 7.8 ਅਤੇ 8.2 ਫ਼ੀਸਦੀ ਰਹਿਣ ਦੇ ਬਾਵਜੂਦ ਪੂਰੇ ਸਾਲ ਦੀ 7.4 ਫ਼ੀਸਦੀ ਅਨੁਮਾਨਿਤ ਵਿਕਾਸ ਦਰ ਇਹ ਸੰਕੇਤ ਦਿੰਦੀ ਹੈ ਕਿ ਦੂਜੇ ਅੱਧ (ਅਕਤੂਬਰ 2025 ਤੋਂ ਮਾਰਚ 2026) ਵਿੱਚ ਵਿਕਾਸ ਲਗਭਗ 6.9 ਫ਼ੀਸਦੀ ਤੱਕ ਡਿੱਗ ਸਕਦਾ ਹੈ, ਜੋ ਘਰੇਲੂ ਮੰਗ ਦੀ ਕਮਜ਼ੋਰੀ ਅਤੇ ਵਿਸ਼ਵ ਪੱਧਰੀ ਅਨਿਸ਼ਚਿਤਤਾਵਾਂ ਨੂੰ ਬੇਪਰਦ ਕਰਦਾ ਹੈ।

ਇਸ ਦੇ ਨਾਲ ਹੀ ਰਾਸ਼ਟਰੀ ਅੰਕੜਾ ਦਫ਼ਤਰ ਦੇ ਅਨੁਮਾਨ ਦਰਸਾਉਂਦੇ ਹਨ ਕਿ ਭਾਰਤ ਦੀ ਲਗਭਗ 45-47 ਫ਼ੀਸਦੀ ਕਾਰਜਸ਼ੀਲ ਆਬਾਦੀ ਨੂੰ ਰੁਜ਼ਗਾਰ ਪ੍ਰਦਾਨ ਕਰਨ ਵਾਲਾ ਖੇਤੀਬਾੜੀ ਖੇਤਰ ਸਾਲ 2025-26 ਦੌਰਾਨ ਵਿਕਾਸ ਦੀ ਰਫ਼ਤਾਰ ਨਾਲ ਕਦਮ ਮਿਲਾਉਣ ਵਿੱਚ ਅਸਫ਼ਲ ਰਿਹਾ ਹੈ। ਮੋਟੇ ਤੌਰ 'ਤੇ ਅਨੁਕੂਲ ਮੌਨਸੂਨ ਦੇ ਬਾਵਜੂਦ ਖੇਤੀ ਖੇਤਰ ਵਿੱਚ ਕੁੱਲ ਮੁੱਲ ਵਾਧਾ ਦਰ ਸਿਰਫ਼ 3.1 ਫ਼ੀਸਦੀ ਆਂਕੀ ਗਈ ਹੈ, ਜੋ ਪਿਛਲੇ ਸਾਲ ਦੇ ਔਸਤ ਨਾਲੋਂ ਘੱਟ ਹੈ। ਇਸ ਦੇ ਨਾਲ ਹੀ ਕਪਾਹ, ਕਣਕ, ਦਾਲਾਂ ਅਤੇ ਤੇਲ ਬੀਜ ਵਰਗੀਆਂ ਮੁੱਖ ਫ਼ਸਲਾਂ ਦੀਆਂ ਬਾਜ਼ਾਰ ਕੀਮਤਾਂ ਸਮਰਥਨ ਮੁੱਲ ਤੋਂ ਹੇਠਾਂ ਰਹਿਣ ਕਾਰਨ ਕਿਸਾਨੀ ਆਮਦਨ 'ਤੇ ਦਬਾਅ ਬਣਿਆ ਰਹਿਣ ਦਾ ਖ਼ਦਸ਼ਾ ਹੈ। ਇਸ ਦਾ ਸਿੱਧਾ ਅਸਰ ਪਿੰਡਾਂ ਦੀ ਖਪਤ ਸਮਰੱਥਾ 'ਤੇ ਪੈਂਦਾ ਹੈ ਅਤੇ ਇਉਂ ਸ਼ਹਿਰਾਂ ਅਤੇ ਪਿੰਡਾਂ ਦੀ ਆਰਥਿਕ ਅਸਮਾਨਤਾ ਵਿੱਚ ਪਾੜਾ ਹੋਰ ਵਧਦਾ ਹੈ। ਇਹ ਸਥਿਤੀ ਮੰਗ-ਪੱਖੀ ਢਾਂਚਾਗਤ ਕਮਜ਼ੋਰੀ ਵੱਲ ਵੀ ਇਸ਼ਾਰਾ ਕਰਦੀ ਹੈ। 22 ਸਤੰਬਰ 2025 ਤੋਂ ਲਾਗੂ ਕੀਤੇ ਜੀ ਐੱਸ ਟੀ 2.0 ਸੁਧਾਰ ਨੇ ਜੀ ਐੱਸ ਟੀ ਸਲੈਬ ਨੂੰ ਸਰਲ ਕੀਤਾ ਤਾਂ ਜੋ ਬੱਚਤ ਉਤਸਵ ਅਧੀਨ ਆਮ ਆਦਮੀ ਸਸਤੇ ਭਾਅ 'ਤੇ ਵੱਧ ਖਰੀਦਦਾਰੀ ਕਰ ਸਕੇ ਅਤੇ ਸਰਕਾਰ ਨੂੰ ਵਧੇਰੇ ਖਰੀਦਦਾਰੀ ਦੀ ਮਾਤਰਾ ਦੇ ਉਛਾਲ ਤੋਂ ਟੈਕਸ ਮਾਲੀਏ ਦਾ ਲਾਭ ਮਿਲ ਸਕੇ, ਪਰ ਇਹ ਪ੍ਰਯੋਗ ਅਸਫ਼ਲ ਹੁੰਦਾ ਜਾਪਦਾ ਹੈ। ਅੰਕੜਿਆਂ ਮੁਤਾਬਿਕ ਸਰਕਾਰ ਦੇ ਸੰਗ੍ਰਹਿ ਵਿੱਚ ਅਪਰੈਲ ਤੋਂ ਸਤੰਬਰ ਦੌਰਾਨ ਪ੍ਰਤੀ ਮਹੀਨਾ ਲਗਭਗ 2 ਲੱਖ ਕਰੋੜ ਰੁਪਏ ਆਏ ਸਨ, ਜੋ ਅਕਤੂਬਰ ਤੋਂ ਦਸੰਬਰ ਦੌਰਾਨ ਘਟ ਕੇ 1.80 ?ਕਰੋੜ ਰੁਪਏ ਰਹਿ ਗਏ। ਇਸੇ ਦਾ ਸਿੱਟਾ ਹੈ ਕਿ ਸਰਕਾਰ ਦੇ ਵਾਰ-ਵਾਰ ਯਤਨਾਂ ਦੇ ਬਾਵਜੂਦ ਨਿੱਜੀ ਖੇਤਰ ਦਾ ਪੂੰਜੀਗਤ ਖਰਚ ਅਜੇ ਵੀ ਵਧ ਨਹੀਂ ਰਿਹਾ। ਜ਼ਿਕਰਯੋਗ ਹੈ ਕਿ ਖ਼ਪਤ ਨੂੰ ਉਤਸ਼ਾਹਿਤ ਕਰਨ ਲਈ ਇਸ ਵਿੱਤੀ ਸਾਲ ਵਿੱਚ ਸਰਕਾਰ ਨੇ 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਕਰ ਛੋਟ, ਰਿਜ਼ਰਵ ਬੈਂਕ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਅਤੇ ਜੀ ਐੱਸ ਟੀ ਦਰਾਂ ਘਟਾਉਣ ਵਰਗੇ ਮਹੱਤਵਪੂਰਨ ਕਦਮ ਚੁੱਕੇ ਸਨ। ਹਾਲਾਂਕਿ ਵਿੱਤੀ ਸਾਲ 2025-26 ਵਿੱਚ ਕੁੱਲ ਪੂੰਜੀਗਤ ਖਰਚ ਦੀ ਵਿਕਾਸ ਦਰ ਪਿਛਲੇ ਸਾਲ ਨਾਲੋਂ ਬਿਹਤਰ ਹੈ, ਪਰ ਇਸ ਵਿੱਚ ਨਿੱਜੀ ਖੇਤਰ ਦਾ ਹਿੱਸਾ ਬਹੁਤ ਘੱਟ ਜਾਪ ਰਿਹਾ ਹੈ। ਇਹ ਸਥਿਤੀ ਭਾਰਤੀ ਅਰਥ-ਵਿਵਸਥਾ ਵਿੱਚ ਮੰਗ ਘਟਣ ਅਤੇ ਅਨਿਸ਼ਚਿਤਤਾ ਨੂੰ ਪ੍ਰਤੱਖ ਕਰਦੀ ਹੈ। ਇਹ ਗੁੰਝਲਦਾਰ ਹਾਲਾਤ ਆਉਣ ਵਾਲੇ ਕੇਂਦਰੀ

ਡਾ. ਰਾਜੀਵ ਖੋਸਲਾ

ਬਜਟ ਲਈ ਵੱਡੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ। ਸਰਕਾਰ ਨੂੰ ਅਰਥਵਿਵਸਥਾ ਵਿੱਚ ਮੰਗ ਵਧਾਉਣ ਲਈ ਆਪਣੇ ਖਰਚੇ ਜਾਰੀ ਰੱਖਣੇ ਪੈਣਗੇ ਜਦੋਂਕਿ ਵਿੱਤੀ ਘਾਟੇ ਨੂੰ ਨਿਯੰਤਰਿਤ ਰੱਖਣ ਦੇ ਟੀਚੇ ਨੂੰ ਪੂਰਾ ਕਰਨ ਲਈ ਕਰਜ਼ੇ ਨੂੰ ਸੀਮਤ ਰੱਖਣਾ ਵੀ ਜ਼ਰੂਰੀ ਹੋਵੇਗਾ। ਇਸ ਦੂਹਰੇ ਦਬਾਅ ਵਿੱਚ ਸੰਤੁਲਨ ਬਣਾਉਣਾ ਸਰਕਾਰ ਲਈ ਸਭ ਤੋਂ ਵੱਡਾ ਇਮਤਿਹਾਨ ਸਾਬਿਤ ਹੋਵੇਗਾ।

**ਸਰਕਾਰ ਦੀਆਂ ਵਿੱਤੀ ਚੁਣੌਤੀਆਂ** : ਭਾਵੇਂ ਬਜਟ ਬਣਾਉਣ ਦੀ ਪ੍ਰਕਿਰਿਆ ਅਕਤੂਬਰ-ਨਵੰਬਰ ਵਿੱਚ ਸ਼ੁਰੂ ਹੁੰਦੀ ਹੈ, ਪਰ ਵਿੱਤ ਮੰਤਰਾਲਾ ਬਜਟ ਪੇਸ਼ ਹੋਣ ਤੱਕ ਆਰਥਿਕ ਅੰਕੜਿਆਂ ਦੇ ਆਧਾਰ 'ਤੇ ਅਰਥਵਿਵਸਥਾ ਦਾ ਲਗਾਤਾਰ ਮੁਲਾਂਕਣ ਕਰਦਾ ਰਹਿੰਦਾ ਹੈ। ਸਰਕਾਰ ਦੁਆਰਾ ਜਾਰੀ ਨਵੀਨਤਮ ਅੰਕੜਿਆਂ ਦੀ ਰੋਸ਼ਨੀ 'ਚ ਚਾਲੂ ਸਾਲ ਦੌਰਾਨ ਵਿੱਤੀ ਘਾਟੇ ਨੂੰ ਕਾਬੂ ਰੱਖਣਾ ਚੁਣੌਤੀਪੂਰਨ ਦਿਸਦਾ ਹੈ। ਜੀ ਐੱਸ ਟੀ ਸੰਗ੍ਰਹਿ ਦੀ ਰਫ਼ਤਾਰ ਹੌਲੀ ਹੋਣ ਦੇ ਬਾਵਜੂਦ ਇਸ ਸਾਲ ਦਾ ਬਜਟ ਵਿੱਤੀ ਘਾਟੇ ਦੇ ਮੋਰਚੇ 'ਤੇ ਕਿਸੇ ਨਾ ਕਿਸੇ ਤਰ੍ਹਾਂ ਸੰਭਾਲਿਆ ਜਾ ਸਕਦਾ ਹੈ, ਪਰ ਅਸਲ ਇਮਤਿਹਾਨ ਅਗਲੇ ਸਾਲ ਹੋਵੇਗਾ, ਜਦੋਂ ਜੀ ਐੱਸ ਟੀ 2.0 ਦੀਆਂ ਛੋਟਾਂ ਦਾ ਪੂਰਾ ਅਸਰ ਖ਼ਜ਼ਾਨੇ 'ਤੇ ਪਵੇਗਾ।

ਬਜਟ ਬਣਾਉਂਦੇ ਸਮੇਂ ਵਿੱਤ ਮੰਤਰੀ ਸਾਹਮਣੇ ਮੋਟੇ ਤੌਰ 'ਤੇ ਤਿੰਨ ਵਿਕਲਪ ਹੋਣਗੇ। ਪਹਿਲਾ, ਅਮੀਰ ਵਰਗ 'ਤੇ ਟੈਕਸ ਦਾ ਬੋਝ ਵਧਾਉਣਾ, ਜਿਸ ਦੀ ਮਿਸਾਲ ਸਾਨੂੰ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਿਲਦੀ ਹੈ। ਯੂ ਕੇ ਨੇ 2025 ਦੇ ਬਜਟ ਵਿੱਚ ਟੈਕਸ ਵਾਧੇ ਕਰਕੇ ਉੱਚੀ ਆਮਦਨ ਤੇ ਜਾਇਦਾਦ ਵਾਲੇ ਵਰਗ ਤੋਂ ਮਾਲੀਆ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਫਰਾਂਸ ਨੇ ਵੀ 8 ਲੱਖ ਯੂਰੋ ਤੋਂ ਉੱਪਰ ਦੀ ਸੰਪਤੀ 'ਤੇ 1.5 ਫ਼ੀਸਦੀ ਤੱਕ ਦਾ ਟੈਕਸ ਲਾਗੂ ਕੀਤਾ ਹੋਇਆ ਹੈ। ਭਾਰਤ ਵਿੱਚ ਵੀ ਅਮੀਰਾਂ ਦੀ ਸੰਪਤੀ 'ਤੇ ਟੈਕਸ ਲਾਗੂ ਕਰਕੇ ਵਿੱਤੀ ਘਾਟੇ ਨੂੰ ਘਟਾਇਆ ਜਾ ਸਕਦਾ ਹੈ। ਦੂਜਾ ਵਿਕਲਪ ਸਮਾਜਿਕ ਖਰਚ ਵਿੱਚ ਕਟੌਤੀ ਦਾ ਹੈ, ਖ਼ਾਸਕਰ ਕੇਂਦਰ ਜਾਂ ਕੇਂਦਰ ਦੀਆਂ ਸੂਬਾ ਸਰਕਾਰਾਂ ਨਾਲ ਰਲ ਕੇ ਚਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ ਮਨਰੇਗਾ (ਜੀ ਰਾਮ ਜੀ), ਆਵਾਸ ਯੋਜਨਾਵਾਂ, ਸਿੱਖਿਆ ਅਤੇ ਸਿਹਤ ਯੋਜਨਾਵਾਂ ਆਦਿ ਵਿੱਚ ਜੋ ਕਰੋੜਾਂ ਗ਼ਰੀਬ ਜਾਂ ਮੱਧਵਰਗੀ ਪਰਿਵਾਰਾਂ ਲਈ ਜੀਵਨ ਜਿਊਣ ਦਾ ਸਹਾਰਾ ਹਨ। ਭਾਵੇਂ ਇਸ ਨਾਲ ਵਿੱਤੀ ਘਾਟਾ ਘਟਾਉਣ ਲਈ ਹਜ਼ਾਰਾਂ ਕਰੋੜ ਰੁਪਏ ਬਚ ਸਕਦੇ ਹਨ, ਪਰ ਖੇਤੀ ਖੇਤਰ ਵਿੱਚ ਗਿਰਾਵਟ, ਆਮਦਨ ਵਿੱਚ ਕਮੀ ਅਤੇ ਬੇਤਹਾਸ਼ਾ ਬੇਰੁਜ਼ਗਾਰੀ ਦੇ ਦੌਰ ਵਿੱਚ ਇਹ ਕਦਮ ਆਰਥਿਕ ਅਸੰਤੁਲਨ ਵਧਾ ਕੇ ਸਮਾਜਿਕ ਬੇਚੈਨੀ ਪੈਦਾ ਕਰ ਸਕਦਾ ਹੈ। ਤੀਜਾ ਰਾਹ ਹੈ ਕਿ ਸਰਕਾਰ ਆਪ ਸਿੱਧੇ ਤੌਰ 'ਤੇ ਕਰਜ਼ੇ ਨਾ ਲੈ ਕੇ ਜਨਤਕ ਖੇਤਰ ਦੀਆਂ ਇਕਾਈਆਂ (ਭਾਰਤੀ ਖ਼ੁਰਾਕ ਨਿਗਮ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਆਦਿ) ਰਾਹੀਂ ਕਰਜ਼ੇ ਲਵੇ। ਇਸਦੇ ਨਾਲ ਹੀ ਸਰਕਾਰ ਕੇਂਦਰੀ ਬੈਂਕ ਤੋਂ ਵੀ ਵੱਧ ਤੋਂ ਵੱਧ ਡਿਵੀਡੈਂਡ ਹਾਸਲ ਕਰ ਸਕਦੀ ਹੈ। ਪਿਛਲੇ ਅਨੁਭਵਾਂ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਜਨਤਕ ਇਕਾਈਆਂ ਰਾਹੀਂ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਵਾਉਣ ਨਾਲ ਸਰਕਾਰ ਨੂੰ ਵਧੇਰੇ ਲਚਕ ਮਿਲਦੀ ਹੈ, ਪਰ ਇਸ ਨਾਲ ਪਾਰਦਰਸ਼ਤਾ ਅਤੇ ਕਰਜ਼ੇ ਦੀ ਜਟਿਲਤਾ ਵੀ ਜਨਮ ਲੈਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਇੱਕ ਵੱਡੀ ਅਰਥਵਿਵਸਥਾ ਹੈ ਅਤੇ ਜੇ ਇਹ ਮੰਨ ਵੀ ਲਿਆ ਜਾਵੇ ਕਿ ਅਸੀਂ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੇ ਹਾਂ ਤਾਂ ਵੀ ਚਮਕਦਾਰ ਅੰਕੜੇ ਅਤੇ ਉੱਚੀ ਜੀ ਡੀ ਪੀ ਦਰ ਖ਼ੁਦ-ਬ-ਖ਼ੁਦ ਲੋਕਾਂ ਦੀ ਜ਼ਿੰਦਗੀ ਨਹੀਂ ਬਦਲ ਸਕਦੇ। ਅਸਲ ਅਜ਼ਮਾਇਸ਼ ਇਹ ਹੈ ਕਿ ਕੀ ਸਰਕਾਰ ਆਪਣੀਆਂ ਨੀਤੀਆਂ ਜਾਂ ਬਜਟਾਂ ਰਾਹੀਂ ਲੋਕਾਂ ਦੀ ਖਪਤ, ਛੋਟੇ ਉਦਯੋਗ, ਕਿਸਾਨੀ ਅਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰ ਰਹੀ ਹੈ ਜਾਂ ਨਹੀਂ। ਆਉਣ ਵਾਲਾ ਸਮਾਂ ਹੀ ਇਹ ਨਿਰਣਾ ਕਰ ਸਕਦਾ ਹੈ ਕਿ ਭਾਰਤ ਸਿਰਫ਼ ਅੰਕੜਿਆਂ ਦੀ ਚਮਕ 'ਤੇ ਨਿਰਭਰ ਰਿਹਾ ਹੈ ਜਾਂ ਅਸਲ ਤਾਕਤ 'ਤੇ, ਜੋ ਲੋਕਾਂ ਦੀ ਭਲਾਈ, ਸਮਾਜਿਕ ਸਮਾਨਤਾ ਅਤੇ ਸਰਕਾਰਾਂ ਦੇ ਪੂੰਜੀਗਤ ਵਿਕਾਸ ਤੋਂ ਆਉਂਦੀ ਹੈ। ਮੌਜੂਦਾ ਹਾਲਾਤ ਮੰਗ ਕਰਦੇ ਹਨ ਕਿ ਸਰਕਾਰ ਅੰਕੜਿਆਂ ਦੀ ਖੇਡ ਤੋਂ ਬਚ ਕੇ ਸਿਰਫ਼ ਅਮਲੀ ਰੂਪ ਵਿੱਚ ਲੋਕ-ਪੱਖੀ ਵਿਕਾਸ ਯੋਜਨਾਵਾਂ 'ਤੇ ਧਿਆਨ ਦੇਵੇ। ਲੋਕ-ਕੇਂਦਰਿਤ ਬਜਟ ਇਸ ਦਿਸ਼ਾ ਵੱਲ ਸਹੀ ਕਦਮ ਹੋ ਸਕਦਾ ਹੈ, ਜੋ ਨਿਵੇਸ਼, ਮੰਗ ਅਤੇ ਸਮਾਜਿਕ ਭਲਾਈ ਵਿੱਚ ਸੰਤੁਲਨ ਸਥਾਪਤ ਕਰਕੇ ਭਾਰਤ ਦੇ ਆਰਥਿਕ ਭਵਿੱਖ ਨੂੰ ਮਜ਼ਬੂਤ ਅਤੇ ਸਥਿਰ ਬਣਾਏ। ਇਸ ਪੱਧਰ 'ਤੇ ਭਾਰਤ ਦੀ ਅਸਲੀ ਤਾਕਤ ਇਹ ਹੀ ਹੈ ਕਿ ਕੀ ਸਰਕਾਰਾਂ ਵਿਕਾਸ ਦੇ ਪੈਮਾਨਿਆਂ ਨੂੰ ਹਰ ਵਰਗ ਅਤੇ ਹਰ ਪਿੰਡ ਤੱਕ ਪਹੁੰਚਾ ਸਕੀਆਂ ਹਨ ਜਾਂ ਨਹੀਂ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਨੇਡਾ ਸਰਕਾਰ ਵੱਲੋਂ 20 ਦੇਸ਼ਾਂ ’ਚ ਸਫ਼ਰ ਨਾ ਕਰਨ ਦੀ ਸਲਾਹ

## ਭਾਰਤ ਨੂੰ ‘ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਵਾਲੀਆਂ ਥਾਵਾਂ’ ਸ਼ਾਮਲ ਕੀਤਾ

ਵਿਨੀਪੈੱਗ : ਕੈਨੇਡਾ ਨੇ ਆਪਣੀ ਅੰਤਰਰਾਸ਼ਟਰੀ ਯਾਤਰਾ ਐਡਵਾਈਜ਼ਰੀ ਨੂੰ ਅੱਪਡੇਟ ਕੀਤਾ ਹੈ, ਜਿਸ ਵਿੱਚ ਕੁਝ ਦੇਸ਼ਾਂ ਨੂੰ ਬਹੁਤ ਖ਼ਤਰਨਾਕ ਦੱਸਿਆ ਗਿਆ ਹੈ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਉਨ੍ਹਾਂ ਦੀ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਨਵੀਂ ਐਡਵਾਈਜ਼ਰੀ ਵਿੱਚ ਕੈਨੇਡੀਅਨ ਨਾਗਰਿਕਾਂ ਨੂੰ ਇਰਾਨ ਅਤੇ ਵੈਨੇਜ਼ੁਏਲਾ ਸਮੇਤ ਕਈ ਦੇਸ਼ਾਂ ਦੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ।



ਇਸ ਸੂਚੀ ਵਿੱਚ ਇਰਾਨ ਵੈਨੇਜ਼ੁਏਲਾ ਰੂਸ ਉੱਤਰੀ ਕੋਰੀਆ ਇਰਾਕ ਲਿਬੀਆ ਅਫ਼ਗਾਨਿਸਤਾਨ ਬੇਲਾ ਰੂਸ ਬੁਰਕੀਨਾ ਫਾਸੋ ਮੱਧ ਅਫ਼ਰੀਕੀ ਗਣਰਾਜ ਹੈਤੀ ਮਾਲੀ ਦੱਖਣੀ ਸੁਡਾਨ ਮਿਆਂਮਾਰ ਨਾਈਜਰ ਸੋਮਾਲੀਆ ਸੁਡਾਨ ਸੀਰੀਆ ਯੁਕਰੇਨ ਯਮਨ ਦੇਸ਼ ਸ਼ਾਮਲ ਹਨ।

ਇਸ ਤੋਂ ਇਲਾਵਾ ਭਾਰਤ ਲਈ ਐਡਵਾਈਜ਼ਰੀ ਵਿੱਚ ਵੀ ਕੈਨੇਡਾ ਨੇ ਆਪਣੀ ਯਾਤਰਾ ਦੌਰਾਨ “ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਵਾਲੀਆਂ ਥਾਵਾਂ” ਨੂੰ ਵੀ ਸ਼ਾਮਲ ਕੀਤਾ ਹੈ।

ਭਾਰਤ ਬਾਰੇ ਦਸੰਬਰ ਵਿੱਚ ਜਾਰੀ ਕੀਤੀ ਗਈ ਇੱਕ ਯਾਤਰਾ ਐਡਵਾਈਜ਼ਰੀ ਵਿੱਚ, ਕੈਨੇਡਾ ਨੇ ਪੂਰੇ ਦੇਸ਼ ਵਿੱਚ ਅਤਿਵਾਦੀ ਹਮਲਿਆਂ ਦੇ ਜੋਖ਼ਮ ਦਾ ਹਵਾਲਾ ਦਿੰਦੇ ਹੋਏ, ਭਾਰਤ ਨੂੰ ‘ਸਭ ਤੋਂ ਵੱਧ ਸਾਵਧਾਨੀ’ ਸ਼੍ਰੇਣੀ ਵਿੱਚ ਰੱਖਿਆ। ਕੈਨੇਡੀਅਨ ਅਧਿਕਾਰੀਆਂ ਨੇ ਜੰਮੂ ਅਤੇ ਕਸ਼ਮੀਰ ਦੇ ਨਾਲ-ਨਾਲ ਗੁਜਰਾਤ, ਪੰਜਾਬ ਅਤੇ ਰਾਜਸਥਾਨ ਦੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰਾਂ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ ਯਾਤਰੀਆਂ ਨੂੰ ਕ੍ਰੈਡਿਟ ਕਾਰਡ ਅਤੇ ਏਟੀਐਮ ਧੋਖਾਧੜੀ ਬਾਬਤ ਡੈਬਿਟ ਜਾਂ ਕਰੈਡਿਟ ਕਾਰਡਾਂ ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹਿਣ, ਸੈਰ-ਸਪਾਟਾ ਖੇਤਰਾਂ ਅਤੇ ਹਵਾਈ ਅੱਡਿਆਂ ’ਤੇ ਸਾਵਧਾਨੀ ਵਰਤਣ ਵਾਸਤੇ ਅਤੇ ਔਰਤਾਂ ਨੂੰ ਵਿਸ਼ੇਸ਼ ਤੌਰ ’ਤੇ ਚੌਕਸ ਰਹਿਣਾ ਲਈ ਕਿਹਾ ਹੈ।

ਇਸ ਤੋਂ ਬਿਨਾਂ ਗੋਆ, ਦਿੱਲੀ ਵਿੱਚ ਜਨਤਕ ਆਵਾਜਾਈ ਦੇ ਸਾਰੇ ਰੂਟਾਂ, ਯੋਗ ਕੇਂਦਰਾਂ, ਆਸ਼ਰਮਾਂ ਅਤੇ ਅਧਿਆਤਮਿਕ ਆਰਾਮ ਦੇ ਹੋਰ ਸਥਾਨਾਂ ਸਬੰਧੀ ਚੌਕਸ ਰਹਿਣ ਲਾਈ ਕਿਹਾ ਹੈ। ਅਸਾਮ ਅਤੇ ਮਨੀਪੁਰ ਦੇ ਉੱਤਰ-ਪੂਰਬੀ ਰਾਜਾਂ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ। ਇਸ ਸੂਚੀ ਵਿੱਚ ਹੋਰ ਸ਼ਾਮਲ ਦੇਸ਼ ਚੀਨ, ਮੈਕਸੀਕੋ, ਬ੍ਰਾਜ਼ੀਲ, ਫਰਾਂਸ, ਜਰਮਨੀ, ਇਟਲੀ, ਸਪੇਨ, ਸੰਯੁਕਤ ਅਰਬ ਅਮੀਰਾਤ, ਦੱਖਣੀ ਅਫ਼ਰੀਕਾ ਤੇ ਯੂ ਕੇ ਹਨ।

# ਅਮਰੀਕਾ ਵੱਸਦੇ ਰਣਜੀਤ ਗਿੱਲ ਨੇ ਯਾਦ ਕੀਤੇ ਸ. ਬਲਵੀਰ ਸਿੰਘ ਮੋਹੀ ਨਾਲ ਬਿਤਾਏ ਯਾਦਗਾਰ ਪਲ

ਫਰਿਜ਼ਨੋ/ਮਡੇਰਾ (ਕੈਲੀਫੋਰਨੀਆ), (ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ) : ਪਟਿਆਲੇ ਵੱਸਦੇ ਮੋਹੀ ਪਰਿਵਾਰ ਦਾ ਇੱਕ ਪੂਰਾ “ਯੁੱਗ” ਬਣ ਕੇ ਜੀਵਿਆ ਸਰਦਾਰ ਬਲਵੀਰ ਸਿੰਘ ਮੋਹੀ ਪਿਛਲੇ ਦਿਨੀ ਆਪਣੀ ਰੰਗਲੀ ਜ਼ਿੰਦਗੀ ਦੀ ਯਾਤਰਾ ਪੂਰੀ ਕਰਕੇ ਲਹਿੰਦੇ ਸੂਰਜ ਵਾਂਗ ਸਦਾ ਲਈ ਅਸਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਅਮਰੀਕਾ ਵੱਸਦੇ ਦੋਸਤਾਂ, ਸਜਣਾਂ ਅਤੇ ਜਾਣ-ਪਛਾਣ ਵਾਲਿਆਂ ਵਿੱਚ ਗਹਿਰਾ ਦੁੱਖ ਛਾ ਗਿਆ।

ਅਮਰੀਕਾ ਵੱਸਦੇ ਰਣਜੀਤ ਗਿੱਲ ਨੇ ਦੱਸਿਆ ਕਿ ਸਰਦਾਰ ਬਲਵੀਰ ਸਿੰਘ ਮੋਹੀ ਬੇਸ਼ੱਕ ਮੇਰੇ ਸੌਹਰਾ ਸਾਬ ?ਹ ਲਗਦੇ ਸਨ, ਪਰ ਉਹਨਾਂ ਨਾਲ ਬਿਤਾਏ ਪਲ੍ਹ ਸਦੀਵੀ ਨੇ। ਉਹਨਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਰਣਜੀਤ ਗਿੱਲ ਨੇ ਕਿਹਾ ਕਿ ਫਰਿਜ਼ਨੋ-ਮਡੇਰਾ ਨਿਵਾਸੀ ਸਰਦਾਰ ਪਸ਼ੌਰਾ ਸਿੰਘ ਢਿੱਲੋਂ ਨਾਲ ਉਹ ਹੌਟੀਕਲਚਰ ਡਿਪਾਰਟਮੈਂਟ ਵਿੱਚ ਇਕੱਠੇ ਕੰਮ ਕਰਦੇ, ਸਾਂਝੀ ਸੋਚ ਨਾਲ ਇਕੱਠੇ ਵਗਦੇ ਰਹੇ। ਕੰਢਾ ਘਾਟ ਤੋਂ ਲੈ ਕੇ ਪੰਜੌਰ ਗਾਰਡਨ ਤੱਕ ਇਕੱਠੇ ਕੰਮ ਕਰਦਿਆਂ ਬੇਅੰਤ ਯਾਦਾਂ ਬਣੀਆਂ, ਜੋ ਅੱਜ ਅੱਖਾਂ ਸਾਹਮਣੇ ਫਿਲਮ ਵਾਂਗ ਘੁੰਮ ਗਈਆਂ।




ਰਣਜੀਤ ਗਿੱਲ ਨੇ ਦੱਸਿਆ ਕਿ 1984 ਤੋਂ ਮੋਹੀ ਪਰਿਵਾਰ ਨਾਲ ਮੇਰਾ ਰਿਸ਼ਤਾ ਜੁੜਿਆ, ਜਿੱਥੋਂ ਅੱਜ ਤੱਕ ਬੇਅੰਤ ਮੁਹੱਬਤ ਤੇ ਅਪਣਾ’ਪਣ ਮਿਲਿਆ। ਕੁਝ ਦਿਨ ਪਹਿਲਾਂ ਹੀ ਉਹ ਅਰਬਨ ਇਸਟੇਟ (ਪਟਿਆਲਾ) ‘ਅੰਕਲ ਜੀ’ ਨੂੰ ਮਿਲ ਕੇ ਆਏ ਸਨ। ਉਹਨਾਂ ਦਾ ਪੁੱਤਰ ਸਰਦਾਰ ਰੋਮੇਲ ਸਿੰਘ ਮੋਹੀ ਰਾਜਿੰਦਰਾ ਹਸਪਤਾਲ (ਪਟਿਆਲਾ) ਵਿਖੇ ਸਰਜਨ ਹੈ ਤੇ ਬੇਟੀ ਗੋਲਡੀ ਲੰਬੇ ਸਮੇਂ ਤੋਂ ਇੰਗਲੈਂਡ ਰਹਿੰਦੇ ਹਨ। 95ਵੇਂ ਸਾਲ ਦੀ ਉਮਰ ਦੇ ਹੁੰਦਿਆਂ, ਉਹਨਾਂ ਨੇ ਪੂਰੀ ਪਹਿਚਾਣ ਕੀਤੀ ਅਤੇ ਆਪਣੇ ਮਿੱਠੇ ਸੁਭਾਅ ਮੁਤਾਬਕ ਹੌਲੀ-ਹੌਲੀ ਗੱਲਬਾਤ ਵੀ ਕੀਤੀ। ਮੋਹੀ ਸਾਹਿਬ ਦੇ ਫਰਜ਼ੰਦ ਡਾਕਟਰ ਰੋਮੇਲ ਸਿੰਘ “ਰੂਬੀ” ਬਾਈ ਅਤੇ ਭਤੀਜੇ ਦੀਪਾ ਦੀ ਹਾਜ਼ਰੀ ਵਿੱਚ ਹਾਸੇ-ਮਜ਼ਾਕ ਨਾਲ ਪੁੱਛਿਆ, “ਕੁਝ ਖਾਧਾ ਪੀਤਾ?—ਜਿਸ ਨੇ ਉਨ੍ਹਾਂ ਦੀ ਜ਼ਿੰਦਾਦਿਲੀ ਤੇ ਮੁਹੱਬਤੀ ਸੁਭਾਅ ਨੂੰ ਆਖ਼ਰੀ ਸਾਹਾਂ ਤੱਕ ਕਾਇਮ ਰੱਖਿਆ।

ਰਣਜੀਤ ਗਿੱਲ ਨੇ ਕਿਹਾ ਕਿ ਸਰਦਾਰ ਬਲਵੀਰ ਸਿੰਘ ਮੋਹੀ “ਜੱਟ ਰੱਜਕੇ ਜਿਓਂਕੇ ਗਿਐ। ਜਾਂਦੇ-ਜਾਂਦਿਆਂ ਮਨੁੱਖਤਾ ਦੇ ਭਲੇ ਲਈ, ਅਪਣਾ “ਵਜ਼ੂਦ” ਵੀ ਦਾਨ ਕਰ ਗਿਐ ..! ਬਹੁਤ ਦਾਨੀ ਪੁਰਸ਼ ਆਉਂਦੇ ਨੇ ਦੁਨੀਆਂ ’ਤੇ, ਪਰ ਖੁਦ ਦੇ ਵਜ਼ੂਦ ਤੱਕ ਦਾਨ ਕਰ ਜਾਣ ਵਾਲੇ ਬਲਵੀਰ ਸਿੰਘ ਮੋਹੀ ਵਰਗੇ ਘੱਟ ਹੀ ਜੰਮਦੇ ਹਨ।

ਅੰਤ ਵਿੱਚ ਰਣਜੀਤ ਗਿੱਲ ਅਤੇ ਗੁਰਪ੍ਰੀਤ ਨੀਨਾ ਨੇ ਆਪਣੇ ਸਾਰੇ ਪਰਿਵਾਰ ਵਲੋਂ ਸਰਦਾਰ ਬਲਵੀਰ ਸਿੰਘ ਮੋਹੀ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਗੁਰੂ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਉਸ ਪਾਕ-ਪਵਿੱਤਰ ਰੱਬੀ ਰੂਹ ਨੂੰ ਪ੍ਰਮਾਤਮਾਂ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਸਮੂਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਅਮਰੀਕਾ ਦੇ ਰੁਖ਼ ਕਰ ਕੇ ਕੈਨੇਡਾ ਨੇ ਚੀਨ ਨਾਲ ਹੱਥ ਮਿਲਾਇਆ

## ਚੀਨੀ ਇਲੈਕਟ੍ਰਿਕ ਵਾਹਨਾਂ ਤੋਂ ਦਰਾਮਦ ਟੈਕਸ ਘਟਾ ਕੇ 6.1 ਫੀਸਦ ਕੀਤਾ; ਬਦਲੇ ’ਚ ਚੀਨ ਨੇ ਕੈਨੋਲਾ ’ਤੇ ਡਿਊਟੀ ਘਟਾਈ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਅਣਕਿਆਸੀਆਂ ਅਤੇ ਸਖ਼ਤ ਵਪਾਰਕ ਨੀਤੀਆਂ ਤੋਂ ਤੰਗ ਆ ਕੇ ਅਮਰੀਕਾ ਦੇ ਪ੍ਰਮੁੱਖ ਵਪਾਰਕ ਭਾਈਵਾਲ ਹੁਣ ਨਵੇਂ ਰਸਤੇ ਤਲਾਸ਼ ਰਹੇ ਹਨ। ਸ਼ੁੱਕਰਵਾਰ ਨੂੰ ਕੈਨੇਡਾ ਨੇ ਚੀਨ ਤੋਂ ਆਉਣ ਵਾਲੀਆਂ ਇਲੈਕਟ੍ਰਿਕ ਵਾਹਨਾਂ (ਈ ਵੀ) ’ਤੇ ਲਾਇਆ 100 ਫੀਸਦੀ ਦਰਾਮਦ ਟੈਕਸ ਘਟਾ ਕੇ ਮਹਿਜ਼ 6.1 ਫੀਸਦੀ ਕਰ ਦਿੱਤਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਨੁਸਾਰ ਇਹ ਛੋਟ ਸੀਮਤ ਹੈ। ਇਸ ਤਹਿਤ ਫਿਲਹਾਲ ਸਾਲਾਨਾ 49,000 ਗੱਡੀਆਂ ਹੀ ਮੰਗਵਾਈਆਂ ਜਾ ਸਕਣਗੀਆਂ, ਪਰ ਪੰਜ ਸਾਲਾਂ ਵਿੱਚ ਇਹ ਗਿਣਤੀ ਵਧਾ ਕੇ 70,000 ਕਰ ਦਿੱਤੀ ਜਾਵੇਗੀ। ਇਸ ਬਦਲੇ ਚੀਨ ਨੇ ਕੈਨੇਡਾ ਦੇ ਖੇਤੀ ਉਤਪਾਦਾਂ, ਖਾਸਕਰ ਕੈਨੋਲਾ ਬੀਜਾਂ ’ਤੇ ਲੱਗਣ ਵਾਲੀ ਡਿਊਟੀ 84 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕਾਰਨੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼ੁੱਕਰਵਾਰ ਨੂੰ ਪੇਈਚਿੰਗ ਵਿੱਚ ਮੁਲਾਕਾਤ ਦੌਰਾਨ ਸਾਲਾਂ ਦੀ ਕੁੜੱਤਣ ਭੁਲਾ ਕੇ ਆਪਸੀ ਰਿਸ਼ਤੇ ਸੁਧਾਰਨ ਦਾ ਅਹਿਦ ਲਿਆ ਸੀ।

ਮਾਹਿਰਾਂ ਮੁਤਾਬਕ ਕੈਨੇਡਾ ਹੁਣ ਅਮਰੀਕਾ ਦੀ ਬਜਾਏ ਚੀਨ ਨਾਲ ਸਬੰਧ ਸੁਧਾਰਨ ਨੂੰ ਤਰਜੀਹ ਦੇ ਰਿਹਾ ਹੈ, ਹਾਲਾਂਕਿ ਇਸ ਨਾਲ ਅਮਰੀਕਾ ਨਾਰਾਜ਼ ਹੋ ਸਕਦਾ ਹੈ। ਟਰੰਪ ਪਹਿਲਾਂ ਹੀ ਕੈਨੇਡਾ ਦੀਆਂ ਕੁਝ ਨੀਤੀਆਂ ਖਿਲਾਫ਼ ਸਖਤ ਰੁਖ ਅਪਣਾ ਚੁੱਕੇ ਹਨ ਅਤੇ ਸਟੀਲ ਤੇ ਐਲੂਮੀਨੀਅਮ ’ਤੇ ਟੈਰਿਫ ਲਾ ਚੁੱਕੇ ਹਨ।

ਚੀਨ ਨਾਲ ਹੋਇਆ ਸਮਝੌਤਾ ਕੈਨੇਡਾ ਦੇ ਕਿਸਾਨਾਂ ਲਈ ਭਾਵੇਂ ਵਰਦਾਨ ਸਾਬਤ ਹੋ ਸਕਦਾ ਹੈ ਪਰ ਕੈਨੇਡਾ ਦਾ ਆਟੋ ਉਦਯੋਗ ਇਸ ਤੋਂ ਚਿੰਤਤ ਹੈ। ਇਹ ਸਮਝੌਤਾ ਅਮਰੀਕਾ-ਮੈਕਸੀਕੋ-ਕੈਨੇਡਾ ਸਮਝੌਤੇ ਦੀ ਨਵਿਆਉਣ ਪ੍ਰਕਿਰਿਆ ਵਿੱਚ ਵੀ ਅੜਿੱਕਾ ਬਣ ਸਕਦਾ ਹੈ।

**ਯੂਰਪੀ ਸੰਘ ਵੀ ਲੱਭ ਰਿਹੈ ਨਵੇਂ ਵਪਾਰਕ ਸਾਥੀ**

ਸਿਰਫ਼ ਕੈਨੇਡਾ ਹੀ ਨਹੀਂ, ਸਗੋਂ ਯੂਰਪੀ ਸੰਘ (ਈ ਯੂ) ਵੀ ਅਮਰੀਕੀ ਬਾਜ਼ਾਰ ਤੋਂ ਨਿਰਭਰਤਾ ਘਟਾਉਣ ਲਈ ਦੱਖਣੀ ਅਮਰੀਕੀ ਦੇਸ਼ਾਂ ਦੇ ਗਰੁੱਪ ‘ਮਰਕੋਸੁਰ’ ਨਾਲ ਵਪਾਰਕ ਸਮਝੌਤੇ ’ਤੇ ਦਸਤਖਤ ਕਰਨ ਜਾ ਰਿਹਾ ਹੈ। ਇਸ ਗਰੁੱਪ ਵਿੱਚ ਬ੍ਰਾਜ਼ੀਲ ਤੇ ਅਰਜਨਟੀਨਾ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤ ਨਾਲ ਵੀ ਗੱਲਬਾਤ ਜਾਰੀ ਹੈ। ਚੀਨ ਨੇ ਵੀ ਅਮਰੀਕੀ ਟੈਰਿਫਾਂ ਦੀ ਮਾਰ ਤੋਂ ਬਚਣ ਲਈ ਆਪਣਾ ਵਪਾਰ ਯੂਰਪ ਅਤੇ ਦੱਖਣ-ਪੂਰਬੀ ਏਸ਼ੀਆ ਵੱਲ ਮੋੜ ਲਿਆ ਹੈ, ਜਿਸ ਨਾਲ ਉਸ ਦਾ ਵਪਾਰ ਸਰਪਲੱਸ ਰਿਕਾਰਡ 1.2 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ।

# ਭਾਰਤੀ ਮੂਲ ਦੇ ਕੈਨੇਡੀਅਨ ਸਿੱਖ ਨੇ ਘਰ ਬਾਹਰ ਛੱਡ ਯੂਕਰੇਨ ’ਚ ਕਿਉਂ ਦਿੱਤੀ ਕੁਰਬਾਨੀ

ਚੰਡੀਗੜ੍ਹ : ਭਾਰਤੀ ਮੂਲ ਦੇ ਕੈਨੇਡੀਅਨ ਸਿੱਖ ਮਨਦੀਪ ਸਿੰਘ (30) ਨੇ ਸੇਵਾ ਦੇ ਸਿੱਖੀ ਸਿਧਾਂਤ, ਮਾਨਵਤਾ ਦੀ ਨਿਰਸਵਾਰਥ ਸੇਵਾ ਅਤੇ ਜੰਗ ਵਿੱਚ ਫਸੇ ਲੋਕਾਂ ਦੀ ਮਦਦ ਕਰਨ ਦੀ ਆਪਣੀ ਖਾਹਿਸ਼ ਤੋਂ ਪ੍ਰੇਰਨਾ ਲੈਂਦਿਆਂ ਯੂਕਰੇਨ ਵਿੱਚ ਸਵੈ-ਇੱਛਾ ਨਾਲ ਸੇਵਾ ਕਰਨ ਲਈ ਬਰੈਂਪਟਨ ਓਂਟਾਰੀਓ ਵਿਚਲਾ ਆਪਣਾ ਘਰ ਛੱਡ ਦਿੱਤਾ। ਯੂਕਰੇਨ ਵਿਚ ਫੌਜੀ ਕਾਰਵਾਈ ਦੌਰਾਨ 27 ਅਕਤੂਬਰ, 2024 ਨੂੰ ਮਾਰੇ ਜਾਣ ਤੋਂ ਇੱਕ ਸਾਲ ਬਾਅਦ ਉਸ ਨੂੰ ਦਸੰਬਰ 2025 ਵਿੱਚ ਮਰਨ ਉਪਰੰਤ ਯੂਕਰੇਨੀ ਕੈਨੇਡੀਅਨ ਕੁਰਬਾਨੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ।



ਕੀਵ ਪੋਸਟ ਦੀ ਰਿਪੋਰਟ ਮੁਤਾਬਕ ਮਨਦੀਪ, ਜਿਸ ਦਾ ਯੂਕਰੇਨ ਨਾਲ ਪਹਿਲਾਂ ਕੋਈ ਸਿੱਧਾ ਸਬੰਧ ਨਹੀਂ ਸੀ, ਨੂੰ ਟੋਰਾਂਟੋ ਵਿੱਚ ਇੱਕ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਯੂਕਰੇਨੀ ਕੌਂਸਲ ਜਨਰਲ ਅਤੇ ਯੂਕਰੇਨੀ ਕੈਨੇਡੀਅਨ ਕਾਂਗਰਸ ਦੇ ਮੈਂਬਰ ਅਤੇ ਯੂਕਰੇਨੀ ਵਾਰ ਵੈਟਰਨਜ਼ ਐਸੋਸੀਏਸ਼ਨ ਆਫ ਕੈਨੇਡਾ ਵੀ ਸ਼ਾਮਲ ਸਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂਕਰੇਨੀ ਕੌਂਸਲ ਜਨਰਲ ਓਲੇਹ ਨਿਕੋਲੇਂਕੋ ਨੇ ਫੇਸਬੁੱਕ ’ਤੇ ਲਿਖਿਆ, “ਮਨਦੀਪ ਨੇ ਮਦਦ ਲਈ ਇੱਕ ਜ਼ਰੂਰੀ ਕਾਲ ਦਾ ਜਵਾਬ ਦਿੱਤਾ ਅਤੇ ਸਭ ਤੋਂ ਵੱਡੀ ਕੁਰਬਾਨੀ ਦਿੱਤੀ ਤਾਂ ਜੋ ਯੂਕਰੇਨੀ ਲੋਕ ਆਜ਼ਾਦੀ ਨਾਲ ਜਿਊਂ ਸਕਣ।” ਮਨਦੀਪ ਇਹ ਤਗ਼ਮਾ ਹਾਸਲ ਕਰਨ ਵਾਲੇ 14 ਲੋਕਾਂ ਵਿੱਚੋਂ ਇਕਲੌਤਾ ਸਿੱਖ ਕੈਨੇਡੀਅਨ ਹੈ। ਯੂਕਰੇਨੀ ਕੈਨੇਡੀਅਨ ਸੈਕਰੀਫਾਈਸ ਮੈਡਲ ਦੇ ਚੇਅਰਪਰਸਨ ਤਾਰਾਸ ਜੈਕੀਵ ਨੇ ਕੀਵ ਪੋਸਟ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ “ਅਸੀਂ ਉਨ੍ਹਾਂ ਦੇ ਰਿਣੀ ਹਾਂ ਤੇ ਇਹ ਕਰਜ਼ ਕਦੇ ਨਹੀਂ ਚੁਕਾਇਆ ਜਾ ਸਕਦਾ, ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇ।”

ਮੁੰਬਈ ਵਿੱਚ ਜਨਮੇ ਮਨਦੀਪ ਦੇ ਮਾਤਾ-ਪਿਤਾ ਜਸਵਿੰਦਰ ਸਿੰਘ ਅਤੇ ਆਸ਼ਾ ਕੌਰ 2004 ਵਿੱਚ ਬਰੈਂਪਟਨ ਚਲੇ ਗਏ। ਪਰਿਵਾਰ ਨੇ ਉਸ ਨੂੰ ਅਨੁਸ਼ਾਸਿਤ, ਮਾਨਵਤਾਵਾਦੀ ਅਤੇ ਸੇਵਾ ਦੇ ਸਿੱਖੀ ਸਿਧਾਂਤ ਤੋਂ ਪ੍ਰੇਰਿਤ ਦੱਸਿਆ, ਜਿਸ ਨੇ ਇਨਾਮ ਦੀ ਉਮੀਦ ਤੋਂ ਬਿਨਾਂ ਮਨੁੱਖਤਾ ਦੀ ਨਿਰਸਵਾਰਥ ਸੇਵਾ ਕੀਤੀ। ਰਿਪੋਰਟ ਵਿੱਚ ਮਨਦੀਪ ਦੀ ਮਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ‘ਉਹ ਹਮੇਸ਼ਾ ਕਹਿੰਦਾ ਸੀ ਕਿ ਜੇਕਰ ਉਸ ਦੀ ਜ਼ਿੰਦਗੀ ਕਿਸੇ ਦੇ ਕੰਮ ਆ ਜਾਵੇ ਤਾਂ ਉਸ ਨੂੰ ਇਸ ਗੱਲ ਦੀ ਤਸੱਲੀ ਰਹੇਗੀ।”

ਹਾਈ ਸਕੂਲ ਤੋਂ ਬਾਅਦ ਮਨਦੀਪ ਨੇ ਇੱਕ ਡਿਟੈਕਟਿਵ ਕੋਰਸ ਵਿੱਚ ਸਿਖਲਾਈ ਲਈ ਅਤੇ ਕੈਨੇਡੀਅਨ ਫੌਜ ਵਿੱਚ ਪਾਰਟ-ਟਾਈਮ ਸੇਵਾ ਕੀਤੀ। ਅਨੁਸ਼ਾਸਨ ਅਤੇ ਮਾਨਵਤਾਵਾਦੀ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ, ਉਸ ਨੇ 2023 ਦੇ ਅਖੀਰ ਵਿੱਚ ਯੂਕਰੇਨ ਵਿੱਚ ਸਵੈ-ਸੇਵਕ ਬਣਨ ਦਾ ਫੈਸਲਾ ਕੀਤਾ। ਉਸ ਨੇ ਜਨਵਰੀ 2024 ਵਿੱਚ ਪਹੁੰਚਣ ਤੋਂ ਪਹਿਲਾਂ ਪੋਲੈਂਡ ਦੀ ਯਾਤਰਾ ਕੀਤੀ ਅਤੇ ਅਕਤੂਬਰ ਵਿੱਚ ਆਪਣੇ ਆਖਰੀ ਮਿਸ਼ਨ ’ਤੇ ਜਾਣ ਤੋਂ ਪਹਿਲਾਂ ਅਪਰੈਲ ਵਿੱਚ ਥੋੜ੍ਹੇ ਸਮੇਂ ਲਈ ਕੈਨੇਡਾ ਵਾਪਸ ਆ ਗਿਆ।

ਉਸ ਦੇ ਮਾਪਿਆਂ ਨੂੰ 29 ਅਕਤੂਬਰ, 2024 ਨੂੰ ਇੱਕ ਕਰੀਬੀ ਦੋਸਤ ਤੋਂ ਉਸ ਦੀ ਮੌਤ ਦੀ ਭਿਆਨਕ ਖ਼ਬਰ ਮਿਲੀ, ਹਾਲਾਂਕਿ ਉਸ ਦੀ ਗੋਲੀ ਲੱਗਣ ਕਾਰਨ ਦੋ ਦਿਨ ਪਹਿਲਾਂ ਹੀ ਮੌਤ ਹੋ ਗਈ ਸੀ। ਮਨਦੀਪ ਦੀਆਂ ਅਸਥੀਆਂ ਨੂੰ ਮਹੀਨਿਆਂ ਦੀ ਪ੍ਰਸ਼ਾਸਕੀ ਕਾਰਵਾਈ ਤੋਂ ਬਾਅਦ ਕੈਨੇਡਾ ਵਾਪਸ ਭੇਜਿਆ ਗਿਆ ਸੀ। ਉਸ ਦਾ ਅੰਤਿਮ ਸੰਸਕਾਰ 13 ਅਪਰੈਲ, 2025 ਨੂੰ ਵਿਸਾਖੀ ਵਾਲੇ ਦਿਨ ਕੀਤਾ ਗਿਆ ਸੀ।

# ਸੰਦੀਪ ਸਿੰਘ ਦੀ ਭਾਰਤ ਵਾਪਸੀ ਤੈਅ, ਅਪੀਲ ਰੱਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸ਼ਿਕਾਗੋ, ਇਲੀਨੋਇਸ ਦੀ ਇਕ ਯੂ ਐਸ ਅਪੀਲ ਕੋਰਟ ਨੇ ਡਰੱਗ ਤਸਕਰ ਸੰਦੀਪ ਸਿੰਘ ਵੱਲੋਂ ਆਪਣੇ ਆਪ ਨੂੰ ਅਮਰੀਕਾ ਵਿੱਚੋਂ ਕੱਢੇ ਜਾਣ ਵਿਰੁੱਧ ਦਾਇਰ ਅਪੀਲ ਰੱਦ ਕਰ ਦਿੱਤੀ। ਸੈਵਨਥ ਕੋਰਟ ਆਫ ਅਪੀਲਜ ਨੇ ਆਪਣੇ ਨਿਰਨੇ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਅਥਾਰਟੀ ਦੁਆਰਾ ਕਥਿੱਤ ਪ੍ਰਕ੍ਰਿਆ ਗਲਤੀਆਂ ਉਸੇ ਦੇ ਫੈਸਲੇ ਵਿੱਚ ਅੜਿਕਾ ਨਹੀਂ ਪਾਉਂਦੀਆਂ। ਸੰਦੀਪ ਸਿੰਘ ਨੇ ਹੋਮਲੈਂਡ ਸਕਿਉਰਿਟੀ ਵਿਭਾਗ ਦੁਆਰਾ ਜਾਰੀ ਉਸ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਦੇ ਆਦੇਸ਼ ਨੂੰ ਇਸ ਆਧਾਰ ’ਤੇ ਚੁਣੌਤੀ ਦਿੱਤੀ ਸੀ ਕਿ ਵਿਭਾਗ ਨੇ ਪ੍ਰਕ੍ਰਿਆ ਦੌਰਾਨ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕੀਤੀ ਹੈ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਸੰਦੀਪ ਸਿੰਘ ਕੈਨੇਡਾ ਦਾ ਸਥਾਈ ਵਸਨੀਕ ਹੈ ਤੇ ਉਸ ਕੋਲ ਭਾਰਤੀ ਪਾਸਪੋਰਟ ਹੈ। ਉਹ ਨਵੰਬਰ 2021 ਵਿੱਚ ਕੈਨੇਡਾ ਤੋਂ ਸੈਲਾਨੀ ਵੀਜੇ ’ਤੇ ਅਮਰੀਕਾ ਵਿੱਚ ਦਾਖਲ ਹੋਇਆ ਸੀ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਹਾਈਵੇ 'ਤੇ 100 ਗੱਡੀਆਂ ਦੀ ਆਪਸੀ ਟੱਕਰ, ਅਮਰੀਕਾ 'ਚ ਬਰਫੀਲੇ ਤੂਫਾਨ ਦਾ ਕਹਿਰ







ਮਿਸ਼ੀਗਨ : ਅਮਰੀਕਾ ਦੇ ਮਿਸ਼ੀਗਨ ਸੂਬੇ ਵਿੱਚ ਭਾਰੀ ਬਰਫ਼ਬਾਰੀ ਅਤੇ ਬਰਫ਼ੀਲੇ ਤੂਫ਼ਾਨ ਕਾਰਨ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਸੋਮਵਾਰ ਸਵੇਰੇ ਮਿਸ਼ੀਗਨ ਦੇ ਹਡਸਨਵਿਲੇ ਇਲਾਕੇ ਵਿੱਚ ਇੰਟਰਸਟੇਟ 196 (I-196) 'ਤੇ 100 ਤੋਂ ਵੱਧ ਵਾਹਨ ਆਪਸ ਵਿੱਚ ਟਕਰਾ ਗਏ। ਇਸ ਵੱਡੇ ਹਾਦਸੇ ਤੋਂ ਬਾਅਦ ਪੁਲਸ ਨੇ ਹਾਈਵੇਅ ਦੇ ਦੋਵੇਂ ਪਾਸੇ ਆਵਾਜਾਈ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਹੈ।

**30 ਤੋਂ ਵੱਧ ਸੈਮੀਟ੍ਰੇਲਰ ਟਰੱਕ ਹਾਦਸਾਗ੍ਰਸਤ**

ਮਿਸ਼ੀਗਨ ਸਟੇਟ ਪੁਲਸ ਅਨੁਸਾਰ, ਇਸ ਭਿਆਨਕ ਟੱਕਰ ਵਿੱਚ 30 ਤੋਂ ਵੱਧ ਵੱਡੇ ਸੈਮੀਟ ?ਰੇਲਰ ਟਰੱਕ ਵੀ ਸ਼ਾਮਲ ਸਨ। ਬਰਫ਼ ਕਾਰਨ ਸੜਕਾਂ 'ਤੇ ਇੰਨੀ ਜ਼ਿਆਦਾ ਫਿਸਲਣ ਸੀ ਕਿ ਵਾਹਨ ਇੱਕ-ਦੂਜੇ ਵਿੱਚ ਵੱਜਦੇ ਗਏ ਜਾਂ ਸੜਕ ਤੋਂ ਹੇਠਾਂ ਉਤਰ ਗਏ। ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਵਿੱਚ ਕਈ ਲੋਕ ਜ਼ਖਮੀ ਜ਼ਰੂਰ ਹੋਏ ਹਨ, ਪਰ ਕਿਸੇ ਦੀ ਮੌਤ ਹੋਣ ਦੀ ਕੋਈ ਖ਼ਬਰ ਨਹੀਂ ਹੈ।

**ਮੁਸਾਫਰਾਂ ਲਈ ਕੀਤੇ ਗਏ ਖਾਸ ਪ੍ਰਬੰਧ**

ਹਾਦਸੇ ਕਾਰਨ ਫਸੇ ਹੋਏ ਮੁਸਾਫਰਾਂ ਦੀ ਮਦਦ ਲਈ ਓਟਾਵਾ ਕਾਉਂਟੀ ਸ਼ੈਰਿਫ ਦੇ ਦਫਤਰ ਵੱਲੋਂ ਤੁਰੰਤ ਕਾਰਵਾਈ ਕੀਤੀ ਗਈ। ਫਸੇ ਹੋਏ ਲੋਕਾਂ ਨੂੰ ਬੱਸਾਂ ਰਾਹੀਂ 'ਹਡਸਨਵਿਲੇ ਹਾਈ ਸਕੂਲ' ਪਹੁੰਚਾਇਆ ਗਿਆ, ਤਾਂ ਜੋ ਉਹ ਉੱਥੋਂ ਆਪਣੇ ਜਾਣ-ਪਛਾਣ ਵਾਲਿਆਂ ਨਾਲ ਸੰਪਰਕ ਕਰ ਸਕਣ ਜਾਂ ਕਿਸੇ ਹੋਰ ਵਾਹਨ ਦਾ ਪ੍ਰਬੰਧ ਕਰ ਸਕਣ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸੜਕ ਤੋਂ ਹਾਦਸਾਗ੍ਰਸਤ ਵਾਹਨਾਂ ਨੂੰ ਹਟਾਉਣ ਅਤੇ ਸਫਾਈ ਕਰਨ ਵਿੱਚ ਕਈ ਘੰਟੇ ਲੱਗ ਸਕਦੇ ਹਨ।

**ਕਈ ਰਾਜਾਂ ਵਿੱਚ ਅਲਰਟ ਜਾਰੀ**

ਨੈਸ਼ਨਲ ਵੈਦਰ ਸਰਵਿਸ ਨੇ ਇਸ ਬਰਫ਼ੀਲੇ ਤੂਫ਼ਾਨ ਦੇ ਮੱਦੇਨਜ਼ਰ ਕਈ ਰਾਜਾਂ ਵਿੱਚ ਚਿਤਾਵਨੀ ਜਾਰੀ ਕੀਤੀ ਹੈ। ਮਿਸ਼ੀਗਨ ਤੋਂ ਇਲਾਵਾ ਮਿਨੀਸੋਟਾ, ਵਿਸਕਾਨਸਿਨ, ਇੰਡੀਆਨਾ, ਓਹੀਓ, ਪੈਨਸਿਲਵੇਨੀਆ ਅਤੇ ਨਿਊਯਾਰਕ ਵਿੱਚ ਵੀ ਸਖ਼ਤ ਸਰਦੀ ਅਤੇ ਤੂਫ਼ਾਨ ਦੀ ਸੰਭਾਵਨਾ ਜਤਾਈ ਗਈ ਹੈ। ਇਸ ਤੋਂ ਪਹਿਲਾਂ ਫਲੋਰਿਡਾ ਵਿੱਚ ਵੀ ਬਰਫ਼ਬਾਰੀ ਦਰਜ ਕੀਤੀ ਗਈ ਸੀ, ਜਿਸ ਨੇ ਖੇਡ ਮੈਦਾਨਾਂ ਵਿੱਚ ਵੀ ਕੰਮ ਪ੍ਰਭਾਵਿਤ ਕੀਤਾ ਸੀ। ਮੌਸਮ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਹੋਰ ਵੀ ਡਿੱਗ ਸਕਦਾ ਹੈ।

## ਟਰੰਪ ਵਲੋਂ ਭਾਰਤ ਨੂੰ ਗਾਜ਼ਾ ਪੀਸ ਬੋਰਡ 'ਚ ਸ਼ਾਮਲ ਹੋਣ ਦਾ ਸੱਦਾ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਗਾਜ਼ਾ ਦੇ ਬੋਰਡ ਆਫ ਪੀਸ ਵਿਚ ਸ਼ਾਮਲ ਹੋਣ ਲਈ ਭਾਰਤ ਨੂੰ ਸੱਦਾ ਦਿੱਤਾ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਦੇ ਨਾਲ ਪਾਕਿਸਤਾਨ ਨੂੰ ਵੀ ਇਸ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਦੱਸਣਾ ਬਣਦਾ ਹੈ ਕਿ ਗਾਜ਼ਾ ਪੀਸ ਪਲਾਨ ਦੂਜੇ ਪੜਾਅ ਵਿਚ ਪੁੱਜ ਚੁੱਕਿਆ ਹੈ। ਟਰੰਪ ਨੇ ਗਾਜ਼ਾ ਪ੍ਰਸ਼ਾਸਨ ਤੇ ਪੁਨਰ ਨਿਰਮਾਣ ਲਈ ਨੈਸ਼ਨਲ ਕਮੇਟੀ ਆਫ ਦਿ ਐਡਮਨਿਸਟਰੇਸ਼ਨ ਆਫ ਗਾਜ਼ਾ ਬਣਾਈ ਹੈ ਜਿਸ ਦੀ ਨਿਗਰਾਨੀ ਖ਼ੁਦ ਟਰੰਪ ਕਰ ਰਹੇ ਹਨ। ਇਸ ਤੋਂ ਇਲਾਵਾ ਗਾਜ਼ਾ ਦਾ ਕਾਰਜਕਾਰੀ ਬੋਰਡ ਵੀ ਬਣਾਇਆ ਗਿਆ ਹੈ। ਦੂਜੇ ਪਾਸੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਫਤਰ ਨੇ ਕਿਹਾ ਸੀ ਕਿ ਗਾਜ਼ਾ ਵਿਚ ਨਵੇਂ ਬਣਾਏ ਗਏ ਬੋਰਡ ਦਾ ਐਲਾਨ ਇਜ਼ਰਾਇਲ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਹੈ।

## ਅਦਾਲਤ ਵਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨ ਲਈ ਟਰੰਪ ਪ੍ਰਸ਼ਾਸਨ ਨੂੰ ਝਾੜ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਯੂ.ਐਸ. ਡਿਸਟ੍ਰਿਕਟ ਜੱਜ ਅਮਿਤ ਪੀ. ਮਹਿਤਾ ਨੇ ਅਰਬਾਂ ਡਾਲਰਾਂ ਦੀਆਂ ਸੰਘੀ ਊਰਜਾ ਗਰਾਂਟਾਂ ਰੱਦ ਕਰਨ ਦੇ ਮਾਮਲੇ 'ਤੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਆਪਣੇ ਨਿਰਨੇ 'ਚ ਕਿਹਾ ਹੈ ਕਿ ਅਜਿਹਾ ਕਰਕੇ ਉਨ੍ਹਾਂ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ। ਜੱਜ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨਾ ਅਣਉਚਿੱਤ ਹੈ। ਆਪਣੇ 17 ਸਫਿਆਂ ਦੇ ਨਿਰਨੇ 'ਚ ਜੱਜ ਨੇ ਕਿਹਾ ਕਿ ਊਰਜਾ ਵਿਭਾਗ ਨੇ ਮੋਟੇ ਤੌਰ 'ਤੇ ਊਰਜਾ ਤੇ ਵਾਤਾਵਰਣ ਨਾਲ ਸੰਬੰਧਿਤ 8 ਅਰਬ ਡਾਲਰ ਦੀਆਂ ਗਰਾਂਟਾਂ ਰਾਜਸੀ ਆਧਾਰ 'ਤੇ ਰੱਦ ਕੀਤੀਆਂ ਹਨ ਜੋ ਪੰਜਵੀਂ ਸੋਧ ਦੀ ਉਲੰਘਣਾ ਹੈ। ਜੋ ਸੋਧ ਸਾਰੇ ਰਾਜਾਂ ਨੂੰ ਬਰਾਬਰ ਹਿਫਾਜਤ ਦੀ ਗਰੰਟੀ ਦਿੰਦੀ ਹੈ। ਜੱਜ ਨੇ ਵਿਭਾਗ ਨੂੰ ਆਦੇਸ਼ ਦਿੱਤਾ ਕਿ ਉਹ 27.60 ਕਰੋੜ ਡਾਲਰ ਦੀਆਂ ਵਿਸ਼ੇਸ਼ ਗਰਾਂਟਾਂ ਬਹਾਲ ਕਰੇ। ਜੱਜ ਨੇ ਆਪਣੇ ਨਿਰਨੇ 'ਚ ਸਪੱਸ਼ਟ ਕੀਤਾ ਕਿ ਸੰਘੀ ਸਰਕਾਰ ਆਪਣੀ ਵਿੱਤੀ ਸ਼ਕਤੀ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਨਹੀਂ ਵਰਤ ਸਕਦੀ। ਉਨਾਂ ਕਿਹਾ ਕਿ ਸੰਵਿਧਾਨ 'ਚ ਅਜਿਹੀ ਕੋਈ ਛੋਟ ਨਹੀਂ ਹੈ ਜਿਸ ਤਹਿਤ ਸਰਕਾਰ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੇ ਫੰਡਾਂ ਨੂੰ ਰੋਕਿਆ ਜਾ ਸਕਦਾ ਹੋਵੇ। ਜੱਜ ਨੇ ਸਬੂਤਾਂ ਦਾ ਹਵਾਲਾ ਵੀ ਦਿੱਤਾ ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ 2024 ਦੀਆਂ ਚੋਣਾਂ 'ਚ ਡੋਨਾਲਡ ਟਰੰਪ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੀਆਂ ਗਰਾਂਟਾਂ ਖ਼ਤਮ ਕੀਤੀਆਂ ਗਈਆਂ ਹਨ। ਜੱਜ ਨੇ ਇਹ ਫੈਸਲਾ ਸੇਂਟ ਪਾਲ, ਮਿਨੀਸੋਟਾ ਸਮੇਤ ਵਾਤਾਵਰਣ ਨਾਲ ਸੰਬੰਧਿਤ ਕਈ ਸੰਗਠਨਾਂ ਵਲੋਂ ਦਾਇਰ ਪਟੀਸ਼ਨ 'ਤੇ ਸੁਣਾਇਆ ਹੈ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਠ) ਤਨਖਾਹੀਏ ਇਹ ਹਨ

1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।
2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
3. ਦਾਹੜਾ ਰੰਗਣ ਵਾਲਾ।
4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲ।
5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।
6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਵਾਉਣ ਵਾਲਾ।
7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੧)

ਤਬਦੀਲੀ

(ਠ) 3. ਦਾੜ੍ਹਾ ਰੰਗਣ ਵਾਲਾ, ਚਿੱਟੇ ਚੁਗਣ ਵਾਲਾ ਵਿਚੋਂ 'ਚਿੱਟੇ ਚੁਗਣ ਵਾਲਾ' ਕਟ ਦਿੱਤਾ ਗਿਆ ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੮)

ਵਿਆਖਿਆ

1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।


ਸਿੱਖ ਰਹਿਤ ਮਰਯਾਦਾ ਦੇ ਇਸ ਅੰਕ ਵਿਚ ਧਾਰਮਿਕ ਅਵੱਗਿਆ ਜਾਂ ਕੁਰਹਿਤਾਂ ਅੰਕਤ ਹਨ ਜਿਨ੍ਹਾਂ ਦੇ ਕਰਨ ਨਾਲ ਸਿੱਖ ਖ਼ੁਦ-ਬ-ਖ਼ੁਦ ਤਨਖਾਹੀਆ ਹੋ ਜਾਂਦਾ ਹੈ। ਇਸ ਲਈ ਉਹ ਧਾਰਮਿਕ ਸਜ਼ਾ ਦਾ ਭਾਗੀ ਹੁੰਦਾ ਹੈ।

ਇਸ ਮੱਦ ਵਿਚ ਐਸੇ ਸਮੂਹਾਂ ਅਤੇ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨਾਲ ਮਿਲਵਰਤਣ ਦੀ ਮਨਾਹੀ ਹੈ। ਇਥੇ ਵਰਤਣ ਦੀ ਵੀ ਸਪਸ਼ਟ ਵਿਆਖਿਆ ਕੀਤੀ ਗਈ ਹੈ, 'ਵਰਤਣ ਤੋਂ ਭਾਵ ਰੋਟੀ-ਬੇਟੀ ਦੀ ਸਾਂਝ ਹੈ, ਜਿਸ ਦਾ ਸਪਸ਼ਟ ਅਰਥ ਰਿਸ਼ਤਾ-ਨਾਤਾ ਕਰਕੇ ਬਰਾਦਰੀ ਦਾ ਸਬੰਧ ਪੈਦਾ ਕਰਨਾ ਹੈ।' ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰ ਕੇ ਰੱਖਣ ਦਾ ਸੀ ਤਾਂ ਕਿ ਵੱਖਰੇ-ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖਾ ਦੇ ਅੱਡੇ ਨਾ ਬਣਨ। ਹਜ਼ੂਰੀ ਕਵੀ ਕੰਕਣ ਨੇ ਇਸ ਆਦੇਸ਼ ਦਾ ਵਰਣਨ ਕੀਤਾ ਹੈ:

ਕੀਨਾ ਉਦਮ ਪੰਥ ਕਾ,<br>
ਪੰਚ ਸਿੱਖ ਮੰਗਵਾਯ।<br>
ਪਾਹੁਲ ਗੁਰ ਤਿਨ ਕੋ ਦਈ,<br>
ਸਿਰ ਪਰ ਕੇਸ ਰਖਾਯ ॥੨੧੩॥<br>
'ਪੰਚ ਮੇਲ ਸੋਂ ਨ ਮਿਲਹੁ'<br>
ਬਚਨ ਕੀਆ ਗੁਰੁ ਏਹੁ॥<br>
'ਬੁਰੇ ਕਾਜ ਕੋ ਤਯਾਗਿਕੈ ਭਲਾ<br>
ਹੋਇ ਕਰਿ ਲੇਹੁ' ॥੨੧੪॥<br>
ਪੰਚ ਮੇਲ ਯਹ ਕਵਨ ਹੈਂ ?<br>
ਸੋ ਭੀ ਕਹੌਂ ਸੁਨਾਇ॥<br>
'ਮੀਣੇ ਅਵਰ ਮਸੰਦੀਏ ਭੱਦਣੀਏ<br>
ਨ ਮਿਲਾਇ ॥੨੧੫॥<br>
'ਧੀਰ-ਮੱਲੀਏ, ਕੁੜੀ-ਮਾਰ ਇਨ ਸੋਂ ਭਲਾ ਨ ਮੇਲ॥<br>
'ਇਨ ਪਾਂਚੋ ਕਉ ਤਯਾਗਕੈ ਕਰਹੁ ਜਗਤ ਮਹਿਂ ਕੇਲ' ॥੨੧੬॥

(ਦਸ ਗੁਰੂ ਗਾਥਾ, ਹਜ਼ੂਰੀ ਕਵੀ ਕੰਕਣ)

ਮੀਣੇ ਮਸੰਦ...




ਧਾਰਮਿਕ ਨਿਸਮ ਹਰ ਉਸ ਵਿਅਕਤੀ 'ਤੇ ਲਾਗੂ ਹਨ ਜੋ ਆਪਣੇ ਆਪ ਨੂੰ ਸਿੱਖ ਮੰਨਦਾ ਹੈ। ਇਸ ਸੂਚੀ ਵਿਚ ਮੀਣੇ (ਬਾਬਾ ਪ੍ਰਿਥੀ ਚੰਦ ਦੇ ਪੈਰੋਕਾਰ), ਧੀਰਮੱਲੀਏ ਤਐ ਰਾਮਰਾਈਏ ਦਾ ਜ਼ਿਕਰ ਹੈ। ਇਹ ਤਿੰਨੋਂ ਹੀ ਗੁਰੂ ਸੰਤਾਨ ਸਨ। ਮਸੰਦ ਗੁਰਮਤਿ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਖ਼ੁਦ ਥਾਪੇ ਸਨ। ਇਨ੍ਹਾਂ ਦੇ ਗੁਰੂ ਘਰ ਤੋਂ ਬੇਮੁਖ ਹੋਣ ਕਾਰਨ ਇਨ੍ਹਾਂ ਅਤੇ ਇਨ੍ਹਾਂ ਦੇ ਪੈਰੋਕਾਰਾਂ ਨਾਲ ਰਿਸ਼ਤੇ ਨਾਤੇ ਕਰਨ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਗੁਰਮਤਿ ਦੇ ਅਸੂਲਾਂ ਤੋਂ ਗੁਰੂ ਸਾਹਿਬ ਦੀ ਅੰਸ ਬੰਸ ਅਤੇ ਥਾਪੇ ਮਸੰਦਾਂ ਨੂੰ ਵੀ ਛੋਟ ਨਹੀਂ ਹੈ। "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਪਾਣੇ ਵਿਚਿ ਆਵੈ॥" (ਮ. ੩, ਅੰਗ 602)

ਇਸਦੇ ਨਾਲ ਹੀ ਨੜੀ ਮਾਰ (ਤਮਾਕੂ ਵਰਤਣ ਵਾਲੇ), ਕੁੜੀ ਮਾਰ (ਧੀਆਂ ਨੂੰ ਮਾਰ ਦੇਣ ਵਾਲੇ) ਅਤੇ ਸਿਰਗੁੰਮ (ਸਿੱਖ ਹੋ ਕੇ ਕੇਸ ਕਟਾ ਦੇਣ ਵਾਲੇ) ਵੀ ਸ਼ਾਮਲ ਹਨ।

ਰਹਿਤਨਾਮਆਂ ਵਿਚ ਵੀ ਪੰਜਾਂ ਨਾਲ ਮੇਲ (ਰਿਸ਼ਤੇ-ਨਾਤੇ) ਨਾ ਕਰਨ ਦੇ ਜ਼ਿਕਰ ਹਨ :

ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ। ਵਰਤਣ ਵੀ ਨਾ ਕਰੈ ਪਹਿਲੇ ਮੀਣ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭਾਦਣੀ, ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਰਬੰਧੀ ਹੈਨਿ ਤਾਂ ਵੀ ਇਹ ਨਿੰਦਾ ਕਰਕੇ ਦੁਸਟ ਹੋਏ ਹੈਨਿ। ਜੈਸੇ ਦਰਖਤ ਵਿਚਹੁੰ ਫਲ ਪਤ੍ਰ ਟਾਸ ਕਿਸਦੇ ਹੈਨਿ ਅਤੇ ਕੰਡੇ ਵੀ ਵਿਚਹੁੰ ਹੀ ਨਿਕਸਦੇ ਹੈਨਿ। ਸੋ ਏਹੁ ਕੰਡੈ ਹੈਨਿ।

(ਰਹਿਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੩)

ਦੋਹਰਾ-ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ।<br>
ਹੋਇ ਸਿਖ ਵਰਤਨ ਕਰਹਿ ਅੰਤ ਕਰੇਗਾ ਖੁਆਰ।੬।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੫)

ਰਹਿਤ ਏਹੀ ਏ ਜੋ 1. ਮਸੰਦੀਏ, 2. ਧੀਰਮਲੀਏ, 3. ਰਾਮਰਾਈਏ, 4. ਸਿਰ ਮੁੰਡਤ ਇਨ੍ਹਾਂ ਨਾਲ ਵਰਤਣਾ ਨਹੀਂ।

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੦)

(ਚਲਦਾ)

# ਕੈਨੇਡਾ: ਇੱਕ ਦੂਜੇ ਦਾ ਸਿਰ ਪਾੜਨ ਵਾਲੇ ਪੰਜ ਟਰੱਕ ਡਰਾਈਵਰ ਕਾਬੂ

## ਢਾਈ ਕੁ ਮਹੀਨੇ ਬਰੈਂਪਟਨ 'ਚ ਲੋਹੇ ਦੀਆਂ ਰਾਡਾਂ ਨਾਲ ਹੋਈ ਸੀ ਲੜਾਈ

ਵੈਨਕੂਵਰ : ਪੀਲ ਪੁਲੀਸ ਨੇ ਢਾਈ ਮਹੀਨੇ ਪਹਿਲਾਂ ਬਰੈਂਪਟਨ ਦੇ ਕੈਨੇਡੀ ਰੋਡ ਅਤੇ ਅਰੈਂਡਾ ਰੋਡ ਦੀ ਕਰਾਸਿੰਗ ਨੇੜੇ ਟੋਅ ਟਰੱਕਾਂ ਵਾਲਿਆਂ ਦੀ ਹੋਈ ਲੜਾਈ ਦੇ ਮਾਮਲੇ ਵਿਚ ਪੰਜਾਬੀ ਮੂਲ ਦੇ ਪੰਜ ਮੁਲਜ਼ਮਾਂ ਨੂੰ ਵੱਖ ਵੱਖ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। ਉਸ ਦਿਨ ਡੇਢ ਕੁ ਦਰਜਨ ਟੋਅ ਟਰੱਕਾਂ ਵਾਲਿਆਂ ਨੇ ਇੱਕ ਦੂਜੇ ਉੱਤੇ ਮੁਕਾਬਲੇਬਾਜ਼ੀ ਦੇ ਦੋਸ਼ ਲਾ ਕੇ ਪਹਿਲਾਂ ਹੰਗਾਮਾ ਕੀਤਾ ਤੇ ਫਿਰ ਮਾਰ ਧਾੜ 'ਤੇ ਉੱਤਰ ਆਏ ਸਨ। ਉਨ੍ਹਾਂ ਵਲੋਂ ਲੋਹੇ ਦੀਆਂ ਰਾਡਾਂ ਨਾਲ ਕੀਤੇ ਹਮਲੇ ਵਿੱਚ ਕਈਆਂ ਦੇ ਸਿਰ ਪਾਟੇ ਸਨ।



ਪੁਲੀਸ ਨੇ ਲੰਮੀ ਜਾਂਚ ਤੋਂ ਬਾਅਦ ਮੁੱਖ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਰਿਸ਼ਵ ਚੋਪੜਾ (27), ਜਸ਼ਨਦੀਪ ਸਿੰਘ (34), ਹਰਮਨਦੀਪ (27), ਤੇਜਿੰਦਰ ਚੋਪੜਾ (22) ਤੇ ਵਰੁਣ ਔਲ ਵਜੋਂ ਦੱਸੀ ਗਈ ਹੈ। ਪੁਲੀਸ ਨੇ ਇਸ ਮਾਮਲੇ ਵਿਚ ਆਮ ਲੋਕਾਂ ਨੂੰ ਅੱਗੇ ਆ ਕੇ ਉਕਤ ਲੋਕਾਂ ਖਿਲਾਫ ਹੋਰ ਸਬੂਤ ਦੇਣ ਦੀ ਅਪੀਲ ਕੀਤੀ ਹੈ। ਮੁਲਜ਼ਮਾਂ ਨੂੰ ਅਗਲੇ ਦਿਨੀਂ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ।

# ਉੱਤਰਾਖੰਡ ਕਾਲਜ ਰੈਗਿੰਗ: 9 ਐੱਮਬੀਬੀਐੱਸ ਵਿਦਿਆਰਥੀਆਂ ਖਿਲਾਫ਼ ਕਾਰਵਾਈ

## ਦੋ ਮਹੀਨਿਆਂ ਲਈ ਜਮਾਤਾਂ 'ਚੋਂ ਮੁਅੱਤਲ, ਹੋਸਟਲ 'ਚੋਂ ਵੀ ਕੱਢਿਆ

ਦੇਹਰਾਦੂਨ : ਦੇਹਰਾਦੂਨ ਦੇ ਦੂਨ ਮੈਡੀਕਲ ਕਾਲਜ ਦੇ ਨੌਂ ਐਮਬੀਬੀਐਸ ਵਿਦਿਆਰਥੀਆਂ ਨੂੰ ਜੂਨੀਅਰ ਵਿਦਿਆਰਥੀਆਂ ਦੀ ਕਥਿਤ ਰੈਗਿੰਗ ਕਰਨ ਦੇ ਦੋਸ਼ ਵਿੱਚ ਮੁਅੱਤਲ ਕਰਨ ਮਗਰੋਂ ਹੋਸਟਲ ਤੋਂ ਕੱਢ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ 2023 ਅਤੇ 2024 ਬੈਚਾਂ ਦੇ ਐਮਬੀਬੀਐਸ ਵਿਦਿਆਰਥੀਆਂ ਵਿਰੁੱਧ ਕਾਰਵਾਈ ਸੋਮਵਾਰ ਨੂੰ ਐਂਟੀ-ਰੈਗਿੰਗ ਕਮੇਟੀ ਦੀ ਜਾਂਚ ਰਿਪੋਰਟ ਵਿੱਚ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਕੀਤੀ ਗਈ।

ਕਮੇਟੀ ਨੇ ਉਨ੍ਹਾਂ ਨੂੰ 12 ਜਨਵਰੀ ਨੂੰ ਕਾਲਜ ਦੇ ਹੋਸਟਲ ਵਿੱਚ ਦੋ ਜੂਨੀਅਰ ਵਿਦਿਆਰਥੀਆਂ 'ਤੇ ਹਮਲੇ ਦੀ ਘਟਨਾ ਵਿੱਚ ਦੋਸ਼ੀ ਪਾਇਆ। ਉਨ੍ਹਾਂ ਕਿਹਾ ਕਿ ਦੋ ਵਿਦਿਆਰਥੀਆਂ ਨੂੰ ਦੋ ਮਹੀਨਿਆਂ ਲਈ ਕਲਾਸਾਂ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਕੋਰਸ ਦੀ ਪੂਰੀ ਮਿਆਦ ਲਈ ਹੋਸਟਲ ਅਤੇ ਇੰਟਰਨਸ਼ਿਪ ਤੋਂ ਕੱਢ ਦਿੱਤਾ ਗਿਆ ਹੈ। ਉਨ੍ਹਾਂ 'ਤੇ 50-50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ



ਇਸ ਤੋਂ ਇਲਾਵਾ ਸੱਤ ਹੋਰ ਸੀਨੀਅਰ ਵਿਦਿਆਰਥੀਆਂ ਨੂੰ ਇੱਕ ਮਹੀਨੇ ਲਈ ਕਲਾਸਾਂ ਤੋਂ ਮੁਅੱਤਲ ਕੀਤਾ ਗਿਆ ਹੈ ਅਤੇ ਤਿੰਨ ਮਹੀਨਿਆਂ ਲਈ ਹੋਸਟਲ ਤੋਂ ਕੱਢ ਦਿੱਤਾ ਹੈ।

ਕਮੇਟੀ ਨੇ ਆਪਣੀ ਜਾਂਚ ਰਿਪੋਰਟ ਦੂਨ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਡਾ. ਗੀਤਾ ਜੈਨ ਨੂੰ ਸੌਂਪ ਦਿੱਤੀ ਹੈ। ਡਾ. ਜੈਨ ਨੇ ਕਿਹਾ ਕਿ ਦੂਨ ਮੈਡੀਕਲ ਕਾਲਜ ਇੱਕ ਰੈਗਿੰਗ-ਮੁਕਤ ਕੈਂਪਸ ਹੈ ਅਤੇ ਕਿਸੇ ਵੀ ਹਾਲਤ ਵਿੱਚ ਰੈਗਿੰਗ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਰਾਜ ਦੇ ਮੈਡੀਕਲ ਸਿੱਖਿਆ ਮੰਤਰੀ ਧਨ ਸਿੰਘ ਰਾਵਤ ਨੇ ਇਸ ਘਟਨਾ ਨੂੰ ਬਹੁਤ ਹੀ ਮੰਦਭਾਗਾ ਕਰਾਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੇ ਕਾਲਜ ਪ੍ਰਿੰਸੀਪਲ ਨੂੰ ਇਸ ਘਟਨਾ ਦੀ ਜਾਂਚ ਕਰਨ ਅਤੇ ਅਜਿਹੀ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ ਜੋ ਭਵਿੱਖ ਲਈ ਇੱਕ ਮਿਸਾਲ ਬਣੇ।

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਦੇਸ਼ ਦੇ ਬਟਵਾਰੇ ਦਾ ਅਨੁਭਵ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਥੋੜ੍ਹਾ ਆਰਾਮ ਕਰਕੇ ਗੁਰੂ ਪ੍ਰੇਰਨਾ ਸਦਕਾ ਕਿਸੇ ਨਾ ਕਿਸੇ ਸ਼ਬਦ ਦਾ ਜੋ ਜਾਪ ਅਰੰਭ ਰੱਖਦੇ ਸੀ, ਉਸ ਨੂੰ ਪੂਰਾ ਕਰਦੇ। ਲੌਢੇ ਪਹਿਰ ਜ਼ਮੀਨ ਵੱਲ ਫੇਰਾ ਮਾਰਨ ਚਲੇ ਜਾਂਦੇ। ਸ਼ਾਮ ਨੂੰ ਲੰਗਰ-ਪਾਣੀ ਛੱਕ ਕੇ ਸੋਦਰੁ ਰਹਿਰਾਸ ਸਾਹਿਬ ਜੀ ਦਾ ਪਾਠ ਕਰਦੇ। ਸੋਹਿਲਾ ਸਾਹਿਬ ਜੀ ਦਾ ਪਾਠ ਕਰਕੇ ਗੁਰੂ-ਚਰਨਾਂ ਨਾਲ ਬਿਰਤੀ ਜੋੜ ਲੈਂਦੇ, ਆਤਮਾ ਤਾਂ ਸਿਮਰਨ ਦੇ ਅਨੰਦ ਨੂੰ ਮਾਣਦੀ ਅਤੇ ਸਰੀਰ ਆਪਣੇ ਸੁੱਖ ਵਿੱਚ ਪਿਆ ਰਹਿੰਦਾ।

ਇਹ ਥਾਂ ਬੇ-ਆਬਾਦ ਸੀ। ਜੰਗਲ ਕਾਫ਼ੀ ਸਨ। ਜੰਗਲੀ ਜਾਨਵਰ (ਸ਼ੇਰ, ਚੀਤੇ ਇਤਿ ਆਦਿ) ਬਹੁਤ ਸਨ। ਇਥੋਂ ਤੱਕ ਕਿ ਜਿੱਥੇ ਬਾਬਾ ਜੀ ਰਹਿੰਦੇ ਸਨ, ਉਥੋਂ ਥੋੜ੍ਹੀ ਵਿੱਥ ਉੱਪਰ ਇੱਕ ਛੋਟੀ ਜਿਹੀ ਨਦੀ ਵਗਦੀ ਸੀ। ਉਸ ਨਦੀ ਦੇ ਕਿਨਾਰੇ 'ਤੇ ਇੱਕ ਸ਼ੇਰ ਨੇ ਘੁਰਨਾ ਬਣਾਇਆ ਹੋਇਆ ਸੀ। ਸ਼ੇਰ ਦਿਨੇ ਸ਼ਿਕਾਰ ਕਰ ਕੇ ਸ਼ਾਮ ਨੂੰ ਉਸੇ ਘੁਰਨੇ ਵਿੱਚ ਆਰਾਮ ਕਰਦਾ ਸੀ। ਰਾਤ ਨੂੰ ਕਈ ਵਾਰ ਹਿਰਨ ਨਦੀ ਤੇ ਪਾਣੀ ਪੀਣ ਆਉਂਦੇ ਤਦ ਸ਼ੇਰ ਉਨ੍ਹਾਂ ਉੱਪਰ ਵੀ ਝਪਟ ਪੈਂਦਾ ਤੇ ਆਪਣੇ ਪੇਟ ਦੀ ਪੂਰਤੀ ਕਰਦਾ। ਨੇੜੇ ਹੋਣ ਸਦਕਾ ਕਈ ਵਾਰ ਬਾਬਾ ਜੀ ਉਸ ਦੀ ਕਿਰਿਆ ਨੂੰ ਤੱਕਦੇ, ਪਰ ਗੁਰਬਾਣੀ ਦੇ ਫ਼ੁਰਮਾਨ :

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥

(ਸਲੋਕ ਫਰੀਦ ਜੀ, ਅੰਗ ੧੩੯੨)

ਅਨੁਸਾਰ ਆਪ ਜੀ ਵੱਲ ਉਸ ਸ਼ੇਰ ਨੇ ਕਦੇ ਕ੍ਰੋਪ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਸੀ।

ਜਦੋਂ ਸੰਗਤਾਂ ਨੂੰ ਪਤਾ ਲੱਗਾ ਕਿ ਭਾਈ ਹਰਨਾਮ ਸਿੰਘ ਜੀ ਸਰਗੋਧਾ ਛੱਡ ਕੇ ਸਾਡੇ ਨਗਰ ਵਿਖੇ ਆ ਬਿਰਾਜੇ ਹਨ ਅਤੇ ਸਤਿਗੁਰੂ ਜੀ ਦੀ ਸੇਵਾ ਵੀ ਹਰ ਰੋਜ਼ ਆਪ ਕਰਦੇ ਹਨ ਤਦ ਸਵੇਰੇ ਹੁਕਮਨਾਮਾ ਲੈਣ ਸਮੇਂ ਤੱਕ ਕਾਫ਼ੀ ਸੰਗਤ ਗੁਰਦੁਆਰਾ ਸਾਹਿਬ ਵਿਖੇ ਇਕੱਤ੍ਰ ਹੋ ਜਾਂਦੀ। ਇਥੋਂ ਤੱਕ ਕਿ ਨੇੜੇ ਦੇ ਹਾਲ਼ੀ ਵੀ ਹਲ਼ ਖੜ੍ਹੇ ਕਰ ਕੇ ਗੁਰੂ-ਹੁਕਮ ਨੂੰ ਸ੍ਰਵਣ ਕਰਨ ਲਈ ਪੁੱਜ ਜਾਂਦੇ। ਹੁਕਮਨਾਮਾ ਲੈਣ ਉਪ੍ਰੰਤ ਥੋੜ੍ਹਾ ਸਮਾਂ ਆਪ ਜੀ ਹੁਕਮ ਦੀ ਗੁਰੂ-ਆਸ਼ੇ ਅਨੁਸਾਰ ਵਿਆਖਿਆ ਕਰਦੇ। ਜਿਸ ਵਿੱਚ ਵਿਸ਼ੇਸ਼ ਕਰਕੇ ਨਾਮ-ਸਿਮਰਨ ਕਰਨ ਅਤੇ ਮਾਸ ਸ਼ਰਾਬ ਦੇ ਤਿਆਗ ਦੀ ਪ੍ਰੇਰਨਾ ਦਿੰਦੇ। ਇਹ ਇਲਾਕਾ ਜੰਗਲੀ ਹੋਣ ਕਰਕੇ ਲੋਕ ਆਮ ਹੀ ਸ਼ਿਕਾਰ ਖੇਡਦੇ ਸਨ ਅਤੇ ਆਪਣੇ ਘਰਾਂ ਵਿੱਚ ਹੀ ਸ਼ਰਾਬ ਕੱਢ ਕੱਢ ਕੇ ਪੀਂਦੇ ਸਨ। ਬਾਬਾ ਜੀ ਕਿਹਾ ਕਰਦੇ ਸਨ ਕਿ ਸਾਡੇ ਮਨ ਵਿੱਚ ਹਰ ਰੋਜ਼ ਖ਼ਿਆਲ ਆਉਣਾ ਕਿ ਜਿਸ ਵਹਿਣ ਵਿੱਚ ਇਹ ਸਾਡੇ ਪੰਜਾਬੀ ਲੋਕ ਰੁੜ੍ਹੇ ਜਾ ਰਹੇ ਹਨ ਜੇ ਇਹ ਇਸ ਪਾਸੇ ਤੋਂ ਨਾ ਹਟੇ ਤਾਂ ਰਾਜੇ੧ ਅਤੇ ਦੂਸਰੇ ਲੋਕਾਂ ਦੀ ਨਿਗ੍ਹਾ ਵਿੱਚ ਇਹਨਾਂ ਦੀ ਕਦਰ ਘੱਟ ਜਾਵੇਗੀ ਕਿਉਂਕਿ ਜਿੱਥੇ ਮਾਸ ਅਤੇ ਸ਼ਰਾਬ ਦੀ ਵਰਤੋਂ ਹੋਣ ਲੱਗ ਪਏ, ਬਿਰਤੀ ਤਾਮਸੀ੨ ਹੋ ਜਾਂਦੀ ਹੈ। ਮਨੁੱਖ ਆਚਰਣ ਤੋਂ ਵੀ ਡਿੱਗ ਪੈਂਦਾ ਹੈ। ਤਾਮਸੀ ਬਿਰਤੀ ਨਾਲ ਭਜਨ ਦਾ ਤਾਂ ਸੰਬੰਧ ਹੀ ਕੋਈ ਨਹੀਂ।

ਹਰ ਰੋਜ਼ ਦੀ ਪ੍ਰੇਰਨਾ ਸਦਕਾ ਕਾਫ਼ੀ ਪ੍ਰੇਮੀ ਮਾਸ-ਸ਼ਰਾਬ ਦਾ ਤਿਆਗ ਕਰ ਗਏ ਅਤੇ ਸ਼ਰਾਬ ਦੀ ਥਾਂ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਬਾਬਾ ਜੀ ਨੇ ਪੰਜ ਰਹਿਤਵਾਨ,



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਤਿਆਰ-ਬਰ-ਤਿਆਰ ਸਿੰਘ ਪੰਜਾਬ ਤੋਂ ਪੱਤਰ ਲਿੱਖ ਕੇ ਸੱਦੇ ਅਤੇ ਹੋਰ ਸਾਰੇ ਲੋੜੀਂਦੇ ਕਕਾਰਾਂ ਦਾ ਪ੍ਰਬੰਧ ਕੀਤਾ। ਦਿਨ ਨੀਯਤ ਕਰ ਕੇ 20 ਸਿੰਘਾਂ ਨੂੰ ਅੰਮ੍ਰਿਤ ਛਕਾ ਦਿੱਤਾ। ਬੱਸ ਫੇਰ ਕੀ ਸੀ, ਕਰੇਰੂਏ ਨਗਰ ਵਿੱਚ ਪ੍ਰੇਮੀਆਂ ਦੀ ਇੱਕ ਸੰਗਤ ਬਣ ਗਈ ਜੋ ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਜੁੜਦੀ ਅਤੇ ਗੁਰਬਾਣੀ ਤੇ ਕਥਾ ਨਾਲ ਆਪਣੇ ਸਮੇਂ ਨੂੰ ਸਫ਼ਲ ਕਰਦੀ। ਇਸ ਸੰਗਤ ਵਿੱਚ ਦਿਨੋ-ਦਿਨ ਵਾਧਾ ਹੁੰਦਾ ਗਿਆ। ਸਮਾਂ ਪਾ ਕੇ ਸਾਰਾ ਨਗਰ ਹੀ ਪ੍ਰੇਮੀਆਂ ਦਾ ਬਣ ਗਿਆ। ਇੱਥੇ ਹੀ ਸੰਤ ਸਾਧੂ ਸਿੰਘ, ਜੋ ਬਾਬਾ ਜੀ ਦੇ ਪੁਰਾਣੇ ਪ੍ਰੇਮੀ ਅਤੇ ਗੁਰਮਤਿ ਦੇ ਦ੍ਰਿੜ੍ਹ ਧਾਰਨੀ ਸਨ, ਆ ਮਿਲੇ। ਸੰਤ ਸਾਧੂ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਵਿਖੇ ਆ ਡੇਰਾ ਲਾਇਆ। ਸਹਿਜੇ-ਸਹਿਜੇ ਸੰਗਤ ਵਧਦੀ ਗਈ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਵੀ ਵਾਧਾ ਹੋਣ ਲੱਗਾ। ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਕਾਫ਼ੀ ਸੁੰਦਰ ਬਣ ਚੁੱਕੀ ਹੈ। ਸੰਤ ਸਾਧੂ ਸਿੰਘ ਜੀ ਨੇ ਕਰੇਰੂਏ ਨਗਰ ਦੇ ਗੁਰਦੁਆਰਾ ਸਾਹਿਬ ਦੀ ਬੜੀ ਤਨਦੇਹੀ ਨਾਲ ਸੇਵਾ ਕੀਤੀ। ਪ੍ਰੇਮਸ਼ਰ ਜੀ ਵੱਲੋਂ ਸੱਦਾ ਆਉਣ ਤੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਕੁਝ ਸਾਲ ਪਹਿਲਾਂ ਆਪ ਜੀ ਗੁਰਪੁਰੀ ਪਿਆਨਾ ਕਰ ਗਏ ਸਨ।

**ਡਾ: ਕਰਤਾਰ ਸਿੰਘ ਹੋਰਾਂ ਨਾਲ ਮਿਲਾਪ**

ਕਰੇਰੂਏ ਨਗਰ ਤੋਂ ਥੋੜ੍ਹੀ ਦੂਰ ਬਾੜੀ ਨਾਂ ਦਾ ਸ਼ਹਿਰ ਸੀ। ਇਸ ਸ਼ਹਿਰ ਵਿੱਚੋਂ ਹੀ ਲੀੜਾ-ਕੱਪੜਾ ਤੇ ਹੋਰ ਬਾਜ਼ਾਰੀ ਸਾਮਾਨ ਖ਼ਰੀਦ ਕੇ ਲੋਕ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ। ਬਿਮਾਰੀ ਦੀ ਹਾਲਤ ਵਿੱਚ ਵੀ ਇਸੇ ਸ਼ਹਿਰ ਤੋਂ ਹੀ ਦਵਾ-ਦਾਰੂ ਲਿਆਉਣਾ ਪੈਂਦਾ। ਇਸੇ ਹੀ ਸ਼ਹਿਰ ਵਿੱਚ ਇੱਕ ਪੰਜਾਬੀ ਡਾਕਟਰ ਜਿਨ੍ਹਾਂ ਦਾ ਨਾਂ ਡਾ: ਕਰਤਾਰ ਸਿੰਘ ਸੀ, ਆਪਣੀ ਪ੍ਰੈਕਟਿਸ ਕਰਦੇ ਸਨ। ਆਮ ਪੰਜਾਬੀ ਲੋਕ ਉਨ੍ਹਾਂ ਪਾਸੋਂ ਆਪਣਾ ਇਲਾਜ ਕਰਵਾਉਣ ਜਾਂਦੇ। ਡਾਕਟਰ ਕਰਤਾਰ ਸਿੰਘ ਕਮਿਊਨਿਸਟ ਖ਼ਿਆਲਾਂ ਦੇ ਧਾਰਨੀ ਸਨ ਅਤੇ ਜਿਸ ਵੇਲੇ ਮਰੀਜ਼ਾਂ ਤੋਂ ਵਿਹਲੇ ਹੋਣਾ, ਆਏ ਗਏ ਪ੍ਰੇਮੀ ਨੂੰ ਆਪਣੇ ਖ਼ਿਆਲਾਂ ਦੇ ਭਾਈਵਾਲ ਬਣਨ ਵਾਸਤੇ ਪ੍ਰੇਰਨਾ ਦਿੰਦੇ ਰਹਿਣਾ। ਇਸ ਪ੍ਰਚਾਰ ਦੇ ਸਿੱਟੇ ਵਜੋਂ ਕਈ ਇੱਕ ਲੋਕ ਨਾਸਤਿਕਤਾ ਵੱਲ ਪ੍ਰੇਰੇ ਗਏ।

ਇਸ ਨਾਸਤਿਕਤਾ ਦੇ ਪ੍ਰਚਾਰ ਕੇਂਦਰ ਦਾ ਬਾਬਾ ਜੀ ਨੂੰ ਵੀ ਪਤਾ ਲੱਗਾ। ਬਾਬਾ ਜੀ ਆਪਣੇ ਸਿਮਰਨ-ਭਜਨ ਵਿੱਚੋਂ ਵਿਹਲ ਕੱਢ ਕੇ ਡਾ: ਕਰਤਾਰ ਸਿੰਘ ਜੀ ਦੀ ਦੁਕਾਨ ਤੇ ਚਲੇ ਗਏ। ਆਮ ਮਰੀਜ਼ਾਂ ਵਾਂਗ ਹੀ ਡਾਕਟਰ ਹੋਰਾਂ ਨੇ ਪੁੱਛਿਆ ਕਿ ਦੱਸੋ ਤੁਹਾਨੂੰ ਕੀ ਤਕਲੀਫ਼ ਹੈ ? ਬਾਬਾ ਜੀ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੇ ਦਰਸ਼ਨ ਕਰਨ ਵਾਸਤੇ ਅਤੇ ਬਚਨ ਸ੍ਰਵਣ ਕਰਨ ਵਾਸਤੇ ਹੀ ਆਇਆ ਹਾਂ, ਹੋਰ ਕਿਸੇ ਕਿਸਮ ਦੀ ਮੈਨੂੰ ਤਕਲੀਫ਼ ਨਹੀਂ ਹੈ। ਡਾ: ਸਾਹਿਬ ਮਨ ਵਿੱਚ ਬੜੇ ਪ੍ਰਸੰਨ ਹੋਏ ਤੇ ਵਿਚਾਰਨ ਲੱਗੇ ਕਿ ਅੱਗੇ ਤਾਂ ਲੋਕਾਂ ਨੂੰ ਪ੍ਰੇਰਨਾ ਦੇ ਕੇ ਆਪਣੀ ਗੱਲ ਉਹਨਾਂ ਤੱਕ ਪਹੁੰਚਾਉਣੀ ਪੈਂਦੀ ਸੀ। ਇਹ ਪ੍ਰੇਮੀ ਮੇਰੀ ਵਿਚਾਰਧਾਰਾ ਨੂੰ ਸੁਣਨ ਵਾਸਤੇ ਕਾਫ਼ੀ ਦੂਰ ਤੋਂ ਆਪ ਚੱਲ ਕੇ ਆਇਆ ਹੈ। ਵੇਹਲੇ ਹੋ ਕੇ ਜਲ-ਪਾਣੀ ਪੁੱਛਣ ਉਪ੍ਰੰਤ ਡਾਕਟਰ ਹੋਰਾਂ ਆਪਣਾ ਭਾਸ਼ਨ ਅਰੰਭ ਕੀਤਾ।

ਕਿ ਦੇਖੋ, ਸਾਡੇ ਮੁਲਕ ਦੇ ਲੋਕ ਕਿੰਨੇ ਭੋਲੇ ਤੇ ਸਿੱਧੇ ਹਨ। ਜਿਸ ਨੂੰ ਕਿਸੇ ਦੇਖਿਆ ਹੀ ਨਹੀਂ ਅਤੇ ਜੋ ਨਾ ਅੱਖਾਂ ਨਾਲ ਦਿਸਦਾ ਹੈ, ਨਾ ਉਸਦੀ ਕੋਈ ਹੋਂਦ ਹੈ, ਨਾ ਉਸ ਨੂੰ ਅੱਜ ਤੱਕ ਕੋਈ ਕਿਸੇ ਨੂੰ ਵਿਖਾ ਸਕਿਆ ਹੈ।

(ਚਲਦਾ)

# ਤਿੰਨ ਜੇਲ੍ਹਾਂ 'ਚ ਕੈਦੀਆਂ ਨੇ ਸੁਰੱਖਿਆ ਕਰਮੀ ਬੰਦੀ ਬਣਾਏ

## ਕੈਦੀਆਂ ਨਾਲ ਗੱਲਬਾਤ ਲਈ ਤਿਆਰ: ਗ੍ਰਹਿ ਮੰਤਰੀ

ਗੁਆਟੇਮਾਲਾ : ਇੱਥੋਂ ਦੀਆਂ ਤਿੰਨ ਜੇਲ੍ਹਾਂ 'ਚ ਕੈਦੀਆਂ ਨੇ ਬੀਤੇ ਦਿਨ ਜੇਲ੍ਹ ਦੇ ਕਈ ਸੁਰੱਖਿਆ ਕਰਮੀ ਬੰਦੀ ਬਣਾ ਲਏ। ਜੇਲ੍ਹ ਅਥਾਰਿਟੀਆਂ ਨੇ ਇਹ ਜਾਣਕਾਰੀ ਦਿੱਤੀ।



ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕੈਦੀਆਂ ਨੇ ਬਗ਼ਾਵਤ ਕਰਨ ਮਗਰੋਂ ਸੁਰੱਖਿਆ ਕਰਮੀਆਂ ਨੂੰ ਬੰਦੀ ਬਣਾ ਲਿਆ। ਗੁਆਟੇਮਾਲਾ ਦੇ ਗ੍ਰਹਿ ਮੰਤਰੀ ਮਾਰਕੋ ਅੰਤੋਨੀਓ ਵਿਲੇਦਾ ਨੇ ਕਿਹਾ ਕਿ ਉਹ ਕੈਦੀਆਂ ਨਾਲ ਗੱਲਬਾਤ ਲਈ ਤਿਆਰ ਹਨ ਪਰ ਬੰਦੀ ਬਣਾਏ 46 ਸੁਰੱਖਿਆ ਕਰਮੀਆਂ ਦੀ ਰਿਹਾਈ ਬਦਲੇ ਉਨ੍ਹਾਂ ਦੀਆਂ ਮੰਗਾਂ ਸਵੀਕਾਰ ਨਹੀਂ ਕਰਨਗੇ। ਇਸ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ ਬਿਆਨ 'ਚ ਕਿਹਾ ਸੀ ਕਿ ਕੈਦੀਆਂ ਦੀ ਇਹ ਬਗ਼ਾਵਤ ਜੇਲ੍ਹ ਪ੍ਰਸ਼ਾਸਨ ਵੱਲੋਂ ਗਰੋਹਾਂ ਦੇ ਕੁਝ ਆਗੂਆਂ ਤੋਂ ਸਹੂਲਤਾਂ ਵਾਪਸ ਲੈਣ ਦੇ ਫ਼ੈਸਲੇ ਦਾ ਸਿੱਧਾ ਨਤੀਜਾ ਹੈ। ਬਿਆਨ 'ਚ ਕਿਹਾ ਗਿਆ ਹੈ, "ਗੁਆਟੇਮਾਲਾ 'ਚ ਅਸੀਂ ਨਾ ਤਾਂ ਅਤਿਵਾਦੀਆਂ ਨਾਲ ਅਤੇ ਨਾ ਹੀ ਅਪਰਾਧੀਆਂ ਨਾਲ ਗੱਲਬਾਤ ਕਰਦੇ ਹਾਂ। ਅਸੀਂ ਉਨ੍ਹਾਂ ਸਮੂਹਾਂ ਨੂੰ ਵੀ ਆਪਣੀਆਂ ਸ਼ਰਤਾਂ ਥੋਪਣ ਦੀ ਇਜਾਜ਼ਤ ਨਹੀਂ ਦਿੰਦੇ ਜਿਨ੍ਹਾਂ ਡਰ ਦਾ ਮਾਹੌਲ ਬਣਾਇਆ ਹੈ।" ਸੋਸ਼ਲ ਮੀਡੀਆ ਮੰਚਾਂ 'ਤੇ ਪ੍ਰਸਾਰਿਤ ਵੀਡੀਓ 'ਚ ਕੁਝ ਕੈਦੀਆਂ ਨੂੰ ਜੇਲ੍ਹ 'ਚੋਂ ਤਬਦੀਲ ਕੀਤੇ ਜਾਣ ਦੀ ਮੰਗ ਕਰਦੇ ਹੋਏ ਦੇਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਕਤੂਬਰ 'ਚ ਰਾਸ਼ਟਰਪਤੀ ਬਰਨਾਰਡੋ ਅਰੇਵਾਲੋ ਨੇ ਸਾਬਕਾ ਗ੍ਰਹਿ ਮੰਤਰੀ ਸਮੇਤ ਤਿੰਨ ਸਿਖਰਲੇ ਸੁਰੱਖਿਆ ਅਧਿਕਾਰੀਆਂ ਦੇ ਅਸਤੀਫੇ ਸਵੀਕਾਰ ਕਰ ਲਏ ਸਨ, ਜਦੋਂ ਅਧਿਕਾਰੀਆਂ ਨੇ ਮੰਨਿਆ ਸੀ ਕਿ ਕੁਝ ਹੀ ਦਿਨਾਂ 'ਚ 20 ਗਰੋਹ ਮੈਂਬਰ ਫ਼ਰਾਰ ਹੋ ਗਏ ਸਨ। ਸ੍ਰੀ ਅਰੇਵਾਲੋ ਨੇ ਕਿਹਾ ਸੀ, "ਜੇਲ੍ਹ ਪ੍ਰਣਾਲੀ ਅਤੇ ਬਾਹਰ ਦੇ ਅਪਰਾਧਾਂ ਵਿਚਾਲੇ ਸਬੰਧ ਤੋੜਨੇ ਪੈਣਗੇ। ਇਸ ਲਈ ਜੇਲ੍ਹ ਪ੍ਰਣਾਲੀ 'ਤੇ ਮੁੜ ਕੰਟਰੋਲ ਦੀ ਇਹ ਕੋਸ਼ਿਸ਼ ਬਹੁਤ ਅਹਿਮ ਹੈ।"

# 'ਭਿਖਾਰੀ ਮੁਕਤ' ਸ਼ਹਿਰ 'ਚੋਂ ਲੱਭਾ ਲੱਖਪਤੀ ਮੰਗਤਾ

## ਲੋਕਾਂ ਨੂੰ ਦਿੰਦਾ ਸੀ ਵਿਆਜੀ ਪੈਸਾ; ਕਾਰ 'ਚ ਬੈਠ ਕੇ ਜਾਂਦਾ ਸੀ ਭੀਖ ਮੰਗਣ

ਇੰਦੌਰ : ਇੰਦੌਰ ਵਿੱਚ ਇੱਕ ਭਿਖਾਰੀ ਲੱਖਾਂ ਦੀ ਜਾਇਦਾਦ ਦਾ ਮਾਲਕ ਹੈ। 50 ਸਾਲਾ ਵਿਅਕਤੀ ਜਿਸ ਨੂੰ ਕੋਹੜ ਹੈ ਅਤੇ ਜੋ ਭੀਖ ਮੰਗ ਕੇ ਗੁਜ਼ਾਰਾ ਕਰਦਾ ਸੀ, ਉਹ ਸ਼ੁਰੂਆਤੀ ਜਾਂਚ ਵਿੱਚ ਲੱਖਪਤੀ ਨਿਕਲਿਆ ਹੈ। ਅਧਿਕਾਰੀਆਂ ਮੁਤਾਬਕ ਇਸ ਵਿਅਕਤੀ ਕੋਲ ਤਿੰਨ ਪੱਕੇ ਮਕਾਨ, ਇੱਕ ਕਾਰ ਅਤੇ ਤਿੰਨ ਆਟੋ ਰਿਕਸ਼ਾ ਹਨ, ਜਿਨ੍ਹਾਂ ਨੂੰ ਉਸ ਨੇ ਕਿਰਾਏ 'ਤੇ ਦਿੱਤਾ ਹੋਇਆ ਹੈ। ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀ ਦਿਨੇਸ਼ ਮਿਸ਼ਰਾ ਨੇ ਦੱਸਿਆ ਕਿ ਆਮ ਲੋਕਾਂ ਦੀ ਸੂਚਨਾ 'ਤੇ ਸਰਾਫ਼ਾ ਇਲਾਕੇ ਤੋਂ ਇਸ ਭਿਖਾਰੀ ਨੂੰ ਬਚਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਵਿਅਕਤੀ ਕੋਲ ਤਿੰਨ ਮੰਜ਼ਿਲਾਂ ਇਮਾਰਤ ਸਮੇਤ ਤਿੰਨ ਘਰ ਹਨ। ਇਸ ਤੋਂ ਇਲਾਵਾ ਉਹ ਕਾਰ ਵਿੱਚ ਬੈਠ ਕੇ ਭੀਖ ਮੰਗਣ ਜਾਂਦਾ ਸੀ, ਜਿਸ ਲਈ ਉਸ ਨੇ ਡਰਾਈਵਰ ਵੀ ਰੱਖਿਆ ਸੀ। ਇਹ ਵਿਅਕਤੀ ਵ੍ਹੀਲ-ਚੇਅਰ 'ਤੇ ਬੈਠ ਕੇ ਭੀਖ ਮੰਗਦਾ ਸੀ ਅਤੇ ਸਾਲ 2021-22 ਤੋਂ ਇਸ ਪਾਸੇ ਸਰਗਰਮ ਸੀ।

ਜਾਂਚ ਦੌਰਾਨ ਪਤਾ ਲੱਗਾ ਕਿ ਉਸ ਨੇ ਸਰਾਫ਼ਾ ਇਲਾਕੇ ਦੇ ਲੋਕਾਂ ਨੂੰ ਚਾਰ ਤੋਂ ਪੰਜ ਲੱਖ ਰੁਪਏ ਵਿਆਜੀ ਦਿੱਤੇ ਹੋਏ ਸਨ। ਉਹ ਰੋਜ਼ਾਨਾ ਵਿਆਜ ਵਸੂਲਦਾ ਸੀ ਤੇ ਉਸ ਨੂੰ ਰੋਜ਼ਾਨਾ ਲਗਪਗ 1,000 ਤੋਂ 2,000 ਰੁਪਏ ਦੀ ਕਮਾਈ ਸੀ। ਭੀਖ ਮੰਗ ਕੇ 400 ਤੋਂ 500 ਰੁਪਏ ਦੀ ਦਿਹਾੜੀ ਵੱਖਰੀ ਬਣਾਉਂਦਾ ਸੀ।



ਜ਼ਿਲ੍ਹਾ ਕੁਲੈਕਟਰ ਸ਼ਿਵਮ ਵਰਮਾ ਨੇ ਕਿਹਾ ਕਿ ਇੰਦੌਰ ਨੂੰ 'ਭਿਖਾਰੀ ਮੁਕਤ ਸ਼ਹਿਰ' ਐਲਾਨਿਆ ਗਿਆ ਹੈ ਅਤੇ ਕਿਸੇ ਵੀ ਭਿਖਾਰੀ ਦੀ ਸੂਚਨਾ ਮਿਲਣ 'ਤੇ ਤੁਰੰਤ ਉਸ ਦੇ ਮੁੜਵਸੇਬੇ ਲਈ ਚਾਰਾਜੋਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪੂਰੀ ਜਾਂਚ ਤੋਂ ਬਾਅਦ ਇਸ ਲੱਖਪਤੀ ਮੰਗਤੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਦੂਜੇ ਪਾਸੇ ਭਿਖਾਰੀਆਂ ਨੂੰ ਬਚਾਉਣ ਵਾਲੀ ਐਨਜੀਓ 'ਪ੍ਰਵੇਸ਼' ਦੀ ਪ੍ਰਧਾਨ ਰੂਪਾਲੀ ਜੈਨ ਨੇ ਕਿਹਾ ਕਿ ਇਸ ਮਾਮਲੇ ਨੂੰ ਮਾਨਵੀ ਨਜ਼ਰੀਏ ਤੋਂ ਦੇਖਣ ਦੀ ਲੋੜ ਹੈ। ਉਨ੍ਹਾਂ ਮੁਤਾਬਕ, ਇਹ ਵਿਅਕਤੀ ਪਹਿਲਾਂ ਮਿਸਤਰੀ ਵਜੋਂ ਕੰਮ ਕਰਦਾ ਸੀ, ਪਰ ਕੋਹੜ ਹੋਣ ਮਗਰੋਂ ਕੰਮ ਨਾ ਕਰ ਸਕਣ ਕਰਕੇ ਭੀਖ ਮੰਗਣ ਲੱਗਾ ਸੀ।

# ਗ੍ਰੀਨਲੈਂਡ 'ਚ ਟਰੰਪ ਵਿਰੁੱਧ ਸੜਕਾਂ 'ਤੇ ਉਤਰੇ ਲੱਖਾਂ ਲੋਕ

## ਕਿਹਾ, ਵਿਕਾਊ ਨਹੀਂ ਸਾਡਾ ਦੇਸ਼







ਨੂਯੂਕ : ਗ੍ਰੀਨਲੈਂਡ 'ਚ ਹਜ਼ਾਰਾਂ ਲੋਕ ਟਰੰਪ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਨ ਲਈ ਸੜਕਾਂ 'ਤੇ ਉਤਰ ਆਏ। ਉਨ੍ਹਾਂ ਨੇ ਗ੍ਰੀਨਲੈਂਡ ਦੇ ਕਬਜ਼ੇ ਸੰਬੰਧੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਬਿਆਨਾਂ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ। ਪ੍ਰਦਰਸ਼ਨਕਾਰੀਆਂ ਨੇ 'ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ' ਦੇ ਨਾਅਰੇ ਲਗਾਏ। ਬਰਫੀਲੀਆਂ ਸੜਕਾਂ ਦੇ ਵਿਚਕਾਰ, ਪ੍ਰਦਰਸ਼ਨਕਾਰੀਆਂ ਨੇ ਗ੍ਰੀਨਲੈਂਡ ਦੀ ਰਾਜਧਾਨੀ ਨੂਯੂਕ ਤੋਂ ਅਮਰੀਕੀ ਕੌਂਸਲੇਟ ਤੱਕ ਮਾਰਚ ਕੀਤਾ। ਇਸ ਮੌਕੇ ਉਨ੍ਹਾਂ ਨੇ ਰਾਸ਼ਟਰੀ ਝੰਡੇ ਲਹਿਰਾਏ ਤੇ ਵਿਰੋਧ ਪੋਸਟਰ ਫੜੇ ਹੋਏ ਸਨ। ਪੁਲਿਸ ਦੇ ਅਨੁਸਾਰ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਪ੍ਰਦਰਸ਼ਨ ਮੰਨਿਆ ਜਾ ਰਿਹਾ ਹੈ, ਜਿਸ 'ਚ ਨੂਯੂਕ ਦੀ ਆਬਾਦੀ ਦਾ ਲਗਭਗ ਇਕ ਚੌਥਾਈ ਹਿੱਸਾ ਸ਼ਾਮਿਲ ਰਿਹਾ। ਅਮਰੀਕਾ ਵਲੋਂ ਅਮਰੀਕਾ ਦੇ ਕਬਜ਼ੇ ਦੀ ਧਮਕੀ ਦਾ ਵਿਰੋਧ ਕਰਦੇ 8 ਯੂਰਪੀਅਨ ਦੇਸ਼ਾਂ 'ਤੇ 10% ਟੈਰਿਫ ਲਗਾਉਣ ਦੇ ਐਲਾਨ ਨੇ ਟਰੰਪ ਦੇ ਖਿਲਾਫ ਗ੍ਰੀਨਲੈਂਡ ਦੇ ਗੁੱਸੇ ਨੂੰ ਹੋਰ ਭੜਕਾਇਆ। ਇਸ ਦੌਰਾਨ, ਯੂਰਪੀਅਨ ਯੂਨੀਅਨ (ਈ.ਯੂ.) ਦੇ ਕਾਨੂੰਨਸਾਜ਼ ਅਮਰੀਕਾ ਨਾਲ ਵਪਾਰ ਸਮਝੌਤੇ ਦੀ ਪ੍ਰਵਾਨਗੀ ਨੂੰ ਰੋਕਣ ਦੀ ਤਿਆਰੀ ਕਰ ਰਹੇ ਹਨ। ਯੂਰਪੀਅਨ ਪੀਪਲਜ਼ ਪਾਰਟੀ (ਈ.ਪੀ.ਪੀ.) ਦੇ ਪ੍ਰਧਾਨ ਮੈਨਫ੍ਰੇਡ ਵੇਬਰ ਨੇ ਇਕ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਟਰੰਪ ਦੀਆਂ ਗ੍ਰੀਨਲੈਂਡ ਨੂੰ ਧਮਕੀਆਂ ਕਾਰਨ ਅਮਰੀਕਾ ਨਾਲ ਸੌਦੇ ਨੂੰ ਮਨਜ਼ੂਰੀ ਦੇਣਾ ਅਸੰਭਵ ਸੀ।

**ਈ.ਯੂ.-ਅਮਰੀਕਾ ਵਪਾਰ ਸਮਝੌਤੇ 'ਤੇ ਸੰਕਟ**

ਗ੍ਰੀਨਲੈਂਡ ਵਿਵਾਦ ਹੁਣ ਸਿੱਧੇ ਤੌਰ 'ਤੇ ਯੂਰਪੀਅਨ ਯੂਨੀਅਨ (ਈ.ਯੂ.)-ਅਮਰੀਕਾ ਵਪਾਰ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਜਾਪਦਾ ਹੈ। ਯੂਰਪੀਅਨ ਪੀਪਲਜ਼ ਪਾਰਟੀ (ਈ.ਪੀ.ਪੀ.) ਦੇ ਪ੍ਰਧਾਨ ਮੈਨਫ੍ਰੇਡ ਵੇਬਰ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਗ੍ਰੀਨਲੈਂਡ ਸੰਬੰਧੀ ਟਰੰਪ ਦੀਆਂ ਧਮਕੀਆਂ ਅਮਰੀਕਾ ਨਾਲ ਵਪਾਰ ਸਮਝੌਤੇ ਨੂੰ ਮਨਜ਼ੂਰੀ ਦੇਣਾ ਮੁਸ਼ਕਿਲ ਬਣਾਉਂਦੀਆਂ ਹਨ। ਯੂਰਪੀਅਨ ਸੰਸਦ ਦੇ ਕਾਨੂੰਨਸਾਜ਼ਾਂ 'ਚ ਅਮਰੀਕੀ ਉਤਪਾਦਾਂ 'ਤੇ ਪ੍ਰਸਤਾਵਿਤ 0% ਟੈਰਿਫ ਨੂੰ ਰੋਕਣ ਲਈ ਕਾਲਾਂ ਤੇਜ਼ ਹੋ ਗਈਆਂ ਹਨ। ਯੂਰਪੀਅਨ ਸੰਸਦ ਦੇ ਕਈ ਰਾਜਨੀਤਿਕ ਸਮੂਹ ਸਮਝੌਤੇ ਨੂੰ ਫਰੀਜ਼ ਕਰਨ ਦੇ ਹੱਕ 'ਚ ਹਨ। ਜੇਕਰ ਈ.ਪੀ.ਪੀ. ਦੇ ਕਾਨੂੰਨਸਾਜ਼ ਖੱਬੇ-ਪੱਖੀ ਪਾਰਟੀਆਂ ਨਾਲ ਮਿਲ ਜਾਂਦੇ ਹਨ, ਤਾਂ ਸਮਝੌਤੇ 'ਚ ਦੇਰੀ ਹੋ ਸਕਦੀ ਹੈ ਜਾਂ ਪੂਰੀ ਤਰ੍ਹਾਂ ਰੋਕ ਦਿੱਤੀ ਜਾ ਸਕਦੀ ਹੈ।

# ਟਰੰਪ ਦੇ ਸਖ਼ਤ ਇਮੀਗ੍ਰੇਸ਼ਨ ਨਿਯਮਾਂ ਨੂੰ ਝਟਕਾ

ਵਾਸ਼ਿੰਗਟਨ ਡੀ.ਸੀ. : ਕੈਲੀਫੋਰਨੀਆ 'ਚ ਅਮਰੀਕੀ ਸੰਘੀ ਜੱਜਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ 2 ਭਾਰਤੀ ਨਾਗਰਿਕਾਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਆਪਣੇ ਹੁਕਮ 'ਚ ਕਿਹਾ ਹੈ ਕਿ ਉਨ੍ਹਾਂ ਨੂੰ ਬਿਨਾਂ ਸੁਣਵਾਈ ਦੇ ਹਿਰਾਸਤ 'ਚ ਰੱਖਣਾ ਸੰਵਿਧਾਨਕ ਪ੍ਰਕਿਰਿਆ ਦੀ ਉਲੰਘਣਾ ਹੈ। ਇਕ ਮਾਮਲੇ 'ਚ ਅਦਾਲਤ ਨੇ ਇਕ ਭਾਰਤੀ ਨਾਗਰਿਕ ਕਿਰਨਦੀਪ ਦੀ ਤੁਰੰਤ ਰਿਹਾਈ ਦਾ ਹੁਕਮ ਦਿੱਤਾ। ਉਹ ਦਸੰਬਰ 2021 'ਚ ਅਮਰੀਕਾ ਪਹੁੰਚੀ ਸੀ। ਇਸ ਸਮੇਂ ਦੌਰਾਨ, ਉਸਨੇ ਅਮਰੀਕਾ 'ਚ ਸ਼ਰਣ ਵੀ ਮੰਗੀ ਸੀ। ਅਦਾਲਤ ਦੇ ਰਿਕਾਰਡਾਂ ਅਨੁਸਾਰ, ਕਿਰਨਦੀਪ ਜਾਂਚ ਅਧੀਨ ਪਹੁੰਚੀ। ਰਿਹਾਅ ਹੋਣ ਤੋਂ ਪਹਿਲਾਂ ਉਸਨੂੰ ਥੋੜ੍ਹੇ ਸਮੇਂ ਲਈ ਹਿਰਾਸਤ 'ਚ ਲਿਆ ਗਿਆ ਸੀ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਸਮੇਂ ਇਹ ਫੈਸਲਾ ਕੀਤਾ ਕਿ ਉਹ ਭਾਈਚਾਰੇ ਲਈ ਖ਼ਤਰਾ ਜਾਂ ਉਸਦੇ ਭੱਜਣ ਦਾ ਖ਼ਤਰਾ ਨਹੀਂ ਸੀ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮ ਤੋਂ ਬਾਅਦ, ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀਆਂ ਨੂੰ ਸਖ਼ਤ ਕਰ ਦਿੱਤਾ ਗਿਆ ਹੈ। ਉਦੋਂ ਤੋਂ




ਆਈ.ਸੀ.ਈ. ਅਧਿਕਾਰੀਆਂ ਨੇ ਅਮਰੀਕਾ 'ਚ ਰਹਿ ਰਹੇ ਪ੍ਰਵਾਸੀਆਂ ਦੀ ਸਖ਼ਤ ਜਾਂਚ ਸ਼ੁਰੂ ਕੀਤੀ ਹੈ। ਪਹਿਲਾਂ, ਅਦਾਲਤ ਨੇ ਇਸੇ ਤਰ੍ਹਾਂ ਦੇ ਇਕ ਮਾਮਲੇ 'ਚ 3 ਭਾਰਤੀ ਨਾਗਰਿਕਾਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਇਹ ਹੁਕਮ ਇਸ ਹਫ਼ਤੇ ਪੂਰਬੀ ਕੈਲੀਫੋਰਨੀਆ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਵਲੋਂ ਜਾਰੀ ਕੀਤਾ ਗਿਆ ਸੀ। ਦੋਵਾਂ ਮਾਮਲਿਆਂ 'ਚ ਅਦਾਲਤ ਨੇ ਪਾਇਆ ਕਿ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਇਨ੍ਹਾਂ ਵਿਅਕਤੀਆਂ ਨੂੰ ਹਿਰਾਸਤ 'ਚ ਲੈਣ ਲਈ ਨੋਟਿਸ, ਸੁਣਵਾਈ ਜਾਂ ਕਾਨੂੰਨੀ ਜਾਇਜ਼ਤਾ ਪ੍ਰਦਾਨ ਕਰਨ 'ਚ ਅਸਫਲ ਰਿਹਾ।

# ਈਰਾਨ ਤੋਂ ਕਮਰਸ਼ੀਅਲ ਉਡਾਣਾਂ ਰਾਹੀਂ ਵਾਪਸ ਪਹੁੰਚੇ ਕੁਝ ਭਾਰਤੀ ਨਾਗਰਿਕ

ਨਵੀਂ ਦਿੱਲੀ : ਈਰਾਨ 'ਚ ਵਿਗੜਦੇ ਸੁਰੱਖਿਆ ਹਾਲਾਤ ਅਤੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਉਥੇ ਫਸੇ ਭਾਰਤੀ ਨਾਗਰਿਕਾਂ ਦੀ ਵਾਪਸੀ ਸ਼ੁਰੂ ਹੋ ਗਈ। ਬੀਤੇ ਦਿਨ ਦੋ ਕਮਰਸ਼ੀਅਲ ਉਡਾਣਾਂ ਰਾਹੀਂ ਭਾਰਤੀਆਂ ਦਾ ਪਹਿਲਾ ਜਥਾ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ। ਵਤਨ ਵਾਪਸ ਪਰਤੇ ਭਾਰਤੀਆਂ ਨੇ ਈਰਾਨ ਦੇ ਮੌਜੂਦਾ ਹਾਲਾਤ ਨੂੰ ਡਰਾਵਨਾ ਅਤੇ ਚੁਣੌਤੀਪੂਰਨ ਦੱਸਿਆ। ਵਾਪਸ ਪਰਤੇ ਮੁਸਾਫ਼ਰਾਂ ਮੁਤਾਬਿਕ ਪਿਛਲੇ ਦੋ ਹਫ਼ਤਿਆਂ ਤੋਂ ਈਰਾਨ 'ਚ ਪੂਰੀ ਤਰ੍ਹਾਂ ਇੰਟਰਨੈੱਟ ਬਲੈਕਆਊਟ ਸੀ। ਇਸ ਕਾਰਨ ਉਹ ਨਾ ਤਾਂ ਆਪਣੇ ਪਰਿਵਾਰਾਂ ਨੂੰ ਆਪਣੀ ਸਲਾਮਤੀ ਦੀ ਖ਼ਬਰ ਦੇ ਪਾ ਰਹੇ ਸਨ ਅਤੇ ਨਾ ਹੀ ਭਾਰਤੀ ਦੂਤਘਰ ਨਾਲ ਸੰਪਰਕ ਕਰ ਪਾ ਰਹੇ ਸਨ। ਵਾਪਸ ਆਏ ਲੋਕਾਂ ਮੁਤਾਬਿਕ ਪ੍ਰਦਰਸ਼ਨ ਇੰਨੇ ਹਿੰਸਕ ਸਨ ਕਿ ਬਾਹਰ ਨਿਕਲਣਾ ਖ਼ਤਰੇ ਤੋਂ ਘੱਟ ਨਹੀਂ ਸਨ। ਅਜਿਹੇ ਹਾਲਾਤ 'ਚ ਭਾਰਤੀ ਦੂਤਘਰ ਨਾਲ ਸੰਪਰਕ ਸਥਾਪਿਤ ਹੋਣ 'ਤੇ ਨਾਗਰਿਕਾਂ ਨੂੰ ਜਾਣਕਾਰੀਆਂ ਅਤੇ ਬਾਹਰ ਨਿਕਲਣ ਦੇ ਵਿਕਲਪ ਮੁਹੱਈਆ ਕਰਵਾਏ ਗਏ। ਜ਼ਿਕਰਯੋਗ ਹੈ ਕਿ




ਈਰਾਨ ਦੇ ਵਿਗੜਦੇ ਹਾਲਾਤ ਦਰਮਿਆਨ ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਤ੍ਰੈ-ਪੱਧਰੀ ਰਣਨੀਤੀ ਤਿਆਰ ਕੀਤੀ ਹੈ। ਵਿਦੇਸ਼ ਮੰਤਰਾਲਾ ਇਸ ਵੇਲੇ ਉਥੇ ਰਹਿ ਰਹੇ ਭਾਰਤੀਆਂ, ਜਿਨ੍ਹਾਂ 'ਚ ਵੱਡੀ ਗਿਣਤੀ 'ਚ ਵਿਦਿਆਰਥੀ ਹਨ, ਦਾ ਡੇਟਾਬੇਸ ਅਪਡੇਟ ਕਰ ਰਿਹਾ ਹੈ ਅਤੇ ਸਥਿਤੀ ਦੀ ਨਿਗਰਾਨੀ ਲਈ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਭਾਰਤੀ ਦੂਤਘਰ ਵਲੋਂ ਐਮਰਜੈਂਸੀ ਹੈਲਪਲਾਈਨ ਨੰਬਰ ਜਾਰੀ ਕਰ ਕੇ ਨਾਗਰਿਕਾਂ ਨੂੰ ਕਮਰਸ਼ੀਅਲ ਉਡਾਣਾਂ ਜਾਂ ਉਪਲਬਧ ਵਿਕਲਪਾਂ ਰਾਹੀਂ ਫੌਰਨ ਦੇਸ਼ ਛੱਡਣ ਦੀ ਸਲਾਹ ਦਿੱਤੀ ਹੈ। ਨਾਲ ਹੀ ਇਕ ਵੱਡੇ ਬਚਾਅ ਮਿਸ਼ਨ ਦੀ ਰੂਪਰੇਖਾ ਵੀ ਤਿਆਰ ਕੀਤੀ ਹੈ ਜਿਸ ਤਹਿਤ ਲੋੜ ਪੈਣ 'ਤੇ ਹਵਾਈ ਫ਼ੌਜ ਦੇ ਜਹਾਜ਼ਾਂ ਦੀ ਵਰਤੋਂ ਕਰ ਕੇ ਭਾਰਤੀਆਂ ਨੂੰ ਸੁਰੱਖਿਅਤ ਲਿਆਂਦਾ ਜਾ ਸਕੇ।

# ਸਿੱਖਾਂ ਵਿਰੁੱਧ ਹਿੰਸਾ ਸੰਬੰਧੀ ਕਰਵਾਈ ਗਈ ਅੰਤਰਰਾਸ਼ਟਰੀ ਕਾਨਫਰੰਸ

ਲੰਡਨ : ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ 'ਚ ਇਕ ਦਿਨਾ ਕਾਨਫ਼ਰੰਸ ਹੋਈ, ਜੋ ਮੁੱਖ ਤੌਰ 'ਤੇ ਭਾਰਤ 'ਚ ਸਿੱਖਾਂ ਤੇ ਘੱਟ ਗਿਣਤੀਆਂ ਵਿਰੁੱਧ ਹਿੰਸਾ 'ਤੇ ਕੇਂਦਰਿਤ ਰਹੀ। ਇਹ ਕਾਨਫ਼ਰੰਸ ਬਾਕੂ ਇਨੀਸ਼ੀਏਟਿਵ ਗਰੁੱਪ ਵਲੋਂ ਕਰਵਾਈ ਗਈ ਸੀ। ਜਿਸ 'ਚ ਵੱਖ-ਵੱਖ ਦੇਸ਼ਾਂ ਦੇ ਸਿੱਖ ਪ੍ਰਤੀਨਿਧੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ, ਕਾਨੂੰਨੀ ਮਾਹਿਰਾਂ ਤੇ ਸਿਵਲ ਸੋਸਾਇਟੀ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜੂਨ 1984 'ਚ ਸਿੱਖ ਨਸਲਕੁਸ਼ੀ 'ਤੇ ਇਕ ਪ੍ਰਦਰਸ਼ਨੀ ਲਗਾਈ ਗਈ ਤੇ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਗਈ। 1991 'ਚ ਅਜ਼ਰਬਾਈਜਾਨ ਨੂੰ ਸੋਵੀਅਤ ਯੂਨੀਅਨ ਤੋਂ ਆਜ਼ਾਦੀ ਮਿਲਣ ਤੋਂ ਪਹਿਲਾਂ ਜਨਵਰੀ 1990 ਵਿਚ ਬਾਕੂ 'ਚ ਅਜ਼ਰਬਾਈਜਾਨ ਦੇ ਲੋਕਾਂ ਨੇ ਸਰਕਾਰੀ ਤਸ਼ੱਦਦ ਦਾ ਸਾਹਮਣਾ ਕੀਤਾ ਸੀ। ਕਾਨਫ਼ਰੰਸ ਦੀ ਸ਼ੁਰੂਆਤ ਕਰਦਿਆਂ ਬਾਕੂ ਇਨੀਸ਼ੀਏਟਿਵ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਅੱਬਾਸ ਅੱਬਾਸੋਵ ਨੇ ਸਿੱਖ ਪੀੜਤਾਂ ਲਈ ਇਕ ਮਿੰਟ ਦਾ ਮੌਨ ਰੱਖਿਆ ਤੇ ਜੂਨ 2023 'ਚ ਕੈਨੇਡਾ ਵਿਚ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਖ਼ਾਸ ਜ਼ਿਕਰ ਕੀਤਾ। ਇਸ ਕਾਨਫ਼ਰੰਸ ਦੀ ਸੰਚਾਲਨਾ ਸਿੱਖ ਫੈਡਰੇਸ਼ਨ ਕੈਨੇਡਾ ਦੇ ਭਾਈ ਮਨਿੰਦਰ ਸਿੰਘ ਤੇ ਅੱਬਾਸ ਅੱਬਾਸੋਵ ਕੀਤੀ ਤੇ ਪਾਕਿਸਤਾਨ 'ਚ ਪੰਜਾਬ



ਸਰਕਾਰ ਵਿਚ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਮੁੱਖ ਮਹਿਮਾਨ ਵਜੋਂ ਪੇਸ਼ ਹੋਏ। ਯੂ.ਕੇ. ਤੋਂ ਭਾਈ ਦਬਿੰਦਰਜੀਤ ਸਿੰਘ, ਭਾਈ ਜਸਵਿੰਦਰ ਸਿੰਘ ਤੇ ਭਾਈ ਰਣਵੀਰ ਸਿੰਘ ਤੇ ਕੈਨੇਡਾ ਤੋਂ ਭਾਈ ਪ੍ਰਭਜੋਤ ਸਿੰਘ ਅਤੇ ਭਾਈ ਮਨਿੰਦਰ ਸਿੰਘ ਨੇ ਸੰਬੋਧਨ ਕਰਦਿਆਂ 1849 ਵਿਚ ਬਰਤਾਨੀਆ ਵੱਲੋਂ ਸਿੱਖ ਰਾਜ ਨੂੰ ਗੈਰ-ਕਾਨੂੰਨੀ ਢੰਗ ਨਾਲ ਆਪਣੇ ਨਾਲ ਜੋੜਨ ਤੋਂ ਬਾਅਦ, ਆਜ਼ਾਦੀ ਅੰਦੋਲਨ ਲਈ ਸਿੱਖਾਂ ਦੀਆਂ ਕੁਰਬਾਨੀਆਂ, 1947 ਤੋਂ ਬਾਅਦ ਸਿੱਖਾਂ ਨਾਲ ਵਿਸ਼ਵਾਸਘਾਤ, 1984 ਦੀਆਂ ਘਟਨਾਵਾਂ, ਉਸ ਤੋਂ ਬਾਅਦ ਹੋਏ ਕਤਲੇਆਮ ਤੇ ਸਿੱਖਾਂ ਨੂੰ ਪੇਸ਼ ਆ ਰਹੀਆਂ ਚੁਣੌਤੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਕਾਨਫ਼ਰੰਸ ਦੇ ਅੰਤ ਵਿਚ ਅੱਬਾਸ ਅੱਬਾਸੋਵ ਨੇ ਬਾਕੂ ਇਨੀਸ਼ੀਏਟਿਵ ਗਰੁੱਪ ਤੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਵੱਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹਿੰਸਾ ਤੇ ਵਿਤਕਰੇ ਵਿਰੁੱਧ ਫ਼ੈਸਲਾਕੁਨ ਕਾਰਵਾਈ ਕਰਨ ਲਈ ਕਿਹਾ ਗਿਆ।


CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
SAN RAMON
San Ramon
URGENT CARE & CLINIC
LATHROP
Lathrop
URGENT CARE
MAIN STREET
Main Street
URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਸੰਗਤਾਂ ਨੂੰ ਪਤਾ ਹੀ ਹੈ ਕਿ ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਬੰਬਈ ਵਿਚ ਜੋ ਖ਼ਾਲਸਾ ਕਾਲਜ 1 ਜੂਨ 1937 ਤੋਂ ਖੁੱਲ੍ਹਣਾ ਹੈ ਉਸ ਦੀ ਇਮਾਰਤ ਬਣਨੀ ਸ਼ੁਰੂ ਹੋ ਚੁੱਕੀ ਹੈ। ਇਸ ਦੇ ਸਬੰਧ ਵਿਚ ਮਾਸਟਰ ਸੁਜਾਨ ਸਿੰਘ ਜੀ ਜਨਰਲ ਸਕੱਤਰ ਸਰਬ ਹਿੰਦ ਸਿੱਖ ਮਿਸ਼ਨ ਬੰਬਈ ਤੋਂ ਹੋ ਕੇ ਹੁਣੇ ਹੀ ਆਏ ਹਨ। ਉਹ ਦੱਸਦੇ ਹਨ ਕਿ ਇਮਾਰਤ ਦਾ ਕੰਮ ਬੜੇ ਜ਼ੋਰਾਂ ਨਾਲ ਸ਼ੁਰੂ ਹੈ। ਕੁਰਸੀ ਪੱਥਰ ਦੀ ਬਣ ਚੁੱਕੀ ਹੈ ਅਤੇ ਪਹਿਲੀ ਮੰਜ਼ਿਲ ਦੀ ਉਸਾਰੀ ਤਕਰੀਬਨ ਮੁਕੰਮਲ ਹੋ ਚੁੱਕੀ ਹੈ। ਆਸ ਹੈ ਕਿ 31 ਮਾਰਚ ਤੱਕ ਜਦਕਿ ਯੂਨੀਵਰਸਿਟੀ ਦੀ ਸਬ ਕਮੇਟੀ ਨੇ ਇਮਾਰਤ ਦਾ ਮੁਆਇਨਾ ਕਰਨਾ ਹੈ ਬਹੁਤ ਸਾਰਾ ਕੰਮ ਖਤਮ ਹੋ ਜਾਵੇਗਾ। ਹੁਣ ਤੱਕ ਤਕਰੀਬਨ 75000 ਖ਼ਬਰ ਹੋ ਚੁੱਕਾ ਹੈ ਆਸ ਹੈ ਕਿ ਸਾਰਾ ਤਕਰੀਬਨ ਤਿੰਨ ਲੱਖ ਰੁਪਿਆ ਖਰਚ ਹੋਵੇਗਾ। ਸ੍ਰ. ਮਾਨ ਬਾਬਾ ਭੋਲਾ ਸਿੰਘ ਜੀ ਮੀਤ ਪ੍ਰਧਾਨ ਸਰਬ ਹਿੰਦ ਸਿੱਖ ਮਿਸ਼ਨ, ਸ੍ਰ. ਕੇਹਰ ਸਿੰਘ ਜੀ ਸਕੱਤਰ ਸਰਬ-ਹਿੰਦ ਸਿੱਖ ਮਿਸ਼ਨ ਅਤੇ ਸ੍ਰ. ਸੰਤੋਖ ਸਿੰਘ ਜੀ ਇੰਜੀਨੀਅਰ (ਸਾਬਕਾ ਸਕੱਤਰ ਸ੍ਰੀ ਦਰਬਾਰ ਸਾਹਿਬ ਕਮੇਟੀ) ਬੜੀ ਦਿਲਚਸਪੀ ਨਾਲ ਕੰਮ ਕਰਵਾ ਰਹੇ ਹਨ। ਵਿਸਥਾਰਪੂਰਵਕ ਸਮਾਚਾਰ ਖ਼ਾਸ ਹੈ ਕਿ ਮਾਸਟਰ ਜੀ ਆਪ ਫੁਰਸਤ ਮਿਲਣ ਤੇ ਲਿਖਣਗੇ।

ਦਾਸ-ਲਾਲ ਸਿੰਘ

ਸਕੱਤਰ

ਸਰਬ ਹਿੰਦ ਸਿੱਖ ਮਿਸ਼ਨ, ਅੰਮ੍ਰਿਤਸਰ

ਗੁਰਦੁਆਰਾ ਗਜ਼ਟ ਮਾਰਚ 1937

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਨਵੀਂ ਪ੍ਰਚਾਰਕ ਕਲਾਸ ਦਾ ਦਾਖਲਾ ਸੰਗਤਾਂ ਦੀ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਨਵੀਂ ਪ੍ਰਚਾਰਕ ਕਲਾਸ ਦਾ ਦਾਖਲਾ 1 ਅਪ੍ਰੈਲ ਨੂੰ ਹੋਵੇਗਾ। ਦਾਖਲੇ ਦੇ ਚਾਹਵਾਨਾਂ ਦੀਆਂ ਦਰਖਾਸਤਾਂ ਸਰਟੀਫਿਕੇਟਾਂ ਸਮੇਤ 27-2-37 ਤੱਕ ਪ੍ਰਿੰਸੀਪਲ ਸਾਹਿਬ ਦੇ ਨਾਮ ਆ ਜਾਣੀਆਂ ਚਾਹੀਦੀਆਂ ਹਨ ਤੇ ਦਰਖਾਸਤ ਕਰਨ ਵਾਲਿਆਂ ਨੂੰ 28-3-37 ਦਿਨ ਐਤਵਾਰ ਸਵੇਰੇ ਦਾਸ ਵਜੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਆਪਣੇ ਖਰਚ ਤੇ ਇੰਟਰਵਿਊ ਲਈ ਪੁੱਜ ਜਾਣਾ ਚਾਹੀਦਾ ਹੈ। ਇਸ ਕਾਲਜ ਲਈ 'ਸਰਬ ਹਿੰਦ ਸਿੱਖ ਮਿਸ਼ਨ' ਵਲੋਂ ਪੰਦਰਾਂ ਰੁਪਏ ਮਾਹਵਾਰ ਦੇ 20 ਵਜ਼ੀਫੇ ਰੱਖੇ ਗਏ ਹਨ




ਜੋ ਮੁਕਾਬਲੇ ਵਿਚ ਅਵੱਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ। ਕੋਰਸ ਦੋ ਸਾਲ ਦਾ ਹੋਵੇਗਾ। ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਕਮ ਅਜ਼ ਕਮ ਸਿੱਖ ਮੈਟ੍ਰਿਕ ਪਾਸ ਤੇ ਗੁਰਮੁਖੀ ਅੱਛੀ ਤਰ੍ਹਾਂ ਪੜ੍ਹਨੀ ਲਿਖਣੀ ਜਾਣਦਾ ਹੋਵੇ ਤੇ ਉਸ ਦੀ ਉਮਰ 20 ਸਾਲ ਤੋਂ ਘੱਟ ਨਾ ਹੋਵੇ। ਕੁਛ ਇਕ ਵਿਦਿਆਰਥੀ ਬਿਨਾਂ ਮੈਟ੍ਰਿਕ ਪਾਸ ਭੀ ਜੇ ਉਹ ਯੋਗ ਹੋਏ ਤਾਂ ਲਏ ਜਾਣਗੇ। ਦਾਸ-ਹਰਨਾਮ ਸਿੰਘ ਵਾਸਤੇ ਸਕੱਤਰ, ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ

ਗੁਰਦੁਆਰਾ ਗਜ਼ਟ ਅੰਮ੍ਰਿਤਸਰ (44) ਅਪ੍ਰੈਲ 1937

ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਰਿਪੋਰਟ ਪ੍ਰਚਾਰ

ਕਲਕੱਤਾ : ਸਰਦਾਰ ਗੁਰਮੁਖ ਨਿਹਾਲ ਸਿੰਘ ਜੀ ਸਿੱਖ ਮਿਸ਼ਨ ਵਲੋਂ ਸਰਬ ਧਰਮ ਸੰਮੇਲਨ 'ਤੇ ਗਏ, ਜੋ ਕਿ 7 ਮਾਰਚ ਨੂੰ ਸ਼ੁਰੂ ਹੋਇਆ ਸੀ। ਸਿੱਖ ਧਰਮ ਤੇ ਵਿਦਵਤਾ ਭਰਿਆ ਲੈਕਚਰ ਦਿੱਤਾ ਜੋ ਕਿ ਬਹੁਤ ਸਲਾਹਿਆ ਗਿਆ।

ਮਿੰਟਗੁਮਰੀ : ਭਾਈ ਹਰੀ ਸਿੰਘ ਕਿਰਤੀ ਖਾਲੜਾ ਖਬਰ ਦਿੰਦੇ ਹਨ ਕਿ 21-22-23 ਨੂੰ ਚੱਕ ਨੰ. 405 ਈ.ਬੀ ਤਹਿਸੀਲ ਪਾਕਪਟਨ, ਜ਼ਿਲ੍ਹਾ ਮਿੰਟਗੁਮਰੀ ਵਿਚ ਅੰਮ੍ਰਿਤ ਪ੍ਰਚਾਰ ਹੋਇਆ। 72 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਜੰਮੂ : ਭਾਈ ਗੁਰਦਿੱਤ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 21-22-23 ਫਰਵਰੀ 1937 ਨੂੰ ਡੇਹਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਚ ਭਾਰੀ ਦੀਵਾਨ ਸਜਿਆ। ਸਿੱਖ ਮਿਸ਼ਨ ਬਾਰੇ ਹੇਠ ਲਿਖੇ ਮਤੇ ਪੇਸ਼ ਹੋਏ।

1. ਸਰਬ ਹਿੰਦ ਸਿੱਖ ਮਿਸ਼ਨ ਨਾਲ ਮਿਲ ਕੇ ਅਛੂਤ ਉਧਾਰ ਦਾ ਕੰਮ ਜ਼ੋਰਾਂ ਨਾਲ ਕੀਤਾ ਜਾਵੇ।

2. ਉਨ੍ਹਾਂ ਕਰਮਚਾਰੀਆਂ ਤੇ ਘ੍ਰਿਣਾ ਪ੍ਰਗਟ ਕਰਦੇ ਹਾਂ, ਜਿਨ੍ਹਾਂ ਸਿੱਖ ਮਿਸ਼ਨ ਦੇ ਦਫ਼ਤਰਾਂ 'ਤੇ ਛਾਪੇ ਮਰਵਾ ਕੇ ਪ੍ਰਚਾਰ ਦੇ ਕੰਮ ਵਿਚ ਰੋੜਾ ਅਟਕਾਉਣ ਦੀ ਚਾਲ ਚਲੀ ਹੈ।

3. ਸਰਬ-ਹਿੰਦ ਸਿੱਖ ਮਿਸ਼ਨ ਦੇ ਕੀਤੇ ਕੰਮ ਦੀ ਸ਼ਲਾਘਾ ਕਰਦੇ ਹਾਂ, ਕਿ ਨਿਰਪੰਖ ਰਹਿ ਕੇ ਅਛੂਤ ਉਧਾਰ ਦਾ ਕੰਮ ਚਲਾ ਰਿਹਾ ਹੈ।

4. ਮਿਸ਼ਨ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਬਾਹਰ ਸੂਬਿਆਂ ਵਿਚ ਪ੍ਰਚਾਰ 'ਤੇ ਜ਼ੋਰ ਦੇਖਦਿਆਂ ਹੋਇਆਂ, ਪੰਜਾਬ ਵਿਚ ਭੀ ਹਾਈ ਸਕੇਲ 'ਤੇ ਕੰਮ ਚਲਾਇਆ ਜਾਵੇ। **(ਚਲਦਾ)**

# ਚੀਨੀ ਅਰਥਚਾਰਾ 20 ਖਰਬ ਡਾਲਰ ਤੋਂ ਟੱਪਿਆ

## ਚੀਨ ਦੀ ਆਰਥਿਕ ਵਿਕਾਸ ਦਰ 2025 'ਚ ਪੰਜ ਫ਼ੀਸਦ ਰਹੀ



ਪੇਈਚਿੰਗ : ਚੀਨ ਦਾ ਅਰਥਚਾਰਾ ਅਮਰੀਕੀ ਟੈਰਿਫ ਦੇ ਬਾਵਜੂਦ ਮਜ਼ਬੂਤ ਬਰਾਮਦਗੀ ਦੇ ਸਹਾਰੇ ਪਿਛਲੇ ਸਾਲ ਪੰਜ ਫ਼ੀਸਦ ਵਧ ਕੇ 2001 ਅਰਬ ਡਾਲਰ ਤੱਕ ਪਹੁੰਚ ਗਿਆ। ਉਂਝ ਚੀਨ ਲਈ ਘਰੇਲੂ ਖਪਤ 'ਚ ਨਰਮੀ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ।

ਕੌਮੀ ਅੰਕੜਾ ਬਿਊਰੋ ਵੱਲੋਂ ਸੋਮਵਾਰ ਨੂੰ ਜਾਰੀ ਅੰਕੜਿਆਂ ਮੁਤਾਬਕ 2025 'ਚ ਚੀਨ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) 'ਚ ਸਾਲਾਨਾ ਆਧਾਰ 'ਤੇ ਪੰਜ ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ। ਇਹ ਦੇਸ਼ ਦੇ ਕਰੀਬ ਪੰਜ ਫ਼ੀਸਦ ਦੇ ਸਾਲਾਨਾ ਟੀਚੇ ਮੁਤਾਬਕ ਹੀ ਹੈ। ਅੰਕੜਿਆਂ ਮੁਤਾਬਕ ਜੀ ਡੀ ਪੀ 140.1879 ਖਰਬ ਯੂਆਨ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਈ। ਇਹ ਪਹਿਲੀ ਵਾਰ ਹੈ ਜਦੋਂ ਵਿਕਾਸ ਦਰ 20 ਖਰਬ ਡਾਲਰ ਦੇ ਪਾਰ ਪਹੁੰਚੀ ਹੈ। ਘਰੇਲੂ ਚੁਣੌਤੀਆਂ ਕਾਰਨ ਆਖਰੀ ਤਿਮਾਹੀ 'ਚ ਵਿਕਾਸ ਦਰ ਤਿੰਨ ਸਾਲ ਦੇ ਹੇਠਲੇ ਪੱਧਰ 4.5 ਫ਼ੀਸਦ 'ਤੇ ਆ ਗਈ। ਇਹ 2022 ਦੀ ਆਖਰੀ ਤਿਮਾਹੀ ਮਗਰੋਂ ਚੀਨ ਦਾ ਸਭ ਤੋਂ ਸੁਸਤ ਤਿਮਾਹੀ ਵਾਧਾ ਸੀ ਜਦੋਂ ਕੋਵਿਡ-19 ਸੰਕਟ ਕਾਰਨ ਇਸ 'ਚ ਸਿਰਫ ਤਿੰਨ ਫ਼ੀਸਦ ਦਾ ਵਾਧਾ ਹੋਇਆ ਸੀ। ਤਿਮਾਹੀ ਆਧਾਰ 'ਤੇ 2025 ਦੇ ਆਖਰੀ ਤਿੰਨ ਮਹੀਨਿਆਂ 'ਚ ਚੀਨ ਦੇ ਅਰਥਚਾਰੇ 'ਚ 1.2 ਫ਼ੀਸਦ ਦਾ ਵਿਕਾਸ ਦਰਜ ਹੋਇਆ। ਅੰਕੜਿਆਂ ਮੁਤਾਬਕ ਦੇਸ਼ ਦੀ ਪ੍ਰਤੀ ਵਿਅਕਤੀ ਖਰਚ ਯੋਗ ਆਮਦਨ 43,377 ਯੂਆਨ (ਲਗਪਗ 6,192 ਡਾਲਰ) ਸੀ, ਜੋ ਸਾਲਾਨਾ ਆਧਾਰ 'ਤੇ ਪੰਜ ਫ਼ੀਸਦ ਵਧੀ ਹੈ।

# ਲੁਧਿਆਣਾ ਦੇ ਮੋਤੀ ਨਗਰ ਤੋਂ ਦੱਖਣੀ ਆਸਟਰੇਲੀਆ 'ਚ ਐਮਪੀ ਦੀ ਟਿਕਟ ਦਾ ਸਫ਼ਰ

ਲੁਧਿਆਣਾ : ਇੱਥੋਂ ਦੇ ਮੋਤੀ ਨਗਰ ਦੇ ਵਸਨੀਕ ਬਲਦੇਵ (ਸਨੀ) ਸਿੰਘ ਨੇ ਸਨਅਤੀ ਸ਼ਹਿਰ ਦਾ ਮਾਣ ਵਧਾਇਆ ਹੈ। ਲੁਧਿਆਣਾ ਤੋਂ ਬਾਰ੍ਹਵੀਂ ਪਾਸ ਕਰਨ ਤੋਂ ਲੈ ਕੇ ਅਗਾਮੀ ਸੂਬਾਈ ਚੋਣਾਂ ਵਿੱਚ ਦੱਖਣੀ ਆਸਟਰੇਲੀਆ ਰਾਜ ਦੀ ਗਾਈਲਸ ਸੀਟ ਤੋਂ ਲਿਬਰਲ ਪਾਰਟੀ ਦੀ ਉਮੀਦਵਾਰੀ ਲਈ ਨਾਮਜ਼ਦ ਹੋਣ ਤੱਕ ਦਾ ਉਸ ਦਾ ਸਫ਼ਰ ਇੱਕ ਆਮ ਆਦਮੀ ਦੀ ਸ਼ਾਨਦਾਰ ਸਫਲਤਾ ਦੀ ਕਹਾਣੀ ਨੂੰ ਦਰਸਾਉਂਦਾ ਹੈ। ਆਸਟਰੇਲੀਆ ਤੋਂ ਫ਼ੋਨ 'ਤੇ ਗੱਲਬਾਤ ਕਰਦਿਆਂ ਸੰਨੀ ਸਿੰਘ ਨੇ ਦੱਸਿਆ ਕਿ ਉਹ 2008 ਵਿੱਚ ਆਪਣੀ ਪਤਨੀ ਸੋਨੀ ਨਾਲ ਸਟੱਡੀ ਵੀਜ਼ੇ 'ਤੇ ਆਸਟਰੇਲੀਆ ਆਇਆ ਸੀ। ਸਿੰਘ ਨੇ ਮਾਣ ਨਾਲ ਕਿਹਾ, "ਇਹ ਇੱਕ ਲੰਮਾ ਸਫ਼ਰ ਰਿਹਾ ਹੈ। ਮੈਂ ਇੱਕ ਆਮ ਪਰਵਾਸੀ ਵਜੋਂ ਆਇਆ ਸੀ ਅਤੇ ਸ਼ੁਰੂ ਵਿੱਚ ਇੱਕ ਟੈਕਸੀ ਡਰਾਈਵਰ ਵਜੋਂ ਕੰਮ ਕੀਤਾ। ਬਹੁਤ ਮਿਹਨਤ ਤੋਂ ਬਾਅਦ, ਮੈਨੂੰ ਉਸੇ ਕੰਪਨੀ ਦੇ ਮੈਨੇਜਰ ਵਜੋਂ ਤਰੱਕੀ ਦਿੱਤੀ ਗਈ ਜਿੱਥੇ ਮੈਂ ਡਰਾਈਵਰ ਵਜੋਂ ਕੰਮ ਕਰਦਾ ਸੀ, ਅਤੇ ਅੱਜ ਮੈਂ ਕੰਪਨੀ ਦਾ ਮਾਲਕ ਹਾਂ।" ਬਲਦੇਵ (ਸਨੀ) ਸਿੰਘ ਵਰਤਮਾਨ ਵਿੱਚ ਦੱਖਣੀ ਆਸਟਰੇਲੀਆ ਵਿੱਚ ਪੋਰਟ ਔਗਸਟਾ ਸਿਟੀ ਕੌਂਸਲ ਦਾ ਚੁਣਿਆ ਹੋਏ ਮੈਂਬਰ (ਕੌਂਸਲਰ) ਹੈ। ਉਹ ਸਥਾਨਕ ਭਾਈਚਾਰਕ ਵਿਕਾਸ ਦੇ ਕੰਮਾਂ




ਵਿਚ ਸਰਗਰਮ ਹੈ। ਸਿੰਘ ਨੇ ਕਿਹਾ ਹੁਣ ਉਸ ਨੂੰ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿੱਥੇ ਉਹ ਆਪਣਾ ਸੌ ਫੀਸਦ ਦੇਣ ਲਈ ਤਿਆਰ ਹੈ। ਉਸ ਨੇ ਕਿਹਾ, "ਚੋਣਾਂ 21 ਮਾਰਚ ਨੂੰ ਹੋਣੀਆਂ ਹਨ। ਮੁਹਿੰਮ ਰਸਮੀ ਤੌਰ 'ਤੇ ਕੱਲ੍ਹ ਤੋਂ ਸ਼ੁਰੂ ਹੋਵੇਗੀ, ਕਿਉਂਕਿ ਟਿਕਟ ਦਾ ਐਲਾਨ ਦੋ ਦਿਨ ਪਹਿਲਾਂ ਕੀਤਾ ਗਿਆ ਸੀ। ਇੱਥੇ ਇੱਕ ਗੁਰਦੁਆਰਾ ਸਾਹਿਬ ਹੈ ਅਤੇ ਮੈਂ ਬਾਨੀ ਮੈਂਬਰਾਂ ਵਿੱਚੋਂ ਇੱਕ ਹਾਂ। ਇਸ ਤੋਂ ਇਲਾਵਾ ਇਲਾਕੇ ਵਿੱਚ ਕਰੀਬ 15-20 ਸਥਾਈ ਭਾਰਤੀ ਪਰਿਵਾਰ ਹਨ ਅਤੇ ਮੈਨੂੰ ਸਾਰਿਆਂ ਤੋਂ ਚੰਗੇ ਸਮਰਥਨ ਦੀ ਉਮੀਦ ਹੈ।" ਆਸਟਰੇਲੀਆ ਵਿੱਚ ਨਸਲਵਾਦ ਬਾਰੇ ਪੁੱਛਣ 'ਤੇ ਸਿੰਘ ਨੇ ਕਿਹਾ ਕਿ ਇਹ ਬਹੁਤ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੋਈ ਕਿੱਥੇ ਰਹਿੰਦਾ ਹੈ। ਸਿੰਘ ਨੇ ਕਿਹਾ, "ਇੱਕ ਵਿਅਕਤੀ ਨੂੰ ਸਕਾਰਾਤਮਕ ਸੋਚ ਰੱਖਣ ਦੀ ਲੋੜ ਹੈ। ਇਸ ਦੇਸ਼ ਵਿੱਚ ਬਹੁਤ ਵਧੀਆ ਮੌਕੇ ਹਨ। ਮੌਸਮ ਚੰਗਾ ਹੈ ਅਤੇ ਨਾਮਵਰ ਕੰਪਨੀਆਂ ਵਿੱਚ ਕਰਮਚਾਰੀਆਂ ਦੀ ਭਾਰੀ ਮੰਗ ਹੈ।"

ਆਪਣੀ ਸਖ਼ਤ ਮਿਹਨਤ ਅਤੇ ਲੋਕਾਂ ਨਾਲ ਮਜ਼ਬੂਤ ਸਾਂਝ ਕਰਕੇ ਸੰਨੀ ਸਿੰਘ ਪੋਰਟ ਔਗਸਟਾ ਤੋਂ ਲਗਾਤਾਰ ਦੋ ਵਾਰ ਕੌਂਸਲਰ ਚੁਣਿਆ ਗਿਆ। ਉਹ 23 ਤੋਂ ਵੱਧ ਟੈਕਸੀਆਂ, 35 ਟੈਂਪੂ ਟਰੈਵਲਰਾਂ ਅਤੇ ਵਪਾਰਕ ਟਰੈਕਟਰਾਂ ਦੀ ਫਲੀਟ ਨਾਲ ਆਪਣੀ ਟਰੈਵਲ ਕੰਪਨੀ ਚਲਾਉਂਦਾ ਹੈ ਹਨ। ਲਿਬਰਲ ਪਾਰਟੀ ਨਾਲ ਕੌਂਸਲਰ ਵਜੋਂ ਆਪਣੇ ਸੱਤ ਸਾਲਾਂ ਦੇ ਕਾਰਜਕਾਲ ਦੌਰਾਨ ਉਸ ਨੇ ਆਪਣੀ ਕਾਬਲੀਅਤ ਸਾਬਤ ਕੀਤੀ ਹੈ। ਇਹੀ ਵਜ ?ਹਾ ਹੈ ਕਿ ਉਸ ਨੂੰ ਅਗਾਮੀ ਸੂਬਾਈ ਚੋਣਾਂ ਲਈ ਪਾਰਟੀ ਦਾ ਉਮੀਦਵਾਰ ਚੁਣਿਆ ਗਿਆ। ਉਸ ਦੇ ਪਿਤਾ ਜਗਜੀਤ ਸਿੰਘ, ਮਾਂ ਅਤੇ ਭੈਣ ਜੋ ਅਜੇ ਵੀ ਲੁਧਿਆਣਾ ਵਿੱਚ ਰਹਿੰਦੇ ਹਨ, ਨੂੰ ਉਸ ਦੀ ਪ੍ਰਾਪਤੀਆਂ 'ਤੇ ਮਾਣ ਹੈ।

# ਕੈਨੇਡਾ ਦੇ ਪੈਰਾ ਸਕੀਅਰਾਂ ਨੇ ਕਰਵਾਈ ਬੱਲੇ-ਬੱਲੇ! ਦੋ ਸੋਨੇ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ

ਵੈਨਕੂਵਰ : ਆਸਟਰੀਆ ਦੇ ਸਾਲਬਾਖ ਸ਼ਹਿਰ ਵਿੱਚ ਹੋਏ ਪੈਰਾ ਐਲਪਾਈਨ ਸਕੀ ਵਰਲਡ ਕੱਪ ਮੁਕਾਬਲਿਆਂ ਦੌਰਾਨ ਕੈਨੇਡਾ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੇਸ਼ ਦਾ ਨਾਮ ਰੌਸ਼ਨ ਕਰਕੇ ਬੱਲੇ-ਬੱਲੇ ਕਰਵਾ ਛੱਡੀ ਹੈ। ਕੁਰਟ ਓਟਵੇ ਅਤੇ ਮੌਲੀ ਜੈਪਸਨ ਨੇ ਸੋਨੇ ਦੇ ਤਮਗ਼ੇ ਜਿੱਤੇ, ਜਦਕਿ ਐਲੈਕਸਿਸ ਗੀਮੋਂਡ ਨੇ ਕਾਂਸੀ ਦਾ ਤਮਗ਼ਾ ਵੀ ਆਪਣੇ ਨਾਮ ਕੀਤਾ। ਕੁਰਟ ਓਟਵੇ ਨੇ ਮਰਦਾਂ ਦੀ ਬੈਠ ਕੇ ਕੀਤੀ ਜਾਣ ਵਾਲੀ ਸੁਪਰ-ਜੀ ਦੌੜ ਵਿੱਚ ਪਹਿਲਾ



ਸਥਾਨ ਪ੍ਰਾਪਤ ਪ੍ਰਾਪਤ ਕੀਤਾ। ਇਹ ਕਾਮਯਾਬੀ ਉਸਦੇ ਲਈ ਹੋਰ ਵੀ ਖ਼ਾਸ ਰਹੀ ਕਿਉਂਕਿ ਇਸ ਤੋਂ ਇੱਕ ਦਿਨ ਪਹਿਲਾਂ ਉਹ ਆਪਣੇ ਸੀਜ਼ਨ ਦੀ ਪਹਿਲੀ ਦੌੜ ਵਿੱਚ ਕਾਂਸੀ ਦਾ ਤਮਗ਼ਾ ਜਿੱਤ ਚੁੱਕਾ ਸੀ। ਇਸੇ ਤਰ੍ਹਾਂ ਮਹਿਲਾ ਵਰਗ ਵਿੱਚ ਮੌਲੀ ਜੈਪਸਨ ਨੇ ਸ਼ਾਨਦਾਰ ਦੌੜ ਲਗਾਉਂਦਿਆਂ ਸੋਨ੍ਹੇ ਦਾ ਤਮਗ਼ਾ ਜਿੱਤ ਕੇ ਕੈਨੇਡਾ ਦੀ ਪੈਰਾ ਸਕੀ ਟੀਮ ਦੀ ਕਾਮਯਾਬੀ ਨੂੰ ਹੋਰ ਮਜ਼ਬੂਤ ਕੀਤਾ। ਇੱਕ ਹੋਰ ਕੈਨੇਡੀਅਨ ਖਿਡਾਰੀ ਐਲੈਕਸਿਸ ਗੀਮੋਂਡ ਨੇ ਵੀ ਆਪਣੀ ਕਾਬਲੀਅਤ ਦਾ ਸਬੂਤ ਦਿੰਦਿਆਂ ਕਾਂਸੀ ਦਾ ਤਮਗ਼ਾ ਜਿੱਤਿਆ, ਜਿਸ ਨਾਲ ਕੈਨੇਡਾ ਲਈ ਇਹ ਵਰਲਡ ਕੱਪ ਮੁਕਾਬਲਾ ਬਹੁਤ ਸ਼ਾਨਦਾਰ ਰਿਹਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਕਾਰਨ :**

1. ਜ਼ਿਆਦਾ ਭਾਰ।
2. ਬਹੁਤ ਜ਼ਿਆਦਾ ਕੁੱਦਣਾ।
3. ਉੱਚੀ ਨੀਵਲ ਸਤਹ (ਜਗ੍ਹਾ) ਦੇ ਭੱਜਣਾ।
4. ਫ਼ਲੈਟ ਫ਼ੁੱਟ (ਚਪਟਾ ਪੈਰ)।

**ਰੋਕਥਾਮ/ਬਚਾਅ :**

1. ਅੱਡੀ ਅਤੇ ਪੈਰ ਦੇ ਹੇਠਲੀਆਂ ਮਾਸਪੇਸ਼ੀਆਂ ਨੂੰ ਹੌਲੀ ਹੌਲੀ ਖਿੱਚਣ ਦੀ ਕਸਰਤ ਕਰੋ।
2. ਆਪਣੇ ਭਾਰ ਨੂੰ ਕਾਬੂ ਵਿੱਚ ਰੱਖੋ।
3. ਵਧੀਆ ਕਿਸਮ ਦੇ ਜੁੱਤੇ ਪਹਿਨੋ, ਜਿਨ੍ਹਾਂ ਦੀ ਆਰਕ (ਚਾਪ) ਵਧੀਆ ਹੋਵੇ।

**ਘਰੇਲੂ ਇਲਾਜ :**

1. ਜੇਕਰ ਦਰਦ ਬਹੁਤ ਜ਼ਿਆਦਾ ਹੈ ਜਾਂ ਅੱਡੀ ਵਿੱਚ ਸੋਜ਼ਿਸ਼ ਹੈ ਤਾਂ ਇਸ ਉੱਤੇ ਬਰਫ਼ ਰੱਖੋ ਅਤੇ ਅੱਡੀ ਨੂੰ ਆਰਾਮ ਦਿਓ।
2. ਆਪਣੀਆਂ ਜੁੱਤੀਆਂ ਨੂੰ ਸਹਾਰਾ ਦੇਣ ਲਈ ਪੈਰਾਂ ਦੀ ਆਰਚ ਵਧਾਉਣ ਵਾਲੀ ਚਾਪ ਜੁੱਤੀ ਦੇ ਅੰਦਰ ਪਾਓ।
3. ਐਸਪੀਰਿਨ ਅਤੇ ਆਈਬੂਪ੍ਰੋਫ਼ਿਨ ਦਰਦ ਅਤੇ ਸੋਜ਼ਿਸ਼ ਘਟਾਉਣ ਵਿੱਚ ਮੱਦਦਗਾਰ ਹਨ।
4. ਜੇਕਰ ਦਰਦ ਹੈ ਤਾਂ ਦੌੜੋ ਨਾ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਅੱਡੀ ਦੇ ਦਰਦ ਦੇ ਨਾਲ ਨਾਲ ਬੁਖ਼ਾਰ ਜਾਂ ਸੁੰਨਾਪਣ ਹੈ।
2. ਜਦੋਂ ਅੱਡੀ ਵਿੱਚ ਦਰਦ ਬੈਠੇ ਹੋਏ ਜਾਂ ਲੇਟੇ ਹੋਏ ਵੀ ਹੋਈ ਜਾਵੇ।
3. ਘਰੇਲੂ ਇਲਾਜ ਕਰਨ 'ਤੇ ਵੀ ਤੁਹਾਡਾ ਦਰਦ ਠੀਕ ਨਹਲ ਹੋ ਰਿਹਾ।




**ਜੋੜਾਂ ਦੀ ਮੋਚ**

**(ਸਪ੍ਰੇਨ)**

**ਕਾਰਨ :**

ਜੋੜ ਦੇ ਆਲੇ-ਦੁਆਲੇ ਦੀਆਂ ਮਾਸਪੇਸ਼ੀਆਂ ਅਤੇ ਲੀਗਾਮੈਂਟਾਂ (ਜੋ ਹੱਡੀਆਂ ਨੂੰ ਆਪਸ ਵਿੱਚ ਜੋੜਦੇ ਹਨ) ਵਿੱਚ ਬਹੁਤ ਜ਼ਿਆਦਾ ਖਿਚਾਅ ਪੈਣ ਕਾਰਨ ਮੋਚ ਪੈ ਸਕਦੀ ਹੈ।

**ਲੱਛਣ :**

ਮੋਚ (ਸਪ੍ਰੇਨ) ਹੋਣ 'ਤੇ ਜੋੜ ਦੇ ਆਲੇ-ਦੁਆਲੇ ਸੋਜ਼ਿਸ਼ ਅਤੇ ਦਰਦ ਹੁੰਦਾ ਹੈ।

**ਰੋਕਥਾਮ/ਬਚਾਅ :**

1. ਅਚਾਨਕ ਅਤੇ ਝਟਕੇ ਨਾਲ ਭਾਰੀ ਵਜ਼ਨ ਨਾ ਉਠਾਓ।
2. ਜਦੋਂ ਭਾਰ ਉਠਾਉਣਾ ਹੋਵੇ, ਪਹਿਲਾਂ ਆਪਣੇ ਗੋਡੇ ਝੁਕਾਉਂਦੇ ਹੋਏ ਪਿੱਠ ਸਿੱਧੀ ਰੱਖੋ ਅਤੇ ਭਾਰ ਉਠਾਉਂਦੇ ਹੋਏ ਹੌਲੀ ਹੌਲੀ ਖੜ੍ਹੇ ਹੋਵੋ।
3. ਉੱਚੀ ਨੀਵਲ ਜਗ੍ਹਾ 'ਤੇ ਧਿਆਨ ਰੱਖੋ।

**ਘਰੇਲੂ ਇਲਾਜ :**

ਮੋਚ ਆਉਣ ਦੀ ਹਾਲਤ ਵਿੱਚ ਦਰਦ ਅਤੇ ਸੱਟ ਦਾ ਜਲਦ ਤੋਂ ਜਲਦ ਇਲਾਜ ਕਰੋ :

1. ਆਰ.ਆਈ.ਸੀ.ਈ. (ਰੈਸਟ (ਆਰਾਮ), ਆਈਸ (ਬਰਫ਼), ਕੰਪ੍ਰੈਸ਼ਨ (ਘੁੱਟਣਾ), ਐਲੀਵੇਸ਼ਨ (ਉਠਾਉਣਾ) ਦਾ ਤਰੀਕਾ :

(ੳ) ਰੈਸਟ (ਆਰਾਮ) : ਬੈਸਾਖੀਆਂ ਜਾਂ ਕੋਈ ਵੀ ਸਹਾਰਾ ਲੈਂਦੇ ਹੋਏ ਜ਼ਖ਼ਮੀ ਹੋਏ ਜੋੜ 'ਤੇ ਭਾਰ ਨਾ ਪੈਣ ਦਿਓ ।

(ਅ) ਆਈਸ (ਬਰਫ਼) : ਠੰਡ ਨਾਲ ਦਰਦ ਤੇ ਸੋਜ਼ਿਸ਼ ਘੱਟ ਹੋਵੇਗੀ।

(ੲ) ਕੰਪ੍ਰੈਸ਼ਨ (ਘੁੱਟਣਾ) : ਪੱਟੀ ਜਾਂ ਕੱਪੜੇ ਨਾਲ ਸੱਟ ਵਾਲੇ ਜੋੜ ਨੂੰ ਘੁੱਟ ਕੇ ਬੰਨ੍ਹੋ।

(ਸ) ਐਲੀਵੇਸ਼ਨ (ਉਠਾਉਣਾ) : ਜ਼ਖ਼ਮੀ ਹਿੱਸੇ ਨੂੰ ਸਿਰਹਾਣੇ ਉੱਤੇ ਰੱਖ ਕੇ ਜਾਂ ਹੋਰ ਢੰਗ ਨਾਲ ਉੱਚਾ ਚੁੱਕੋ।

2. ਐਸਪੀਰਿਨ ਅਤੇ ਆਈਬੂਪ੍ਰੋਫ਼ਿਨ ਦਰਦ ਤੇ ਸੋਜ਼ਿਸ਼ ਵਿੱਚ ਮੱਦਦਗਾਰ ਹਨ।

ਵਾਰ-ਵਾਰ ਹੋਣ ਵਾਲੀ ਮੋਚ ਤੋਂ ਬਚਾਅ (ਐਮ.ਐਸ.ਏ. ਤਰੀਕਾ) :

1. ਐਮ - ਮੂਵਮੈਂਟ (ਹਿੱਲਣਾ-ਜੁੱਲਣਾ) : 1-2 ਦਿਨ ਆਰਾਮ ਕਰ ਕੇ ਫਿਰ ਕੰਮ-ਕਾਰ ਨੂੰ ਦੁਬਾਰਾ ਸ਼ੁਰੂ ਕਰੋ।
2. ਐਸ - ਸਟ੍ਰੈਂਥ (ਤਾਕਤ) : ਜੋੜਾਂ ਨੂੰ ਤਾਕਤਵਰ ਬਣਾਉਣ ਲਈ ਰੋਜ਼ਾਨਾ ਕਸਰਤ ਕਰੋ।
3. ਏ - ਆਲਟਰਨੇਟ ਐਕਟੀਵਿਟੀਜ਼ (ਹੋਰ ਗਤੀਵਿਧੀਆਂ) : ਦਰਦ ਅਤੇ ਸੋਜ਼ਿਸ਼ ਦੇ ਠੀਕ ਹੋ ਜਾਣ 'ਤੇ ਰੋਜ਼ਾਨਾ ਕਸਰਤ ਸ਼ੁਰੂ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਜ਼ਖ਼ਮੀ ਹੋਇਆ ਹਿੱਸਾ ਘੁੰਮ ਜਾਂ ਮੁੜ ਗਿਆ ਹੈ, ਇਹ ਹੱਡੀ ਦਾ ਟੁੱਟਣਾ ਹੋ ਸਕਦਾ ਹੈ।
2. ਜੇਕਰ ਜ਼ਖ਼ਮੀ ਹੋਇਆ ਹਿੱਸਾ ਕਾਲਾ ਜਾਂ ਨੀਲਾ ਹੈ (ਇਹ ਖ਼ੂਨ ਵਗਣ ਦੀ ਨਿਸ਼ਾਨੀ ਹੈ)।
3. ਘਰੇਲੂ ਇਲਾਜ ਤੋਂ ਦੋ ਦਿਨ ਬਾਅਦ ਵੀ ਜੇਕਰ ਸੋਜ਼ਿਸ਼ ਤੇ ਦਰਦ ਅਜੇ ਵੀ ਬਹੁਤ ਜ਼ਿਆਦਾ ਹੈ।

**ਹੱਡੀਆਂ ਦਾ ਖ਼ੁਰਨਾ**

**(ਔਸਟੀਓਪੋਰੋਸਿਸ)**

ਹੱਡੀਆਂ ਦੇ ਖ਼ੁਰਨ (ਔਸਟੀਓਪੋਰੋਸਿਸ) ਨੂੰ 'ਬਰਿੱਟਲ ਬੋਨ ਬਿਮਾਰੀ' ਵੀ ਕਿਹਾ ਜਾਂਦਾ ਹੈ। ਇਹ ਇੱਕ ਬੁਢਾਪੇ ਵਿੱਚ ਹੋਣ ਵਾਲੀ ਹੱਡੀਆਂ ਦੀ ਬਿਮਾਰੀ ਹੈ, ਜਿਸ ਨਾਲ ਹੱਡੀਆਂ ਨਰਮ ਤੇ ਕਮਜ਼ੋਰ ਹੋ ਜਾਂਦੀਆਂ ਹਨ। ਇਹ ਨਰਮ ਤੇ ਕਮਜ਼ੋਰ ਹੱਡੀਆਂ ਆਸਾਨੀ ਨਾਲ ਟੁੱਟ ਜਾਂਦੀਆਂ ਹਨ ਅਤੇ ਦਰਦ ਕਰਦੀਆਂ ਹਨ। ਇਹ ਔਰਤਾਂ ਵਿੱਚ ਆਮ ਹੈ, ਪਰ ਪੁਰਸ਼ਾਂ ਵਿੱਚ ਵੀ ਪਾਈ ਜਾਂਦੀ ਹੈ। ਖ਼ਾਸ ਐਕਸ-ਰੇ ਨਾਲ ਇਸਦਾ ਪਤਾ ਲਗਾਇਆ ਜਾ ਸਕਦਾ ਹੈ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਲੰਡਨ: ਮੱਥੇ 'ਤੇ ਤਿਲਕ ਲਾਉਣ ਕਰਕੇ ਅੱਠ ਸਾਲਾ ਬੱਚਾ ਸਕੂਲ ਛੱਡਣ ਲਈ ਮਜਬੂਰ

## ਬਰਤਾਨਵੀ ਹਿੰਦੂ ਭਾਈਚਾਰੇ ਵੱਲੋਂ ਵਿਰੋਧੀ

ਚੰਡੀਗੜ੍ਹ : ਲੰਡਨ ਵਿੱਚ ਅੱਠ ਸਾਲਾ ਹਿੰਦੂ ਵਿਦਿਆਰਥੀ ਨੂੰ ਮੱਥੇ 'ਤੇ ਲਾਏ ਤਿਲਕ ਕਰਕੇ ਸਕੂਲ ਬਦਲਣ ਲਈ ਮਜਬੂਰ ਕੀਤਾ ਗਿਆ। ਇਕ ਨਿਊਜ਼ ਚੈਨਲ ਨੇ ਆਪਣੀ ਰਿਪੋਰਟ ਵਿਚ ਬ੍ਰਿਟਿਸ਼ ਹਿੰਦੂ ਅਤੇ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਸਮਾਜਿਕ ਸੰਸਥਾ 'ਇਨਸਾਈਟ ਯੂਕੇ' ਦੇ ਹਵਾਲੇ ਨਾਲ ਕਿਹਾ ਕਿ ਲੰਡਨ ਦੇ ਵਿਕਾਰ'ਜ਼ ਗ੍ਰੀਨ ਪ੍ਰਾਇਮਰੀ ਸਕੂਲ ਦੇ ਸਟਾਫ ਨੇ ਬੱਚੇ ਨੂੰ ਆਪਣੀ ਇਸ ਧਾਰਮਿਕ ਰਵਾਇਤ ਬਾਰੇ ਸਮਝਾਉਣ ਅਤੇ ਜਾਇਜ਼ ਠਹਿਰਾਉਣ ਲਈ ਕਿਹਾ ਗਿਆ। ਸਮਾਜਿਕ ਸੰਸਥਾ ਨੇ ਸਕੂਲ ਸਟਾਫ਼ ਦੀ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਗੈਰਵਾਜਬ ਦੱਸਿਆ। ਰਿਪੋਰਟ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸਕੂਲ ਦੇ ਹੈੱਡ ਟੀਚਰ ਨੇ ਛੁੱਟੀ ਸਮੇਂ ਦੌਰਾਨ ਬੱਚੇ 'ਤੇ ਇਸ ਤਰ੍ਹਾਂ ਨਜ਼ਰ ਰੱਖੀ ਕਿ ਉਹ ਡਰ ਗਿਆ। ਇਸੇ ਡਰ ਕਰਕੇ ਉਸ ਨੇ ਖੇਡਣਾ ਛੱਡ ਦਿੱਤਾ ਤੇ ਖ਼ੁਦ ਨੂੰ ਆਪਣੇ ਹੋਰਨਾਂ ਸਾਥੀਆਂ ਨਾਲੋਂ ਵੱਖ ਕਰ ਲਿਆ। ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਬੱਚੇ ਨੂੰ ਸਕੂਲ ਵਿਚ ਜ਼ਿੰਮੇਵਾਰੀ ਵਾਲੇ ਅਹੁਦਿਆਂ ਤੋਂ ਸਿਰਫ਼ ਉਸ ਦੇ ਧਾਰਮਿਕ ਰੀਤੀ ਰਿਵਾਜਾਂ ਕਰਕੇ ਹਟਾ ਦਿੱਤਾ ਗਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇਕਰ ਇਹ ਸਾਬਤ ਹੋ ਜਾਂਦਾ ਹੈ, ਤਾਂ ਇਹ ਸਮਾਨਤਾ ਐਕਟ 2010 ਦੇ ਤਹਿਤ ਸਿੱਧਾ ਧਾਰਮਿਕ ਵਿਤਕਰਾ ਹੋਵੇਗਾ।

ਰਿਪੋਰਟ ਮੁਤਾਬਕ ਬੱਚੇ ਦੇ ਮਾਪਿਆਂ ਨੇ ਮੱਥੇ 'ਤੇ ਤਿਲਕ ਲਾਉਣ ਦੀ ਹਿੰਦੂ ਪ੍ਰਥਾ ਦੀ ਧਾਰਮਿਕ ਮਹੱਤਤਾ ਬਾਰੇ ਸਮਝਾਉਣ ਲਈ ਹੈੱਡ ਟੀਚਰ ਅਤੇ ਸਕੂਲ ਗਵਰਨਰ ਨਾਲ ਗੱਲਬਾਤ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ। ਹਾਲਾਂਕਿ ਇਨ੍ਹਾਂ ਕੋਸ਼ਿਸ਼ਾਂ ਨੂੰ ਕਥਿਤ ਖਾਰਜ ਕਰ ਦਿੱਤਾ ਗਿਆ। ਸਕੂਲ ਲੀਡਰਸ਼ਿਪ ਨੇ ਹਿੰਦੂ ਧਾਰਮਿਕ ਰੀਤੀ-ਰਿਵਾਜਾਂ ਨੂੰ ਸਵੀਕਾਰ ਕਰਨ ਜਾਂ ਸਮਝਣ ਦੀ ਇੱਛਾ ਨਹੀਂ ਦਿਖਾਈ। ਸਮਾਜਿਕ ਸੰਸਥਾ ਨੇ ਇਹ ਵੀ ਦੱਸਿਆ ਕਿ ਸਕੂਲ ਵਿੱਚ ਕਥਿਤ ਧਾਰਮਿਕ ਵਿਤਕਰੇ ਨੇ ਘੱਟੋ-ਘੱਟ ਚਾਰ ਬੱਚਿਆਂ ਨੂੰ ਸਕੂਲ ਛੱਡਣ ਲਈ ਮਜਬੂਰ ਕੀਤਾ ਹੈ।



# ਚੰਦਰੇ ਚਿੱਟੇ ਨੇ ਕਾਲਾ ਕੀਤਾ ਮਾਂ ਦਾ ਭਵਿੱਖ; ਨਸ਼ੇ ਦੀ ਭੇਟ ਚੜ੍ਹੇ 6 ਜਵਾਨ ਪੁੱਤ

## ਨਸ਼ਿਆਂ ਦੇ ਭੇਟ ਚੜ੍ਹੇ ਪਰਿਵਾਰ ਦੇ ਸੱਤ ਜੀਅ; ਸਰਕਾਰ ਦੀ 'ਨਸ਼ੇ ਵਿਰੁੱਧ ਜੰਗ' ਮੁਹਿਮ 'ਤੇ ਚੁੱਕੇ ਸਵਾਲ





ਲੁਧਿਆਣਾ/ਜਗਰਾਉ : ਨਸ਼ਿਆਂ ਦਾ ਕੋਹੜ ਇੱਕ ਹਰੇ ਭਰੇ ਪਰਿਵਾਰ ਦੀ ਜੜ੍ਹ ਵਿੱਚ ਇਸ ਤਰ੍ਹਾਂ ਬੈਠਿਆ ਕਿ ਇੱਕ ਮਾਂ ਦੇ ਛੇ ਪੁੱਤਾਂ ਨੂੰ ਜਵਾਨੀ ਵਿੱਚ ਹੀ ਲੈ ਗਿਆ। ਖੇਤਰ ਵਿੱਚ ਚੱਲ ਰਹੀ ਨਸ਼ਿਆਂ ਦੀ ਮਹਾਂਮਾਰੀ ਕਾਰਨ ਕਥਿਤ ਤੌਰ 'ਤੇ ਆਪਣੇ ਸਾਰੇ ਛੇ ਪੁੱਤਰਾਂ ਨੂੰ ਗੁਆਉਣ ਤੋਂ ਬਾਅਦ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ।

ਛਿੰਦਰ ਕੌਰ ਦੇ ਪਰਿਵਾਰ ਦਾ ਆਖਰੀ ਪੁੱਤਰ ਜਸਵੀਰ ਸਿੰਘ (20) ਇਸ ਹਫ਼ਤੇ ਦੇ ਸ਼ੁਰੂ ਵਿੱਚ ਇੱਕ ਨਹਿਰ ਦੇ ਕਿਨਾਰੇ ਮ੍ਰਿਤਕ ਹਾਲਤ ਵਿੱਚ ਮਿਲਿਆ ਸੀ, ਜਿਸਦੀ ਮੌਤ ਕਥਿਤ ਤੌਰ 'ਤੇ ਨਸ਼ੇ ਦੀ ਵੱਧ ਮਾਤਰਾ (ਓਵਰਡੋਜ਼) ਲੈਣ ਕਾਰਨ ਹੋਈ ਸੀ। ਪਿੰਡ ਸ਼ੇਰੇਵਾਲ ਦੇ ਇਸ ਪਰਿਵਾਰ ਦੀ ਮੁਖੀ ਛਿੰਦਰ ਕੌਰ ਨੇ ਇੱਕ ਦਹਾਕੇ ਤੋਂ ਉਸ ਅੰਦਰ ਪਲ ਰਹੇ ਦਰਦ ਬਾਰੇ ਦੱਸਦਿਆਂ ਕਿਹਾ ਕਿ ਉਸ ਦਾ ਪਤੀ ਮੁਖਤਿਆਰ ਸਿੰਘ ਸ਼ਰਾਬ ਪੀਣ ਦਾ ਆਦੀ ਸੀ ਅਤੇ ਉਸ ਨੇ ਕਥਿਤ ਤੌਰ 'ਤੇ 2012 ਵਿੱਚ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ।

ਛਿੰਦਰ ਕੌਰ ਆਖਦੀ ਹੈ ਕਿ ਇਸ ਮਗਰੋਂ ਉਸ ਨੇ ਆਪਣੇ ਹੱਥੀ ਸਾਰੇ ਛੇ ਪੁੱਤਰਾਂ ਦਾ ਸਸਕਾਰ ਕੀਤਾ ਹੈ। ਉਸ ਨੇ ਭਰੇ ਮਨ ਨਾਲ ਦੱਸਿਆ ਕਿ ਕੁਲਵੰਤ ਸਿੰਘ (34) ਦੀ ਕਥਿਤ ਤੌਰ 'ਤੇ 2013 ਵਿੱਚ ਨਸ਼ਿਆਂ ਕਾਰਨ ਮੌਤ ਹੋ ਗਈ ਸੀ, ਮਾਰਚ 2021 ਵਿੱਚ ਗੁਰਦੀਪ ਸਿੰਘ, ਜੁਲਾਈ 2021 ਵਿੱਚ ਜਸਵੰਤ ਸਿੰਘ, ਜਨਵਰੀ 2022 ਵਿੱਚ ਰਾਜੂ ਸਿੰਘ, ਮਾਰਚ 2023 ਵਿੱਚ ਬਲਜੀਤ ਸਿੰਘ ਤੇ ਹੁਣ ਚੰਦਰਾ ਨਸ਼ਾ ਘਰ ਦੇ ਆਖਰੀ ਜਵਾਨ ਪੁੱਤ ਜਸਵੀਰ ਸਿੰਘ ਨੂੰ ਵੀ ਲੈ ਬੈਠਿਆ।

ਰਿਪੋਰਟਾਂ ਅਨੁਸਾਰ ਜਸਵੀਰ ਇੱਕ ਹੋਰ ਵਿਅਕਤੀ ਦੇ ਨਾਲ ਸੀ ਜਦੋਂ ਉਹ ਨਸ਼ਾ ਕਰਨ ਤੋਂ ਬਾਅਦ ਬੇਹੋਸ਼ ਹੋ ਗਿਆ ਅਤੇ ਉਸ ਸਾਥੀ ਨੇ ਕਥਿਤ ਤੌਰ 'ਤੇ ਉਸ ਨਾਲ ਨਸ਼ੇ ਦਾ ਟੀਕਾ ਲਗਾਉਣ ਦੀ ਗੱਲ ਕਬੂਲੀ ਹੈ ਅਤੇ ਬਾਅਦ ਵਿੱਚ ਘਬਰਾਉਂਦਿਆਂ ਮੌਕੇ ਤੋਂ ਫਰਾਰ ਹੋ ਗਿਆ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਦੋ ਵਿਅਕਤੀਆਂ ਦੇ ਖ਼ਿਲਾਫ਼ ਗੈਰ-ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇੱਕ ਔਰਤ ਵੀ ਸ਼ਾਮਲ ਹੈ ਜਿਸ 'ਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦਾ ਦੋਸ਼ ਹੈ।

ਛਿੰਦਰ ਕੌਰ ਨੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਆਲੋਚਨਾ ਕਰਦਿਆਂ ਨਸ਼ਿਆਂ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਉਸ ਨੇ ਭੇ ਮਨ ਨਾਲ ਕਿਹਾ, "ਚਿੱਟਾ ਬੰਦ ਨਹੀਂ ਹੋਇਆ। ਨਸ਼ਾ ਵੇਚਣ ਵਾਲੇ ਫੜੇ ਜਾਂਦੇ ਹਨ ਪਰ ਬਾਅਦ ਵਿੱਚ ਰਿਹਾਅ ਹੋ ਜਾਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਨਸ਼ਾ ਬੰਦ ਹੋਵੇ ਤਾਂ ਜੋ ਹੋਰ ਪਰਿਵਾਰ ਇਸ ਨਾ ਮਿਟਣ ਵਾਲੇ ਦਰਦ ਤੋਂ ਬਚ ਸਕਣ। ਅਸੀਂ ਨਸ਼ਿਆਂ ਕਾਰਨ ਆਪਣਾ ਪੂਰਾ ਪਰਿਵਾਰ ਗਵਾ ਲਿਆ ਹੈ। ਇਹ ਦਰਦਨਾਕ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਦੂਜੇ ਬਚ ਜਾਣ।

ਕੌਰ ਨੇ ਦੋਸ਼ ਲਾਇਆ ਕਿ ਉਸ ਦੇ ਛੇ ਪੁੱਤਰਾਂ ਦੀ ਮੌਤ ਤੋਂ ਬਾਅਦ ਨਾ ਤਾਂ ਇਲਾਕਾ ਵਿਧਾਇਕ ਅਤੇ ਨਾ ਹੀ ਕੋਈ ਸੀਨੀਅਰ ਪੁਲੀਸ ਅਧਿਕਾਰੀ ਉਨ੍ਹਾਂ ਦੀ ਬਾਤ ਪੁੱਛਣ ਆਇਆ। ਸਥਾਨਕ ਭਾਈਚਾਰੇ ਨੇ ਨਸ਼ਾ ਸਪਲਾਈ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤੇ ਹਨ, ਜੋ ਪੰਜਾਬ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੇ ਵਿਆਪਕ ਸੰਕਟ ਨੂੰ ਉਜਾਗਰ ਕਰਦੇ ਹਨ। ਹੁਣ ਪਰਿਵਾਰ ਵਿੱਚ ਉਸ ਦੀ ਇੱਕ ਨੂੰਹ ਅਤੇ ਇੱਕ ਪੋਤਾ ਰਹਿ ਗਏ ਹਨ।

# ਪਾਠਾਂ ਦੀਆਂ 'ਕੋਤਰੀਆਂ ਤੇ 'ਲੜੀਆਂ' ਮਰਿਆਦਾ ਨਾਲ ਲੜੀਆਂ !

ਵੋਟ-ਭੁੱਖ ਕਾਰਨ ਪਏ ਹੋਏ ਪੰਜਾਬ ਵਿਚਲੇ ਅਜੋਕੇ ਰਾਜ-ਰੌਲੇ ਵਿਚ ਸਿੱਖ ਪੰਥ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਨਾਮ ਨਾਲ ਬੋਲੇ ਜਾ ਰਹੇ 'ਲਾਪਤਾ' 'ਚੋਰੀ ਹੋ ਗਏ' ਜਾਂ 'ਭ੍ਰਿਸ਼ਟਾਚਾਰ' ਜਿਹੇ ਸ਼ਬਦ ਸੁਣਕੇ ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦਿਆਂ 'ਤੇ ਸੱਟ ਵੱਜਦੀ ਹੈ। ਕਦੇ ਸਮਾਂ ਸੀ ਆਮ ਗੁਰਦੁਆਰੇ ਵਿੱਚ ਗੁਰੂ ਮਹਾਰਾਜ ਦਾ ਇੱਕ ਹੀ ਸਰੂਪ ਹੁੰਦਾ ਸੀ ਪਰ ਹੁਣ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਸੱਤਰ-ਅੱਸੀ ਜਾਂ ਸੈਂਕੜਿਆਂ ਤੋਂ ਵੀ ਵੱਧ ਸਰੂਪ ਮੌਜੂਦ ਹਨ। ਕਾਰਨ ? ਕਿਉਂਕਿ ਸੰਗਤ ਨੇ ਘਰਾਂ ਵਿਚ ਅਖੰਡ ਪਾਠ ਕਰਵਾਉਣੇ ਬਹੁਤ ਘੱਟ ਕਰ ਦਿੱਤੇ ਅਤੇ ਇਨ੍ਹਾਂ 'ਅਸਥਾਨਾਂ' ਵਿਚ ਹੁਣ ਅਖੰਡ ਪਾਠਾਂ ਦੀਆਂ ਲੜੀਆਂ ਚੱਲਣ ਲੱਗ ਪਈਆਂ।

ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਤਾਂ ਸਾਡੀ ਕੌਮ ਨੇ ਜਮਾਂ ਈ ਪਿੱਠ ਦਿੱਤੀ ਹੋਈ ਹੈ ਇਸ ਕਰਕੇ ਉਹਦੇ ਵਿੱਚੋਂ ਅਖੰਡ ਪਾਠ ਬਾਰੇ ਕੋਈ ਹਵਾਲੇ ਦੇਣ ਦੀ ਬਜਾਏ ਕੁੱਝ ਗੱਲਾਂ ਲੜੀਆਂ ਬਾਰੇ ਹੀ ਕਰ ਲਈਏ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਕਦੇ ਉਹ ਵੀ ਸਮਾਂ ਸੀ ਜਦ ਕੋਈ ਗੁਰੂ ਨਾਨਕ ਨਾਮ ਲੇਵਾ ਆਪਣੇ ਘਰੇ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਉਂਦਾ ਸੀ ਤਾਂ ਭੋਗ ਉਪਰੰਤ ਘਰ ਦਾ ਮੁਖੀਆ ਮਹਾਰਾਜ ਦਾ ਸਰੂਪ ਸਿਰ 'ਤੇ ਲੈ ਕੇ ਘਰ ਦੇ ਹਰ ਕਮਰੇ ਵਿਚ ਘੁੰਮਦਾ ਹੁੰਦਾ ਸੀ। ਪਰ ਹੁਣ ਅਮੀਰੀ ਨੇ ਸ਼ਰਧਾ ਸਤਿਕਾਰ ਘਟਾ ਦਿੱਤੇ ਅਤੇ ਸ਼ਰਧਾਲੂ ਜਨ ਪਿੰਡ ਦੇ ਗੁਰਦੁਆਰੇ ਜਾਂ ਕਿਸੇ ਲਾਗਲੇ ਡੇਰੇ ਵਿਚ 'ਲੜੀ' ਜਾਂ 'ਕੋਤਰੀ' ਸ਼ੁਰੂ ਹੋਣ 'ਤੇ ਉੱਥੇ ਹੀ ਨਿਰਧਾਰਤ ਮਾਇਆ ਜਮ੍ਹਾਂ ਕਰਾ ਦਿੰਦੇ ਹਨ ਬੀਬੀਆਂ ਵੀ ਖੁਸ਼ ਅਤੇ ਬੀਬੇ ਵੀ ਵਿਹਲੇ!

ਪਾਠੀ ਸਿੰਘ ਦੱਸਦੇ ਨੇ ਕਿ ਲੜੀਆਂ ਚਲਾਉਣ ਵਾਲੇ ਪ੍ਰਬੰਧਕ ਸ਼ਰਧਾਲੂਆਂ ਪਾਸੋਂ ਤਾਂ ਖੁੱਲ੍ਹੀ ਮਾਇਆ ਲੈਂਦੇ ਹਨ ਪਰ ਪਾਠੀ ਸਿੰਘਾਂ ਨੂੰ ਭੇਟਾ 'ਹੱਥ ਘੁੱਟ ਕੇ' ਦਿੰਦੇ ਹਨ। ਮਾਇਕ ਪੱਖੋਂ ਲੋੜਵੰਦ ਪਾਠੀ ਸਿੰਘ ਵਿਚਾਰੇ ਪ੍ਰਬੰਧਕਾਂ ਮੋਹਰੇ ਕੋਈ ਉਜ਼ਰ ਨਹੀਂ ਕਰਦੇ।

ਲੜੀਆਂ ਵਿਚ ਪਾਠ ਕਰਨ ਵਾਲੇ ਪਾਠੀਆਂ ਨੇ ਬਾਣੀ ਦੀ ਸੰਥਿਆ ਲਈ ਹੋਈ ਹੈ ਜਾਂ ਨਹੀਂ ? ਇਹਦਾ ਪਤਾ ਨਾ ਅਖੰਡ ਪਾਠ ਕਰਾਉਣ ਵਾਲੇ ਕਰਦੇ ਹਨ ਅਤੇ ਨਾ ਹੀ ਪ੍ਰਬੰਧਕ। ਇਸ ਦਾ ਫੈਦਾ ਉਠਾਉਂਦਿਆਂ ਧੂਫੀਏ ਵੀ 'ਪਾਠੀ' ਬਣ ਕੇ ਰੌਲਾਂ ਲਾਈ ਜਾਂਦੇ ਹਨ। ਅੱਗੇ ਪਾਠੀਆਂ ਵਿਚ ਵੀ ਕਈ 'ਠੇਕੇਦਾਰ' ਬਣ ਜਾਂਦੇ ਹਨ ਜੋ ਪਾਠੀ ਸਿੰਘਾਂ ਨੂੰ ਲੜੀ ਵਿਚਲੇ ਪਾਠਾਂ ਦੀਆਂ ਡਿਊਟੀਆਂ ਦਿੰਦੇ ਹਨ! ਅਜਿਹੇ ਠੇਕੇਦਾਰ ਸਿਰਫ ਉਤਲੀ ਦੇਖ-ਰੇਖ ਹੀ ਕਰਦੇ ਹਨ ਅਖੰਡ ਪਾਠ ਵਿਚ ਕੋਈ ਰੌਲ ਨਹੀਂ ਲਾਉਂਦੇ!

ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੜ੍ਹੀਆਂ ਜਾਂ ਸਮਾਧਾਂ ਉੱਤੇ ਗੁਰੂ ਮਹਾਰਾਜ ਸਰੂਪ ਲੈਜਾਣ 'ਤੇ ਪਾਬੰਦੀ ਲਾਈ ਗਈ ਤਾਂ ਬਹੁਤੇ ਡੇਰਿਆਂ, ਖਾਸ ਕਰਕੇ ਦੁਆਬੇ ਵਿਚਲੇ ਜਠੇਰਿਆਂ ਵਾਲਿਆਂ ਨੇ ਅਖੰਡ ਪਾਠਾਂ ਵਾਸਤੇ ਵੱਖਰੇ ਹਾਲ ਬਣਾ ਲਏ।

ਅਜਿਹੇ 'ਧਾਰਮਿਕ ਅਸਥਾਨਾਂ' ਵਿਚ ਭਾਵੇਂ ਪੰਜਾਹ ਪੰਜਾਹ ਅਖੰਡ ਪਾਠ ਅਰੰਭ ਹੋਏ ਹੋਣ ਪਰ ਲੰਗਰ ਆਦਿ ਦੀ ਅਰਦਾਸ ਮੜ੍ਹੀ ਜਾਂ ਸਮਾਧ ਅੱਗੇ ਥਾਲ ਪਰੋਸ ਕੇ ਕੀਤੀ ਜਾਂਦੀ ਹੈ। ਇੱਥੇ ਹੀ ਬੱਸ ਨਹੀਂ ਅਰੰਭ ਜਾਂ ਭੋਗ ਵੇਲੇ ਕੀਤੀ ਜਾਂਦੀ ਅਰਦਾਸ ਵਿਚ ਮੜ੍ਹੀ/ਸਮਾਧ ਵਾਲੇ ਬਾਬੇ ਦਾ ਉਚੇਚਾ ਨਾਂ ਲਿਆ ਜਾਂਦਾ ਹੈ-'ਧੰਨ ਧੰਨ ਬਾਬਾ ਫਲਾਣਾ ਜੀ ਮਹਾਰਾਜ..!'

ਅਜਿਹੇ ਡੇਰਿਆਂ ਵਿਚ ਅਖੰਡ ਪਾਠਾਂ ਦੀ ਗਿਣਤੀ ਵੀ ਆਏ ਸਾਲ ਵਧੀ ਜਾਂਦੀ ਹੈ ਅਤੇ ਗੁਰਮਤਿ ਮਰਿਆਦਾ ਦਾ ਘਾਣ ਵੀ ਨਿਰੰਤਰ ਹੁੰਦਾ ਰਹਿੰਦਾ ਹੈ। ਇਕ ਡੇਰੇ ਵਿਚ ਮੈਂ ਅੱਖੀਂ ਦੇਖਿਆ ਕਿ ਲੜੀ ਦੇ ਪ੍ਰਬੰਧਕ ਸ਼ਰਧਾਲੂਆਂ ਨੂੰ ਦੋ ਦੋ ਰਮਾਲੇ ਲਿਆਉਣ ਲਈ ਕਹਿ ਸਨ-ਇਕ ਗੁਰੂ ਮਹਾਰਾਜ ਤੇ ਦੂਜਾ ਮੜ੍ਹੀ ਜਾਂ ਸਮਾਧ ਉੱਤੇ ਦੇਣ ਲਈ।

ਪਹਿਲੋਂ-ਪਹਿਲ ਤਾਂ ਲੜੀਆਂ ਵਾਸਤੇ ਆਂਢ ਗੁਆਂਢ ਦੇ ਪਿੰਡਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਕੱਠੇ ਕੀਤੇ ਜਾਂਦੇ ਸਨ ਪਰ ਜਦ ਪਿੰਡਾਂ ਦੀਆਂ ਕਮੇਟੀਆਂ ਵਾਲੇ ਚੜ੍ਹਾਵੇ ਦੀ ਮੰਗ ਕਰਨ ਲੱਗ ਪਏ ਤਦ ਲੜੀ-ਪ੍ਰਬੰਧਕਾਂ ਨੇ ਆਪਣੇ ਡੇਰੇ ਵਿਚ ਹੀ ਸੱਚਖੰਡ ਅਸਥਾਨ ਬਣਾ ਕੇ ਵੱਡੀ ਗਿਣਤੀ ਵਿਚ ਮਹਾਰਾਜ ਦੇ ਸਰੂਪ ਰੱਖਣੇ ਸ਼ੁਰੂ ਕਰ ਦਿੱਤੇ।

ਇਨ੍ਹਾਂ ਡੇਰਿਆਂ ਜਠੇਰਿਆਂ ਦੀ ਗੱਲ ਤਾਂ ਇਕ ਪਾਸੇ ਰਹੀ ਅਖੰਡ ਪਾਠਾਂ ਦੀਆਂ ਲੜੀਆਂ (ਕੁੱਝ ਵੱਖਰੇ ਢੰਗ ਨਾਲ) ਇਤਿਹਾਸਕ ਅਤੇ ਦੇਸ-ਵਿਦੇਸ਼ ਦੇ ਗੁਰਦੁਆਰਿਆਂ ਵਿਚ ਵੀ ਚੱਲਦੀਆਂ ਹਨ। ਮਰਿਆਦਾ ਜਾਂ ਗੁਰਮਤਿ ਸਿਧਾਂਤ ਬਾਰੇ ਸਵਾਲ ਕਰਨ ਵਾਲਿਆਂ ਨੂੰ ਪ੍ਰਬੰਧਕ ਸੱਜਣ ਠੋਕ ਕੇ ਕਹਿ ਦਿੰਦੇ ਹਨ ਕਿ ਸ਼ਰਧਾਲੂ ਅਖੰਡ ਪਾਠਾਂ ਲਈ ਮਾਇਆ ਭੇਜਦੇ ਹਨ, ਅਸੀਂ ਕੁੱਝ ਨੀ ਕਰ ਸਕਦੇ। ਇਸ ਵਿਸ਼ੇ ਬਾਰੇ ਬਹੁਤ ਸੰਕੋਚ ਨਾਲ ਲਿਖਿਆ ਹੈ ਨਹੀਂ ਤਾਂ ਹੋਰ ਬਹੁਤ ਕੁੱਝ ਅਜਿਹਾ ਹੋ ਰਿਹਾ ਹੈ ਜਿਸਨੂੰ ਲਿਖਦਿਆਂ ਗੁਰੇਜ਼ ਕਰਨਾ ਪੈਂਦਾ।

ਸ਼ਬਦ-ਗੁਰੂ ਦੇ ਪੁਜਾਰੀ, ਬੰਦਿਆਂ ਦੇ ਬੰਦੇ ਬਣੇ ਹੋਏ ਹਨ-

'ਝੁਕਦਾ ਹੈ ਜੋ ਬੰਦੇ ਅੱਗੇ ਉਸਦੀ ਕੀਮਤ ਕੁੱਝ ਵੀ ਨਹੀਂ,
ਲਾਹਣਤ ਹੈ ਉਸ ਬੰਦੇ ਉੱਤੇ
ਜੋ ਬੰਦੇ ਦਾ ਬੰਦਾ ਹੈ!'

ਭੁੱਲ-ਚੁੱਕ ਦੀ ਖਿਮਾਂ

# ਟਰੰਪ ਨੇ ਅੱਠ ਯੂਰਪੀ ਦੇਸ਼ਾਂ 'ਤੇ ਟੈਕਸ ਕਿਉਂ ਲਾਇਆ ?

## ਗਰੀਨਲੈਂਡ 'ਤੇ ਕਬਜ਼ਾ ਕਿਉਂ ਕਰਨਾ ਚਾਹੁੰਦਾ ਹੈ ਅਮਰੀਕਾ



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ੍ਰੀਨਲੈਂਡ ਨੂੰ ਕੌਮੀ ਸੁਰੱਖਿਆ ਲਈ ਮਹੱਤਵਪੂਰਨ ਦੱਸਿਆ ਹੈ। ਟਰੰਪ ਅਕਸਰ ਜਨਤਕ ਮੰਚਾਂ 'ਤੇ ਗ੍ਰੀਨਲੈਂਡ ਦੇ ਕੰਟਰੋਲ ਦੀ ਗੱਲ ਕਰਦੇ ਰਹੇ ਹਨ। ਹਾਲ ਹੀ ਵਿੱਚ, ਟਰੰਪ ਨੇ ਉਨ੍ਹਾਂ ਯੂਰਪੀ ਦੇਸ਼ਾਂ 'ਤੇ 10 ਫੀਸਦੀ ਟੈਕਸ ਲਾਉਣ ਦਾ ਐਲਾਨ ਕੀਤਾ ਹੈ ਜਿਹੜੇ ਅਮਰੀਕਾ ਦੇ ਗ੍ਰੀਨਲੈਂਡ 'ਤੇ ਕਬਜ਼ੇ ਵਿਰੁੱਧ ਹਨ।

**ਕਿਉਂ ਮਹੱਤਵਪੂਰਨ ਹੈ ਗ੍ਰੀਨਲੈਂਡ ?**

ਆਰਕਟਿਕ ਖੇਤਰ ਵਿੱਚ ਸਥਿਤ ਗ੍ਰੀਨਲੈਂਡ ਨਾਟੋ ਮੈਂਬਰ ਡੈਨਮਾਰਕ ਦਾ ਇੱਕ ਅਰਧ-ਖ਼ੁਦਮੁਖਤਿਆਰ ਖੇਤਰ ਹੈ। ਭੂਗੋਲਿਕ ਹਾਲਾਤ ਇਸ ਨੂੰ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਬਣਾਉਂਦੇ ਹਨ। ਉੱਤਰੀ ਅਟਲਾਂਟਿਕ, ਆਰਕਟਿਕ ਮਹਾਂਸਾਗਰ ਅਤੇ ਰੂਸ ਨਾਲ ਇਸ ਦੀ ਨੇੜਤਾ ਇਸ ਦੀ ਫੌਜੀ ਅਤੇ ਨਿਗਰਾਨੀ ਸਮਰੱਥਾਵਾਂ ਨੂੰ ਵਿਸ਼ੇਸ਼ ਬਣਾਉਂਦੀ ਹੈ।

**ਫੌਜ ਭੇਜ ਕੇ ਕਬਜ਼ਾ ਮੁਸ਼ਕਲ ਕਿਉਂ ਹੈ:**

**ਪਹਿਲਾ ਕਾਰਨ :** ਗ੍ਰੀਨਲੈਂਡ 'ਤੇ ਕਬਜ਼ਾ ਕਰਨ ਲਈ ਅਮਰੀਕੀ ਫੌਜਾਂ ਭੇਜਣਾ ਨਾ ਸਿਰਫ਼ ਇੱਕ ਫੌਜੀ ਫੈਸਲਾ ਹੋਵੇਗਾ, ਸਗੋਂ ਇੱਕ ਗੰਭੀਰ ਕਾਨੂੰਨੀ ਅਤੇ ਸਿਆਸੀ ਟਕਰਾਅ ਵੀ ਹੋਵੇਗਾ। ਸਭ ਤੋਂ ਵੱਡੀ ਰੁਕਾਵਟ ਸੱਤਾ ਨਾਲ ਸਬੰਧਤ ਹੈ। ਡੈਨਮਾਰਕ ਦੀ ਸਹਿਮਤੀ ਤੋਂ ਬਿਨਾਂ ਉੱਥੇ ਕੀਤੀ ਗਈ ਕੋਈ ਵੀ ਫੌਜੀ ਕਾਰਵਾਈ ਅੰਤਰਰਾਸ਼ਟਰੀ ਕਾਨੂੰਨ ਤਹਿਤ ਸਿੱਧਾ ਹਮਲਾ ਮੰਨਿਆ ਜਾਵੇਗਾ।

**ਦੂਜਾ ਕਾਰਨ :** ਦੂਜਾ ਅਤੇ ਹੋਰ ਵੀ ਮਹੱਤਵਪੂਰਨ ਕਾਰਨ ਨਾਟੋ ਹੈ। ਅਮਰੀਕਾ ਅਤੇ ਡੈਨਮਾਰਕ ਦੋਵੇਂ ਨਾਟੋ ਮੈਂਬਰ ਹਨ। ਨਾਟੋ ਸੰਧੀ ਦੇ ਆਰਟੀਕਲ 5 ਅਨੁਸਾਰ, ਇੱਕ ਮੈਂਬਰ 'ਤੇ ਹਮਲਾ ਪੂਰੇ ਗੱਠਜੋੜ 'ਤੇ ਹਮਲਾ ਮੰਨਿਆ ਜਾਂਦਾ ਹੈ। ਇਸ ਲਈ, ਗ੍ਰੀਨਲੈਂਡ ਵਿੱਚ ਜ਼ਬਰਦਸਤੀ ਅਮਰੀਕੀ ਫੌਜੀ ਕਾਰਵਾਈ ਅਮਰੀਕਾ ਨੂੰ ਆਪਣੇ ਫੌਜੀ ਗੱਠਜੋੜ ਵਿਰੁੱਧ ਖੜ੍ਹਾ ਕਰ ਦੇਵੇਗੀ, ਜੋ ਕਿ ਚੁਣੌਤੀਪੂਰਨ ਹੋਵੇਗਾ।

**ਤੀਜਾ ਕਾਰਨ :** ਤੀਜਾ ਵੱਡਾ ਪਹਿਲੂ ਸਥਾਨਕ ਵਿਰੋਧ ਹੈ। ਗ੍ਰੀਨਲੈਂਡ ਦੇ ਲੋਕ ਅਤੇ ਸਿਆਸੀ ਲੀਡਰਸ਼ਿਪ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਅਮਰੀਕੀ ਕਬਜ਼ੇ ਨੂੰ ਸਵੀਕਾਰ ਨਹੀਂ ਕਰਨਗੇ। ਰਾਜਧਾਨੀ ਨੂਕ ਵਿੱਚ ਅਮਰੀਕੀ ਕੌਂਸਲੇਟ ਦੇ ਬਾਹਰ ਹੋਏ ਵੱਡੇ ਪ੍ਰਦਰਸ਼ਨ ਇਹ ਦਰਸਾਉਂਦੇ ਹਨ ਕਿ ਸਥਾਨਕ ਪੱਧਰ 'ਤੇ ਕਿਸੇ ਵੀ ਦਬਾਅ ਜਾਂ ਸੌਦੇ ਦੀ ਗੁੰਜਾਇਸ਼ ਬਹੁਤ ਘੱਟ ਹੈ।

**ਟੈਰਿਫ, ਆਰਥਿਕ ਦਬਾਅ, ਫੌਜੀ ਨਹੀਂ :** ਗ੍ਰੀਨਲੈਂਡ ਮੁੱਦੇ 'ਤੇ ਅਮਰੀਕਾ ਦੇ ਰੁਖ਼ ਦਾ ਵਿਰੋਧ ਕਰਨ ਵਾਲੇ ਯੂਰਪੀ ਦੇਸ਼ਾਂ 'ਤੇ 10 ਫੀਸਦ ਦਰਾਮਦ ਟੈਰਿਫ ਦੇ ਐਲਾਨ ਨੂੰ ਆਰਥਿਕ ਦਬਾਅ ਦੀ ਰਣਨੀਤੀ ਵਜੋਂ ਦੇਖਿਆ ਜਾ ਰਿਹਾ ਹੈ। ਟੈਕਸ ਲਾਉਣ ਵਾਲੇ ਦੇਸ਼ਾਂ ਵਿਚ ਨੀਦਰਲੈਂਡ ਅਤੇ ਫਿਨਲੈਂਡ ਸਮੇਤ ਅੱਠ ਯੂਰਪੀ ਦੇਸ਼ ਸ਼ਾਮਲ ਹਨ।

**ਯੂਰਪੀਅਨ ਯੂਨੀਅਨ ਅਤੇ ਨਾਟੋ ਦੀਆਂ ਵਧਦੀਆਂ ਚਿੰਤਾਵਾਂ :** ਯੂਰਪੀਅਨ ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕੈਲਾਸ ਨੇ ਚਿਤਾਵਨੀ ਦਿੱਤੀ ਹੈ ਕਿ ਸੰਯੁਕਤ ਰਾਜ ਅਤੇ ਯੂਰਪ ਵਿਚਕਾਰ ਵਧ ਰਹੇ ਮਤਭੇਦ ਸਿੱਧੇ ਤੌਰ 'ਤੇ ਚੀਨ ਅਤੇ ਰੂਸ ਨੂੰ ਲਾਭ ਪਹੁੰਚਾ ਸਕਦੇ ਹਨ।

ਯੂਰਪੀਅਨ ਯੂਨੀਅਨ ਕੌਂਸਲ ਦੇ ਪ੍ਰਧਾਨ ਐਂਟੋਨੀਓ ਕੋਸਟਾ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਵੀ ਡੈਨਮਾਰਕ ਅਤੇ ਗ੍ਰੀਨਲੈਂਡ ਨਾਲ ਇਕਜੁੱਟਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਟੈਰਿਫ ਵਰਗੇ ਉਪਾਅ ਟਰਾਂਸਐਟਲਾਂਟਿਕ ਸਬੰਧਾਂ ਨੂੰ ਕਮਜ਼ੋਰ ਕਰਨਗੇ ਅਤੇ ਸਹਿਯੋਗ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਣਗੇ।

**ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਅੰਦਰ ਅਸਹਿਮਤੀ :** ਟਰੰਪ ਦੀ ਨੀਤੀ ਦਾ ਸੰਯੁਕਤ ਰਾਜ ਅਮਰੀਕਾ ਦੇ ਅੰਦਰ ਵੀ ਵਿਰੋਧ ਹੋ ਰਿਹਾ ਹੈ। ਅਮਰੀਕੀ ਸੈਨੇਟਰ ਮਾਰਕ ਕੈਲੀ ਨੇ ਚਿਤਾਵਨੀ ਦਿੱਤੀ ਕਿ ਸਹਿਯੋਗੀਆਂ 'ਤੇ ਟੈਰਿਫ ਲਗਾਉਣਾ ਅੰਤ ਵਿੱਚ ਅਮਰੀਕੀ ਖਪਤਕਾਰਾਂ 'ਤੇ ਭਾਰੀ ਪਵੇਗਾ ਅਤੇ ਅਮਰੀਕਾ ਦੀ ਵਿਸ਼ਵਵਿਆਪੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਏਗਾ।

ਯੂਰਪ ਵਿੱਚ ਟਰੰਪ ਦੇ ਨਜ਼ਦੀਕੀ ਮੰਨੇ ਜਾਣ ਵਾਲੇ ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਓ ਮੇਲੋਨੀ ਨੇ ਵੀ ਇਸ ਫੈਸਲੇ ਨੂੰ ਇੱਕ ਰਣਨੀਤਕ ਗਲਤੀ ਕਿਹਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਹੈ ਕਿ ਯੂਰਪੀਅਨ ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਫੈਸਲਾ ਗਲਤ ਹੈ ਅਤੇ ਇਸ ਨੂੰ ਅਮਰੀਕਾ ਨਾਲ ਮਿਲ ਕੇ ਜ਼ੋਰਦਾਰ ਢੰਗ ਨਾਲ ਚੁੱਕਿਆ ਜਾਵੇਗਾ।

**ਕੀ ਨਾਟੋ ਦੀ ਏਕਤਾ ਖ਼ਤਰੇ ਵਿੱਚ ਹੈ ?**

ਇਸ ਸਮੇਂ ਨਾਟੋ ਦੇ ਢਹਿਣ ਦੀਆਂ ਕਿਆਸਰਾਈਆਂ ਘੱਟ ਹਨ ਪਰ ਇਹ ਵਿਵਾਦ ਗੱਠਜੋੜ ਦੇ ਅੰਦਰ ਡੂੰਘੇ ਹੋ ਰਹੇ ਪਾੜ ਨੂੰ ਉਜਾਗਰ ਕਰ ਰਿਹਾ ਹੈ। ਜੇਕਰ ਅਮਰੀਕਾ ਆਪਣੇ ਸਹਿਯੋਗੀਆਂ 'ਤੇ ਆਰਥਿਕ ਅਤੇ ਰਾਜਨੀਤਕ ਦਬਾਅ ਵਧਾਉਂਦਾ ਰਿਹਾ, ਤਾਂ ਨਾਟੋ ਦੀ ਏਕਤਾ ਕਮਜ਼ੋਰ ਹੋ ਸਕਦੀ ਹੈ।

**ਫ਼ੋਨ ਕਾਲ ਵਿੱਚ ਸਪਸ਼ਟ ਸੁਨੇਹਾ :** ਡੈਨਮਾਰਕ ਦੇ ਪ੍ਰਧਾਨ ਮੰਤਰੀ ਮੇਟੇ ਫਰੈਡਰਿਕਸਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫ਼ੋਨ 'ਤੇ ਗੱਲਬਾਤ ਕੀਤੀ। ਕਾਲ ਦੌਰਾਨ, ਫਰੈਡਰਿਕਸਨ ਨੇ ਟਰੰਪ ਨੂੰ ਦੱਸਿਆ ਕਿ ਸਿਰਫ਼ ਗ੍ਰੀਨਲੈਂਡ ਦੇ ਲੋਕ ਹੀ ਗ੍ਰੀਨਲੈਂਡ ਦੇ ਭਵਿੱਖ ਦਾ ਫੈਸਲਾ ਕਰਨਗੇ। ਗੱਲਬਾਤ ਦੌਰਾਨ ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਮੂਟੇ ਏਗੇਡੇ ਨੇ ਫਿਰ ਕਿਹਾ ਕਿ ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਗ੍ਰੀਨਲੈਂਡ 'ਤੇ ਅਮਰੀਕਾ ਦੇ ਕੰਟਰੋਲ ਦਾ ਵਿਰੋਧ ਕਰਨ 'ਤੇ ਉਹ ਅੱਠ ਯੂਰਪੀ ਦੇਸ਼ਾਂ ਦੇ ਸਾਮਾਨ 'ਤੇ ਫਰਵਰੀ ਤੋਂ 10 ਪ੍ਰਤੀਸ਼ਤ ਟੈਕਸ ਲਗਾਉਣਗੇ।

ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਜੇ ਸੰਯੁਕਤ ਰਾਜ ਅਮਰੀਕਾ ਵੱਲੋਂ ਗ੍ਰੀਨਲੈਂਡ ਮਾਮਲਾ ਸਿਰੇ ਨਾ ਚੜ੍ਹਿਆ ਤਾਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂਨਾਈਟਿਡ ਕਿੰਗਡਮ, ਨੀਦਰਲੈਂਡ ਅਤੇ ਫਿਨਲੈਂਡ ਨੂੰ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ ਜੋ 1 ਜੂਨ ਨੂੰ ਵਧਾ ਕੇ 25 ਫੀਸਦੀ ਕਰ ਦਿੱਤਾ ਜਾਵੇਗਾ।

# ਔਕਸਫੈਮ ਵੱਲੋਂ ਭਾਰਤੀ ਰਾਖਵਾਂਕਰਨ ਪ੍ਰਣਾਲੀ ਦੀ ਸ਼ਲਾਘਾ

## ਆਮ ਲੋਕਾਂ ਨੂੰ ਸਿਆਸੀ ਤੌਰ 'ਤੇ ਤਾਕਤਵਰ ਬਣਾਉਣ ਲਈ ਦਿੱਤੀ ਭਾਰਤ ਦੀ ਮਿਸਾਲ

ਦਾਵੋਸ : ਦੁਨੀਆ ਭਰ ਵਿੱਚ ਸਿਆਸਤ 'ਤੇ ਅਰਬਪਤੀਆਂ ਦੇ ਵਧਦੇ ਕਬਜ਼ੇ ਉਪਰ ਚਿੰਤਾ ਪ੍ਰਗਟ ਕਰਦਿਆਂ ਮਨੁੱਖੀ ਅਧਿਕਾਰ ਗਰੁੱਪ ਆਕਸਫੈਮ ਨੇ ਭਾਰਤ ਦੀ ਰਾਖਵਾਂਕਰਨ ਪ੍ਰਣਾਲੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਮ ਲੋਕਾਂ ਨੂੰ ਸਿਆਸੀ ਤੌਰ 'ਤੇ ਤਾਕਤਵਰ ਬਣਾਉਣ ਦੀ ਇਹ ਅਸਰਅੰਦਾਜ਼ ਮਿਸਾਲ ਹੈ। ਵਿਸ਼ਵ ਆਰਥਿਕ ਮੰਚ ਦੀ ਸਾਲਾਨਾ ਮੀਟਿੰਗ ਦੇ ਪਹਿਲੇ ਦਿਨ ਜਾਰੀ ਕੀਤੀ ਆਪਣੀ ਸਾਲਾਨਾ ਨਾਬਰਾਬਰੀ ਰਿਪੋਰਟ ਵਿੱਚ ਔਕਸਫੈਮ ਇੰਟਰਨੈਸ਼ਨਲ ਨੇ ਕਿਹਾ ਕਿ ਅਰਬਪਤੀਆਂ ਦੇ ਸਿਆਸੀ ਅਹੁਦਿਆਂ 'ਤੇ ਕਾਬਜ਼ ਹੋਣ ਦੀ ਸੰਭਾਵਨਾ ਆਮ ਨਾਗਰਿਕਾਂ ਨਾਲੋਂ 4,000 ਗੁਣਾ ਜ਼ਿਆਦਾ ਹੁੰਦੀ ਹੈ।

'ਬਹੁਗਿਣਤੀ ਦੀ ਸ਼ਕਤੀ' ਕਾਇਮ ਕਰਨ ਦੀ ਵਕਾਲਤ ਕਰਦਿਆਂ ਆਕਸਫੈਮ ਨੇ ਕਿਹਾ ਕਿ ਆਮ ਲੋਕ ਉਸ ਸਿਆਸੀ ਪ੍ਰਣਾਲੀ ਵਿੱਚ ਤਾਕਤਵਰ ਬਣਦੇ ਹਨ, ਜਿੱਥੇ ਰਾਜਨੀਤਕ, ਸੰਸਥਾਗਤ ਅਤੇ ਸਮਾਜਿਕ ਸਥਿਤੀਆਂ ਢਾਂਚਾਗਤ ਨਾਬਰਾਬਰੀ ਦੇ ਬਾਵਜੂਦ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਉਨ੍ਹਾਂ ਦੀ ਸਮਰੱਥਾ ਨੂੰ ਵਧਾਉਂਦੀਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, "ਇਹ ਉਦੋਂ ਹੁੰਦਾ ਹੈ, ਜਦੋਂ ਸੰਸਥਾਗਤ ਸਾਂਝੀਵਾਲਤਾ, ਜਵਾਬਦੇਹੀ ਲਈ ਸਿਆਸੀ ਹੱਲਾਸ਼ੇਰੀ, ਸਮੂਹਿਕ ਸੰਗਠਨ, ਅਸਰਦਾਰ ਸ਼ਾਸਨ ਅਤੇ ਵਿਚਾਰਧਾਰਕ ਵਚਨਬੱਧਤਾ ਇਕਸੁਰ ਹੁੰਦੇ ਹਨ।" ਔਕਸਫੈਮ ਨੇ ਕਿਹਾ ਕਿ ਗੈਰ-ਸਰਕਾਰੀ ਸੰਸਥਾਵਾਂ, ਜ਼ਮੀਨੀ ਪੱਧਰ ਦੀਆਂ ਲਹਿਰਾਂ ਅਤੇ ਟਰੇਡ ਯੂਨੀਅਨਾਂ, ਪੱਛੜੇ ਭਾਈਚਾਰਿਆਂ ਦੀ ਸਿਆਸੀ ਹਿੱਸੇਦਾਰੀ ਵਧਾਉਣ ਅਤੇ ਨੀਤੀ ਨਿਰਮਾਣ ਵਿੱਚ ਸਾਰਿਆਂ ਦੀ ਪਹੁੰਚ ਯਕੀਨੀ ਬਣਾਉਣ ਲਈ ਰਾਜਾਂ ਦੀਆਂ ਕੁਦਰਤੀ ਸਹਿਯੋਗੀ ਹੁੰਦੀਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਅਹਿਮ ਮੁੱਦੇ 'ਤੇ ਤਰੱਕੀ ਦੀਆਂ ਕੁਝ ਅਹਿਮ ਮਿਸਾਲਾਂ ਮੌਜੂਦ ਹਨ।

ਔਕਸਫੈਮ ਨੇ ਭਾਰਤ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਥੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਗਰੁੱਪਾਂ ਲਈ ਸਿਆਸੀ ਰਾਖਵਾਂਕਰਨ (ਕੋਟਾ) ਆਰਥਿਕ ਤੌਰ 'ਤੇ ਪੱਛੜੇ ਅਤੇ ਸਮਾਜਿਕ ਤੌਰ 'ਤੇ ਬਾਹਰ ਕੀਤੇ ਗਏ ਭਾਈਚਾਰਿਆਂ ਲਈ ਵਿਧਾਨਕ ਪ੍ਰਤੀਨਿਧਤਾ ਪ੍ਰਾਪਤ ਕਰਨ ਅਤੇ ਮੁੜ-ਵੰਡ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੇ ਮੌਕੇ ਪੈਦਾ ਕਰਦਾ ਹੈ। ਭਾਰਤ ਆਬਾਦੀ ਦੇ ਅਨੁਸਾਰ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਐੱਸ ਸੀ ਅਤੇ ਐੱਸ ਟੀ ਦੇ ਨਾਲ-ਨਾਲ ਕੁਝ ਹੋਰ ਵਰਗਾਂ ਲਈ ਰਾਖਵਾਂਕਰਨ ਪ੍ਰਦਾਨ ਕਰਦਾ ਹੈ, ਜਦੋਂ ਕਿ ਹਾਲ ਹੀ ਵਿੱਚ ਔਰਤਾਂ ਲਈ ਵੀ 33 ਫੀਸਦ ਰਾਖਵੇਂਕਰਨ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਸ਼੍ਰੇਣੀਆਂ ਤੋਂ ਇਲਾਵਾ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ ਵੀ ਹੋਰ ਕਮਜ਼ੋਰ ਅਤੇ ਹਾਸ਼ੀਏ 'ਤੇ ਧੱਕੇ ਵਰਗਾਂ ਲਈ ਰਾਖਵਾਂਕਰਨ ਦਿੱਤਾ ਜਾਂਦਾ ਹੈ।



# ਯੂ.ਕੇ. 'ਚ ਸਿੱਖ ਬੱਚੀਆਂ ਨੂੰ ਵਰਗਲਾਉਣ ਖ਼ਿਲਾਫ਼ ਚੇਤਨਾ ਮੁਹਿੰਮ




ਲੰਡਨ : ਯੂ.ਕੇ. 'ਚ ਸਿੱਖ ਬੱਚੀਆਂ ਨੂੰ ਵਰਗਲਾ ਕੇ ਆਪਣੇ ਝਾਂਸੇ 'ਚ ਫਸਾਉਣ ਦਾ ਗੈਰ ਸਮਾਜਿਕ ਧੰਦਾ ਪਾਕਿਸਤਾਨੀ ਮੁਸਲਮਾਨ ਗ੍ਰੋਹਾਂ ਵਲੋਂ ਲਗਾਤਾਰ ਕੀਤਾ ਜਾ ਰਿਹਾ ਹੈ, ਇਸ ਕਾਲੇ ਤੇ ਗੈਰ ਸਮਾਜਿਕ ਕਾਲੇ ਧੰਦੇ 'ਚ ਕੁੱਝ ਗਰੂਮਿੰਗ ਗੈਂਗ ਲੱਗੇ ਹੋਏ ਹਨ। ਪਿਛਲੇ ਦਿਨੀਂ ਹੰਸਲੋ 'ਚ ਇਕ ਨਬਾਲਗ ਲੜਕੀ ਨੂੰ ਅਜਿਹੇ ਗ੍ਰੋਹ ਵਲੋਂ ਆਪਣੀ ਗਿਰਫਤ 'ਚ ਰੱਖਿਆ ਹੋਇਆ ਸੀ। ਇਸੇ ਮੁਹਿੰਮ ਤਹਿਤ ਸਿੱਖ ਯੂਥ ਯੂ.ਕੇ. ਦੇ ਮੁੱਖੀ ਭਾਈ ਦੀਪਾ ਸਿੰਘ ਵਲੋਂ ਆਪਣੇ ਸਾਥੀਆਂ ਨਾਲ ਵੱਖ-ਵੱਖ ਗਰਦਵਾਰਿਆਂ 'ਚ ਜਾ ਕੇ ਸਿੱਖ ਸੰਗਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਵੈਂਟਰੀ 'ਚ ਭਾਈ ਦੀਪਾ ਸਿੰਘ ਨੇ ਸਿੱਖ ਸੰਗਤਾਂ ਨੂੰ ਬਹੁਤ ਹੀ ਭਾਵੁਕਤਾ ਤੇ ਜਜ਼ਬਾਤੀ ਹੁੰਦਿਆਂ ਇਸ ਕਾਲੇ ਧੰਦੇ ਬਾਰੇ ਜਾਗਰੂਕ ਕੀਤਾ। ਉਹਨਾਂ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਖਾਸਕਰ ਬੱਚੀਆਂ ਤੇ ਪੂਰੀ ਨਿਗਾਹ ਰੱਖਣ, ਆਪਣੀਆਂ ਬੱਚੀਆਂ ਨੂੰ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਸੁਣਾ ਕੇ ਉਹਨਾਂ ਇਰਾਦੇ ਤੇ ਸੁਭਾਅ 'ਚ ਅਡੋਲਤਾ, ਨਿੱਡਰਤਾ ਅਤੇ ਆਤਮ ਵਿਸ਼ਵਾਸ਼ ਪੈਦਾ ਕਰਨ। ਕਿਸੇ ਵੀ ਗੱਲ ਨੂੰ ਛੁਪਾਉਣ ਤੋਂ ਗੁਰੇਜ ਨਾ ਕੀਤਾ ਜਾਵੇ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਵੈਂਟਰੀ ਦੀ ਪ੍ਰਬੰਧਕ ਕਮੇਟੀ ਅਤੇ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਦੀਪਾ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਹਾਰਦਿਕ ਪ੍ਰਸ਼ੰਸਾ ਕੀਤੀ ਗਈ। ਸਿੱਖ ਯੂਥ ਯੂ.ਕੇ. ਦੇ ਮੁਖੀ ਭਾਈ ਦੀਪਾ ਸਿੰਘ ਤੇ ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਸੰਬੰਧੀ ਖਾਸ ਪੋਸਟਰ ਜਾਰੀ ਕੀਤਾ ਗਿਆ। ਸਿੱਖ ਪਰਿਵਾਰਾਂ ਨੂੰ ਆਪਣੇ ਬੱਚਿਆਂ ਵੱਲ ਖਾਸ ਧਿਆਨ ਦੇਣ ਦੀ ਅਪੀਲ ਕੀਤੀ ਗਈ ਹੈ।

# ਕਿਸਾਨ ਮਜ਼ਦੂਰ ਮੋਰਚੇ ਨੇ ਪੰਜਾਬ ਭਰ 'ਚ ਮੁੱਖ ਮੰਤਰੀ ਦੇ ਪੁਤਲੇ ਸਾੜੇ

## ਕਿਸਾਨ ਆਗੂਆਂ ਤੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਵਿਰੋਧ; ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ



ਚੰਡੀਗੜ੍ਹ : ਕਿਸਾਨ ਮਜ਼ਦੂਰ ਮੋਰਚੇ ਨੇ ਪੰਜਾਬ ਪੁਲੀਸ ਵੱਲੋਂ ਪਿਛਲੇ ਦਿਨੀਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਖ਼ਿਲਾਫ਼ ਪੰਜਾਬ ਭਰ ਵਿੱਚ ਮੁਜ਼ਾਹਰੇ ਕੀਤੇ। ਇਸ ਦੌਰਾਨ ਮੋਰਚੇ ਨੇ ਅੰਮ੍ਰਿਤਸਰ (ਗੋਲਡਨ ਗੇਟ), ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਹੁਸ਼ਿਆਰਪੁਰ, ਫਗਵਾੜਾ, ਕਪੂਰਥਲਾ, ਸੁਲਤਾਨਪੁਰ ਲੋਧੀ, ਫ਼ਿਰੋਜ਼ਪੁਰ, ਮੋਗਾ, ਲੁਧਿਆਣਾ, ਸੰਗਰੂਰ, ਪਟਿਆਲਾ, ਪਾਤੜਾਂ, ਰਾਜਪੁਰਾ, ਲੌਂਗੋਵਾਲ, ਬਠਿੰਡਾ, ਰਾਮਪੁਰਾ ਫੂਲ, ਮਾਨਸਾ, ਫ਼ਾਜ਼ਿਲਕਾ, ਮਾਲੇਰਕੋਟਲਾ ਅਤੇ ਮੁਹਾਲੀ ਸਣੇ ਵੱਡੀ ਗਿਣਤੀ ਪਿੰਡਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜੇ। ਮੋਰਚੇ ਨੇ ਹਰਿਆਣਾ ਵਿੱਚ ਅੰਬਾਲਾ, ਯਮੁਨਾਨਗਰ, ਪੰਚਕੂਲਾ, ਕੈਥਲ, ਕੁਰੂਕਸ਼ੇਤਰ ਅਤੇ ਸ਼ਾਹਾਬਾਦ ਵਿੱਚ ਵੀ ਪੰਜਾਬ ਦੇ ਮੁੱਖ ਮੰਤਰੀ ਦੇ ਪੁਤਲੇ ਸਾੜੇ। ਇਸ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਨੌਜਵਾਨ, ਔਰਤਾਂ ਅਤੇ ਬਜ਼ੁਰਗ ਸ਼ਾਮਲ ਹੋਏ। ਉਨ੍ਹਾਂ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਵਾਜ਼ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਸੇ ਕਰ ਕੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਸਣੇ ਲਗਪਗ 15 ਕਿਸਾਨ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਬੀ ਕੇ ਯੂ ਏਕਤਾ ਆਜ਼ਾਦ ਦੇ 23 ਮੈਂਬਰਾਂ ਨੂੰ ਸੰਗਰੂਰ ਜੇਲ੍ਹ ਭੇਜਿਆ ਗਿਆ ਹੈ ਜਦੋਂਕਿ ਸੀਨੀਅਰ ਆਗੂ ਦਿਲਬਾਗ ਸਿੰਘ ਹਰੀਗੜ੍ਹ ਅਤੇ ਜਸਵਿੰਦਰ ਸਿੰਘ ਲੌਂਗੋਵਾਲ ਨੂੰ ਪਟਿਆਲਾ ਜੇਲ੍ਹ ਭੇਜਿਆ ਗਿਆ ਹੈ। ਮੋਰਚੇ ਦੇ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਜੇਲ੍ਹਾਂ ਵਿੱਚ ਬੰਦ ਸਾਰੇ ਕਿਸਾਨ ਤੇ ਮਜ਼ਦੂਰ ਆਗੂ ਰਿਹਾਅ ਨਾ ਕੀਤੇ ਤਾਂ ਮੋਰਚਾ ਸਰਕਾਰ ਵਿਰੁੱਧ ਸੰਘਰਸ਼ ਤੇਜ਼ ਕਰੇਗਾ ਜੋ ਇਨਸਾਫ਼ ਅਤੇ ਲੋਕਤੰਤਰਿਕ ਅਧਿਕਾਰ ਬਹਾਲ ਹੋਣ ਤੱਕ ਜਾਰੀ ਰਹੇਗਾ। ਜ਼ਿਕਰਯੋਗ ਹੈ ਕਿ ਕਿਸਾਨ ਮਜ਼ਦੂਰ ਮੋਰਚੇ ਦੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅੰਮ੍ਰਿਤਸਰ ਦੌਰੇ ਦੌਰਾਨ ਉਨ੍ਹਾਂ ਨੂੰ ਘੇਰ ਕੇ ਸਵਾਲ ਪੁੱਛਣ ਦਾ ਐਲਾਨ ਕੀਤਾ ਸੀ। ਇਸੇ ਨੂੰ ਦੇਖਦਿਆਂ ਪੰਜਾਬ ਪੁਲੀਸ ਨੇ ਮੁੱਖ ਮੰਤਰੀ ਦੀ ਫੇਰੀ ਤੋਂ ਪਹਿਲਾਂ ਹੀ ਸ੍ਰੀ ਪੰਧੇਰ ਸਣੇ ਹੋਰ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ।

# ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਨਹੀਂ ਮਿਲੀ ਰਾਹਤ, ਅਗਲੀ ਸੁਣਵਾਈ 2 ਨੂੰ



ਨਵੀਂ ਦਿੱਲੀ : ਸੀਨੀਅਰ ਅਕਾਲੀ ਆਗੂ ਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਸੁਪਰੀਮ ਕੋਰਟ ਤੋਂ ਫ਼ ?ਲਹਾਲ ਕੋਈ ਰਾਹਤ ਨਹੀਂ ਮਿਲੀ ਹੈ। ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗਿ ?ਫ਼ਤਾਰ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ ਹੋਈ ਸੁਣਵਾਈ ਦੌਰਾਨ ਪੰਜਾਬ ਸਰਕਾਰ ਵਲੋਂ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਗਿਆ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੀ ਬੈਂਚ ਮੂਹਰੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਮਾਮਲੇ 'ਚ ਜਵਾਬ ਦੇਣ ਲਈ ਦੋ ਹਫ਼ਤਿਆਂ ਦੀ ਮੰਗ ਕੀਤੀ ਹੈ। ਹਾਲਾਂਕਿ ਸੁਣਵਾਈ ਦੌਰਾਨ ਅਦਾਲਤ ਨੇ ਮਜੀਠੀਆ ਨੂੰ ਜੇਲ੍ਹ 'ਚ ਖ਼ਤਰੇ ਨੂੰ ਲੈ ਕੇ ਸਵਾਲ ਵੀ ਚੁੱਕੇ । ਇਸ ਮਾਮਲੇ ਦੀ ਅਗਲੀ ਸੁਣਵਾਈ 2 ਫਰਵਰੀ ਨੂੰ ਹੋਵੇਗੀ। ਦੱਸਣਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਨਿਊ ਨਾਭਾ ਜੇਲ੍ਹ 'ਚ ਬੰਦ ਹਨ। ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਰਿਹਾਇਸ਼ ਤੋਂ ਗ੍ਰਿਫ਼ਤਾਰੀ ਕੀਤਾ ਸੀ। ਵਿਜੀਲੈਂਸ ਨੇ 700 ਕਰੋੜ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਦਾ ਖ਼ੁਲਾਸਾ ਆਪਣੇ ਦੋਸ਼ ਪੱਤਰ 'ਚ ਕੀਤਾ ਹੈ।

# ਚਾਰ ਪੰਥਕ ਜਥੇਬੰਦੀਆਂ ਨੇ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਸਨਮੁਖ ਸੱਦੀ ਪੰਥਕ ਇਕੱਤਰਤਾ




ਅੰਮ੍ਰਿਤਸਰ : ਵੱਖ-ਵੱਖ ਤੌਰ 'ਤੇ ਪੰਥਕ ਖੇਤਰ ਵਿਚ ਵਿਚਰ ਰਹੀਆਂ ਚਾਰ ਸਿੱਖ ਜਥੇਬੰਦੀਆਂ ਦਲ ਖ਼ਾਲਸਾ, ਅਕਾਲੀ ਦਲ (ਅੰਮ੍ਰਿਤਸਰ), ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਭਾਈ ਬਿੱਟੂ ਦੀ ਅਗਵਾਈ ਵਾਲੇ ਪੰਚ ਪ੍ਰਧਾਨੀ ਜਥੇ ਨੇ ਪੰਥਕ ਮਾਮਲਿਆਂ ਸੰਬੰਧੀ ਭਵਿੱਖ ਵਿਚ ਕਦਮ ਮਿਲਾ ਕੇ ਚੱਲਣ ਦੀ ਹਾਮੀ ਭਰਦਿਆਂ 26 ਜਨਵਰੀ, 1986 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਰਬੱਤ ਖ਼ਾਲਸਾ ਸੰਮੇਲਨ ਦੇ 40 ਸਾਲ ਮੁਕੰਮਲ ਹੋਣ 'ਤੇ ਉਸ ਦਿਨ ਹੋਏ ਇਤਿਹਾਸਕ ਫ਼ੈਸਲੇ ਦੀ ਯਾਦ ਨੂੰ ਮਨਾਉਣ ਦਾ ਐਲਾਨ ਕਰਦਿਆਂ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਸਨਮੁੱਖ ਪੰਥਕ ਇਕੱਤਰਤਾ ਕਰਨ ਦਾ ਐਲਾਨ ਕੀਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਦਲ ਖ਼ਾਲਸਾ ਦੇ ਸਕੱਤਰ ਜਨਰਲ ਕਵਰਪਾਲ ਸਿੰਘ ਨੇ ਕਿਹਾ ਕਿ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋ ਰਹੀ ਪੰਥਕ ਇਕੱਤਰਤਾ ਦੌਰਾਨ ਖ਼ਾਲਿਸਤਾਨ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ, ਬੰਦੀ ਸਿੰਘਾਂ ਦੀ ਜਲਦ ਰਿਹਾਈ ਅਤੇ ਪੰਥਕ ਜੱਦੋ-ਜਹਿਦ ਦੀ ਸਫਲਤਾ ਲਈ ਅਰਦਾਸ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਸਾਡਾ ਨਿਸ਼ਾਨਾ ਪੁਰ ਅਮਨ ਤਰੀਕੇ ਨਾਲ ਸਿੱਖ ਰਾਜ ਦੀ ਸਥਾਪਨਾ ਹੈ। ਇਸ ਦੌਰਾਨ ਮਾਨ, ਕੰਵਰਪਾਲ ਸਿੰਘ, ਭਾਈ ਪਰਮਜੀਤ ਸਿੰਘ ਮੰਡ ਤੇ ਨਰੈਣ ਸਿੰਘ ਚੌੜਾ ਨੇ 328 ਪਾਵਨ ਸਰੂਪਾਂ ਸੰਬੰਧੀ ਭਖਦੇ ਮੁੱਦੇ 'ਤੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਪਾਵਨ ਸਰੂਪਾਂ ਬਾਰੇ ਤੱਥਾਂ ਅਧਾਰਿਤ ਵੇਰਵੇ ਖ਼ਾਲਸਾ ਪੰਥ ਦੀ ਕਚਹਿਰੀ ਵਿਚ ਤੁਰੰਤ ਜਨਤਕ ਕਰਨ। ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਉਪਕਾਰ ਸਿੰਘ ਸੰਧੂ, ਹਰਪਾਲ ਸਿੰਘ ਬਲੇਰ, ਦਲ ਖ਼ਾਲਸਾ ਦੇ ਭਾਈ ਪਰਮਜੀਤ ਸਿੰਘ ਟਾਂਡਾ, ਦਿਲਬਾਗ ਸਿੰਘ ਗੁਰਦਾਸਪੁਰ, ਗੁਰਨਾਮ ਸਿੰਘ ਮੂਨਕ, ਮਾਸਟਰ ਕੁਲਵੰਤ ਸਿੰਘ, ਡਾ. ਅਰਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਹਰਿਆਣਾ ਸਿੱਖ ਕਤਲੇਆਮ 1984 ਪੀੜਤ ਪਰਿਵਾਰਾਂ ਨੇ ਨੌਕਰੀਆਂ ਦੇ ਨਿਯੁਕਤੀ ਪੱਤਰ ਕੀਤੇ ਵਾਪਸ



ਚੰਡੀਗੜ੍ਹ : ਨਵੰਬਰ 1984 ਦੇ ਹਰਿਆਣਾ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਸਰਕਾਰ ਵਲੋਂ ਦਿੱਤੇ ਗਏ ਨਿਯੁਕਤੀ ਪੱਤਰ ਵਾਪਸ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪ੍ਰਾਈਵੇਟ ਨੌਕਰੀਆਂ ਕਬੂਲ ਨਹੀਂ ਕਰਨਗੇ। ਪੀੜਤ ਪਰਿਵਾਰਾਂ ਨੇ ਮੱਧ ਪ੍ਰਦੇਸ਼, ਦਿੱਲੀ ਅਤੇ ਉੱਤਰ ਪ੍ਰਦੇਸ਼ ਦੀ ਤਰਜ਼ 'ਤੇ ਪੂਰੀਆਂ ਸਰਕਾਰੀ ਸਹੂਲਤਾਂ ਸਮੇਤ ਪੱਕੀਆਂ ਸਰਕਾਰੀ ਨੌਕਰੀਆਂ ਦੇਣ ਦੀ ਮੰਗ ਕੀਤੀ ਹੈ। ਇਹ ਫ਼ੈਸਲਾ ਗੁਰਦੁਆਰਾ ਸਿੰਘ ਸਭਾ ਗੁੜਵਾਉ ਵਿਖੇ ਹੋਈ ਅਹਿਮ ਮੀਟਿੰਗ ਦੌਰਾਨ ਲਿਆ ਗਿਆ, ਜੋ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ 42 ਸਾਲ ਬੀਤ ਜਾਣ ਦੇ ਬਾਵਜੂਦ ਵੀ ਕੇਂਦਰ ਅਤੇ ਹਰਿਆਣਾ ਦੀ ਸਰਕਾਰ ਵਲੋਂ 1984 ਦੇ ਪੀੜਤਾਂ ਨੂੰ ਨਿਆਂ ਅਤੇ ਇਨਸਾਫ਼ ਨਹੀਂ ਮਿਲਿਆ, ਜੋ ਭਾਰਤੀ ਨਿਆਂ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ੍ਹ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਹਰਿਆਣਾ ਦੀ ਸੈਣੀ ਸਰਕਾਰ ਪੀੜਤਾਂ ਨਾਲ ਭੇਦਭਾਵ ਕਰ ਰਹੀ ਹੈ ਅਤੇ ਸਰਕਾਰੀ ਨੌਕਰੀਆਂ ਦੇ ਵਾਅਦੇ ਸਿਰਫ਼ ਡਰਾਮਾ ਸਾਬਤ ਹੋਏ ਹਨ। ਪੀੜਤਾਂ ਨੂੰ ਜੋ ਨੌਕਰੀਆਂ ਦਿੱਤੀਆਂ ਗਈਆਂ ਹਨ, ਉਹ ਪ੍ਰਾਈਵੇਟ ਹਨ, ਜੋ ਕਿਸੇ ਵੀ ਹਾਲਤ ਵਿਚ ਮਨਜ਼ੂਰ ਨਹੀਂ। ਮੀਟਿੰਗ ਵਿਚ ਰਾਮ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਸਾਹਨੀ ਗੁੜਗਾਓਂ, ਗੁਰਜੀਤ ਸਿੰਘ ਪਟੌਦੀ, ਪੀੜਤ ਊਸਾਦੇਵੀ ਗੁੜਗਾਓ, ਬਸਰਾ ਕੌਰ, ਪਵਨ ਕੁਮਾਰ ਰੇਵਾੜੀ, ਗੋਪਾਲ ਸਿੰਘ ਰੇਵਾੜੀ, ਅੰਕਿਤ ਹਨੂੰਮਾਨਗੜ੍ਹ, ਜਸਪ੍ਰੀਤ ਕੌਰ, ਅਮਨਦੀਪ ਕੌਰ ਹੇਲੀਮੰਡੀ, ਦੀਵਿਆਂ ਪਟੌਦੀ, ਗੁਰਦੀਪ ਸਿੰਘ ਕੁਰੂਕਸ਼ੇਤਰ, ਸਰਵਜੀਤ ਕੌਰ ਸਿਰਸਾ, ਪਰੀਤੀ ਫਰੀਦਾਬਾਦ, ਹਰਦੀਪ ਸਿੰਘ, ਅਮਰੀਕ ਸਿੰਘ, ਰਵਿੰਦਰ ਸਿੰਘ ਹਰਿਆਣਾ, ਓਮਪ੍ਰਕਾਸ਼ ਜਾਟੂਥਾਨਾ ਰੇਵਾੜੀ, ਦੀਵਾਨ ਚੰਦ ਮਹਾਰਾਸ਼ਟਰ, ਪਰਮਜੀਤ ਸਿੰਘ ਯੂ.ਪੀ. ਸਮੇਤ ਵੱਡੀ ਗਿਣਤੀ ਵਿਚ ਪੀੜਤ ਪਰਿਵਾਰ ਹਾਜ਼ਰ ਸਨ। ਇਸ ਮੌਕੇ ਹਾਈ ਕੋਰਟ ਦੇ ਸੀਨੀਅਰ ਵਕੀਲ ਬਰਜਿੰਦਰ ਸਿੰਘ ਲੂੰਬਾ ਵੀ ਮੌਜੂਦ ਸਨ।

# ਸਿੱਖ ਰੈਜੀਮੈਂਟ ਦੀਆਂ ਸੱਤ ਬਟਾਲੀਅਨਾਂ ਦਾ ਇਕੱਠਿਆਂ ਸਨਮਾਨ

## 'ਚੀਫ ਆਫ਼ ਆਰਮੀ ਸਟਾਫ਼' ਅਤੇ 'ਆਰਮੀ ਕਮਾਂਡਰ' ਦੇ ਅਹੁਦੇ 'ਤੇ ਪ੍ਰਸ਼ੰਸਾ ਪੱਤਰਾਂ ਨਾਲ ਕੀਤਾ ਗਿਆ ਸਨਮਾਨਿਤ



ਚੰਡੀਗੜ੍ਹ : ਭਾਰਤੀ ਫ਼ੌਜ ਦੀ ਸ਼ਾਨ ਮੰਨੇ ਜਾਣ ਵਾਲੀ ਸਿੱਖ ਰੈਜੀਮੈਂਟ ਨੇ ਅਪਣੇ ਬੇਮਿਸਾਲ ਪ੍ਰਦਰਸ਼ਨ ਨਾਲ ਭਾਰਤੀ ਫੌਜ ਦੀਆਂ ਉਮੀਦਾਂ ਉਤੇ ਖਰਾ ਉਤਰਦਿਆਂ ਇਤਿਹਾਸ ਰਚਿਆ ਹੈ। ਪਛਮੀ ਕਮਾਂਡ ਦੇ ਇਕ ਬੁਲਾਰੇ ਅਨੁਸਾਰ ਜਨਵਰੀ 2026 ਵਿਚ ਸਿੱਖ ਰੈਜੀਮੈਂਟ ਦੀਆਂ ਕੁਲ ਸੱਤ ਬਟਾਲੀਅਨਾਂ ਨੂੰ 'ਚੀਫ ਆਫ਼ ਆਰਮੀ ਸਟਾਫ' ਅਤੇ 'ਆਰਮੀ ਕਮਾਂਡਰ' ਦੇ ਅਹੁਦੇ ਉਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ 'ਚੋਂ ਦੋ ਬਟਾਲੀਅਨਾਂ ਨੂੰ 'ਚੀਫ ਆਫ਼ ਆਰਮੀ ਸਟਾਫ ਯੂਨਿਟ' ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ, ਇਕ ਬਟਾਲੀਅਨ ਨੂੰ 'ਚੀਫ ਆਫ਼ ਆਰਮੀ ਸਟਾਫ ਯੂਨਿਟ ਸਾਈਟੇਸ਼ਨ' ਅਤੇ ਚਾਰ ਬਟਾਲੀਅਨਾਂ ਨੂੰ 'ਆਰਮੀ ਕਮਾਂਡਰ ਯੂਨਿਟ ਸਾਈਟੇਸ਼ਨ' ਨਾਲ ਸਨਮਾਨਿਤ ਕੀਤਾ ਗਿਆ।

ਇਕੋ ਮੌਕੇ ਉਤੇ ਇੰਨੀ ਵੱਡੀ ਗਿਣਤੀ ਵਿਚ ਬਟਾਲੀਅਨਾਂ ਦਾ ਪੁਰਸਕਾਰ ਨਾ ਸਿਰਫ ਅਸਾਧਾਰਣ ਹੈ, ਬਲਕਿ ਰੈਜੀਮੈਂਟ ਦੀ ਨਿਰੰਤਰ ਉੱਤਮਤਾ ਦਾ ਸਬੂਤ ਵੀ ਹੈ। ਸਿੱਖ ਰੈਜੀਮੈਂਟ ਦੀ ਆਤਮਾ ਪੰਜਾਬ ਦੇ ਨੌਜੁਆਨਾਂ ਵਿਚ ਵਸਦੀ ਹੈ, ਜੋ ਪੀੜ੍ਹੀਆਂ ਤੋਂ ਚਲੀ ਆ ਰਹੀ ਯੋਧਾ ਪਰੰਪਰਾ ਨੂੰ ਮਾਣ ਨਾਲ ਅੱਗੇ ਵਧਾ ਰਹੇ ਹਨ। ਕੁੱਝ ਐਚ.ਆਰ. ਚੁਨੌਤੀਆਂ ਦੇ ਬਾਵਜੂਦ, ਰੈਜੀਮੈਂਟ ਨੇ ਕਦੇ ਵੀ ਅਪਣੇ ਉੱਚ ਪ੍ਰਦਰਸ਼ਨ ਦੇ ਮਿਆਰਾਂ ਨਾਲ ਸਮਝੌਤਾ ਨਹੀਂ ਕੀਤਾ। ਇਹੀ ਕਾਰਨ ਹੈ ਕਿ ਸਿੱਖ ਰੈਜੀਮੈਂਟ ਅਜੇ ਵੀ ਭਾਰਤੀ ਫੌਜ ਦੀਆਂ ਸੱਭ ਤੋਂ ਭਰੋਸੇਮੰਦ ਇਨਫੈਂਟਰੀ ਰੈਜੀਮੈਂਟਾਂ 'ਚੋਂ ਇਕ ਹੈ। ਪੰਜਾਬੀਆਂ ਦੀਆਂ ਰਗਾਂ ਵਿਚ ਵਹਿ ਰਹੀ ਯੋਧਾ ਭਾਵਨਾ ਫੌਜ ਦੀ ਸੇਵਾ ਨਾਲ ਅਪਣਾ ਉੱਚਤਮ ਰੂਪ ਪ੍ਰਾਪਤ ਕਰਦੀ ਹੈ। ਸਿੱਖ ਰੈਜੀਮੈਂਟ ਉਸੇ ਬਹਾਦਰੀ ਦਾ ਜਿਉਂਦਾ ਜਾਗਦਾ ਪ੍ਰਤੀਕ ਹੈ, ਜਿੱਥੇ ਹਰ ਕਦਮ, ਹਰ ਸੰਘਰਸ਼ ਅਤੇ ਹਰ ਕੁਰਬਾਨੀ ਦਾ ਇਕ ਹੀ ਮੰਤਰ ਹੈ, 'ਹਰ ਕਾਮ ਦੇਸ਼ ਕੇ ਨਾਮ'।

# ਐੱਸਕੇਐੱਮ ਦੇ ਸੱਦੇ ’ਤੇ ਡੀਸੀ ਬਰਨਾਲਾ ਦਫ਼ਤਰ ਅੱਗੇ ਰੋਸ ਧਰਨਾ

## ਸਰਕਾਰਾਂ ਵਿਰੁੱਧ ਨਾਅਰੇਬਾਜ਼ੀ; ਇਕਜੁੱਟ ਹੋ ਕੇ ਵਿਸ਼ਾਲ, ਸਾਂਝੇ ਤੇ ਸਿਰੜੀ ਘੋਲਾਂ ਦੀ ਉਸਾਰੀ ਦਾ ਸੱਦਾ





ਬਰਨਾਲਾ : ਕੇਂਦਰੀ ਸਰਕਾਰ ਦੀਆਂ ਮਾਰੂ ਨੀਤੀਆਂ/ਕਾਨੂੰਨਾਂ ਖਿਲਾਫ਼ ਕਿਸਾਨ-ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਫਰੰਟ ਤੇ ਐੱਸਕੇਐੱਮ ਵੱਲੋਂ ਉਲੀਕੇ ਸੂਬਾ ਪੱਧਰੀ ਜ਼ਿਲ੍ਹਾ ਹੈੱਡਕੁਆਰਟਰਾਂ ’ਤੇ ਧਰਨਿਆਂ ਦੀ ਲੜੀ ਤਹਿਤ ਅੱਜ ਬਰਨਾਲਾ ਡੀ.ਸੀ. ਦਫ਼ਤਰ ਵਿਚ ਕਿਸਾਨ, ਮਜ਼ਦੂਰਾਂ ਤੇ ਮੁਲਾਜ਼ਮਾਂ ਨੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ।

ਬੁਲਾਰਿਆਂ ’ਚ ਸ਼ਾਮਲ ਆਗੂ ਜੋਗਿੰਦਰ ਸਿੰਘ ਉਗਰਾਹਾਂ, ਮਨਜੀਤ ਧਨੇਰ, ਬੂਟਾ ਸਿੰਘ ਬੁਰਜਗਿੱਲ, ਸ਼ੇਰ ਸਿੰਘ ਫਰਵਾਹੀ, ਖੁਸ਼ੀਆ ਸਿੰਘ ਬਰਨਾਲਾ, ਜਗਸੀਰ ਸਿੰਘ ਛੀਨੀਵਾਲ, ਬਾਬੂ ਸਿੰਘ ਖੁੱਡੀ ਕਲਾਂ, ਲਾਭ ਸਿੰਘ ਅਕਲੀਆ, ਮੱਖਣ ਰਾਮਗੜ੍ਹ, ਬੁੱਕਣ ਸਿੰਘ ਤੇ ਮਨਜੀਤ ਰਾਜ ਆਦਿ ਨੇ ਕਿਹਾ ਕਿ ਮੋਦੀ ਸਰਕਾਰ ਜਨਤਕ ਅਦਾਰਿਆਂ ਨੂੰ ਨਿੱਜੀ ਹੱਥਾਂ ’ਚ ਦੇਣ ਤੇ ਲੋਕ ਭਲਾਈ ਸਕੀਮਾਂ/ ਸਬਸਿਡੀਆਂ ਛਾਂਗਣ ਵਾਲੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਸਰਕਾਰ ’ਜੀ ਰਾਮ ਜੀ’ ਤਹਿਤ ਮਗਨਰੇਗਾ ਦਾ ਭੋਗ, ਲੇਬਰ ਕੋਡ ਲਿਆਉਣ, ਬਿਜਲੀ ਸੋਧ ਬਿੱਲ- 2025 ਅਤੇ ਬੀਜ ਸੋਧ ਬਿੱਲ, ਮੁਕਤ ਵਪਾਰ ਸਮਝੌਤੇ ’ਚੋ ਖੇਤੀ ਅਤੇ ਸਹਾਇਕ ਧੰਦੇ ਬਾਹਰ ਨਾ ਰੱਖਣ, ਨਿੱਜੀਕਰਨ ਨੂੰ ਬੜਾਵਾ, ਸਰਕਾਰੀ ਜਾਇਦਾਦਾਂ ਵੇਚਣ, ਬਿਜਲੀ ਦੇ ਮੁਕੰਮਲ ਨਿੱਜੀਕਰਨ ਆਦਿ ਰਾਹੀਂ ਮਜ਼ਦੂਰ ਕਿਸਾਨਾਂ ਤੇ ਮੁਲਾਜ਼ਮਾਂ ਸਮੇਤ ਸਮੂਹ ਕਿਰਤ ਜਮਾਤ ਨੂੰ ਬੇਰੁਜ਼ਗਾਰੀ, ਉਜਾੜੇ, ਗ਼ੁਰਬਤ ਅਤੇ ਫਿਰਕੂ ਵੰਡੀਆਂ ਪਾਉਣ ਦੇ ਘਾਤਕ ਰਾਹ ਪੈ ਚੁੱਕੀ ਹੈ।

ਆਗੂਆਂ ਨੇ ਕਿਹਾ ਕਿ ਹਰੀ ਕ੍ਰਾਂਤੀ ਕਾਰਨ ਪਹਿਲਾਂ ਹੀ ਬੇਰੁਜ਼ਗਾਰ ਹੋਏ ਪੇਂਡੂ ਤੇ ਖੇਤ ਮਜ਼ਦੂਰਾਂ ਨੂੰ ਮਨਰੇਗਾ ਰਾਹੀਂ ਮਿਲਦੇ ਨਾਂਮਾਤਰ ਰੁਜ਼ਗਾਰ ਨੂੰ ਖੋਹ ਕੇ ਬੇਰੁਜ਼ਗਾਰਾਂ ਦੀ ਫ਼ੌਜ ਵਧਾਅ ਰਹੀ ਹੈ ਤਾਂ ਕਿ ਚਹੇਤੇ ਕਾਰਪੋਰੇਟਸ ਜਾਂ ਜਗੀਰੂ ਸਰਮਾਏਦਾਰਾਂ ਨੂੰ ਸਸਤੀ ਲੇਬਰ ਮੁਹੱਈਆ ਕਰਵਾਈ ਜਾ ਸਕੇ। ਆਗੂਆਂ ਨੇ ਸੂਬੇ ਦੀ ‘ਆਪ’ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਵੀ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ ਅਤੇ ਸਰਕਾਰੀ ਮਹਿਕਮਿਆਂ ’ਚ ਪੱਕੀ ਭਰਤੀ ਦੀ ਥਾਂ ਨਿਗੂਣੀਆਂ ਤਨਖਾਹਾਂ ’ਤੇ ਠੇਕਾ ਭਰਤੀ ਦੀ ਨੀਤੀ ਲਾਗੂ ਕਰ ਰਹੀ ਹੈ। ਉਨ੍ਹਾਂ ਬਿਜਲੀ ਦੇ ਨਿੱਜੀਕਰਨ ਬਾਰੇ ਸਰਕਾਰਾਂ ਵੱਲੋਂ ਮਹਿਕਮੇ ਨੂੰ ਘਾਟੇ ਦੀ ਪਾਈ ਜਾ ਰਹੀ ਬੂ ਦੁਹਾਈ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ। ਆਗੂਆਂ ਨੇ ਲੋਕ ਪੱਖੀ ਤੇ ਹੱਕੀ ਆਵਾਜ਼ਾਂ ਨੂੰ ਦਬਾਉਣ ਹਿਤ ਦਰਜ ਝੂਠੇ ਪੁਲੀਸ ਪਰਚਿਆਂ ਤੇ ਗ੍ਰਿਫ਼ਤਾਰੀਆਂ ਦੀ ਪੁਰਜ਼ੋਰ ਨਿੰਦਾ ਕੀਤੀ। ਬੁਲਾਰਿਆਂ ਨੇ ਮੰਚ ਤੋਂ ਸਮਾਜ ਦੇ ਸਮੂਹ ਵਰਗਾਂ ਨੂੰ ਇਕਜੁੱਟ ਹੋ ਕੇ ਵਿਸ਼ਾਲ, ਸਾਂਝੇ ਤੇ ਸਿਰੜੀ ਘੋਲਾਂ ਦੀ ਉਸਾਰੀ ਦਾ ਸੱਦਾ ਦਿੱਤਾ। ਧਰਨੇ ’ਚ ਬੀਬੀਆਂ ਦੀ ਸ਼ਮੂਲੀਅਤ ਵੀ ਰਹੀ। ਧਰਨੇ ਦੌਰਾਨ ਆਕਾਸ਼ ਗੁੰਜਾਊ ਨਾਅਰੇਬਾਜ਼ੀ ਕੀਤੀ ਗਈ। ਵਫ਼ਦ ਵੱਲੋਂ ਡੀਸੀ ਬਰਨਾਲਾ ਕੀ ਬੈਨਿਥ ਨੂੰ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਕਮਲਜੀਤ ਕੌਰ ਬਰਨਾਲਾ, ਡਾ. ਰਜਿੰਦਰ ਪਾਲ, ਗੁਰਪ੍ਰੀਤ ਸਿੰਘ ਰੂੜੇਕੇ, ਜਗਰਾਜ ਸਿੰਘ ਰਾਮਾ,ਪਵਿੱਤਰ ਸਿੰਘ ਲਾਲੀ, ਮਨਜੀਤ ਰਾਜ, ਕੁਲਦੀਪ ਸਿੰਘ ਬਰਨਾਲਾ, ਸ਼ਿੰਦਰ ਸਿੰਘ ਧੌਲਾ, ਜੱਗਾ ਸਿੰਘ, ਗੁਰਜੰਟ ਸਿੰਘ ਮਾਨਸਾ, ਜਸਮੇਲ ਸਿੰਘ ਕਾਲੇਕੇ, ਸਤਿੰਦਰਪਾਲ ਸਿੰਘ, ਸੁਖਜੰਟ ਸਿੰਘ ਜਗਤਾਰ ਸਿੰਘ , ਗੋਰਾ ਸਿੰਘ ਢਿਲਵਾਂ, ਅਮਰਜੀਤ ਕੁੱਕੂ, ਕੁਲਵੰਤ ਸਿੰਘ ਭਦੌੜ , ਇੰਦਰਪਾਲ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

# ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮ ਤੇ ਪੈਨਸ਼ਨਾਂ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨੇ

## ਬਿਜਲੀ ਸੋਧ ਬਿੱਲ, ਜੀ ਰਾਮ ਜੀ ਕਾਨੂੰਨ, ਚਾਰ ਲੇਬਰ ਕੋਡ ਰੱਦ ਕਰਨ ਅਤੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ ਦੀ ਮੰਗ



ਗੜ੍ਹਸ਼ੰਕਰ : ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ, ਮੁਲਾਜ਼ਮ ਅਤੇ ਪੈਨਸ਼ਨਰਜ਼ ਯੂਨੀਅਨਾਂ ਵੱਲੋਂ ਬਿਜਲੀ ਸੋਧ ਬਿੱਲ, ਬੀਜ ਸੋਧ ਬਿੱਲ, ਚਾਰ ਲੇਬਰ ਕੋਡ, ਜੀ ਰਾਮ ਜੀ, ਨਿੱਜੀਕਰਨ ਵਿਰੁੱਧ ਡੀ ਸੀ ਦਫ਼ਤਰ ਨਵਾਂਸ਼ਹਿਰ ਅੱਗੇ ਤਿੰਨ ਘੰਟੇ ਧਰਨਾ ਦਿੱਤਾ ਗਿਆ। ਇਸ ਮੌਕੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੀਟੂ ਦੇ ਸੂਬਾ ਜਨਰਲ ਸਕੱਤਰ ਮਹਾਂ ਸਿੰਘ ਰੌੜੀ, ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਬੀ ਕੇ ਯੂ ਰਾਜੇਵਾਲ ਦੇ ਆਗੂ ਹਰਪ੍ਰਭ ਮਹਿਲ ਸਿੰਘ, ਆਂਗਨਵਾੜੀ ਵਰਕਰ ਯੂਨੀਅਨ ਦੇ ਆਗੂ ਕੁਲਵਿੰਦਰ ਕੌਰ, ਮੋਹਨ ਸਿੰਘ ਲੰਗੜੋਆ, ਪੈਨਸ਼ਨਰਜ਼ ਯੂਨੀਅਨ (ਬਿਜਲੀ ਬੋਰਡ)ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਭੰਗਲ, ਖੇਤ ਮਜ਼ਦੂਰ ਸਭਾ ਦੇ ਨਿਰੰਜਣ ਦਾਸ ਮੇਹਲੀ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿਚ ਪਬਲਿਕ ਸੈਕਟਰ ਦੇ ਅਦਾਰਿਆਂ ਰਾਹੀਂ ਦੇਸ਼ ਨੇ ਅਥਾਹ ਤਰੱਕੀ ਕੀਤੀ ਅਤੇ ਲੋਕਾਂ ਨੂੰ ਪੱਕਾ ਰੁਜ਼ਗਾਰ ਮਿਲਣ ਨਾਲ ਆਮ ਬੰਦੇ ਦਾ ਜੀਵਨ ਪੱਧਰ ਉੱਚਾ ਹੋਇਆ ਪਰ ਪਿਛਲੇ ਸਮੇਂ ਤੋਂ ਸਰਕਾਰਾਂ ਵੱਲੋਂ ਇਨ੍ਹਾਂ ਅਦਾਰਿਆਂ ਨੂੰ ਇੱਕ ਇੱਕ ਕਰਕੇ ਵੇਚਿਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਾਂਗ ਹੀ ਜਨਤਕ ਜਾਇਦਾਦਾਂ ਵੇਚਣ ਵਿਚ ਪੰਜਾਬ ਸਰਕਾਰ ਵੀ ਇਸੇ ਰਸਤੇ ’ਤੇ ਚੱਲ ਰਹੀ ਹੈ। ਇਸ ਨਾਲ ਸਮਾਜ ਵਿੱਚ ਬੇਰੁਜ਼ਗਾਰੀ ਦਾ ਅਥਾਹ ਵਾਧਾ ਹੋਇਆ ਹੈ ਅਤੇ ਲੋਕਾਂ ਵਿੱਚ ਮਾਨਸਿਕ ਬੇਚੈਨੀ ਅਤੇ ਆਰਥਿਕ ਪਾੜਾ ਹੋਰ ਵਧੀਆ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਸੋਧ ਬਿੱਲ 2025 ਰਾਜਾਂ ਦੇ ਅਧਿਕਾਰਾਂ ਤੇ ਡਾਕਾ ਹੈ। ਬਿਜਲੀ ਦੇ ਵੰਡ ਖੇਤਰ ਦੇ ਨਿੱਜੀਕਰਨ ਦੀ ਨੀਤੀ ਹੈ। ਇਹ ਬਿੱਲ ਰੱਦ ਕੀਤਾ ਜਾਵੇ। ਸਮਾਰਟ ਚਿੱਪ ਵਾਲੇ ਮੀਟਰ ਲਗਾਉਣੇ ਬੰਦ ਕੀਤੇ ਜਾਣ, ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਜੀ ਰਾਮ ਜੀ ਐਕਟ ਰੱਦ ਕਰਕੇ ਮਗਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ, ਪੰਜ ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨਾਂ ਨੂੰ ਮਗਨਰੇਗਾ ਵਾਲੀ ਦਿਹਾੜੀ ਦੇਣ ਵਾਲੀ ਮੱਦ ਨੂੰ ਅਮਲੀ ਤੌਰ ’ਤੇ ਲਾਗੂ ਕੀਤਾ ਜਾਵੇ। ਇਸ ਮੌਕੇ ਆਗੂਆਂ ਨੇ ਦੇਸ਼ ਦੇ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਚੜਿਆ ਹਰ ਕਿਸਮ ਦਾ ਕਰਜ਼ਾ ਰੱਦ ਕਰਨ, ਕਿਸਾਨਾਂ ਅਤੇ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ ਤੇ 10,000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ, ਹੜ੍ਹਾਂ ਨੂੰ ਰੋਕਣ ਦੇ ਪੱਕੇ ਪ੍ਰਬੰਧ ਕਰਨ, ਡੈਮਾਂ ਦੀ ਡੀਸਿਲਟਿੰਗ ਕਰਵਾਉਣ ਅਤੇ ਦਿੱਲੀ ਅੰਦੋਲਨ ਦੀਆਂ ਰਹਿੰਦੀਆਂ ਮੰਗਾਂ ਅਤੇ ਸੰਘਰਸ਼ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਸਾਰੇ ਕੇਸ ਰੱਦ ਕੀਤੇ ਜਾਣ ਦੀ ਮੰਗ ਕੀਤੀ। ਧਰਮੂ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਹਾਜ਼ਰ ਸਨ।

# ਮਗਨਰੇਗਾ ਦੇ ਬਦਲ ਵਜੋਂ ਲਿਆਂਦਾ ਕਾਨੂੰਨ ਰੱਦ ਕਰਨ ’ਤੇ ਜ਼ੋਰ

## ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਸੂਬਾ ਇਕਾਈ ਵੱਲੋਂ ਬਿਜਲੀ ਤੇ ਬੀਜ ਬਿੱਲ ਰੱਦ ਕਰਨ ਦੀ ਮੰਗ




ਸੰਗਰੂਰ : ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੀ ਸੂਬਾ ਕਮੇਟੀ ਦੀ ਮੀਟਿੰਗ ਸਥਾਨਕ ਪਰਜਾਪਤ ਧਰਮਸ਼ਾਲਾ ਵਿੱਚ ਹੋਈ ਜਿਸ ਵਿਚ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਵਰਾ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਅਤੇ ਬਲਾਕ ਕਮੇਟੀਆ ਦੇ ਪ੍ਰਧਾਨ, ਖਜ਼ਾਨਚੀ, ਸਕੱਤਰ, ਪਿੰਡ ਇਕਾਈਆ ਦੇ ਅਹੁਦੇਵਾਰ ਵੀ ਸ਼ਾਮਲ ਹੋਏ। ਆਗੂਆਂ ਨੇ ਮਗਨਰੇਗਾ ਦੇ ਬਦਲ ਵਜੋਂ ਲਿਆਂਦੇ ਕਾਨੂੰਨ ਸਣੇ ਬਿਜਲੀ ਅਤੇ ਬੀਜ ਬਿੱਲ ਆਦਿ ਰੱਦ ਕਰਨ ਦੀ ਮੰਗ ਕੀਤੀ।

ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਵਰਾ, ਸੂਬਾ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਤੇ ਸੂਬਾ ਪ੍ਰੈੱਸ ਸਕੱਤਰ ਪਰਗਟ ਸਿੰਘ ਕਾਲਾਝਾੜ ਨੇ ਕਿਹਾ ਕਿ ਜਦੋਂ ਸਰਕਾਰਾਂ ਵੱਲੋਂ ਕਿਰਤੀ ਲੋਕਾਂ ’ਤੇ ਹਮਲੇ ਤੇਜ਼ ਕੀਤੇ ਹੋਣ, ਉਸ ਸਮੇਂ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਬਜਾਏ ਕੁੱਝ ਸਾਥੀਆਂ ਵੱਲੋਂ ਜਥੇਬੰਦੀ ਤੋੜਨ ਦੀਆਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਸੂਬਾ ਕਮੇਟੀ ਇੱਕਮੁੱਠ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੂਬਾ ਕਮੇਟੀ ਦੀ ਮੀਟਿੰਗ ਕਰਕੇ ਅਗਲੇ ਪ੍ਰੋਗਰਾਮ ਉਲੀਕੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਆਗੂ ਲਖਵੀਰ ਸਿੰਘ ਲੱਖਾ ਸਿੰਘ ਵਾਲਾ, ਸੰਦੀਪ ਸਿੰਘ ਪੰਡੋਰੀ ਅਤੇ ਧਰਮਪਾਲ ਨਮੋਲ ਉਪਰ ਜਥੇਬੰਦੀ ਵਿਰੋਧੀ ਕਾਰਵਾਈਆਂ ਦੇ ਦੋਸ਼ ਹੇਠ ਇਨ੍ਹਾਂ ਆਗੂਆਂ ਦੀ ਜਥੇਬੰਦੀ ਵਿਚੋਂ ਮੁੱਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ। ਮੀਟਿੰਗ ਦੌਰਾਨ ਬਿੱਕਰ ਸਿੰਘ ਮੋਠਾਂਵਾਲਾ ਨੂੰ ਸੂਬਾ ਇਨਵਾਇਟੀ ਤੌਰ ’ਤੇ ਮੈਂਬਰ ਲਿਆ ਜਿਸ ਮਗਰੋਂ ਮੋਠਾਂਵਾਲਾ ਨੇ ਮਤੇ ਪੜ੍ਹ ਕੇ ਸੁਣਾਏ ਅਤੇ ਲੋਕਾਂ ਤੋਂ ਪ੍ਰਵਾਨਗੀ ਲਈ। ਮਤਿਆਂ ’ਚ ਮੰਗ ਕੀਤੀ ਕਿ ਮਗਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਲਿਆਂਦਾ ਨਵਾਂ ਕਾਨੂੰਨ ਰੱਦ ਕੀਤਾ ਜਾਵੇ, ਕਿਰਤ ਕਾਨੂੰਨਾਂ ’ਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ, ਬਿਜਲੀ ਬਿੱਲ 2025 ਰੱਦ ਕੀਤਾ ਜਾਵੇ, ਪੱਤਰਕਾਰਾਂ ਖਿਲਾਫ਼ ਦਰਜ ਕੇਸ ਰੱਦ ਕੀਤੇ ਜਾਣ, ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਦਿਲਜੋਤ ਸ਼ਰਮਾ ਦੇ ਮਸਲੇ ਦੀ ਨਿਰਪੱਖਤਾ ਨਾਲ ਜਾਂਚ ਕਰਕੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਸੂਬਾ ਮੀਤ ਪ੍ਰਧਾਨ ਦਿਲਬਾਗ ਸਿੰਘ ਜ਼ੀਰਾ ਵੱਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਲੋਕ ਲਹਿਰ ਦੇ ਸ਼ਹੀਦਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

# ਮਗਨਰੇਗਾ ਖ਼ਤਮ ਕਰਨ ਦੇ ਵਿਰੋਧ ’ਚ ਡੀ ਸੀ ਦਫ਼ਤਰ ਅੱਗੇ ਧਰਨਾ

## ਕੇਂਦਰ ਦੇ ਮਜ਼ਦੂਰਾਂ ’ਤੇ ਚੌਤਰਫ਼ੇ ਹਮਲੇ ਨੂੰ ਬਰਦਾਸ਼ਤ ਨਹੀਂ ਕਰਾਂਗੇ: ਸੀ ਪੀ ਐੱਮ

ਸੰਗਰੂਰ : ਸੀ ਪੀ ਆਈ (ਐੱਮ) ਦੀ ਅਗਵਾਈ ਹੇਠ ਸੈਂਕੜੇ ਕਿਰਤੀ ਲੋਕਾਂ ਨੇ ਮਗਨਰੇਗਾ ਕਾਨੂੰਨ ਖਤਮ ਕੀਤੇ ਜਾਣ ਦੇ ਵਿਰੋਧ ਵਿੱਚ ਅੱਜ ਇੱਥੇ ਡੀ ਸੀ ਦਫ਼ਤਰ ਅੱਗੇ ਧਰਨਾ ਦਿੱਤਾ ਅਤੇ ਰਾਸ਼ਟਰਪਤੀ ਦੇ ਨਾਂ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਸੀ ਪੀ ਐੱਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕੇਂਦਰ ਸਰਕਾਰ ਵੱਲੋਂ ਮਜ਼ਦੂਰ ਵਰਗ ਉੱਤੇ ਕੀਤੇ ਜਾ ਰਹੇ ਚੌਤਰਫ਼ਾ ਹਮਲੇ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮਗਨਰੇਗਾ ਕਾਨੂੰਨ 2005 ਸੌ ਦਿਨਾਂ ਦੇ ਰੁਜ਼ਗਾਰ ਦੀ ਗਾਰੰਟੀ ਦਿੰਦਾ ਸੀ, ਨੂੰ ਵੀ ਬੀ ਜੀ ਰਾਮ ਜੀ ਲਿਆ ਕੇ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹਾ ਕਰ ਕੇ ਸੰਘੀ ਢਾਂਚੇ ’ਤੇ ਸਿੱਧੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰਾਂ ਵੱਲੋਂ 60/ 40 ਮੁਤਾਬਕ ਫੰਡ ’ਤੇ ਕੰਮ ਕਰਨ ਨਾਲ ਕਰਜ਼ੇ ਦੀ ਮਾਰ ਝੱਲ ਰਹੇ ਸੂਬਿਆਂ ਦੇ ਮਜ਼ਦੂਰਾਂ ਨੂੰ ਰੁਜ਼ਗਾਰ ਤੋਂ ਵਾਂਝੇ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 29 ਕਿਰਤ ਕਾਨੂੰਨ ਖਤਮ ਕਰਕੇ ਮਜ਼ਦੂਰਾਂ ਦੀ ਬਜਾਏ ਸਰਮਾਏਦਾਰਾਂ ਪੱਖੀ ਚਾਰ ਲੇਬਰ ਕੋਡ ਬਣਾ ਦਿੱਤੇ ਹਨ। ਕਾਮਰੇਡ ਸੇਖੋਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਅਗਲੇ ਸੈਸ਼ਨ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਦਾ ਪ੍ਰਭਾਵ ਆਮ ਲੋਕਾਂ ’ਤੇ ਪਵੇਗਾ। ਇਸ ਮੌਕੇ ਸੀ ਪੀ ਐੱਮ ਦੇ ਸੂਬਾਈ ਆਗੂ ਕਾਮਰੇਡ ਭੂਪ ਚੰਦ ਚੰਨੋ ਅਤੇ ਜ਼ਿਲ੍ਹਾ ਸਕੱਤਰ ਕਾਮਰੇਡ ਚਮਕੌਰ ਸਿੰਘ ਖੇੜੀ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕੀਤੇ ਹਮਲਿਆਂ ਵਿਰੁੱਧ ਪਾਰਟੀ ਜਨਤਕ ਰਾਇ ਲਾਮਬੰਦ ਕਰੇਗੀ, ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੇ ਤਿੰਨ ਕਾਲੇ ਕਾਨੂੰਨ ਵਾਂਗ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਵਾਪਸ ਨਹੀਂ ਲਵੇਗਾ, ਓਨਾ ਚਿਰ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕਾਮਰੇਡ ਸਤਿੰਦਰਪਾਲ ਸਿੰਘ ਚੀਮਾ, ਜੋਗਾ ਸਿੰਘ ਉਪਲੀ, ਹੰਗੀ ਖਾਂ, ਇੰਦਰਜੀਤ ਸਿੰਘ ਛੰਨਾ, ਗੁਰਮੀਤ ਸਿੰਘ ਬਲਿਆਲ ਆਦਿ ਨੇ ਸੰਬੋਧਨ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ ਡੀ ਐੱਮ ਚਰਨਜੋਤ ਸਿੰਘ ਵਾਲੀਆ ਨੇ ਧਰਨੇ ਵਿੱਚ ਪੁੱਜ ਕੇ ਮੰਗ ਪੱਤਰ ਪ੍ਰਾਪਤ ਕੀਤਾ।

# RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR EST. 2025



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# ਨਸ਼ੇ ਅਤੇ ਗੈਂਗਸਟਰ ਦੋਹਰੀ ਚੁਣੌਤੀ ਬਣੇ: ਕਟਾਰੀਆ

## ਰਾਜਪਾਲ ਨੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਾਰੇ ਵਰਗਾਂ ਦਾ ਸਹਿਯੋਗ ਮੰਗਿਆ; ਖਾਧ ਪਦਾਰਥਾਂ 'ਚ ਮਿਲਾਵਟ 'ਤੇ ਚਿੰਤਾ ਪ੍ਰਗਟਾਈ



ਮੋਗਾ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਨਸ਼ੇ ਅਤੇ ਗੈਂਗਸਟਰ ਸੂਬੇ ਲਈ ਦੋਹਰੀ ਚੁਣੌਤੀ ਬਣ ਗਏ ਹਨ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸਹਿਯੋਗ ਦਿੱਤਾ ਜਾਵੇ। ਸ੍ਰੀ ਕਟਾਰੀਆ ਇੱਥੇ ਸੁਦੇਸ਼ ਭੰਡਾਰੀ ਚੈਰੀਟੇਬਲ ਟਰੱਸਟ ਵੱਲੋਂ ਕਰਵਾਏ ਸੀ ਪੀ ਆਰ ਸਿਖਲਾਈ ਕੈਂਪ 'ਚ ਪੁੱਜੇ ਸਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਆਏ ਹੜ੍ਹਾਂ ਮਗਰੋਂ ਪੰਜਾਬ ਵਾਸੀਆਂ ਨੇ ਪੀੜਤਾਂ ਦੀ ਮਦਦ ਕਰ ਕੇ ਬਹਾਦਰੀ ਅਤੇ ਸੇਵਾ ਭਾਵਨਾ ਦੀ ਮਿਸਾਲ ਮੁੜ ਕਾਇਮ ਕੀਤੀ।

ਰਾਜਪਾਲ ਕਟਾਰੀਆ ਨੇ ਕਿਹਾ ਕਿ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਹੀ ਸੂਬੇ ਦੇ ਵਿਕਾਸ ਲਈ ਸਭ ਤੋਂ ਵੱਡਾ ਆਧਾਰ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ। ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਨੌਜਵਾਨ ਆਪਣਾ ਸਰਗਰਮ ਯੋਗਦਾਨ ਪਾਉਣ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਸੂਬੇ ਵਿੱਚ ਨਸ਼ੇ ਅਤੇ ਗੈਂਗਸਟਰ ਸਾਡੇ ਲਈ ਚੁਣੌਤੀ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਖ਼ਿਲਾਫ਼ ਮੁਹਿੰਮ ਚਲਾ ਰਹੀਆਂ ਹਨ।

ਇਸ ਦੌਰਾਨ ਟਰੱਸਟ ਪ੍ਰਬੰਧਕ ਤਰਨ ਭੰਡਾਰੀ ਦੇ ਉਦਮ ਦੀ ਸ਼ਲਾਘਾ ਕਰਦਿਆਂ ਰਾਜਪਾਲ ਨੇ ਕਿਹਾ ਕਿ ਜਾਨ ਬਚਾਉਣ ਵਾਲੀਆਂ ਤਕਨੀਕਾਂ ਦੀ ਸਿਖਲਾਈ ਸਕੂਲਾਂ, ਕਾਲਜਾਂ, ਸਰਕਾਰੀ ਦਫ਼ਤਰਾਂ ਅਤੇ ਜਨਸੇਵਾ ਸੰਸਥਾਵਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੀ ਪੀ ਆਰ ਤਕਨੀਕ ਰਾਹੀਂ ਕਿਸੇ ਵਿਅਕਤੀ ਦੇ ਸਾਹ ਜਾਂ ਧੜਕਨ ਰੁਕ ਜਾਣ 'ਤੇ ਉਸ ਦੀ ਜ਼ਿੰਦਗੀ ਬਚਾਉਣ ਵਿੱਚ ਮਦਦ ਮਿਲਦੀ ਹੈ। ਇਸ ਦੀ ਸਮੇਂ ਸਿਰ ਵਰਤੋਂ ਨਾਲ ਮੌਤ ਦਾ ਖ਼ਤਰਾ ਘਟਾਇਆ ਜਾ ਸਕਦਾ ਹੈ। ਉਨ੍ਹਾਂ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਉੱਤੇ ਚਿੰਤਾ ਜ਼ਾਹਿਰ ਕੀਤੀ। ਰਾਜਪਾਲ ਨੇ ਕਿਹਾ ਕਿ ਜੇ ਸਾਡੀ ਖ਼ੁਰਾਕ ਚੰਗੀ ਹੋਵੇਗੀ ਤਾਂ ਹੀ ਸਿਹਤ ਤੰਦਰੁਸਤ ਰਹੇਗੀ।

# ਡਾ. ਗੁਰਵਿੰਦਰ ਸਿੰਘ ਧਾਲੀਵਾਲ 'ਪੰਜਾਬੀ ਪ੍ਰੈੱਸ ਕਲੱਬ ਆਫ਼ ਬੀਸੀ' ਦੇ ਪ੍ਰਧਾਨ ਬਣੇ



ਸਰੀ, (ਹਰਦਮ ਮਾਨ) : ਬ੍ਰਿਟਿਸ਼ ਕੋਲੰਬੀਆ ਵਿੱਚ ਸਰਗਰਮ ਪੰਜਾਬੀ ਪੱਤਰਕਾਰਾਂ ਦੀ ਪ੍ਰਮੁੱਖ ਸੰਸਥਾ ਪੰਜਾਬੀ ਪ੍ਰੈੱਸ ਕਲੱਬ ਆਫ਼ ਬੀਸੀ ਦੀ ਸਾਲ 2026-2027 ਲਈ ਨਵੀਂ ਕਾਰਜਕਾਰਨੀ ਦੀ ਚੋਣ ਸਰਬ-ਸੰਮਤੀ ਨਾਲ ਹੋਈ। ਜਿਸ ਵਿਚ ਉੱਘੇ ਵਿਦਵਾਨ ਅਤੇ ਸੀਨੀਅਰ ਪੱਤਰਕਾਰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੂੰ ਕਲੱਬ ਦਾ ਪ੍ਰਧਾਨ ਚੁਣਿਆ ਗਿਆ।

ਡਾ. ਧਾਲੀਵਾਲ ਪੰਜਾਬੀ ਪ੍ਰੈੱਸ ਕਲੱਬ ਦੇ ਸਥਾਪਕ ਮੈਂਬਰਾਂ ਵਿੱਚੋਂ ਹਨ ਅਤੇ ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਅਤੇ ਵਿਕਾਸ ਬਾਰੇ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਨ੍ਹਾਂ ਨੇ ਕੈਨੇਡਾ ਦੀ ਪੰਜਾਬੀ ਪੱਤਰਕਾਰੀ ਦੀ ਇੱਕ ਸਦੀ ਉੱਤੇ ਅਕਾਦਮਿਕ ਅਧਿਐਨ ਕਰਕੇ ਪੀਐਚਡੀ ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਸ ਤੋਂ ਇਲਾਵਾ, ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ 'ਸ਼੍ਰੋਮਣੀ ਸਾਹਿਤਕ ਪੱਤਰਕਾਰ' ਦੇ ਸਨਮਾਨ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਇਸ ਸਮੇਂ ਉਹ ਚੈਨਲ ਪੰਜਾਬੀ ਦੇ ਹਰਮਨ ਪਿਆਰੇ ਸ਼ੋਅ 'ਆਵਾਜ਼ ਏ ਪੰਜਾਬ' ਦੇ ਸੰਚਾਲਕ ਵੀ ਹਨ।



ਸਰੀ ਸਥਿਤ ਤਾਜ ਕਨਵੈਂਸ਼ਨ ਸੈਂਟਰ ਦੇ ਬੈਂਕੁਇਟ ਹਾਲ ਵਿੱਚ ਹੋਈ ਇਸ ਚੋਣ ਦੌਰਾਨ ਨਵੀਂ ਕਾਰਜਕਾਰਨੀ ਵਿਚ ਡਾ. ਗੁਰਵਿੰਦਰ ਸਿੰਘ ਧਾਲੀਵਾਲ - ਪ੍ਰਧਾਨ, ਬਲਜਿੰਦਰ ਕੌਰ - ਮੀਤ ਪ੍ਰਧਾਨ, ਅਮਰਪਾਲ ਸਿੰਘ - ਸਕੱਤਰ, ਗੁਰਪ੍ਰੀਤ ਸਿੰਘ ਸਹੋਤਾ ਅਤੇ ਰਸ਼ਪਾਲ ਸਿੰਘ ਗਿੱਲ - ਸਹਾਇਕ ਸਕੱਤਰ, ਬਲਵੀਰ ਕੌਰ ਢਿੱਲੋਂ - ਖ਼ਜ਼ਾਨਚੀ, ਬਲਦੇਵ ਸਿੰਘ ਮਾਨ - ਸਹਾਇਕ ਖ਼ਜ਼ਾਨਚੀ ਅਤੇ ਜੈਜ਼ ਗਿੱਲ - ਐਗਜ਼ੈਕਟਿਵ ਮੈਂਬਰ ਚੁਣੇ ਗਏ।

ਇਸ ਮੌਕੇ ਨਵੇਂ ਸਾਲ ਦੀ ਆਮਦ ਦੇ ਸੰਦਰਭ ਵਿੱਚ ਪੰਜਾਬੀ ਪ੍ਰੈੱਸ ਕਲੱਬ ਵੱਲੋਂ ਪ੍ਰੈੱਸ ਮਿਲਣੀ ਅਤੇ ਸਾਂਝਾ ਡਿਨਰ ਵੀ ਕੀਤਾ ਗਿਆ, ਜਿਸ ਵਿੱਚ ਬੀਸੀ ਦੇ ਕਈ ਨਾਮਵਰ ਅਤੇ ਅਨੁਭਵੀ ਪੱਤਰਕਾਰਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਵਿੱਚ ਹਰਜਿੰਦਰ ਸਿੰਘ ਥਿੰਦ, ਡਾ. ਪੂਰਨ ਸਿੰਘ ਗਿੱਲ, ਬਖਸ਼ਿੰਦਰ, ਗੁਰਬਾਜ ਸਿੰਘ ਬਰਾੜ, ਸੰਦੀਪ ਸਿੰਘ ਧੰਜੂ, ਅਜੈਬ ਸਿੰਘ ਸਿੱਧੂ, ਰਮਨ ਸ਼ਰਮਾ, ਪ੍ਰੋ. ਸੀ. ਜੇ. ਸਿੱਧੂ, ਹਰਕੀਰਤ ਸਿੰਘ ਕੁਲਾਰ, ਸਰਬਰਾਜ ਸਿੰਘ ਕਾਹਲੋਂ, ਜੋਗਰਾਜ ਸਿੰਘ ਕਾਹਲੋਂ, ਸੰਤੋਖ ਸਿੰਘ ਮੰਡੇਰ, ਰਾਜੇਸ਼ ਆਂਸਲ, ਦਮਨ ਕੌਰ ਅਤੇ ਡਾ. ਜਸਵਿੰਦਰ ਸਿੰਘ ਦਿਲਾਵਰੀ ਆਦਿ ਸ਼ਾਮਿਲ ਸਨ।

ਜ਼ਿਕਰਯੋਗ ਹੈ ਕਿ ਸੰਨ 2008 ਵਿੱਚ ਸਥਾਪਿਤ ਪੰਜਾਬੀ ਪ੍ਰੈੱਸ ਕਲੱਬ ਆਫ਼ ਬੀਸੀ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਮੀਡੀਆ ਨਾਲ ਜੁੜੇ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਅਦਾਰਿਆਂ ਦੀ ਇੱਕ ਸਾਂਝੀ ਪ੍ਰਤਿਨਿਧੀ ਸੰਸਥਾ ਹੈ। ਕਲੱਬ ਦੀ ਰਵਾਇਤ ਅਨੁਸਾਰ ਹਰ ਵਾਰ ਚੋਣ ਸਰਬ-ਸੰਮਤੀ ਨਾਲ ਕੀਤੀ ਜਾਂਦੀ ਹੈ ਅਤੇ ਇਸ ਵਾਰ ਵੀ ਇਸ ਲੋਕਤੰਤਰੀ ਰਵਾਇਤ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਗਿਆ।

# ਸਿੱਖ ਗੁਰੂਆਂ ਵਿਰੁੱਧ ਕਦੇ ਵੀ ਕੋਈ ਅਪਮਾਨਜਨਕ ਟਿੱਪਣੀ ਨਹੀਂ ਕੀਤੀ : ਆਤਿਸ਼ੀ

ਨਵੀਂ ਦਿੱਲੀ : ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ, ਜਿਨ੍ਹਾਂ 'ਤੇ ਸਿੱਖ ਗੁਰੂਆਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਨ ਦਾ ਦੋਸ਼ ਹੈ, ਨੇ ਆਪਣੇ ਵਿਰੁੱਧ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਸਦਨ ਦੀ ਕਾਰਵਾਈ ਦੀ ਸੰਪਾਦਿਤ ਵੀਡੀਓ ਰਿਕਾਰਡਿੰਗ ਦੀ ਮੰਗ ਕੀਤੀ। ਉਨ੍ਹਾਂ ਇਹ ਜਵਾਬ ਵਿਸ਼ੇਸ਼ ਅਧਿਕਾਰ ਕਮੇਟੀ ਦੁਆਰਾ ਪਹਿਲਾਂ ਜਾਰੀ ਕੀਤੇ ਗਏ ਨੋਟਿਸ ਦੇ ਜਵਾਬ ਵਿੱਚ ਦਿੱਤਾ। ਇਸ ਮਹੀਨੇ ਦੇ ਸ਼ੁਰੂ ਵਿੱਚ ਸਮਾਪਤ ਹੋਏ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ, ਸੱਤਾਧਾਰੀ ਭਾਜਪਾ ਵਿਧਾਇਕਾਂ ਨੇ ਦੋਸ਼ ਲਗਾਇਆ ਸੀ ਕਿ ਆਤਿਸ਼ੀ ਨੇ ਗੁਰੂ ਤੇਗ ਬਹਾਦਰ ਜੀ ਵਿਰੁੱਧ ਅਸੰਵੇਦਨਸ਼ੀਲ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗੀ। ਆਤਿਸ਼ੀ ਨੇ ਆਪਣੇ ਪੱਤਰ ਵਿੱਚ ਕਿਹਾ, 'ਸ਼ੁਰੂਆਤ 'ਚ ਹੀ, ਮੈਂ ਪੂਰੀ ਸਪੱਸ਼ਟਤਾ ਅਤੇ ਇਮਾਨਦਾਰੀ ਨਾਲ ਦੱਸਦੀ ਹਾਂ ਕਿ ਮੈਂ ਸਿੱਖ ਗੁਰੂਆਂ ਵਿਰੁੱਧ ਕਦੇ ਵੀ ਕੋਈ ਅਪਮਾਨਜਨਕ ਟਿੱਪਣੀ ਨਹੀਂ ਕੀਤੀ, ਨਾ ਤਾਂ 6 ਜਨਵਰੀ, 2026 ਨੂੰ ਸਦਨ ਵਿੱਚ ਅਤੇ ਨਾ ਹੀ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ। ਮੈਂ ਇਸ ਦੋਸ਼ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹਾਂ।' ਇਸ ਮਹੀਨੇ ਦੇ ਸ਼ੁਰੂ ਵਿੱਚ, ਦਿੱਲੀ ਵਿਧਾਨ ਸਭਾ ਦੇ ਸਪੀਕਰ ਵਜਿੰਦਰ ਗੁਪਤਾ ਨੇ ਕਿਹਾ ਸੀ ਕਿ ਵਿਸ਼ੇਸ਼ ਅਧਿਕਾਰ ਕਮੇਟੀ ਨੇ ਇਸ ਮਾਮਲੇ ਵਿੱਚ ਆਤਿਸ਼ੀ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ 19 ਜਨਵਰੀ ਤੱਕ ਲਿਖਤੀ ਜਵਾਬ ਦੇਣ ਲਈ ਕਿਹਾ ਗਿਆ ਸੀ, ਇਹ ਮੁੱਦਾ ਭਾਜਪਾ ਵਿਧਾਇਕਾਂ ਨੇ ਪਿਛਲੇ ਨਵੰਬਰ 'ਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ 'ਤੇ ਦਿੱਲੀ ਸਰਕਾਰ ਦੇ ਪ੍ਰੋਗਰਾਮ 'ਤੇ ਚਰਚਾ ਦੌਰਾਨ ਉਠਾਇਆ ਸੀ। ਆਮ ਆਦਮੀ ਪਾਰਟੀ ਦੀ ਵਿਧਾਇਕਾ ਆਤਿਸ਼ੀ ਨੇ ਆਪਣੇ ਪੱਤਰ 'ਚ ਕਿਹਾ ਕਿ ਵਿਧਾਨ ਸਭਾ ਦੇ ਨੋਟਿਸ 'ਚ 'ਸਦਨ 'ਚ ਗੜਬੜ' ਅਤੇ 'ਕਾਰਵਾਈ ਵਿਚ ਰੁਕਾਵਟ' ਵਰਗੇ ਅਸਪੱਸ਼ਟ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ, ਬਿਨਾਂ ਇਹ ਦੱਸੇ ਕਿ ਕੀ ਕਿਹਾ ਗਿਆ ਸੀ, ਕਿਸ ਸੰਦਰਭ 'ਚ, ਜਾਂ ਕਿਸ ਆਧਾਰ 'ਤੇ ਇਸਨੂੰ 'ਅਪਮਾਨਜਨਕ' ਕਿਹਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀ ਜਾਣਕਾਰੀ ਦੀ ਅਣਹੋਂਦ 'ਚ ਮੈਨੂੰ ਇੱਕ ਅਣਪਛਾਤੇ ਅਤੇ ਅਪ੍ਰਮਾਣਿਤ ਦੋਸ਼ ਦਾ ਜਵਾਬ ਦੇਣ ਲਈ ਕਿਹਾ ਜਾ ਰਿਹਾ ਹੈ। ਇਹ ਕੁਦਰਤੀ ਨਿਆਂ ਦੇ ਮੂਲ ਸਿਧਾਂਤਾਂ ਦੇ ਉਲਟ ਹੈ।' ਆਤਿਸ਼ੀ ਨੇ ਆਪਣੇ ਵਿਰੁੱਧ ਸ਼ਿਕਾਇਤ ਦੀ ਇੱਕ ਕਾਪੀ ਅਤੇ 'ਉਸ ਤਰੀਕ ਦੀ ਅਧਿਕਾਰਤ ਕਾਰਵਾਈ ਦੀ ਇੱਕ ਸੰਪਾਦਿਤ ਵੀਡੀਓ ਰਿਕਾਰਡਿੰਗ, ਅਸਲ ਵਿੱਚ, ਸਬੂਤ ਐਕਟ ਦੇ ਤਹਿਤ ਇੱਕ ਸਰਟੀਫਿਕੇਟ ਦੇ ਨਾਲ' ਮੰਗੀ। ਉਨ੍ਹਾਂ ਨੇ ਸਪੀਕਰ ਤੋਂ ਮੀਟਿੰਗ 'ਚ ਸ਼ਾਮਿਲ ਹੋਣ ਅਤੇ ਦੋਸ਼ਾਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਪੱਤਰ ਦੀ ਇੱਕ ਕਾਪੀ ਦੀ ਵੀ ਮੰਗ ਕੀਤੀ।



# ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਵੱਲੋਂ ਕਰਵਾਏ ਜਾਣ ਵਾਲੇ ਸਾਲਾਨਾ ਸਮਾਗਮ ਦਾ ਪੋਸਟਰ ਹੋਇਆ ਜਾਰੀ



ਗੁਰਮਤ ਸਮਾਗਮ ਦਾ ਪੋਸਟਰ ਜਾਰੀ ਕਰਦੇ ਹੋਏ ਬਾਬਾ ਹਰਪ੍ਰੀਤ ਸਿੰਘ ਜੀ ਨਾਲ ਹਨ ਪ੍ਰਧਾਨ ਰਵਿੰਦਰ ਸਿੰਘ ਰਵੀ ਅਤੇ ਸਮੂਹ ਮੈਂਬਰ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ 15 ਫਰਵਰੀ ਨੂੰ ਸਕੂਲ ਆਫ ਐਮੀਨੈਂਸ ਟਾਂਡਾ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਮਹਾਨ ਗੁਰਮਤਿ ਸਮਾਗਮ ਕਰਵਾਉਣ ਦੇ ਸਬੰਧ ਪ੍ਰਬੰਧਕ ਸੇਵਾਦਾਰਾਂ ਦੀ ਇਕ ਵਿਸ਼ੇਸ਼ ਮੀਟਿੰਗ ਸਰਪ੍ਰਸਤ ਸ਼ਰਧਾ ਸਿੰਘ, ਪ੍ਰਧਾਨ ਰਵਿੰਦਰ ਸਿੰਘ ਰਵੀ ਅਤੇ ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ ਦੀ ਅਗਵਾਈ ਵਿਚ ਹੋਈ ਜਿਸ ਵਿਚ ਬਾਬਾ ਹਰਪ੍ਰੀਤ ਸਿੰਘ ਟਾਹਲੀ ਸਾਹਿਬ ਵੱਲੋਂ ਇਸ ਧਾਰਮਿਕ ਸਮਾਗਮ ਦਾ ਪ੍ਰੋਗਰਾਮ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਬਾਬਾ ਹਰਪ੍ਰੀਤ ਸਿੰਘ ਨੇ ਸੁਸਾਇਟੀਵੱਲੋਂ ਕੀਤੇ ਜਾ ਰਹੇ ਧਰਮ ਪ੍ਰਚਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ ਸਜਾਏ ਜਾਣ ਵਾਲੇ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸੁਰਿੰਦਰ ਸਿੰਘ ਢਾਡੀ, ਸਰੂਪ ਸਿੰਘ ਕਡਿਆਣਾ, ਬੀਬੀ ਜਤਿੰਦਰ ਕੌਰ ਸ੍ਰੀ ਅਨੰਦਪੁਰ ਸਾਹਿਬ, ਭਾਈ ਸੁਖਦੀਪ ਸਿੰਘ ਜੀ ਬੈਂਸ, ਭਾਈ ਵਰਿੰਦਰ ਸਿੰਘ ਖੱਖ, ਭਾਈ ਸੁਰਜੀਤ ਸਿੰਘ ਜੀ, ਭਾਈ ਮਨਜੀਤ ਸਿੰਘ ਜੀ, ਕਾਕਾ ਗੁਰਮਨਪ੍ਰੀਤ ਸਿੰਘ ਅਤੇ ਕਾਕਾ ਮਨਰਾਜ ਸਿੰਘ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਸ਼ਾਨਾ ਮੱਤੇ ਇਤਿਹਾਸ ਨਾਲ ਜੋੜਨਗੇ।

ਇਸ ਦੌਰਾਨ ਜਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ, ਭਾਈ ਜਗਤਾਰ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲੇ, ਬਾਬਾ ਹਰਪ੍ਰੀਤ ਸਿੰਘ ਜੀ ਟਾਹਲੀ ਸਾਹਿਬ ਵਾਲੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ।

ਉਸ ਮੌਕੇ ਹਸਪਤਾਲ ਟਾਂਡਾ, ਬੀ.ਆਰ ਕਾਜਲ ਹਸਪਤਾਲ, ਮਰਵਾਹਾ ਦੰਦਾ ਦਾ ਹਸਪਤਾਲ, ਰੇਖੀ ਹਰਬੰਸ ਹਸਪਤਾਲ ਵੱਲੋਂ ਮੁਫਤ ਮੈਡੀਕਲ ਕੈਂਪ ਲਾਏ ਜਾਣਗੇ। ਇਸ ਦੌਰਾਨ ਭਾਈ ਧਰਮ ਸਿੰਘ ਅਕੈਡਮੀ ਟਾਂਡਾ ਵੱਲੋਂ ਧਾਰਮਿਕ ਲਿਟਰੇਚਰ ਵੰਡਿਆ ਜਾਵੇਗਾ। ਇਸ ਤੋਂ ਪਹਿਲਾਂ 1 ਫਰਵਰੀ ਨੂੰ ਡੇਰਾ ਬਾਬਾ ਬਲਵੰਤ ਸਿੰਘ ਜੀ ਦਾਰਾਪੁਰ ਟਾਂਡਾ ਵਿਚ ਸੰਤ ਬਾਬਾ ਗੁਰਦਿਆਲ ਸਿੰਘ ਜੀ ਦੀ ਪ੍ਰੇਰਨਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਬਾਣੀ ਕੰਠ, ਧਾਰਮਿਕ ਪ੍ਰੀਖਿਆ ਤੇ ਕੀਰਤਨ ਮੁਕਾਬਲੇ ਕਰਵਾਏ ਜਾਣਗੇ। ਇਸ ਮੁਕਾਬਲੇ ਵਿਚ ਜੇਤੂ ਪ੍ਰਤੀਯੋਗੀਆਂ ਨੂੰ ਗੁਰਮਤਿ ਸਮਾਗਮ ਵਾਲੇ ਦਿਨ ਨਗਦ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਇਲਾਕੇ ਦੀਆਂ ਸਮੂਹ ਸਿੰਘ ਸਭਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗਤਕਾ ਅਖਾੜੇ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਇਸ ਸਾਲਾਨਾ ਗੁਰਮਤਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਖ਼ਜ਼ਾਨਚੀ ਪਿਆਰਾ ਸਿੰਘ, ਪ੍ਰਚਾਰ ਸਕੱਤਰ ਗਿਆਨੀ ਕੇਵਲ ਸਿੰਘ, ਮੀਤ ਪ੍ਰਧਾਨ ਤੀਰਥ ਸਿੰਘ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ, ਪ੍ਰਭ ਸਿੰਘ, ਸੁਰਜੀਤ ਸਿੰਘ, ਇਕਬਾਲ ਸਿੰਘ ਮੁਨਕਾਂ, ਗੁਰਦੀਪ ਸਿੰਘ, ਤਜਿੰਦਰ ਸਿੰਘ, ਦਵਿੰਦਰ ਸਿੰਘ, ਮਾ. ਜਸਵੀਰ ਸਿੰਘ, ਗੁਰਪ੍ਰੀਤ ਸਿੰਘ, ਮਨਜੀਤ ਸਿੰਘ ਖਾਲਸਾ, ਬੂਟਾ ਸਿੰਘ, ਸ਼ਰਨਦੀਪ ਸਿੰਘ, ਮਨਦੀਪ ਸਿੰਘ ਦੀਪਾ, ਗੁਰਸੰਦੀਪ ਸਿੰਘ, ਹਰਪ੍ਰੀਤ ਸਿੰਘ, ਪ੍ਰਭ ਸਿੰਘ, ਇਕਬਾਲ ਸਿੰਘ ਨੰਬਰਦਾਰ, ਸ਼ਰਨਦੀਪ ਸਿੰਘ ਗੜੀ ਆਦਿ ਮੌਜੂਦ ਸਨ।

# ਸਰਕਾਰ 1000 ਰੁਪਏ ਦੇਣ ਦੀ ਗਾਰੰਟੀ ਵੀ ਪੂਰੀ ਕਰੇਗੀ: ਚੀਮਾ



ਮਹਿਲ ਕਲਾਂ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅੱਜ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਪਿੰਡ ਠੀਕਰੀਵਾਲਾ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚੇ। ਇਸ ਦੌਰਾਨ ਉਨ੍ਹਾਂ ਔਰਤਾਂ ਨੂੰ ਦਿੱਤੇ ਜਾਣ ਵਾਲੇ 1000 ਰੁਪਏ ਦੇ ਵਾਅਦੇ ਸਬੰਧੀ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜ ਮੁੱਖ ਗਾਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ ਚਾਰ ਪੂਰੀਆਂ ਹੋ ਚੁੱਕੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਵੀਂ ਗਾਰੰਟੀ ਵੀ 2027 ਦੀਆਂ ਚੋਣਾਂ ਤੋਂ ਪਹਿਲਾਂ ਹਰ ਹਾਲ ਵਿੱਚ ਪੂਰੀ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਜਨਮ ਮਹਾਨ ਸ਼ਹਾਦਤਾਂ ਅਤੇ ਗੁਰਦੁਆਰਾ ਸਾਹਿਬਾਨ ਨੂੰ ਮਸੰਦਾਂ ਤੋਂ ਮੁਕਤ ਕਰਵਾਉਣ ਲਈ ਹੋਇਆ ਸੀ, ਪਰ ਅੱਜ ਇਹ ਪਾਰਟੀ ਸਿਰਫ਼ ਇੱਕ ਪਰਿਵਾਰ ਤੱਕ ਸੀਮਤ ਹੋ ਕੇ ਰਹਿ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸੇ ਪਰਿਵਾਰਵਾਦ ਕਾਰਨ ਪੰਥ ਅਤੇ ਪੰਜਾਬ ਦਾ ਨੁਕਸਾਨ ਹੋਇਆ ਹੈ। ਹਲਕਾ ਬੰਗਾ ਤੋਂ ਵਿਧਾਇਕ ਦੇ ਅਸਤੀਫ਼ੇ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ ਗਲਤਫਹਿਮੀ ਦਾ ਮਾਮਲਾ ਹੈ। ਉਹ ਖ਼ੁਦ ਇਸ ਮਸਲੇ ਨੂੰ ਸੁਲਝਾਉਣ ਲਈ ਜਾ ਰਹੇ ਹਨ ਅਤੇ ਜਲਦੀ ਹੀ ਸਭ ਠੀਕ ਕਰ ਲਿਆ ਜਾਵੇਗਾ।

ਜਗਰਾਉਂ ਵਿੱਚ ਨਸ਼ੇ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਜੰਗ ਛੇੜੀ ਹੋਈ ਹੈ ਅਤੇ ਵੱਡੇ ਸੌਦਾਗਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ। ਗੈਂਗਸਟਰਾਂ ਨੂੰ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਜਾਂ ਤਾਂ ਗੈਂਗਸਟਰ ਪੰਜਾਬ ਛੱਡ ਦੇਣ ਜਾਂ ਫਿਰ ਪੁਲੀਸ ਦੀ ਸਖ਼ਤ ਕਾਰਵਾਈ ਲਈ ਤਿਆਰ ਰਹਿਣ।

ਮੁਹਾਲੀ ਦੀਆਂ ਸੜਕਾਂ ਪ੍ਰਾਈਵੇਟ ਕੰਪਨੀ ਨੂੰ ਦੇਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਫਿਲਹਾਲ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ।

# ਗੁਰਬਤ ਨੇ ਸਦਾ ਲਈ ਪਾਇਆ ਮਾਂ-ਪੁੱਤ ਦਾ ਵਿਛੋੜਾ

## ਕੈਂਸਰ ਪੀੜਤ ਪੁੱਤ ਦੀ ਹੋਈ ਮੌਤ; ਮਾਂ ਦੇ ਆਉਣ ਦੀ ਉਮੀਦ 'ਚ ਲਾਸ਼ ਦਾ ਨਹੀਂ ਕੀਤਾ ਗਿਆ ਸਸਕਾਰ; ਪੁੱਤ ਦੇ ਇਲਾਜ ਖ਼ਾਤਰ ਵਿਦੇਸ਼ ਗਈ ਮਾਂ



ਜਲੰਧਰ : ਗੁਰਬਤ ਕਾਰਨ ਪੰਜਾਬ ਦੇ ਕਈ ਪਰਿਵਾਰਾਂ ਦੀਆਂ ਔਰਤਾਂ ਨੂੰ ਸੱਤ ਸਮੁੰਦਰ ਪਾਰ ਰੋਜ਼ੀ-ਰੋਟੀ ਖ਼ਾਤਰ ਪਰਵਾਸ ਦਾ ਸੰਤਾਪ ਹੰਢਾਉਣਾ ਪੈ ਰਿਹਾ ਹੈ। ਓਮਾਨ ਗਈ ਇੱਕ ਮਾਂ ਨੂੰ ਆਪਣੇ ਪੁੱਤਰ ਦਾ ਅਤੇ ਇੱਕ ਪਤਨੀ ਨੂੰ ਆਪਣੇ ਪਤੀ ਦਾ ਆਖ਼ਰੀ ਵਾਰ ਮੂੰਹ ਦੇਖਣਾ ਵੀ ਨਸੀਬ ਨਹੀਂ ਹੋ ਰਿਹਾ।

ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਰਹਿਣ ਵਾਲੇ ਮੰਗਾ ਸਿੰਘ ਨੇ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਰਾਹੀਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਸਕਟ ਵਿੱਚ ਫਸੀ ਉਸ ਦੀ ਪਤਨੀ ਨੂੰ ਤੁਰੰਤ ਭਾਰਤ ਲਿਆਂਦਾ ਜਾਵੇ, ਤਾਂ ਜੋ ਉਹ ਆਪਣੇ ਅੱਠ ਸਾਲਾ ਪੁੱਤਰ ਨਵਦੀਪ ਦਾ ਆਖ਼ਰੀ ਵਾਰ ਮੂੰਹ ਦੇਖ ਸਕੇ। ਨਵਦੀਪ ਦੀ ਪਿਛਲੇ ਹਫ਼ਤੇ ਬੱਲਡ ਕੈਂਸਰ ਕਾਰਨ ਮੌਤ ਹੋ ਗਈ ਸੀ। ਮਾਂ ਦੇ ਵਿਦੇਸ਼ ਤੋਂ ਆਉਣ ਦੀ ਉਡੀਕ 'ਚ ਨਵਦੀਪ ਦੀ ਲਾਸ਼ ਹਫ਼ਤੇ ਤੋਂ ਹਸਪਤਾਲ ਵਿੱਚ ਪਈ ਹੈ। ਪਰਿਵਾਰ ਦਾ ਕਹਿਣਾ ਹੈ ਕਿ ਨਵਦੀਪ ਦਾ ਸਸਕਾਰ ਉਸ ਦੀ ਮਾਂ ਦੇ ਆਉਣ 'ਤੇ ਕੀਤਾ ਜਾਵੇਗਾ

ਪੀੜਤ ਮੰਗਾ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਨਵਦੀਪ ਸਿੰਘ ਨੂੰ ਕੈਂਸਰ ਹੋਣ ਕਾਰਨ ਪਰਿਵਾਰ ਕਰਜ਼ੇ ਹੇਠ ਆ ਗਿਆ ਸੀ। ਇਸੇ ਮਜਬੂਰੀ ਕਾਰਨ ਪਿਛਲੇ ਸਾਲ ਸਤੰਬਰ ਮਹੀਨੇ ਉਸ ਦੀ ਪਤਨੀ ਕਰਜ਼ਾ ਲਾਹੁਣ ਦੇ ਇਰਾਦੇ ਨਾਲ ਓਮਾਨ ਗਈ ਸੀ। ਏਜੰਟਾਂ ਨੇ ਉਨ੍ਹਾਂ ਨੂੰ ਝਾਂਸਾ ਦਿੱਤਾ ਸੀ ਕਿ ਮਸਕਟ ਵਿੱਚ ਘਰੇਲੂ ਕੰਮ ਦੇ ਬਦਲੇ ਹਰ ਮਹੀਨੇ 25 ਤੋਂ 30 ਹਜ਼ਾਰ ਰੁਪਏ ਤਨਖ਼ਾਹ ਮਿਲੇਗੀ। ਮੰਗਾ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਤਿੰਨ ਮਹੀਨਿਆਂ ਤੱਕ ਬਿਨਾਂ ਕਿਸੇ ਸ਼ਿਕਾਇਤ ਸਖ਼ਤ ਮਿਹਨਤ ਕਰਦੀ ਰਹੀ। ਉਸ ਨੂੰ ਜਦੋਂ ਆਪਣੇ ਪੁੱਤਰ ਦੀ ਨਾਜ਼ੁਕ ਹਾਲਤ ਬਾਰੇ ਪਤਾ ਲੱਗਿਆ ਤਾਂ ਭਾਰਤ ਆਉਣ ਲਈ ਉਸ ਨੇ ਤੁਰੰਤ ਭਾਰਤੀ ਦੂਤਾਵਾਸ ਕੋਲ ਪਹੁੰਚ ਕੀਤੀ ਸੀ। ਮੰਗਾ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਜਿਸ ਪਰਿਵਾਰ ਕੋਲ ਕੰਮ ਕਰਦੀ ਸੀ, ਉਹ ਔਰਤ ਦੀ ਵਾਪਸੀ ਬਦਲੇ ਲੱਖਾਂ ਰੁਪਏ ਦੀ ਮੰਗ ਕਰ ਰਿਹਾ ਹੈ। ਇਸ ਕਾਰਨ ਉਸ ਦੀ ਪਤਨੀ ਆਪਣੇ ਪੁੱਤਰ ਨੂੰ ਆਖ਼ਰੀ ਸਮੇਂ ਮਿਲ ਵੀ ਨਹੀਂ ਸਕੀ।

# ਕੰਡਿਆਲੀ ਤਾਰ ਨੂੰ ਸਰਹੱਦ ਵੱਲ ਤਬਦੀਲ ਕਰਨ ਲਈ ਕੇਂਦਰ ਹੋਇਆ ਸਹਿਮਤ: ਮਾਨ

## ਕਿਸਾਨਾਂ ਦੀ ਆਪਣੇ ਖੇਤਾਂ ਤੱਕ ਪਹੁੰਚ ਹੋਵੇਗੀ ਸੁਖਾਲੀ; ਪਛਾਣ ਪੱਤਰ ਦਿਖਾ ਕੇ ਅਤੇ ਬੀਐਸਐਫ ਦੀ ਸੁਰੱਖਿਆ ਦੇ ਨਾਂ 'ਤੇ ਕਿਸਾਨ ਹੋ ਰਹੇ ਸਨ ਪ੍ਰੇਸ਼ਾਨ



ਨਵੀਂ ਦਿੱਲੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੀ ਸਰਹੱਦੀ ਪੱਟੀ ਦੇ ਕਿਸਾਨਾਂ ਲਈ ਵੱਡੀ ਰਾਹਤ ਦਾ ਦਾਅਵਾ ਕਰਦਿਆਂ ਕਿਹਾ ਕਿ ਕੇਂਦਰ ਨੇ ਕੌਮਾਂਤਰੀ ਸਰਹੱਦ ਨੇੜੇ ਸੁਰੱਖਿਆ ਲਈ ਕੰਡਿਆਲੀ ਤਾਰ ਨੂੰ ਸਰਹੱਦ ਵੱਲ ਤਬਦੀਲ ਕਰਨ ਲਈ ਸਿਧਾਂਤਕ ਤੌਰ 'ਤੇ ਸਹਿਮਤੀ ਦੇ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਦਮ ਨਾਲ ਕੰਡਿਆਲੀ ਤਾਰ ਤੋਂ ਪਰ੍ਹੇ ਹਜ਼ਾਰਾਂ ਏਕੜ ਖੇਤੀ ਵਾਲੀ ਜ਼ਮੀਨ ਦੀ ਬਿਨਾਂ ਕਿਸੇ ਰੁਕਾਵਟ ਦੇ ਖੇਤੀ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਲੰਬੇ ਸਮੇਂ ਤੋਂ ਆਪਣੇ ਖੇਤਾਂ ਤੱਕ ਪਹੁੰਚਣ ਲਈ ਸ਼ਨਾਖਤੀ ਕਾਰਡ ਦਿਖਾਉਣ 'ਤੇ ਹੀ ਅੱਗੇ ਜਾਣ ਦਿੱਤਾ ਜਾਂਦਾ ਸੀ, ਇਸ ਕਾਰਨ ਕਿਸਾਨਾਂ ਨੂੰ ਖਾਸੀ ਪ੍ਰੇਸ਼ਾਨੀ ਹੁੰਦੀ ਸੀ। ਭਾਰਤ ਤੇ ਪਾਕਿਸਤਾਨ ਦੀ 532 ਕਿਲੋਮੀਟਰ ਲੰਬੀ ਸਰਹੱਦ ਹੈ ਇਸ ਸਰਹੱਦ 'ਤੇ ਕਿਸਾਨਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਗਵੰਤ ਮਾਨ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਮੀਟਿੰਗ ਦੌਰਾਨ ਉਨ੍ਹਾਂ ਨੂੰ ਦੱਸਿਆ ਕਿ ਇਹ ਮੁੱਦਾ ਸਰਗਰਮੀ ਨਾਲ ਵਿਚਾਰ ਅਧੀਨ ਹੈ ਅਤੇ ਕੰਡਿਆਲੀ ਤਾਰ ਨੂੰ ਸਰਹੱਦ ਵੱਲ ਤਬਦੀਲ ਕਰ ਦਿੱਤਾ ਜਾਵੇਗਾ, ਜਿਸ ਨਾਲ ਕੌਮੀ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਪੰਜਾਬ ਦੀ ਜ਼ਮੀਨ ਵਾਪਸ ਪਹੁੰਚਯੋਗ ਪਾਸੇ ਆ ਜਾਵੇਗੀ।

# ਧਾਮੀ ਗੁਰੂ ਦੇ ਨਹੀਂ, ਸੁਖਬੀਰ ਦੇ ਸਿਪਾਹੀ: ਮਾਨ

## ਧਾਰਮਿਕ ਜ਼ਿੰਮੇਵਾਰੀਆਂ ਭੁੱਲ ਕੇ ਸਿਆਸੀ ਰੈਲੀਆਂ ਦੇ ਪ੍ਰਬੰਧਾਂ 'ਚ ਰੁੱਝੇ ਰਹਿਣ ਦਾ ਦੋਸ਼



ਮਜੀਠਾ : ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੇ ਮਜੀਠਾ ਵਿੱਚ ਸੂਬਾ ਪੱਧਰੀ ਸਮਾਗਮ ਦੌਰਾਨ 23 ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਗੁਰੂ ਗੋਬਿੰਦ ਸਿੰਘ ਦੇ ਨਹੀਂ, ਸੁਖਬੀਰ ਸਿੰਘ ਬਾਦਲ ਦੇ ਸਿਪਾਹੀ ਹਨ। ਅਜਿਹੇ ਵਿਅਕਤੀ ਤੋਂ ਪੰਥ ਦੇ ਭਲੇ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ, ਜੋ ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਭੁੱਲ ਕੇ ਸਿਆਸੀ ਰੈਲੀਆਂ ਦੇ ਪ੍ਰਬੰਧਾਂ ਵਿੱਚ ਰੁੱਝਿਆ ਰਹਿੰਦਾ ਹੈ। ਇਸ ਮੌਕੇ ਉਨ੍ਹਾਂ ਤਲਬੀਰ ਸਿੰਘ ਗਿੱਲ ਨੂੰ ਵਿਧਾਨ ਸਭਾ ਚੋਣਾਂ 2027 ਲਈ ਮਜੀਠਾ ਤੋਂ 'ਆਪ' ਦਾ ਉਮੀਦਵਾਰ ਵੀ ਐਲਾਨ ਦਿੱਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਖੌਫ਼, ਪਰਚੀਆਂ (ਜਬਰੀ ਵਸੂਲੀ) ਅਤੇ ਅਕਾਲੀਆਂ ਦੀ ਧੱਕੇਸ਼ਾਹੀ ਦਾ ਦੌਰ ਖ਼ਤਮ ਹੋ ਗਿਆ ਹੈ। ਪੰਜਾਬ ਵਿੱਚ ਅਕਾਲੀਆਂ ਦੀ ਸੱਤਾ ਵਿੱਚ ਵਾਪਸੀ ਦਾ ਮਤਲਬ ਮੁੜ ਬੇਅਦਬੀਆਂ ਅਤੇ ਨਿਰਦੋਸ਼ਾਂ 'ਤੇ ਗੋਲੀਬਾਰੀ ਵਾਲੇ ਕਾਲੇ ਦੌਰ ਵਿੱਚ ਪਰਤਣਾ ਹੋਵੇਗਾ। ਉਨ੍ਹਾਂ ਕਿਹਾ ਕਿ ਅਕਾਲੀਆਂ ਅਤੇ ਸ਼੍ਰੋਮਣੀ ਕਮੇਟੀ ਦੀਆਂ ਕਾਰਵਾਈਆਂ ਕਾਰਨ ਹੀ ਸੂਬਾ ਸਰਕਾਰ ਨੂੰ 328 ਲਾਪਤਾ ਪਾਵਨ ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣੀ ਪਈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਦਾ ਮਕਸਦ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣਾ ਨਹੀਂ, ਸਗੋਂ ਸੱਚ ਸਾਹਮਣੇ ਲਿਆਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਲਈ ਅਕਾਲ ਤਖ਼ਤ ਸਰਵਉੱਚ ਹੈ, ਇਸੇ ਕਰ ਕੇ ਉਹ ਰਾਸ਼ਟਰਪਤੀ ਦੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਜਗ੍ਹਾ ਅਕਾਲ ਤਖ਼ਤ ਅੱਗੇ ਪੇਸ਼ ਹੋਏ। ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਵੀ ਤਨਜ਼ ਕੱਸਦਿਆਂ ਕਿਹਾ ਕਿ ਕੁਝ ਆਗੂ ਗਰੀਬ ਦੇ ਘਰ ਇੱਕ ਰਾਤ ਰਹਿਣ ਨੂੰ ਹੀ ਵੱਡੀ ਪ੍ਰਾਪਤੀ ਸਮਝਦੇ ਹਨ। ਕਾਂਗਰਸੀ ਲਗਾਤਾਰ ਹਾਰਾਂ ਕਾਰਨ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ, ਵਿਧਾਇਕ ਸਰਵਣ ਸਿੰਘ ਧੁੰਨ ਅਤੇ ਹੋਰ ਆਗੂ ਹਾਜ਼ਰ ਸਨ।

# ਅੰਦਰੂਨੀ ਕਲੇਸ਼ 'ਚ ਉਲਝੇ ਵਿਰੋਧੀਆਂ ਕੋਲ ਕੋਈ ਏਜੰਡਾ ਨਹੀਂ: ਭਗਵੰਤ ਮਾਨ

## ਮੁੱਖ ਮੰਤਰੀ ਨੇ ਬਿਕਰਾਊਰ 'ਚ ਡਿਗਰੀ ਕਾਲਜ ਦਾ ਨੀਂਹ ਪੱਥਰ ਰੱਖਿਆ; 50 ਪਿੰਡਾਂ ਨੂੰ ਮਿਲੇਗਾ ਲਾਭ




ਅਜਨਾਲਾ : ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਨਾਲ ਲਗਦੇ ਪਿੰਡ ਬਿਕਰਾਊਰ ਵਿੱਚ 15 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਕਾਰੀ ਡਿਗਰੀ ਕਾਲਜ ਦਾ ਨੀਂਹ ਪੱਥਰ ਰੱਖਿਆ। ਇਸ ਸਬੰਧੀ ਦਾਣਾ ਮੰਡੀ ਅਜਨਾਲਾ ਵਿੱਚ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕਰਵਾਏ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਲਜ ਦਾ ਨਾਮ ਬਾਬਾ ਗਮਚੁੱਕ ਜੀ ਮਹਾਰਾਜ ਦੇ ਨਾਮ 'ਤੇ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵਿੱਚ ਅੰਦਰੂਨੀ ਖਹਿਬਾਜ਼ੀ ਸਿਖਰ 'ਤੇ ਹੈ ਕਿਉਂਕਿ ਇਨ੍ਹਾਂ ਕੋਲ ਲੋਕਾਂ ਦੀ ਭਲਾਈ ਲਈ ਕੋਈ ਠੋਸ ਏਜੰਡਾ ਨਹੀਂ ਹੈ, ਪਰ ਉਹ ਸਿਰਫ਼ ਲੋਕਾਂ ਅਤੇ ਸੂਬੇ ਦੇ ਸਰੋਤਾਂ ਨੂੰ ਲੁੱਟਣ ਦੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਦੇ ਸੁਪਨੇ ਕਦੇ ਵੀ ਪੂਰੇ ਨਹੀਂ ਹੋਣਗੇ। ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਵੇਂ ਆਮ ਆਦਮੀ ਕਲੀਨਿਕ, ਸਕੂਲ ਅਤੇ ਕਾਲਜ ਖੋਲ੍ਹਣ ਦੇ ਨਾਲ-ਨਾਲ ਹੋਰ ਲੋਕ ਭਲਾਈ ਪਹਿਲਕਦਮੀਆਂ ਨੂੰ ਲਾਗੂ ਕਰਕੇ ਵਿਕਾਸ ਨੂੰ ਤੇਜ਼ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਮੁੱਖ ਮੰਤਰੀ ਨੇ ਇਸ ਪ੍ਰਾਜੈਕਟ ਲਈ ਜ਼ਮੀਨ ਦਾਨ ਕਰਨ 'ਤੇ ਬਿਕਰਾਊਰ ਦੀ ਗ੍ਰਾਮ ਪੰਚਾਇਤ ਅਤੇ ਨਿਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਕਾਲਜ ਦੇ ਨੇੜਲੇ 50 ਪਿੰਡਾਂ ਦੇ ਨੌਜਵਾਨਾਂ ਨੂੰ ਲਾਭ ਮਿਲੇਗਾ। ਉਨ੍ਹਾਂ ਕਿਹਾ ਆਉਣ ਵਾਲੇ ਸਾਲਾਂ ਵਿੱਚ ਦੋ ਹਜ਼ਾਰ ਤੋਂ ਵੱਧ ਵਿਦਿਆਰਥੀਆਂ ਦੀ ਸਮਰੱਥਾ ਵਾਲੀ ਇਸ ਸੰਸਥਾ ਵਿੱਚ ਆਰਟਸ, ਸਾਇੰਸ, ਕਾਮਰਸ, ਕੰਪਿਊਟਰ ਵਿਗਿਆਨ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਅਤੇ ਡਿਜੀਟਲ ਸਿੱਖਿਆ ਦੇ ਕੋਰਸ ਕਰਵਾਏ ਜਾਣਗੇ, ਜਿਸ ਨਾਲ ਸਰਹੱਦੀ ਪੱਟੀ ਦੇ ਵਿਦਿਆਰਥੀਆਂ ਲਈ ਆਧੁਨਿਕ ਅਤੇ ਮਿਆਰੀ ਸਿੱਖਿਆ ਯਕੀਨੀ ਬਣਾਈ ਜਾਵੇਗੀ ਅਤੇ ਕਾਲਜ ਲਈ ਜ਼ਮੀਨ ਦਾਨ ਕਰਨ ਵਾਲੇ ਪਿੰਡ ਦੇ ਬੱਚਿਆਂ ਨੂੰ ਇਸ ਸੰਸਥਾ ਵਿੱਚ ਮੁਫ਼ਤ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸਿਰਫ਼ ਯੋਗਤਾ ਦੇ ਆਧਾਰ 'ਤੇ 63,000 ਤੋਂ ਵੱਧ ਨੌਜਵਾਨਾਂ ਨੂੰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕੰਡਿਆਲੀ ਤਾਰ ਨੂੰ ਕੌਮਾਂਤਰੀ ਸਰਹੱਦ ਵੱਲ ਤਬਦੀਲ ਕਰਨ ਲਈ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਹਜ਼ਾਰਾਂ ਏਕੜ ਖੇਤੀ ਵਾਲੀ ਜ਼ਮੀਨ ਉੱਤੇ ਬਿਨਾਂ ਕਿਸੇ ਰੁਕਾਵਟ ਦੇ ਖੇਤੀ ਕੀਤੀ ਜਾ ਸਕੇਗੀ। ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਹਾਸਲ ਉਪਲੱਬਧੀਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ, "ਇਹ ਆਉਣ ਵਾਲਾ ਪ੍ਰਾਜੈਕਟ ਇਸ ਸਰਹੱਦੀ ਜ਼ਿਲ੍ਹੇ ਦੇ ਨੌਜਵਾਨਾਂ ਦੀ ਕਿਸਮਤ ਬਦਲ ਦੇਵੇਗਾ।

# ਹੁਣ ਜੰਗਾਂ ਸਰਹੱਦਾਂ ਤੱਕ ਸੀਮਤ ਨਹੀਂ ਰਹੀਆਂ: ਰਾਜਨਾਥ

## ਊਰਜਾ, ਵਪਾਰ ਤੇ ਤਕਨੀਕ ਬਣੇ ਨਵੇਂ ਹਥਿਆਰ

ਨਾਗਪੁਰ : ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਨਾਗਪੁਰ ਵਿੱਚ ਸੋਲਰ ਇੰਡਸਟਰੀਜ਼ ਦੀ ਗੋਲਾ-ਬਾਰੂਦ ਬਣਾਉਣ ਵਾਲੀ ਨਵੀਂ ਇਕਾਈ ਦਾ ਉਦਘਾਟਨ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਜੰਗਾਂ ਸਿਰਫ਼ ਸਰਹੱਦਾਂ ਤੱਕ ਸੀਮਤ ਨਹੀਂ ਰਹੀਆਂ, ਇਹ ਬਹੁਤ ਗੁੰਝਲਦਾਰ ਹੋ ਗਈਆਂ ਹਨ। ਊਰਜਾ, ਵਪਾਰ, ਟੈਰਿਫ, ਸਪਲਾਈ ਚੇਨ, ਤਕਨਾਲੋਜੀ ਅਤੇ ਸੂਚਨਾ ਹੁਣ ਇਸ ਦੇ ਨਵੇਂ ਪਹਿਲੂ ਬਣ ਚੁੱਕੇ ਹਨ।



ਉਨ੍ਹਾਂ ਕਿਹਾ ਕਿ ਜੰਗ ਦੇ ਬਦਲਦੇ ਰੂਪ ਕਾਰਨ ਦੇਸ਼ ਨੂੰ ਹਰ ਪੱਧਰ 'ਤੇ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਰੱਖਿਆ ਉਤਪਾਦਨ ਵਿੱਚ ਨਿੱਜੀ ਖੇਤਰ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਸਮਾਂ ਸੀ ਜਦੋਂ ਸਿਰਫ਼ ਜਨਤਕ ਖੇਤਰ ਹੀ ਹਥਿਆਰ ਬਣਾਉਂਦਾ ਸੀ, ਪਰ ਮੋਦੀ ਸਰਕਾਰ ਨੇ ਨੀਤੀਆਂ ਵਿੱਚ ਬਦਲਾਅ ਕਰ ਕੇ ਨਿੱਜੀ ਕੰਪਨੀਆਂ ਲਈ ਰਾਹ ਖੋਲ੍ਹੇ ਹਨ। ਹੁਣ ਖੋਜ ਅਤੇ ਵਿਕਾਸ ਵਿੱਚ ਨਿੱਜੀ ਖੇਤਰ ਜਨਤਕ ਖੇਤਰ ਤੋਂ ਵੀ ਅੱਗੇ ਨਿਕਲ ਗਿਆ ਹੈ। ਰੱਖਿਆ ਮੰਤਰੀ ਨੇ ਦਾਅਵਾ ਕੀਤਾ ਕਿ ਭਾਰਤ ਤੇਜ਼ੀ ਨਾਲ ਹਥਿਆਰਾਂ ਦਾ ਪ੍ਰਮੁੱਖ ਬਰਾਮਦਕਾਰ ਬਣ ਰਿਹਾ ਹੈ। ਉਨ੍ਹਾਂ ਦੱਸਿਆ ਕਿ 2014 ਵਿੱਚ ਘਰੇਲੂ ਰੱਖਿਆ ਉਤਪਾਦਨ 46,000 ਕਰੋੜ ਰੁਪਏ ਸੀ, ਜੋ ਹੁਣ ਵਧ ਕੇ 1.50 ਲੱਖ ਕਰੋੜ ਰੁਪਏ ਹੋ ਗਿਆ ਹੈ। ਇਸ ਵਿੱਚ ਨਿੱਜੀ ਖੇਤਰ ਦਾ ਹਿੱਸਾ 30,000 ਕਰੋੜ ਰੁਪਏ ਹੈ। ਰੱਖਿਆ ਬਰਾਮਦ ਵੀ 1000 ਕਰੋੜ ਤੋਂ ਵਧ ਕੇ 25,000 ਕਰੋੜ ਰੁਪਏ ਤੱਕ ਪਹੁੰਚ ਗਈ ਹੈ ਅਤੇ ਸਰਕਾਰ ਦਾ ਟੀਚਾ 2029-30 ਤੱਕ ਇਸ ਨੂੰ 50,000 ਕਰੋੜ ਰੁਪਏ ਕਰਨ ਦਾ ਹੈ।

# ਭਾਰਤ ਧਰਮ ਦੇ ਰਾਹ 'ਤੇ ਬਣਿਆ ਰਹੇਗਾ ਵਿਸ਼ਵਗੁਰੂ: ਭਾਗਵਤ

## 'ਮੈਂ' ਦੀ ਬਜਾਏ 'ਅਸੀਂ' ਦੀ ਭਾਵਨਾ ਨੂੰ ਅਪਣਾਉਣ ਲਈ ਕਿਹਾ

ਮੁੰਬਈ : ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਜਦੋਂ ਤੱਕ ਭਾਰਤ ਧਰਮ ਦੇ ਰਾਹ 'ਤੇ ਚੱਲੇਗਾ, ਉਦੋਂ ਤੱਕ ਇਹ ਵਿਸ਼ਵਗੁਰੂ ਬਣਿਆ ਰਹੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹਾ ਬ੍ਰਹਮ ਗਿਆਨ ਸਿਰਫ਼ ਭਾਰਤ ਕੋਲ ਹੀ ਹੈ।



ਇੱਥੇ ਸਮਾਗਮ ਦੌਰਾਨ ਸ੍ਰੀ ਭਾਗਵਤ ਨੇ ਕਿਹਾ ਕਿ ਧਰਮ ਹੀ ਪੂਰੇ ਬ੍ਰਹਿਮੰਡ ਨੂੰ ਚਲਾਉਣ ਵਾਲੀ ਸ਼ਕਤੀ ਹੈ। ਭਾਰਤ ਨੂੰ ਆਪਣੇ ਪੁਰਖਿਆਂ ਤੋਂ ਅਮੀਰ ਵਿਰਾਸਤ ਮਿਲੀ ਹੈ। ਭਾਰਤ ਨੂੰ ਸੰਤਾਂ-ਮਹਾਪੁਰਖਾਂ ਤੋਂ ਲਗਾਤਾਰ ਮਾਰਗਦਰਸ਼ਨ ਮਿਲਦਾ ਰਿਹਾ ਹੈ। ਇਸ ਤਰ੍ਹਾਂ ਦਾ ਗਿਆਨ ਸਾਰੇ ਸੰਸਾਰ ਵਿੱਚ ਨਹੀਂ ਹੈ, ਕਿਉਂਕੀ ਉੱਥੇ ਅਧਿਆਤਮਿਕਤਾ ਦੀ ਘਾਟ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਲੋਕਾਂ ਨੂੰ 'ਮੈਂ' ਦੀ ਬਜਾਏ 'ਅਸੀਂ' ਦੀ ਭਾਵਨਾ ਨੂੰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਤੀਜਿਆਂ ਦੀ ਉਮੀਦ ਕੀਤੇ ਬਿਨਾਂ ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਕੁਦਰਤ ਵਿੱਚ ਹਰ ਇੱਕ ਚੀਜ਼ ਦਾ ਆਪਣਾ ਫਰਜ਼ ਤੇ ਨਿਯਮ ਹੁੰਦਾ ਹੈ। ਪਾਣੀ ਦਾ ਧਰਮ ਵਹਿਣਾ ਹੈ, ਅੱਗ ਦਾ ਬਲਣਾ ਹੈ, ਇਸੇ ਤਰ੍ਹਾਂ ਪੁੱਤਰ ਦੇ ਫਰਜ਼, ਸ਼ਾਸਕ ਦੇ ਫਰਜ਼ ਤੇ ਨਿਯਮ ਹੁੰਦੇ ਹਨ। ਸਾਡੇ ਪੁਰਖਿਆਂ ਨੇ ਅਧਿਆਤਮਿਕ ਖੋਜ ਰਾਹੀਂ ਇਨ੍ਹਾਂ ਨਿਯਮਾਂ ਨੂੰ ਸਮਝਿਆ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਸੂਬਾ ਸੈਕੂਲਰ (ਧਰਮ ਨਿਰਪੱਖ) ਹੋ ਸਕਦਾ ਹੈ, ਪਰ ਮਨੁੱਖ ਜਾਂ ਧਰਤੀ ਧਰਮ ਤੋਂ ਬਿਨਾਂ ਨਹੀਂ ਹੋ ਸਕਦੀ।

# ਨਿਤਿਨ ਨਬੀਨ ਭਾਜਪਾ ਦੇ ਸਭ ਤੋਂ ਛੋਟੀ ਉਮਰ ਦੇ ਕੌਮੀ ਪ੍ਰਧਾਨ ਬਣੇ



ਨਵੀਂ ਦਿੱਲੀ : ਨਿਤਿਨ ਨਬੀਨ ਨੂੰ ਰਸਮੀ ਤੌਰ 'ਤੇ ਭਾਜਪਾ ਦਾ ਕੌਮੀ ਪ੍ਰਧਾਨ ਐਲਾਨ ਦਿੱਤਾ ਗਿਆ ਹੈ। ਉਹ ਜੇਪੀ ਨੱਢਾ ਦੀ ਥਾਂ ਲੈਣਗੇ ਅਤੇ ਪਾਰਟੀ ਲਈ ਇੱਕ ਨਵਾਂ ਅਧਿਆਇ ਸ਼ੁਰੂ ਕਰਨਗੇ। ਭਾਜਪਾ ਦੇਸ਼ ਦੀ ਰਾਜਨੀਤੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਟਰਨਿੰਗ ਅਫਸਰ ਕੇ. ਲਕਸ਼ਮਣ ਨੇ ਸੰਗਠਨਾਤਮਕ ਚੋਣਾਂ ਦੇ ਨਤੀਜੇ ਐਲਾਨਦਿਆਂ 45 ਸਾਲਾ ਨਬੀਨ ਨੂੰ ਚੋਣ ਦਾ ਸਰਟੀਫਿਕੇਟ ਸੌਂਪਿਆ। ਨਬੀਨ ਪਾਰਟੀ ਦੇ ਇਸ ਸਿਖਰਲੇ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਸਭ ਤੋਂ ਘੱਟ ਉਮਰ ਦੇ ਆਗੂ ਹਨ। ਇਸ ਮੌਕੇ ਭਾਜਪਾ ਹੈੱਡਕੁਆਰਟਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇਪੀ ਨੱਡਾ, ਸੀਨੀਅਰ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ ਸਮੇਤ ਹੋਰ ਆਗੂ ਮੌਜੂਦ ਸਨ। ਨਬੀਨ ਭਾਜਪਾ ਦੇ 12ਵੇਂ ਪ੍ਰਧਾਨ ਬਣੇ ਹਨ। ਭਾਜਪਾ ਦੀ ਸਥਾਪਨਾ 1980 ਵਿੱਚ ਹੋਈ ਸੀ ਤੇ ਉਸੇ ਸਾਲ ਨਿਤਿਨ ਨਬੀਨ ਦਾ ਜਨਮ ਹੋਇਆ ਸੀ। ਨਬੀਨ ਨੇ ਪਿਛਲੇ ਸਾਲ 14 ਦਸੰਬਰ ਨੂੰ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਬਿਹਾਰ ਸਰਕਾਰ ਵਿੱਚ ਕਾਨੂੰਨ ਤੇ ਨਿਆਂ, ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਲਕਸ਼ਮਣ ਨੇ ਚੋਣ ਨਤੀਜੇ ਦਾ ਐਲਾਨ ਕਰਦੇ ਹੋਏ ਕਿਹਾ, "ਇਹ ਚੋਣ ਦਰਸਾਉਂਦੀ ਹੈ ਕਿ ਭਾਜਪਾ ਲੀਡਰਸ਼ਿਪ ਵੰਸ਼ਵਾਦ ਦੇ ਵਿਸ਼ੇਸ਼ ਅਧਿਕਾਰ ਤੋਂ ਨਹੀਂ ਬਲਕਿ ਸਖ਼ਤ ਮਿਹਨਤ ਅਤੇ ਸਮਰਪਣ ਤੋਂ ਉੱਭਰੀ ਹੈ।" ਸਾਬਕਾ ਪ੍ਰਧਾਨ ਜੇਪੀ ਨੱਢਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਇੱਕ ਬਹੁਤ ਹੀ ਇਤਿਹਾਸਕ ਮੌਕਾ ਹੈ, ਜਦੋਂ ਸਾਡੇ ਨੌਜਵਾਨ, ਊਰਜਾਵਾਨ ਅਤੇ ਪ੍ਰਤਿਭਾਸ਼ਾਲੀ ਨਿਤਿਨ ਨਬੀਨ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ, ਭਾਜਪਾ ਦੇ ਕੌਮੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਰਹੇ ਹਨ। ਮੈਂ ਆਪਣੀ ਵੱਲੋਂ ਅਤੇ ਕਰੋੜਾਂ ਵਰਕਰਾਂ ਵੱਲੋਂ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।"

# ਭਾਰਤ-UAE ਦੋਸਤੀ ਦੇ ਨਵੇਂ ਦੌਰ ਦਾ ਆਗਾਜ਼; 200 ਅਰਬ ਡਾਲਰ ਦੇ ਵਪਾਰ ਦਾ ਟੀਚਾ

## ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਵਿਚਾਲੇ ਹੋਈ ਅਹਿਮ ਮੁਲਾਕਾਤ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਏਈ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਦਾ ਦਿੱਲੀ ਹਵਾਈ ਅੱਡੇ 'ਤੇ ਸਵਾਗਤ ਕੀਤਾ। ਦੋਵੇਂ ਆਗੂ ਇੱਕੋ ਗੱਡੀ ਵਿੱਚ ਸਵਾਰ ਹੋ ਕੇ ਪ੍ਰਧਾਨ ਮੰਤਰੀ ਨਿਵਾਸ ਪਹੁੰਚੇ, ਜਿੱਥੇ ਉਨ੍ਹਾਂ ਵਿਚਕਾਰ ਰੱਖਿਆ, ਊਰਜਾ, ਪੁਲਾੜ (Space) ਅਤੇ ਸਿਵਲ ਪਰਮਾਣੂ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਵਿਸਥਾਰਪੂਰਵਕ ਚਰਚਾ ਹੋਈ।




ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇਸ ਦੌਰੇ ਨੂੰ ਬੇਹੱਦ ਸਾਰਥਕ ਦੱਸਿਆ ਹੈ। ਦੋਵਾਂ ਦੇਸ਼ਾਂ ਨੇ ਸਾਲ 2032 ਤੱਕ ਸਾਲਾਨਾ ਵਪਾਰ ਨੂੰ 200 ਅਰਬ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਦੱਸਣਯੋਗ ਹੈ ਕਿ 2023-24 ਵਿੱਚ ਇਹ ਵਪਾਰ 84 ਅਰਬ ਡਾਲਰ ਸੀ। ਭਾਰਤ ਅਤੇ ਯੂਏਈ ਵਿਚਕਾਰ ਹਰ ਸਾਲ 0.5 ਮਿਲੀਅਨ ਮੀਟ੍ਰਿਕ ਟਨ LNG ਦੀ ਸਪਲਾਈ ਲਈ ਲੰਬੇ ਸਮੇਂ ਦਾ ਸਮਝੌਤਾ ਹੋਇਆ ਹੈ। ਦੋਵੇਂ ਦੇਸ਼ ਵੱਡੇ ਅਤੇ ਛੋਟੇ ਮਾਡਿਊਲਰ ਪਰਮਾਣੂ ਰਿਐਕਟਰਾਂ ਦੇ ਵਿਕਾਸ ਲਈ ਮਿਲ ਕੇ ਕੰਮ ਕਰਨਗੇ।

ਭਾਰਤ ਅਤੇ ਯੂਏਈ ਨੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ 'ਰਣਨੀਤਕ ਰੱਖਿਆ ਭਾਈਵਾਲੀ' 'ਤੇ ਸਹਿਮਤੀ ਜਤਾਈ ਹੈ। ਪੁਲਾੜ ਦੇ ਖੇਤਰ ਵਿੱਚ ਨਵੇਂ ਲਾਂਚ ਕੰਪਲੈਕਸ ਅਤੇ ਸੈਟੇਲਾਈਟ ਬਣਾਉਣ ਦੀਆਂ ਸਹੂਲਤਾਂ ਵਿਕਸਿਤ ਕਰਨ ਲਈ ਵੀ ਸਮਝੌਤਾ ਹੋਇਆ ਹੈ। ਇਸ ਤੋਂ ਇਲਾਵਾ, ਭਾਰਤ ਵਿੱਚ ਯੂਏਈ ਦੇ ਸਹਿਯੋਗ ਨਾਲ ਇੱਕ 'ਸੁਪਰ ਕੰਪਿਊਟਿੰਗ ਕਲੱਸਟਰ' ਸਥਾਪਤ ਕੀਤਾ ਜਾਵੇਗਾ ਅਤੇ ਡੇਟਾ ਸੈਂਟਰਾਂ ਵਿੱਚ ਨਿਵੇਸ਼ ਵਧਾਇਆ ਜਾਵੇਗਾ। ਯੂਏਈ ਗੁਜਰਾਤ ਦੇ ਧੋਲੇਰਾ ਵਿਸ਼ੇਸ਼ ਨਿਵੇਸ਼ ਖੇਤਰ ਦੇ ਵਿਕਾਸ ਵਿੱਚ ਹਿੱਸਾ ਲਵੇਗਾ। ਇਸ ਪ੍ਰੋਜੈਕਟ ਵਿੱਚ ਇੱਕ ਕੌਮਾਂਤਰੀ ਹਵਾਈ ਅੱਡਾ, ਪਾਇਲਟ ਸਿਖਲਾਈ ਸਕੂਲ, ਸਮਾਰਟ ਅਰਬਨ ਟਾਊਨਸ਼ਿਪ ਅਤੇ ਗ੍ਰੀਨਫੀਲਡ ਬੰਦਰਗਾਹ ਵਰਗੇ ਵੱਡੇ ਪ੍ਰੋਜੈਕਟ ਸ਼ਾਮਲ ਹਨ। ਖਾਧ ਸੁਰੱਖਿਆ (Food Security) ਨੂੰ ਲੈ ਕੇ ਵੀ ਇੱਕ ਸਮਝੌਤਾ ਹੋਇਆ ਹੈ, ਜਿਸ ਨਾਲ ਭਾਰਤੀ ਕਿਸਾਨਾਂ ਨੂੰ ਫਾਇਦਾ ਹੋਵੇਗਾ ਅਤੇ ਯੂਏਈ ਨੂੰ ਖੇਤੀਬਾੜੀ ਉਤਪਾਦਾਂ ਦੀ ਬਰਾਮਦ ਵਧੇਗੀ।

ਮੀਟਿੰਗ ਦੌਰਾਨ ਦੋਵਾਂ ਆਗੂਆਂ ਨੇ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਅਤਿਵਾਦ ਦਾ ਸਮਰਥਨ ਕਰਨ ਅਤੇ ਫੰਡਿੰਗ ਕਰਨ ਵਾਲਿਆਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗਾਜ਼ਾ, ਈਰਾਨ ਅਤੇ ਯਮਨ ਦੇ ਹਾਲਾਤਾਂ 'ਤੇ ਵੀ ਡੂੰਘੀ ਚਰਚਾ ਹੋਈ।

# ਭਗਵਾਂ ਪਾਰਟੀ 'ਚ ਸ਼ਾਮਲ ਹੋਏ ਪੰਜਾਬ ਦੇ ਚਾਰ ਆਗੂ

## ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਾਰਟੀ 'ਚ ਸ਼ਾਮਲ ਕੀਤਾ

ਪਟਿਆਲਾ/ਲੰਬੀ : ਪੰਜਾਬ ਦੇ ਮੁੱਖ ਮੰਤਰੀ ਦੇ ਸਾਬਕਾ ਓਐਸਡੀ ਓਂਕਾਰ ਸਿੰਘ ਸਣੇ ਚਾਰ ਪ੍ਰਮੁੱਖ ਆਗੂ ਅੱਜ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਜ਼ਿਕਰਯੋਗ ਹੈ ਅਕਾਲੀ ਦਲ ਪੁਨਰ ਸੁਰਜੀਤੀ ਤੋਂ ਅਸਤੀਫਾ ਦੇਣ ਵਾਲੇ ਚਰਨਜੀਤ ਸਿੰਘ ਬਰਾੜ ਵੀ ਇਸ ਪਾਰਟੀ ਵਿਚ ਸ਼ਾਮਲ ਹੋਏ ਹਨ। ਇਸੇ ਤਰ੍ਹਾਂ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਤੇ ਰਿਪਜੀਤ ਬਰਾੜ ਨੇ ਵੀ ਭਾਜਪਾ ਦਾ ਪੱਲਾ ਫੜ੍ਹ ਲਿਆ ਹੈ। ਉਨ੍ਹਾਂ ਦਾ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਦੇ ਸੈਕਟਰ-37 ਸਥਿਤ ਪੰਜਾਬ ਭਾਜਪਾ ਦਫ਼ਤਰ ਵਿਖੇ ਪਾਰਟੀ ਦੀ ਵਿੱਚ ਸਵਾਗਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਚਰਨਜੀਤ ਬਰਾੜ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ ਸੀ, ਪਰ ਦੋ ਦਿਨ ਪਹਿਲਾਂ ਉਸ ਦਲ ਨੂੰ ਵੀ ਛੱਡ ਕੇ ਹੁਣ ਭਾਜਪਾ ਦਾ ਰੁਖ਼ ਕੀਤਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਏ ਆਗੂਆਂ ਨੇ ਪੰਜਾਬ ਦੀ ਭਲਾਈ ਲਈ ਅਹਿਮ ਕਦਮ ਚੁੱਕਿਆ ਹੈ।



ਉਨ੍ਹਾਂ ਦੋਸ਼ ਲਾਇਆ ਕਿ ਅੱਜ ਪੰਜਾਬ ਵਿੱਚ ਉਦਯੋਗਪਤੀਆਂ ਤੋਂ ਲੈ ਕੇ ਆਮ ਲੋਕਾਂ ਤੱਕ ਡਰ ਦਾ ਮਾਹੌਲ ਹੈ ਅਤੇ ਪੀਐਮ ਮੋਦੀ ਦੀ ਅਗਵਾਈ ਵਿੱਚ ਭਾਜਪਾ ਪੰਜਾਬ ਨੂੰ ਮਜ਼ਬੂਤ ਕਰੇਗੀ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਅੱਜ ਬਿਨਾਂ ਸਰਕਾਰ ਦੇ ਚੱਲ ਰਿਹਾ ਹੈ ਅਤੇ ਲੋਕ ਭਾਜਪਾ ਨੂੰ ਇੱਕੋ-ਇੱਕ ਉਮੀਦ ਵਜੋਂ ਦੇਖ ਰਹੇ ਹਨ। ਇਸ ਦੇ ਨਾਲ ਹੀ ਭਾਜਪਾ ਨੇ ਕਾਨੂੰਨ ਵਿਵਸਥਾ ਨੂੰ ਲੈ ਕੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦਾ ਘੇਰਾਓ ਕਰਨ ਦਾ ਵੀ ਐਲਾਨ ਕੀਤਾ ਹੈ।

ਦੂਜੇ ਪਾਸੇ, ਕਦੇ ਭਗਵੰਤ ਮਾਨ ਦੇ ਬੇਹੱਦ ਭਰੋਸੇਮੰਦ ਰਹੇ ਪ੍ਰੋ. ਓਂਕਾਰ ਸਿੰਘ ਦਾ ਭਾਜਪਾ ਵਿੱਚ ਜਾਣਾ ਮੁੱਖ ਮੰਤਰੀ ਲਈ ਵੱਡੀ ਸਿਆਸੀ ਚੁਣੌਤੀ ਮੰਨਿਆ ਜਾ ਰਿਹਾ ਹੈ। ਲੰਬੀ ਹਲਕੇ ਦੇ ਪਿੰਡ ਰੋੜਾਂਵਾਲੀ ਨਾਲ ਸਬੰਧਤ ਪ੍ਰੋ. ਓਂਕਾਰ ਸਿੰਘ ਦੋ ਸਾਲ ਤੱਕ ਮੁੱਖ ਮੰਤਰੀ ਦੇ ਓਐਸਡੀ ਰਹੇ ਅਤੇ ਧੂਰੀ ਵਿਧਾਨ ਸਭਾ ਹਲਕੇ ਵਿੱਚ ਕਾਫੀ ਸਰਗਰਮ ਰਹੇ। ਸਿਆਸੀ ਗਲਿਆਰਿਆਂ ਵਿੱਚ ਚਰਚਾ ਹੈ ਕਿ 2027 ਦੀਆਂ ਚੋਣਾਂ ਵਿੱਚ ਭਾਜਪਾ ਉਨ੍ਹਾਂ ਨੂੰ ਭਗਵੰਤ ਮਾਨ ਦੇ ਹਲਕੇ ਧੂਰੀ ਜਾਂ ਲੰਬੀ ਤੋਂ ਉਮੀਦਵਾਰ ਬਣਾ ਸਕਦੀ ਹੈ। ਓਂਕਾਰ ਸਿੰਘ, ਜੋ ਵਰਤਮਾਨ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਿਵਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਹਨ, ਆਪਣੇ ਨਿਮਰ ਸੁਭਾਅ ਲਈ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਭਾਜਪਾ ਵਿੱਚ ਆਉਣ ਨਾਲ 'ਆਪ' ਦੀਆਂ ਅੰਦਰੂਨੀ ਰਣਨੀਤੀਆਂ ਭਾਜਪਾ ਦੇ ਹੱਥ ਲੱਗ ਸਕਦੀਆਂ ਹਨ।

ਉਨ੍ਹਾਂ ਦਾ ਪਿਛੋਕੜ ਲੰਬੀ ਹਲਕੇ ਦੀ ਰਿਵਾਇਤੀ ਸਿਆਸਤ ਨਾਲ ਵੀ ਜੁੜਿਆ ਰਿਹਾ ਹੈ। ਉਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਛੋਟੇ ਭਰਾ ਅਤੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਗੁਰਦਾਸ ਸਿੰਘ ਬਾਦਲ ਦੀ ਟੀਮ ਨਾਲ ਵੀ ਸਬੰਧਤ ਰਹੇ ਹਨ।

# ਨਿੱਕੇ ਭੁਝੰਗੀ ਗੁਰਨੂਰ ਸਿੰਘ ਨੇ ਜਥੇਦਾਰ ਨਾਲ ਕੀਤੀ ਮੁਲਾਕਾਤ

## ਪੂਰੇ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਕੀਤਾ ਪ੍ਰੇਰਿਤ

ਅੰਮ੍ਰਿਤਸਰ: ਜਥੇਦਾਰ ਕੁਲਦੀਪ ਸਿੰਘ ਗੜਗਜ ਨੇ ਅੱਜ ਨਿੱਕੇ ਭੁਝੰਗੀ ਗੁਰਨੂਰ ਸਿੰਘ, ਸਰਦਾਰ ਗੁਰਨੂਰ ਸਿੰਘ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਮੁਲਾਕਾਤ ਕੀਤੀ। ਉਸ ਵੱਲੋਂ ਪੰਥ ਦੇ ਵਾਲੀ, ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਜ਼ਫ਼ਰਨਾਮਾ ਜੋ ਕਿ ਫ਼ਾਰਸੀ ਵਿੱਚ ਹੈ, ਸੁਣਾਇਆ ਗਿਆ ਜੋ ਕਿ ਉਸ ਨੂੰ ਜ਼ੁਬਾਨੀ ਕੰਠ ਸੀ। ਇਸ ਛੋਟੇ ਬੱਚੇ ਬੱਚੇ ਤੇ ਸੱਚੇ ਪਾਤਸ਼ਾਹ ਦੀ ਇੰਨੀ ਕਿਰਪਾ ਹੈ ਕਿ ਇਸ ਨੇ ਆਪਣੇ ਸਾਰੇ ਪੂਰੇ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਤੇ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋਇਆ।



ਇਹੋ ਜਿਹੇ ਬੱਚੇ ਸਿੱਖ ਕੌਮ ਦੇ ਭਵਿੱਖ ਹਨ। ਸੱਚੇ ਪਾਤਸ਼ਾਹ ਇਸ ਬੱਚੇ ਤੇ ਆਪਣਾ ਮਿਹਰ ਭਰਿਆ ਹੱਥ ਸਦਾ ਹੀ ਬਣਾਈ ਰੱਖਣ ਅਤੇ ਇਸ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ। ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਅਜਿਹੇ ਬੱਚੇ ਵੱਡੇ ਹੋ ਕੇ ਆਪਣੀ ਸਿੱਖ ਕੌਮ ਲਈ ਸੇਵਾ ਕਰਦੇ ਰਹਿਣ। ਇਸ ਗੁਰਸਿੱਖ ਬੱਚੇ ਨੂੰ ਗੁਰੂ ਘਰ ਦੀ ਦਾਤ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

# ਅਮਰੀਕੀ ਕੰਪਨੀਆਂ ਪਾਕਿਸਤਾਨ 'ਚ ਨਹੀਂ ਕਰ ਰਹੀਆਂ ਨਿਵੇਸ਼

ਅੰਮ੍ਰਿਤਸਰ : ਰਿਪਬਲਿਕਨ ਅਮਰੀਕੀ ਕਾਂਗਰਸਮੈਨ ਰਿਚ ਮੈਕਕਾਰਮਿਕ ਨੇ ਪਾਕਿਸਤਾਨ ਦੇ ਮੁਕਾਬਲੇ ਭਾਰਤ ਦੇ ਆਰਥਿਕ ਅਤੇ ਰਣਨੀਤਕ ਮਹੱਤਵ ਨੂੰ ਉਜਾਗਰ ਕੀਤਾ। ਉਨ੍ਹਾਂ ਸਪੱਸ਼ਟ ਕਿਹਾ ਕਿ ਅਮਰੀਕਾ ਪਾਕਿ ਨਾਲ ਰਣਨੀਤਕ ਭਾਈਵਾਲੀ ਨਹੀਂ ਬਣਾ ਰਿਹਾ ਅਤੇ ਨਾ ਹੀ ਅਮਰੀਕੀ ਕੰਪਨੀਆਂ ਪਾਕਿਸਤਾਨ 'ਚ ਕਿਸੇ ਤਰ੍ਹਾਂ ਦਾ ਅਰਬਾਂ ਡਾਲਰ ਦਾ ਨਿਵੇਸ਼ ਹੀ ਕਰ ਰਹੀਆਂ ਹਨ, ਜਦੋਂ ਕਿ ਉਹੀ ਨਿਵੇਸ਼ ਭਾਰਤ ਵਿਚ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨਾ ਸਿਰਫ਼ ਅਮਰੀਕਾ ਤੋਂ ਨਿਵੇਸ਼ ਪ੍ਰਾਪਤ ਕਰਦਾ ਹੈ ਬਲਕਿ ਉੱਥੇ ਨਿਵੇਸ਼ ਵੀ ਕਰਦਾ ਹੈ, ਜਦੋਂ ਕਿ ਪਾਕਿ ਦੀ ਅਜਿਹੀ ਹੈਸੀਅਤ ਨਹੀਂ ਹੈ। ਉਨ੍ਹਾਂ ਨੇ ਪਾਕਿ ਅਤੇ ਭਾਰਤ ਦੀ ਤੁਲਨਾ ਕਰਦੇ ਹੋਏ ਕਿਹਾ ਕਿ ਭਾਰਤ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਕਰਨਾ ਅਮਰੀਕਾ ਲਈ ਮਹਿੰਗਾ ਸਾਬਤ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਪਾਕਿ ਦੀ ਆਬਾਦੀ ਲਗਭਗ 30 ਕਰੋੜ ਹੋਣ ਦੇ ਬਾਵਜੂਦ ਇਹ ਅਮਰੀਕਾ ਵਿਚ ਮਹੱਤਵਪੂਰਨ ਨਿਵੇਸ਼ ਨਹੀਂ ਲਿਆਉਂਦਾ। ਇਸ ਦੇ ਉਲਟ ਭਾਰਤ ਨਾ ਸਿਰਫ਼ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਦਾ ਹੈ ਬਲਕਿ ਅਮਰੀਕਾ ਵਿਚ ਕਾਫ਼ੀ ਨਿਵੇਸ਼ ਵੀ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਆਰਥਿਕ ਅਤੇ ਰਣਨੀਤਕ ਤੌਰ 'ਤੇ ਅਮਰੀਕਾ ਲਈ ਇਕ ਮਹੱਤਵਪੂਰਨ ਭਾਈਵਾਲ ਹੈ।



# ਮਹਿਬੂਬਾ ਮੁਫ਼ਤੀ ਨੇ ਜੰਮੂ ਅਤੇ ਕਸ਼ਮੀਰ 'ਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਕੀਤੀ ਹਮਾਇਤ



ਜੰਮੂ : ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਸਮਾਵੇਸ਼ੀ ਗੱਲਬਾਤ ਅਤੇ ਵਿਆਪਕ ਵਿਕਾਸ ਰਾਹੀਂ ਉਤਸ਼ਾਹਿਤ ਕਰਨ ਲਈ ਆਪਣੀ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਇਆ। ਖੇਤਰ ਦੇ ਵਿਭਿੰਨ ਖੇਤਰਾਂ ਨੂੰ ਇਕਜੁੱਟ ਕਰਨ 'ਤੇ ਕੇਂਦ੍ਰਿਤ, ਮੁਫ਼ਤੀ ਨੇ ਪੀਰ ਪੰਜਾਲ ਅਤੇ ਚਨਾਬ ਘਾਟੀ ਲਈ ਡਿਵੀਜ਼ਨਲ ਦਰਜੇ ਲਈ ਆਪਣੇ ਦਬਾਅ ਦਾ ਰਾਜਨੀਤੀਕਰਨ ਕਰਨ ਲਈ ਨੈਸ਼ਨਲ ਕਾਨਫਰੰਸ ਅਤੇ ਭਾਜਪਾ ਦੋਵਾਂ ਦੀ ਆਲੋਚਨਾ ਕੀਤੀ, ਉਨ੍ਹਾਂ ਦੇ ਦਾਅਵਿਆਂ ਨੂੰ ਗੁੰਮਰਾਹਕੁੰਨ ਕਰਾਰ ਦਿੱਤਾ।

ਇਸ ਮੁੱਦੇ 'ਤੇ ਬੋਲਦਿਆਂ, ਮੁਫਤੀ ਨੇ ਮੁਫਤੀ ਮੁਹੰਮਦ ਸਈਦ ਦੇ ਸਮੇਂ ਦੌਰਾਨ ਕੀਤੇ ਗਏ ਕੂਟਨੀਤਕ ਯਤਨਾਂ ਨੂੰ ਯਾਦ ਕੀਤਾ, ਜਿਨ੍ਹਾਂ ਨੇ ਸਰਹੱਦ ਪਾਰ ਦੇ ਰਸਤੇ ਖੋਲ੍ਹੇ ਸਨ ਅਤੇ ਗੱਲਬਾਤ ਨੂੰ ਸੁਵਿਧਾਜਨਕ ਬਣਾਇਆ ਸੀ। ਉਸਨੇ ਬਿਹਤਰ ਹਾਲਤਾਂ ਵਿੱਚ ਫੌਜੀ ਬਲਾਂ ਨੂੰ ਬੈਰਕਾਂ ਵਿੱਚ ਤਬਦੀਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਬਿਜਲੀ ਪ੍ਰੋਜੈਕਟਾਂ ਦੀ ਵਾਪਸੀ ਜਾਂ ਮੁਆਵਜ਼ਾ ਦੀ ਵਕਾਲਤ ਕੀਤੀ, ਇਹ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਉਪਾਅ ਖੇਤਰੀ ਖੁਸ਼ਹਾਲੀ ਅਤੇ ਏਕਤਾ ਦੇ ਵਿਆਪਕ ਟੀਚੇ ਨਾਲ ਮੇਲ ਖਾਂਦੇ ਹਨ।

ਮੁਫ਼ਤੀ ਨੇ ਆਪਣੀ ਪਹਿਲਕਦਮੀ ਦਾ ਬਚਾਅ ਪੂਰੀ ਤਰ੍ਹਾਂ ਪ੍ਰਸ਼ਾਸਕੀ, ਹਾਸ਼ੀਏ 'ਤੇ ਪਏ ਖੇਤਰਾਂ ਨੂੰ ਸਸ਼ਕਤ ਬਣਾਉਣ ਅਤੇ ਸ਼ਾਸਨ ਨੂੰ ਵਧਾਉਣ 'ਤੇ ਕੇਂਦ੍ਰਿਤ ਹੋਣ ਦੇ ਤੌਰ 'ਤੇ ਕੀਤਾ, ਨਾ ਕਿ ਪੁਰਾਣੀ ਡਿਕਸਨ ਯੋਜਨਾ ਨਾਲ ਮੇਲ ਖਾਂਦਾ। ਉਸਨੇ ਪਾਕਿਸਤਾਨ ਨਾਲ ਜੁੜੇ ਇੱਕ ਲੁਕਵੇਂ ਏਜੰਡੇ ਦਾ ਸੁਝਾਅ ਦੇਣ ਲਈ ਭਾਜਪਾ ਨੂੰ ਝਿੜਕਿਆ, ਅਤੇ ਜਮਹੂਰੀ ਆਜ਼ਾਦੀਆਂ ਦੀ ਰੱਖਿਆ ਦੀ ਅਪੀਲ ਕਰਦੇ ਹੋਏ ਪੱਤਰਕਾਰਾਂ ਨੂੰ ਹਾਲ ਹੀ ਵਿੱਚ ਬੁਲਾਏ ਜਾਣ ਦੀ ਨਿੰਦਾ ਕੀਤੀ।




ਦੇਹਰਾਦੂਨ ਵਿੱਚ 2022 ਦੇ ਅੰਕਿਤਾ ਭੰਡਾਰੀ ਕਤਲ ਕੇਸ ਵਿੱਚ ਇਨਸਾਫ਼ ਦੀ ਮੰਗ ਕਰਦੇ ਹੋਏ ਵੱਡੀ ਗਿਣਤੀ ਵਿੱਚ ਲੋਕਾਂ ਨੇ ਪ੍ਰਦਰਸ਼ਨ ਕੀਤਾ।

# ਸ਼੍ਰੋਮਣੀ ਕਮੇਟੀ ਵੱਲੋਂ ਆਤਿਸ਼ੀ ਖਿਲਾਫ ਕਾਨੂੰਨੀ ਕਾਰਵਾਈ ਦਾ ਫੈਸਲਾ

## ਗੁਰੂ ਸਾਹਿਬਾਨ ਬਾਰੇ ਕੀਤੀ ਟਿੱਪਣੀ ਲਈ ਅੰਤ੍ਰਿੰਗ ਕਮੇਟੀ ਦੀ ਬੈਠਕ ਵਿੱਚ ਨਿੰਦਾ ਮਤਾ ਪਾਸ

ਅੰਮ੍ਰਿਤਸਰ : ਗੁਰੂ ਸਾਹਿਬਾਨ ਬਾਰੇ ਕਥਿਤ ਇਤਰਾਜ਼ਯੋਗ ਟਿੱਪਣੀ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ 'ਆਪ' ਆਗੂ ਆਤਿਸ਼ੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਇਹ ਫ਼ੈਸਲਾ ਅੱਜ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਆਤਿਸ਼ੀ ਖ਼ਿਲਾਫ਼ ਨਿੰਦਾ ਮਤਾ ਵੀ ਪਾਸ ਕੀਤਾ ਗਿਆ।

ਸ੍ਰੀ ਧਾਮੀ ਦੀ ਅਗਵਾਈ 'ਚ ਅੱਜ ਇੱਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿੱਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੋਈ ਹੈ। ਮੀਟਿੰਗ ਵਿੱਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ 'ਆਪ' ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਖ਼ਿਲਾਫ਼ ਕੀਤੀ ਕਥਿਤ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਦਾ ਫ਼ੈਸਲਾ ਕੀਤਾ ਗਿਆ। ਦਿੱਲੀ ਵਿਧਾਨ ਸਭਾ ਦੇ ਸੈਸ਼ਨ ਵਿੱਚ ਲੋਕਾਂ ਵੱਲੋਂ ਚੁਣੇ ਨੁਮਾਇੰਦੇ ਨੇ ਗੁਰੂ ਸਾਹਿਬਾਨ ਬਾਰੇ ਕਥਿਤ ਅਪਮਾਨਜਨਕ ਸ਼ਬਦਾਵਲੀ ਵਰਤ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਕਰ ਕੇ 'ਆਪ' ਆਗੂ ਨੇ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ, ਜਿਸ ਕਾਰਨ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੱਚਖੰਡ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿੱਚ ਨੌਜਵਾਨ ਵੱਲੋਂ ਮਰਿਆਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਰਿਆਦਾ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਇੱਥੋਂ ਦੀ ਪਾਵਨ ਮਰਿਆਦਾ ਦਾ ਸਨਮਾਨ ਕੀਤਾ ਜਾਵੇ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ ਛੇ ਵਿਦਿਆਰਥੀਆਂ ਵੱਲੋਂ ਪੀ ਸੀ ਐੱਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੁਡੀਸ਼ਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਸ਼ਲਾਘਾ ਕੀਤੀ। ਸ੍ਰੀ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰ ਕੇ ਉੱਚ ਅਹੁਦਿਆਂ 'ਤੇ ਪਹੁੰਚਣ। ਅੰਤ੍ਰਿੰਗ ਕਮੇਟੀ ਵੱਲੋਂ ਅੱਜ ਦੀ ਮੀਟਿੰਗ ਵਿੱਚ ਸ਼?ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਣੇ ਵੱਖ-ਵੱਖ ਵਿਭਾਗਾਂ ਦੇ ਮਾਮਲੇ ਵਿਚਾਰੇ ਗਏ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਅਤੇ ਅੰਤ੍ਰਿੰਗ ਮੈਂਬਰਾਂ ਸਣੇ ਓ ਐੱਸ ਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੌਜੂਦ ਸਨ।

# ਐਸਜੀਪੀਸੀ ਵਿੱਚ ਵੱਡੀਆਂ ਵਿੱਤੀ ਬੇਨਿਯਮੀਆਂ ਦਾ ਦੋਸ਼, 328 ਪਾਵਨ ਸਰੂਪਾਂ ਦੀ ਪਾਰਦਰਸ਼ੀ ਜਾਂਚ ਦੀ ਮੰਗ : ਇਮਾਨ ਸਿੰਘ ਮਾਨ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਪ੍ਰੈਸ ਕਾਨਫਰੰਸ ਵਿੱਚ ਸਤਿੰਦਰਪਾਲ ਕੋਹਲੀ ਕੇਸ, ਬਾਦਲ ਪਰਿਵਾਰ ਨਾਲ ਕਥਿਤ ਸਬੰਧਾਂ ਅਤੇ ਐਸਜੀਪੀਸੀ ਚੋਣਾਂ ਦੀ ਦੇਰੀ 'ਤੇ ਤਿੱਖੇ ਸਵਾਲ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ ਵਿੱਚ ਆਯੋਜਿਤ ਪ੍ਰੈਸ ਕਾਨਫਰੰਸ ਦੌਰਾਨ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਗੰਭੀਰ ਵਿੱਤੀ ਅਤੇ ਪ੍ਰਸ਼ਾਸਕੀ ਬੇਨਿਯਮੀਆਂ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਸਤਿੰਦਰਪਾਲ ਸਿੰਘ ਕੋਹਲੀ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਨਾਕਾਮੀ ਦੇ ਬਾਵਜੂਦ ਵੱਡੀਆਂ ਅਦਾਇਗੀਆਂ ਕੀਤੀਆਂ ਗਈਆਂ।

ਇਮਾਨ ਸਿੰਘ ਮਾਨ ਨੇ ਦੋਸ਼ ਲਗਾਇਆ ਕਿ ਅੰਦਰੂਨੀ ਕਮੇਟੀ ਦੀਆਂ ਨਕਾਰਾਤਮਕ ਖੋਜਾਂ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵੱਲੋਂ ਸਮੇਂ ਸਿਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕੋਹਲੀ ਦੇ ਬਾਦਲ ਪਰਿਵਾਰ ਨਾਲ ਜੁੜੀਆਂ ਕਥਿਤ ਕੰਪਨੀਆਂ ਨਾਲ ਸਬੰਧ ਹੋਣ ਕਾਰਨ ਉਸਨੂੰ ਬਚਾਇਆ ਗਿਆ, ਜੋ ਪੂਰੇ ਮਾਮਲੇ ਨੂੰ ਹੋਰ ਵੀ ਗੰਭੀਰ ਬਣਾਉਂਦਾ ਹੈ। ਉਨ੍ਹਾਂ 328 ਪਾਵਨ ਸਰੂਪਾਂ ਦੇ ਮਾਮਲੇ 'ਤੇ ਸਖ਼ਤ ਰੁਖ ਅਖਤਿਆਰ ਕਰਦੇ ਹੋਏ ਕਿਹਾ ਕਿ ਸਿੱਖ ਭਾਈਚਾਰੇ ਨੂੰ ਇਹ ਜਾਣਨ ਦਾ ਪੂਰਾ ਅਧਿਕਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹ 328 ਪਾਵਨ ਸਰੂਪ ਕਿੱਥੇ ਹਨ ਅਤੇ ਕਿਸ ਹਾਲਤ ਵਿੱਚ ਰੱਖੇ ਗਏ ਹਨ। ਉਨ੍ਹਾਂ ਇਸਨੂੰ ਸਿਰਫ਼ ਪ੍ਰਸ਼ਾਸਕੀ ਨਹੀਂ ਸਗੋਂ ਗੰਭੀਰ ਅਪਰਾਧਿਕ ਮਾਮਲਾ ਕਰਾਰ ਦਿੱਤਾ। ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਨੇ ਕਿਹਾ ਕਿ ਸਿੱਖ ਧਾਰਮਿਕ ਅਤੇ ਨਿਆਂਕ ਸੰਸਥਾਵਾਂ 'ਤੇ ਰਾਜਨੀਤਿਕ ਦਬਾਅ ਹੈ, ਜਿਸ ਕਾਰਨ ਆਮ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਉਨ੍ਹਾਂ ਐਸਜੀਪੀਸੀ ਚੋਣਾਂ ਵਿੱਚ ਹੋ ਰਹੀ ਵਾਰ-ਵਾਰ ਦੇਰੀ ਨੂੰ ਸਿੱਖ ਲੋਕਤੰਤਰ 'ਤੇ ਸਿੱਧਾ ਹਮਲਾ ਕਰਾਰ ਦਿੱਤਾ। ਪ੍ਰੈਸ ਕਾਨਫਰੰਸ ਦੇ ਅੰਤ 'ਚ ਆਗੂਆਂ ਨੇ ਮੰਗ ਕੀਤੀ ਕਿ 328 ਗੁੰਮ ਹੋਏ ਪਾਵਨ ਸਰੂਪਾਂ ਦਾ ਤੁਰੰਤ ਪਤਾ ਲਗਾਇਆ ਜਾਵੇ, ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਸਿੱਖ ਸੰਸਥਾਵਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾਵੇ। ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਸਿੱਖ ਪੰਥ ਨੂੰ ਇਸ ਵੱਡੀ ਉਲਝਣ ਵਿੱਚੋਂ ਕੱਢਣਾ ਚਾਹੀਦਾ ਹੈ ਅਤੇ ਸਿੱਖਾਂ ਨੂੰ ਠੋਸ ਇਨਸਾਫ ਮਿਲਣਾ ਚਾਹੀਦਾ ਹੈ। ਇਸ ਮੌਕੇ ਜਥੇਬੰਦਕ ਸਕੱਤਰ ਅਮਰੀਕ ਸਿੰਘ ਨੰਗਲ, ਜਿਲਾ ਅੰਮ੍ਰਿਤਸਰ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਬਰਾੜ, ਹਲਕਾ ਮਜੀਠਾ ਦਾ ਇਨਚਾਰਜ ਕੁਲਵੰਤ ਸਿੰਘ ਕੋਟਲਾ, ਜਰਨਲ ਸਕੱਤਰ ਦਿਹਾਤੀ ਅੰਮ੍ਰਿਤਸਰ ਦਵਿੰਦਰ ਸਿੰਘ ਬੱਲ, ਯੂਥ ਆਗੂ ਨਿਸ਼ਾਨ ਸਿੰਘ ਬਲੇਰ ਤੇ ਹੋਰ ਹਾਜ਼ਰ ਸਨ।



# ਕਰਾਚੀ ਦੇ ਸ਼ਾਪਿੰਗ ਪਲਾਜ਼ਾ 'ਚ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ ਹੋਈ 28

## 80 ਲੋਕ ਹਨ ਲਾਪਤਾ, ਬਚਾਅ ਕਾਰਜ ਜਾਰੀ

ਕਰਾਚੀ : ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਇਕ ਪੁਰਾਣੇ ਸ਼ਾਪਿੰਗ ਪਲਾਜ਼ਾ ਵਿਚ ਲੱਗੀ ਭਿਆਨਕ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਇਸ ਹਾਦਸੇ ਵਿਚ ਮਰਨ ਵਾਲਿਆਂ ਦੀ ਗਿਣਤੀ 28 ਹੋ ਗਈ ਹੈ, ਜਦਕਿ 80 ਹੋਰ ਲੋਕ ਅਜੇ ਵੀ ਲਾਪਤਾ ਹਨ, ਜਿਨ੍ਹਾਂ ਦੀ ਭਾਲ ਲਈ ਮਲਬੇ ਵਿਚ ਬਚਾਅ ਕਾਰਜ ਜਾਰੀ ਹਨ।

ਇਹ ਅੱਗ ਸਨਿਚਰਵਾਰ ਰਾਤ ਨੂੰ ਗੁਲ ਸ਼ਾਪਿੰਗ ਪਲਾਜ਼ਾ ਦੀ ਬੇਸਮੈਂਟ ਵਿਚ ਇਕ ਦੁਕਾਨ ਤੋਂ ਸ਼ੁਰੂ ਹੋਈ ਸੀ ਅਤੇ ਤੇਜ਼ੀ ਨਾਲ ਪੂਰੀ ਇਮਾਰਤ ਵਿਚ ਫੈਲ ਗਈ। ਅੱਗ ਇੰਨੀ ਭਿਆਨਕ ਸੀ ਕਿ ਇਸ 'ਤੇ ਕਾਬੂ ਪਾਉਣ ਲਈ ਲਗਭਗ 34 ਘੰਟੇ ਦਾ ਸਮਾਂ ਲੱਗਾ।



### ਜੱਟ ਸਿੱਖ VS ਦਲਿਤ ਸਿੱਖ ਵਾਲੀਆਂ ਖ਼ਬਰਾਂ ਨੂੰ ਲੈ ਕੇ ਬੋਲੇ ਚਰਨਜੀਤ ਚੰਨੀ

# 'ਮੈਂ ਕਿਸੇ ਦੇ ਖਿਲਾਫ਼ ਨਹੀਂ ਬੋਲਿਆ, ਮੈਂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹਾਂ'

ਚੰਡੀਗੜ੍ਹ: ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਸਪਸ਼ਟ ਕੀਤਾ ਕਿ ਉਹ ਗੁਰੂ ਸਾਹਿਬਾਨ ਦੇ ਫ਼ਲਸਫ਼ੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" 'ਤੇ ਅਡਿੱਗ ਵਿਸ਼ਵਾਸ ਰੱਖਦੇ ਹਨ ਅਤੇ ਕਿਸੇ ਵੀ ਮੀਟਿੰਗ ਜਾਂ ਮੰਚ ਤੋਂ ਕਦੇ ਵੀ ਜਾਤ ਜਾਂ ਬਿਰਾਦਰੀ ਸੰਬੰਧੀ ਕੋਈ ਟਿੱਪਣੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਜਾਣ-ਬੁੱਝ ਕੇ ਗਲਤ ਅਤੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਹ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁੱਤਰ ਹਨ ਅਤੇ ਕਿਸੇ ਵੀ ਵਰਗ ਜਾਂ ਜਾਤ ਦੇ ਖ਼ਿਲਾਫ਼ ਬੋਲਣਾ ਉਨ੍ਹਾਂ ਦੀ ਸੋਚ ਅਤੇ ਸੰਸਕਾਰਾਂ ਦੇ ਵਿਰੁੱਧ ਹੈ। ਉਨ੍ਹਾਂ ਕਾਂਗਰਸ ਪਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਭਰੋਸਾ ਕਰਕੇ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ, ਜਿਨ੍ਹਾਂ 'ਤੇ ਰਹਿੰਦਿਆਂ ਉਨ੍ਹਾਂ ਨੇ ਹਮੇਸ਼ਾ ਆਮ ਲੋਕਾਂ ਦੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰਹਿੰਦਿਆਂ ਅਤੇ ਮੈਂਬਰ ਪਾਰਲੀਮੈਂਟ ਦੇ ਤੌਰ 'ਤੇ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਪੰਜਾਬ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਪੂਰੀ ਤਾਕਤ ਨਾਲ ਰੱਖੀ। ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਰੋਸ ਨੂੰ ਵੀ ਭੁਗਤਿਆ, ਪਰ ਕਿਸੇ ਵੀ ਕਿਸਾਨ 'ਤੇ ਕਾਰਵਾਈ ਨਹੀਂ ਹੋਣ ਦਿੱਤੀ। ਸ੍ਰੀ ਚੰਨੀ ਨੇ ਕਿਹਾ ਕਿ ਪੰਜਾਬ ਇੱਕ ਗੁਲਦਸਤਾ ਹੈ ਅਤੇ ਜਦੋਂ ਤੱਕ ਸਾਰੇ ਵਰਗਾਂ ਨੂੰ ਨਾਲ ਲੈ ਕੇ ਨਹੀਂ ਚੱਲਿਆ ਜਾਂਦਾ, ਤਦ ਤੱਕ ਨਾ ਪਾਰਟੀ ਮਜ਼ਬੂਤ ਹੁੰਦੀ ਹੈ ਅਤੇ ਨਾ ਹੀ ਸਰਕਾਰ ਬਣਦੀ ਹੈ।



# ਦਲਿਤ ਮੁੱਦਿਆਂ 'ਤੇ ਸਭ ਨੂੰ ਬੋਲਣ ਦਾ ਹੱਕ: ਡਾ. ਰਾਜ ਕੁਮਾਰ ਵੇਰਕਾ

ਅੰਮ੍ਰਿਤਸਰ: ਅੰਮ੍ਰਿਤਸਰ ਵਿੱਚ ਕਾਂਗਰਸੀ ਨੇਤਾ ਅਤੇ ਸਾਬਕਾ ਮੰਤਰੀ ਡਾ. ਰਾਜਕੁਮਾਰ ਵੇਰਕਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਅੰਦਰ ਚੱਲ ਰਹੀ ਬਿਆਨਬਾਜ਼ੀ ਅਤੇ ਦਲਿਤ ਮੁੱਦਿਆਂ 'ਤੇ ਸਪਸ਼ਟੀਕਰਨ ਦਿੱਤਾ। ਉਨ੍ਹਾਂ ਕਿਹਾ ਕਿ ਜਿਸ ਮੀਟਿੰਗ ਨੂੰ ਲੈ ਕੇ ਚਰਚਾ ਹੋ ਰਹੀ ਹੈ, ਉਹ ਕਾਂਗਰਸ ਪਾਰਟੀ ਦੀ ਅੰਦਰੂਨੀ ਮੀਟਿੰਗ ਸੀ ਅਤੇ ਉਸ ਵਿੱਚ ਦਲਿਤ ਮੁੱਦਿਆਂ 'ਤੇ ਸਿਹਤਮੰਦ ਚਰਚਾ ਹੋਈ। ਡਾ. ਵੇਰਕਾ ਨੇ ਕਿਹਾ ਕਿ ਪਾਰਟੀ ਦੇ ਅੰਦਰ ਹਰ ਆਗੂ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਅਧਿਕਾਰ ਹੁੰਦਾ ਹੈ। ਚਰਨਜੀਤ ਸਿੰਘ ਚੰਨੀ ਵੱਲੋਂ ਜੋ ਗੱਲਾਂ ਕਹੀਆਂ ਗਈਆਂ ਹਨ, ਉਹੀ ਗੱਲਾਂ ਪਹਿਲਾਂ ਰਾਹੁਲ ਗਾਂਧੀ ਵੀ ਕਰ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸੋਸ਼ਲ ਇੰਜੀਨੀਅਰਿੰਗ ਦੇ ਅਧਾਰ 'ਤੇ ਸਮਾਜ ਦੇ ਹਰ ਵਰਗ ਨੂੰ ਉਸਦਾ ਹੱਕ ਮਿਲਣਾ ਚਾਹੀਦਾ ਹੈ ਅਤੇ ਜਿੱਥੇ ਕਿਤੇ ਵੀ ਕਮੀ ਰਹਿ ਗਈ ਹੈ, ਉਸਨੂੰ ਦੂਰ ਕਰਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਇਹ ਵਿਚਾਰ ਸਿਰਫ਼ ਚੰਨੀ ਸਾਹਿਬ ਦੇ ਨਹੀਂ ਹਨ, ਬਲਕਿ ਰਾਜਾ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਵੀ ਇਹੀ ਗੱਲ ਕਹਿ ਰਹੇ ਹਨ ਕਿ ਜੋ ਲੋਕ ਪਿੱਛੇ ਰਹਿ ਗਏ ਹਨ ਜਾਂ ਜਿਨ੍ਹਾਂ ਨੂੰ ਅੱਗੇ ਵਧਣ ਦਾ ਮੌਕਾ ਨਹੀਂ ਮਿਲਿਆ, ਉਨ੍ਹਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ।



35 ਕਾਂਗਰਸੀ ਆਗੂਆਂ ਵੱਲੋਂ ਹਾਈ ਕਮਾਂਡ ਨੂੰ ਲਿਖੀ ਗਈ ਚਿੱਠੀ 'ਤੇ ਬੋਲਦਿਆਂ ਡਾ. ਵੇਰਕਾ ਨੇ ਕਿਹਾ ਕਿ ਇਸ ਨਾਲ ਪਾਰਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਦੋ ਫਾੜ ਦੀ ਗੱਲ ਨਹੀਂ ਹੈ। ਹਾਈ ਕਮਾਂਡ ਨਾਲ ਗੱਲ ਕਰਨਾ ਅਤੇ ਆਪਣੀ ਰਾਇ ਰੱਖਣਾ ਕਾਂਗਰਸ ਦੀ ਪਰੰਪਰਾ ਦਾ ਹਿੱਸਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਇਸ ਚਿੱਠੀ ਵਿੱਚ ਸ਼ਾਮਲ ਨਹੀਂ ਹਨ ਅਤੇ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

### 1984 ਕਤਲੇਆਮ

# ਸਿੱਖਾਂ ਦਾ ਕਾਤਿਲ ਸੱਜਣ ਕੁਮਾਰ ਇੱਕ ਇੱਕ ਹੋਰ ਕੇਸ ਵਿੱਚੋ ਬਰੀ

ਨਵੀਂ ਦਿੱਲੀ/ਕੈਲੀਫੋਰਨੀਆ, (ਸਾਡੇ ਲੋਕ) : 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਅੱਜ ਦਾ ਦਿਨ ਫਿਰ ਪੁਰਾਣੇ ਜ਼ਖਮ ਤਾਜ਼ਾ ਕਰਨ ਵਾਲਾ ਰਿਹਾ। ਦਿੱਲੀ ਦੀ ਰਾਉਜ਼ ਐਵੇਨਿਊ ਅਦਾਲਤ ਨੇ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਹਿੰਸਾ ਮਾਮਲੇ ਵਿੱਚ ਬਰੀ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਸਤਗਾਸਾ ਪੱਖ ਦੋਸ਼ ਸਾਬਤ ਕਰਨ ਵਿੱਚ ਨਾਕਾਮ ਰਿਹਾ, ਜਿਸ ਕਾਰਨ ਸੱਜਣ ਨੂੰ 'ਸ਼ੱਕ ਦਾ ਲਾਭ' (Benefit of Doubt) ਦਿੱਤਾ ਗਿਆ।

ਪਰ ਸੰਗਤ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਕਿਉਂਕਿ: ਇਸ ਬਰੀ ਹੋਣ ਦਾ ਮਤਲਬ ਇਹ ਨਹੀਂ ਕਿ ਸੱਜਣ ਕੁਮਾਰ ਆਜ਼ਾਦ ਹੋ ਜਾਣਗੇ। ਉਹ ਪਹਿਲਾਂ ਹੀ ਪਾਲਮ ਕਲੋਨੀ ਕੇਸ (2018) ਅਤੇ ਸਰਸਵਤੀ ਵਿਹਾਰ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਜਾ ਚੁੱਕੇ ਹਨ ਅਤੇ 'ਉਮਰ ਕੈਦ' ਦੀ ਸਜ਼ਾ ਕੱਟ ਰਹੇ ਹਨ।




ਕੀ ਸੀ ਮਾਮਲਾ: ਇਹ ਕੇਸ 1 ਨਵੰਬਰ 1984 ਨੂੰ ਹੋਏ ਸੋਹਨ ਸਿੰਘ, ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਦੇ ਕਤਲ ਨਾਲ ਸਬੰਧਤ ਸੀ। 42 ਸਾਲਾਂ ਬਾਅਦ ਆਏ ਇਸ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਲੰਬੇ ਸਮੇਂ ਕਾਰਨ ਗਵਾਹਾਂ ਅਤੇ ਸਬੂਤਾਂ ਨੂੰ ਸੰਭਾਲਣਾ ਕਿੰਨਾ ਔਖਾ ਹੁੰਦਾ ਹੈ। ਬੇਸ਼ੱਕ ਅੱਜ ਇੱਕ ਕੇਸ ਖਤਮ ਹੋ ਗਿਆ, ਪਰ ਕਾਨੂੰਨ ਦਾ ਸ਼ਿਕੰਜਾ ਅਜੇ ਵੀ ਕੱਸਿਆ ਹੋਇਆ ਹੈ। ਸੱਜਣ ਕੁਮਾਰ ਦਾ ਬਾਕੀ ਜੀਵਨ ਤਿਹਾੜ ਜੇਲ੍ਹ ਵਿੱਚ ਹੀ ਗੁਜ਼ਰੇਗਾ।

# ਕਾਂਗਰਸ ਵਿੱਚ ਕੋਈ ਵੀ ਧੜੇਬੰਦੀ ਨਹੀਂ: ਰਾਜਾ ਵੜਿੰਗ

## 'ਕਾਂਗਰਸ ਜਾਤ ਦੀ ਸਿਆਸਤ ਨਹੀਂ ਕਰਦੀ'

ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਸੂਬਾ ਕਾਂਗਰਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਧੜੇਬੰਦੀ ਨਹੀਂ ਹੈ। ਇਸੇ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਭਾਜਪਾ ਵਾਂਗ ਕਾਂਗਰਸ ਲੋਕਾਂ ਨੂੰ ਵੰਡਣ ਲਈ ਜਾਤ ਜਾਂ ਧਰਮ ਦੇ ਆਧਾਰ 'ਤੇ ਸਿਆਸਤ ਨਹੀਂ ਕਰਦੀ ਹੈ। ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ 'ਸਰੂਪਾਂ' ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੇ ਯੂ-ਟਰਨ ਉਪਰ ਵੀ ਤੰਜ ਕੱਸਿਆ ਹੈ।

ਇੱਥੇ ਪੱਤਰਕਾਰਾਂ ਨਾਲ ਇੱਕ ਗੈਰ-ਰਸਮੀ ਗੱਲਬਾਤ ਦੌਰਾਨ, ਵੜਿੰਗ ਨੇ ਕਿਹਾ ਕਿ ਭਾਜਪਾ ਤੋਂ ਉਲਟ ਕਾਂਗਰਸ ਲੋਕਾਂ ਨੂੰ ਜਾਤ ਜਾਂ ਧਰਮ ਦੇ ਨਾਂ 'ਤੇ ਵੰਡਣ 'ਚ ਯਕੀਨ ਨਹੀਂ ਰੱਖਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖਾਸ ਕਰਕੇ ਕਦੇ ਵੀ ਜਾਤ ਜਾਂ ਫਿਰਕੇ ਦੇ ਅਧਾਰ ਉੱਤੇ ਵੰਡ 'ਚ ਵਿਸ਼ਵਾਸ ਨਹੀਂ ਕਰਦਾ ਰਿਹਾ ਹੈ।

ਸੂਬਾ ਕਾਂਗਰਸ ਵਿੱਚ ਧੜਾਬੰਦੀ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਉਨ੍ਹਾਂ ਨੇ ਕਿਹਾ ਕਿ ਪਾਰਟੀ ਸੂਬੇ 'ਚ ਪੂਰੀ ਤਰ੍ਹਾਂ ਇਕਜੁੱਟ ਹੈ। ਉਨ੍ਹਾਂ ਕਿਹਾ ਕਿ ਹਰ ਜਥੇਬੰਦੀ, ਇੱਥੋਂ ਤੱਕ ਕਿ ਇੱਕ ਪਰਿਵਾਰ ਵਿੱਚ ਵੀ ਅਕਸਰ ਥੋੜ੍ਹੇ ਬਹੁਤੇ ਮਤਭੇਦ ਹੁੰਦੇ ਹਨ। ਉਨ੍ਹਾਂ ਨੇ ਸਵਾਲ ਕੀਤਾ ਕਿ ਕਿੱਥੇ ਸਾਡੇ ਕਿਸੇ ਆਗੂ ਵੱਲੋਂ ਇਕ-ਦੂਜੇ ਜਾਂ ਫਿਰ ਪਾਰਟੀ ਦੇ ਖ਼?ਲਾਫ ਕੰਮ ਕੀਤਾ ਗਿਆ ਹੈ?



ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਵੇਂ ਅਨੁਸੂਚਿਤ ਜਾਤੀਆਂ ਲਈ 34 ਸੀਟਾਂ ਰਾਖਵੀਆਂ ਹਨ, ਲੇਕਿਨ ਜੇਕਰ ਐੱਸ.ਸੀ. ਭਾਈਚਾਰੇ ਵਿੱਚ ਹੋਰ ਵੀ ਯੋਗ ਉਮੀਦਵਾਰ ਹਨ, ਤਾਂ ਉਨ੍ਹਾਂ ਨੂੰ ਵੀ ਟਿਕਟ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਪੰਜਾਹ ਯੋਗ ਐੱਸ.ਸੀ. ਉਮੀਦਵਾਰ ਹਨ, ਤਾਂ ਉਹ ਸਭ ਟਿਕਟਾਂ ਹਾਸਲ ਕਰਨਗੇ, ਫਿਰ ਭਾਵੇਂ 34 ਸੀਟਾਂ ਹੀ ਐੱਸ.ਸੀ. ਵਰਗ ਲਈ ਰਾਖਵੀਆਂ ਹੀ ਕਿਉਂ ਨਾ ਹੋਣ।

ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਾਲ ਹੀ ਵਿੱਚ ਕੀਤੀਆਂ ਟਿੱਪਣੀਆਂ ਬਾਰੇ ਸਵਾਲ ਉਪਰ ਵੜਿੰਗ ਨੇ ਕਿਹਾ ਕਿ ਉਹ ਇਸ ਮਸਲੇ ਵਿੱਚ ਟਿੱਪਣੀ ਨਹੀਂ ਕਰਨਾ ਚਾਹੁੰਦੇ ਹਨ। ਹਾਲਾਂਕਿ ਇਹ ਵੀ ਸਪੱਸ਼ਟ ਕੀਤਾ ਕਿ ਚੰਨੀ ਨੂੰ ਉੱਚ ਜਾਤੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਤੋਂ ਬਾਅਦ ਮੁੱਖ ਮੰਤਰੀ ਬਣਾਇਆ ਗਿਆ ਸੀ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਉੱਚ ਜਾਤੀ ਦੇ ਆਗੂ ਸੁਨੀਲ ਜਾਖੜ ਨੂੰ ਹਟਾ ਕੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਲੀਡਰ ਬਣਾਇਆ ਗਿਆ ਸੀ।

ਵੜਿੰਗ ਨੇ ਇਹ ਵੀ ਯਾਦ ਦਿਵਾਇਆ ਕਿ 2021 ਵਿੱਚ ਖਾਸ ਤੌਰ 'ਤੇ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ, ਜਦਕਿ ਕਿਸੇ ਵੀ ਵਿਧਾਇਕ ਨੇ ਪਹਿਲਾਂ ਉਨ੍ਹਾਂ ਦਾ ਸਮਰਥਨ ਨਹੀਂ ਕੀਤਾ ਸੀ। ਇਸਦੇ ਬਾਵਜੂਦ ਪਾਰਟੀ ਦੇ ਹਰ ਆਗੂ ਅਤੇ ਵਿਧਾਇਕ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਸੀ। ਇਸ ਸਵਾਲ 'ਤੇ ਕਿ ਕੀ ਚੰਨੀ ਭਾਜਪਾ ਦਾ ਏਜੰਡਾ ਅੱਗੇ ਵਧਾ ਰਹੇ ਹਨ ਅਤੇ ਕੁਝ ਭਾਜਪਾ ਆਗੂਆਂ ਨੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ, ਦੇ ਸਬੰਧ ਵਿੱਚ ਵੜਿੰਗ ਨੇ ਉਕਤ ਮਾਮਲੇ 'ਚ ਪੈਣ ਤੋਂ ਇਨਕਾਰ ਕਰ ਦਿੱਤਾ।

ਜਦਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ 'ਸਰੂਪਾਂ' ਦੇ ਮਾਮਲੇ 'ਤੇ ਆਪ ਸਰਕਾਰ ਦੇ ਯੂ-ਟਰਨ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ, ਵੜਿੰਗ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਸੂਬਾ ਸਰਕਾਰ ਨੇ ਅਜਿਹਾ ਕੀਤਾ ਹੋਵੇ। ਸਾਨੂੰ ਖੁਦ ਨਹੀਂ ਪਤਾ ਕਿ ਇਸ ਮਾਮਲੇ ਵਿੱਚ ਮੁੱਖ ਮੰਤਰੀ ਦੀ ਗੱਲ ਮੰਨੀਏ ਜਾਂ ਫਿਰ ਵਿੱਤ ਮੰਤਰੀ ਦੀ ਗੱਲ ਮੰਨੀ ਜਾਵੇ।

ਇਸੇ ਤਰ੍ਹਾਂ, ਉਨ੍ਹਾਂ ਨੇ 23 ਜਨਵਰੀ ਨੂੰ ਪਾਰਟੀ ਹਾਈਕਮਾਂਡ ਨਾਲ ਸੂਬਾ ਕਾਂਗਰਸ ਕਮੇਟੀ ਦੇ ਆਗੂਆਂ ਦੀ ਹੋਣ ਵਾਲੀ ਮੀਟਿੰਗ ਬਾਰੇ, ਕਿਹਾ ਕਿ ਇਸਦਾ ਏਜੰਡਾ ਆਪ ਨੂੰ ਸੱਤਾ ਤੋਂ ਹਟਾਉਣ, ਭਾਜਪਾ ਦੀ ਵੰਡਣ ਵਾਲੀ ਸਿਆਸਤ ਦਾ ਮੁਕਾਬਲਾ ਕਰਨ ਅਤੇ ਅਕਾਲੀ ਦਲ ਨੂੰ ਬੇਅਦਬੀ ਮਾਮਲਿਆਂ 'ਚ ਜਵਾਬਦੇਹ ਬਣਾਉਣ 'ਤੇ ਕੇਂਦਰਿਤ ਹੋਵੇਗਾ।


# ਪੰਜਾਬ ਕਾਂਗਰਸ ਲੀਡਰਸ਼ਿਪ ਇਕਜੁਟ ਹੈ:ਸੁਖਜਿੰਦਰ ਸਿੰਘ ਰੰਧਾਵਾ

## 'ਚਰਨਜੀਤ ਚੰਨੀ ਨੇ ਕੁਝ ਗ਼ਲਤ ਨਹੀਂ ਕਿਹਾ'

ਚੰਡੀਗੜ੍ਹ: ਰਾਜਾ ਵੜਿੰਗ ਨਾਲ ਮੁਲਾਕਾਤ ਤੋਂ ਬਾਅਦ ਸੁਖਜਿੰਦਰ ਸਿੰਘ ਰੰਧਾਵਾ ਨੇ ਚਰਨਜੀਤ ਚੰਨੀ ਦੇ ਮੁੱਦੇ 'ਤੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕਿਹਾ। ਮੁੱਦੇ ਦਾ ਮੁੱਖ ਕੇਂਦਰ ਬਿੰਦੂ ਇਹ ਹੈ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ ਕਿਵੇਂ ਅੱਗੇ ਵਧ ਸਕਦੀ ਹੈ, ਕਿਉਂਕਿ ਇੱਕ ਵਾਰ ਚੋਣਾਂ ਖਤਮ ਹੋ ਜਾਂਦੀਆਂ ਹਨ, ਤਾਂ ਅੰਦਰੂਨੀ ਲੜਾਈ ਲਈ ਕਾਫ਼ੀ ਸਮਾਂ ਹੁੰਦਾ ਹੈ। ਹਾਲਾਂਕਿ, ਅੱਜ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਸੁਖਜਿੰਦਰ ਰੰਧਾਵਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਸਭ ਤੋਂ ਚਿੰਤਾਜਨਕ ਸਥਿਤੀ ਸਿੰਥੈਟਿਕ ਨਸ਼ਿਆਂ ਦੀ ਹੈ, ਜਿਸ ਨੂੰ ਖਤਮ ਕਰਨ ਲਈ ਇੱਕ ਵੱਡੀ ਲੜਾਈ ਦੀ ਲੋੜ ਹੈ। ਰੰਧਾਵਾ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਨੂੰ ਕਿਵੇਂ ਰੋਕਣਾ ਹੈ ਇਸ ਬਾਰੇ ਸਰਕਾਰ ਦਾ ਫੈਸਲਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਕਾਨੂੰਨ ਦੀ ਲੋੜ ਹੈ।

ਗੈਂਗਸਟਰਾਂ ਵਿਰੁੱਧ ਸਰਕਾਰ ਦੀ ਕਾਰਵਾਈ ਬਾਰੇ ਬੋਲਦਿਆਂ ਰੰਧਾਵਾ ਨੇ ਕਿਹਾ ਕਿ ਡੀਜੀਪੀ ਨੂੰ ਪਹਿਲਾਂ ਇਹ ਦੱਸਣਾ ਚਾਹੀਦਾ ਹੈ ਕਿ ਉਹ ਕੀ ਕਾਰਵਾਈ ਕਰਨਗੇ, ਕਿਉਂਕਿ ਇਹ ਸਾਰਿਆਂ ਨੂੰ ਸਪੱਸ਼ਟ ਹੈ ਕਿ ਲੋਕ ਕਿਵੇਂ ਮਾਣਯੋਗ ਹਾਈ ਕੋਰਟ ਵਿੱਚ ਸੁਰੱਖਿਆ ਦੀ ਮੰਗ ਕਰ ਰਹੇ ਹਨ ਅਤੇ ਗੈਂਗਸਟਰਾਂ ਦੁਆਰਾ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।



ਮੀਡੀਆ ਨੂੰ ਵੀ ਇਸ ਮੁੱਦੇ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਉਭਾਰਨਾ ਚਾਹੀਦਾ ਹੈ।

ਅਕਾਲੀ ਦਲ ਦੇ ਨਸ਼ੇ ਦੀ ਦੁਰਵਰਤੋਂ ਨੂੰ ਖਤਮ ਕਰਨ ਦੇ ਬਿਆਨ 'ਤੇ ਚੁਟਕੀ ਲੈਂਦੇ ਹੋਏ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਜ਼ਰੂਰ ਨਸ਼ੇ ਦੀ ਦੁਰਵਰਤੋਂ ਨੂੰ ਖਤਮ ਕਰਨਗੇ, ਕਿਉਂਕਿ ਉਹ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ, ਇਹ ਸਿੱਧਾ ਹਵਾਲਾ ਵਿਕਰਮ ਮਜੀਠੀਆ ਦਾ ਹੈ।

ਰਾਜਸਥਾਨ ਵਿੱਚ ਚੱਲ ਰਹੇ ਐੱਸਐੱਆਰ ਸਰਵੇਖਣ ਬਾਰੇ ਰੰਧਾਵਾ ਨੇ ਕਿਹਾ ਕਿ ਜਿਸ ਦਰ ਨਾਲ ਹਜ਼ਾਰਾਂ ਵੋਟਾਂ ਰੱਦ ਕੀਤੀਆਂ ਜਾ ਰਹੀਆਂ ਹਨ ਉਹ ਹੈਰਾਨੀਜਨਕ ਹੈ, ਕਿਉਂਕਿ ਇੱਕ ਵੀ ਅਰਜ਼ੀ ਕਿਸੇ ਵੀ ਗਿਣਤੀ ਦੇ ਲੋਕਾਂ ਦੀਆਂ ਵੋਟਾਂ ਰੱਦ ਕਰਨ ਲਈ ਦਿੱਤੀ ਜਾ ਸਕਦੀ ਹੈ। ਭਾਜਪਾ ਇਸਦੀ ਵਰਤੋਂ ਆਪਣੀ ਵੋਟ ਕੱਟਣ ਦੀ ਰਣਨੀਤੀ ਨਾਲ ਛੇੜਛਾੜ ਕਰਨ ਲਈ ਕਰ ਰਹੀ ਹੈ।

ਜਿਸ ਤਰ੍ਹਾਂ ਐਸਆਈਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਗੁੰਮ ਹੋਈਆਂ ਕਾਪੀਆਂ ਬਾਰੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਜਾਂਚ ਕਰ ਰਹੀ ਹੈ, ਦੂਜੇ ਪਾਸੇ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸਿੱਖ ਮਰਿਆਦਾ ਤੋਂ ਜਾਣੂ ਨਹੀਂ ਹਨ, ਜਿਵੇਂ ਕਿ ਉਨ੍ਹਾਂ ਨੇ ਖੁਦ ਜਥੇਦਾਰ ਦੇ ਸਾਹਮਣੇ ਕਿਹਾ ਸੀ, ਫਿਰ ਇਹ ਕਿਵੇਂ ਸਮਝਿਆ ਜਾ ਸਕਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਨਾਜ਼ੁਕਤਾ ਨਾਲ ਸੋਚ ਰਹੇ ਹੋਣਗੇ। ਰੰਧਾਵਾ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ, ਪੁਲਿਸ ਮੁਲਾਜ਼ਮਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਡੇਰੇ 'ਤੇ ਛਾਪਾ ਮਾਰਨ ਅਤੇ ਫੋਟੋਆਂ ਖਿੱਚਣ ਦੇ ਤਰੀਕੇ 'ਤੇ ਸਪੱਸ਼ਟ ਤੌਰ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਜਿਹਾ ਰਵੱਈਆ ਰੱਖਣਾ ਸਹੀ ਨਹੀਂ ਹੈ ਅਤੇ ਜਿਸ ਤਰ੍ਹਾਂ ਮੁੱਖ ਮੰਤਰੀ ਇਸ ਪੂਰੇ ਮਾਮਲੇ ਵਿੱਚ ਜ਼ਿੰਮੇਵਾਰੀ ਨਿਭਾ ਰਹੇ ਹਨ, ਸਾਨੂੰ ਉਸ 'ਤੇ ਸ਼ਰਮ ਆਉਂਦੀ ਹੈ। ਰੰਧਾਵਾ ਨੇ ਗੋਲਕ ਬਾਰੇ ਦਿੱਤੇ ਗਏ ਬਿਆਨ 'ਤੇ ਵੀ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਇਸਦੀ ਵਰਤੋਂ ਗਰੀਬਾਂ ਦੇ ਲੰਗਰ ਲਈ ਕੀਤੀ ਜਾਂਦੀ ਹੈ, ਜਿਸ ਵਿੱਚ ਕੋਈ ਵੀ 'ਜੇ' ਅਤੇ 'ਪਰ' ਰੱਖਣਾ ਸਹੀ ਨਹੀਂ ਹੈ।

# ਚੰਨੀ ਮਾਮਲੇ 'ਤੇ ਕਾਂਗਰਸ ਹਾਈਕਮਾਨ ਦੀ ਦਿੱਲੀ 'ਚ ਹੋਈ ਅਹਿਮ ਬੈਠਕ

ਨਵੀਂ ਦਿੱਲੀ : ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵਲੋਂ ਜਾਤੀ ਵਾਲੇ ਬਿਆਨ ਤੋਂ ਬਾਅਦ ਸਿਆਸਤ ਗਰਮਾ ਗਈ ਹੈ। ਇਸ ਲਈ ਦਿੱਲੀ ਦੀ ਕਾਂਗਰਸ ਹਾਈਕਮਾਨ ਨੇ ਇਕ ਵੱਡੀ ਮੀਟਿੰਗ ਅੱਜ ਦਿੱਲੀ ਵਿਚ ਕੀਤੀ। ਇਹ ਮੀਟਿੰਗ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਦੇ ਸੀਨੀਅਰ ਲੀਡਰ ਰਾਹੁਲ ਗਾਂਧੀ ਤੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਅਗਵਾਈ ਵਿਚ ਹੋਈ। ਇਸ ਮੌਕੇ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ, ਚਰਨਜੀਤ ਚੰਨੀ ਤੇ ਪ੍ਰਤਾਪ ਸਿੰਘ ਬਾਜਵਾ ਤੋਂ ਇਲਾਵਾ ਹੋਰ ਵੀ ਕਈ ਸੀਨੀਅਰ ਨੇਤਾਵਾਂ ਨੂੰ ਬੁਲਾਇਆ ਗਿਆ ਹੈ।



# ਕਿੰਨਰ ਅਖਾੜੇ ਨੇ ਮਾਘ ਮੇਲੇ ਵਿੱਚ ਰਚਿਆ ਇਤਿਹਾਸ: ਆਚਾਰਿਆ ਲਕਸ਼ਮੀ ਨਰਾਇਣ ਤ੍ਰਿਪਾਠੀ ਨੇ ਕੀਤਾ ਨਵੇਂ ਮਹਾਂਮੰਡਲੇਸ਼ਵਰਾਂ ਦਾ ਪੱਟਾਭਿਸ਼ੇਕ





ਪ੍ਰਯਾਗਰਾਜ, (ਵਿਸ਼ੇਸ਼ ਰਿਪੋਰਟ) : ਪ੍ਰਯਾਗਰਾਜ ਦੇ ਸੰਗਮ ਤੱਟ ’ਤੇ ਚੱਲ ਰਹੇ ਮਾਘ ਮੇਲੇ ਦੌਰਾਨ ਕਿੰਨਰ ਅਖਾੜੇ ਨੇ ਇੱਕ ਨਵਾਂ ਇਤਿਹਾਸ ਰਚ ਦਿੱਤਾ। ਆਚਾਰਿਆ ਮਹਾਂਮੰਡਲੇਸ਼ਵਰ ਲਕਸ਼ਮੀ ਨਰਾਇਣ ਤ੍ਰਿਪਾਠੀ ਦੀ ਅਗਵਾਈ ਵਿੱਚ ‘ਪੱਟਾਭਿਸ਼ੇਕ ਸਮਾਰੋਹ’ (ਪਦਵੀ ਦੇਣ ਦੀ ਰਸਮ) ਬੜੀ ਧੂਮਧਾਮ ਨਾਲ ਸੰਪੰਨ ਹੋਇਆ। ਇਸ ਮੌਕੇ ਕਈ ਨਵੇਂ ਸਾਧੂ-ਸੰਤਾਂ ਨੂੰ ਅਖਾੜੇ ਵਿੱਚ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।

ਨਵੀਆਂ ਨਿਯੁਕਤੀਆਂ: ਇਸ ਵਿਸ਼ੇਸ਼ ਸਮਾਰੋਹ ਦੌਰਾਨ ਕਿੰਨਰ ਅਖਾੜੇ ਨੇ ਆਪਣੇ ਵਿਸਥਾਰ ਦਾ ਐਲਾਨ ਕਰਦਿਆਂ ਕਈ ਅਹੁਦੇਦਾਰਾਂ ਨੂੰ ਨਿਯੁਕਤ ਕੀਤਾ। ਰਿਪੋਰਟਾਂ ਅਨੁਸਾਰ, 7 ਨਵੇਂ ਮਹਾਂਮੰਡਲੇਸ਼ਵਰ, 6 ਸ਼੍ਰੀ ਮਹੰਤ ਅਤੇ 11 ਮਹੰਤ ਬਣਾਏ ਗਏ ਹਨ। ਇਸ ਤੋਂ ਇਲਾਵਾ 21 ਕੰਠੀ ਚੇਲਿਆਂ ਨੂੰ ਵੀ ਅਖਾੜੇ ਵਿੱਚ ਸ਼ਾਮਲ ਕੀਤਾ ਗਿਆ ਹੈ।

ਦੇਸ਼ ਦੀ ਪਹਿਲੀ ਕਿੰਨਰ ਵਕੀਲ ਬਣੀ ਮਹਾਂਮੰਡਲੇਸ਼ਵਰ: ਇਸ ਸਮਾਰੋਹ ਦੀ ਸਭ ਤੋਂ ਖਾਸ ਗੱਲ ਇਹ ਰਹੀ ਕਿ ਦੇਸ਼ ਦੀ ਪਹਿਲੀ ਟਰਾਂਸਜੈਂਡਰ (ਕਿੰਨਰ) ਵਕੀਲ ਨੂੰ ਵੀ ਮਹਾਂਮੰਡਲੇਸ਼ਵਰ ਦੀ ਉਪਾਧੀ ਦਿੱਤੀ ਗਈ ਹੈ, ਜੋ ਕਿ ਸਮਾਜ ਵਿੱਚ ਕਿੰਨਰ ਭਾਈਚਾਰੇ ਦੇ ਵਧਦੇ ਰੁਤਬੇ ਦਾ ਪ੍ਰਤੀਕ ਹੈ।

ਗੁਰੂ ਮੰਤਰ ਅਤੇ ਰਸਮਾਂ: ਆਚਾਰਿਆ ਲਕਸ਼ਮੀ ਨਰਾਇਣ ਤ੍ਰਿਪਾਠੀ ਨੇ ਨਵ-ਨਿਯੁਕਤ ਸੰਤਾਂ ਨੂੰ ‘ਗੁਰੂ ਮੰਤਰ’ ਦਿੱਤਾ ਅਤੇ ਰਵਾਇਤੀ ਰੀਤੀ-ਰਿਵਾਜਾਂ ਨਾਲ ਉਨ੍ਹਾਂ ਦਾ ਅਭਿਸ਼ੇਕ ਕੀਤਾ। ਸਾਰੇ ਨਵੇਂ ਅਹੁਦੇਦਾਰਾਂ ਨੂੰ ਚਾਦਰ ਅਤੇ ਤਲਵਾਰ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਇਤਿਹਾਸਕ ਮਹੱਤਤਾ: ਇਹ ਪਹਿਲੀ ਵਾਰ ਹੈ ਜਦੋਂ ਮਾਘ ਮੇਲੇ ਦੌਰਾਨ ਕਿੰਨਰ ਅਖਾੜੇ ਨੇ ਇੰਨੇ ਵੱਡੇ ਪੱਧਰ ’ਤੇ ਪੱਟਾਭਿਸ਼ੇਕ ਸਮਾਰੋਹ ਆਯੋਜਿਤ ਕੀਤਾ ਹੈ। ਆਮ ਤੌਰ ’ਤੇ ਇਹ ਰਸਮਾਂ ਕੁੰਭ ਮੇਲੇ ਦੌਰਾਨ ਹੁੰਦੀਆਂ ਹਨ। ਕਿੰਨਰ ਅਖਾੜਾ ਇਸ ਵਾਰ ਮਾਘ ਮੇਲੇ ਵਿੱਚ ‘ਕਲਪਵਾਸ’ (ਇੱਕ ਮਹੀਨੇ ਦਾ ਕਠਿਨ ਵਰਤ ਅਤੇ ਤਪੱਸਿਆ) ਵੀ ਕਰ ਰਿਹਾ ਹੈ। ਅਖਾੜੇ ਦਾ ਕੈਂਪ ਮੇਲਾ ਖੇਤਰ ਦੇ ਪ੍ਰਯਾਗਵਾਲ ਨਗਰ ਵਿੱਚ ਲਗਾਇਆ ਗਿਆ ਹੈ, ਜਿੱਥੇ ਦੇਸ਼ ਭਰ ਤੋਂ ਆਏ ਸ਼ਰਧਾਲੂ ਆਸ਼ੀਰਵਾਦ ਲੈਣ ਲਈ ਪਹੁੰਚ ਰਹੇ ਹਨ।

ਆਚਾਰਿਆ ਲਕਸ਼ਮੀ ਨਰਾਇਣ ਤ੍ਰਿਪਾਠੀ ਨੇ ਇਸ ਮੌਕੇ ਕਿਹਾ ਕਿ ਕਿੰਨਰ ਅਖਾੜਾ ਸਨਾਤਨ ਧਰਮ ਦੀ ਸੇਵਾ ਅਤੇ ਸਮਾਜ ਵਿੱਚ ਕਿੰਨਰਾਂ ਨੂੰ ਬਰਾਬਰ ਦਾ ਹੱਕ ਦਿਵਾਉਣ ਲਈ ਹਮੇਸ਼ਾ ਵਚਨਬੱਧ ਰਹੇਗਾ।

# 1998 ’ਚ ਜਦ ਖੰਨੇ ਕਹਿਰੀ ਰੇਲ ਹਾਦਸਾ ਵਾਪਰਿਆ...



1998 ’ਚ ਜਦ ਖੰਨੇ ਕਹਿਰੀ ਰੇਲ ਹਾਦਸਾ ਵਾਪਰਿਆ ਤਾਂ ਸੈਂਕੜੇ ਮੁਸਾਫਿਰ ਮਾਰੇ ਗਏ। ਉਸੇ ਗੱਡੀ ’ਚ ਇਕ ਕੇਰਲਾ ਦਾ ਹਿੰਦੂ ਫੌਜੀ ਅਫ਼ਸਰ ਸਫ਼ਰ ਕਰ ਰਿਹਾ ਸੀ ਜਿਸ ਦੀ ਜਾਨ ਬਚ ਗਈ ਸੀ। ਉਹ ਲਿਖਦਾ ਹੈ, “ਮੈਂ ਸੁਣਿਆ ਸੀ ਕਿ ਪੰਜਾਬ ਦੇ ਲੋਕ ਬਹੁਤ ਚੰਗੇ ਹੁੰਦੇ ਹਨ, ਸਰਬੱਤ ਦਾ ਭਲਾ ਮੰਗਣ ਵਾਲੇ ਹੁੰਦੇ ਹਨ, ਪਰ ਅੱਜ ਇਹ ਆਪਣੀ ਅੱਖੀਂ ਵੇਖ ਲਿਆ।


ਉਹ ਲਿਖਦਾ ਹੈ ਕਿ ਜਦ ਹਾਦਸਾ ਹੋਇਆ ਉਦੋਂ ਰਾਤ ਸੀ। ਆਸ ਪਾਸ ਦੇ ਪਿੰਡਾਂ ਵਾਲ਼ਿਆਂ ਲੋਕਾਂ ਨੇ ਆਪਣੇ ਟਰੈਕਟਰ ਟਰਾਲੀਆਂ, ਰੇਹੜੇ, ਗੱਡੇ, ਕਾਰਾਂ ’ਚ ਪਾਕੇ ਜਖਮੀ ਮੁਸਾਫਰਾਂ ਨੂੰ ਹਸਪਤਾਲਾਂ ’ਚ ਪਹੁੰਚਾਇਆ, ਜਾਨ ਤੇ ਖੇਡਕੇ ਗੱਡੀਆਂ ਦੇ ਮਲਬੇ ਚੋਂ ਲਾਸ਼ਾਂ ਕੱਢੀਆਂ ਤੇ ਦਿਨ ਚੜ੍ਹਦੇ ਸਾਰ ਉੱਥੇ ਹਾਦਸੇ ਵਾਲ਼ੀ ਥਾਂ ਤੇ ਹੀ ਗੁਰੂ ਕਾ ਲੰਗਰ ਚਾਲੂ ਕਰ ਦਿੱਤਾ।

ਦੋ ਸੌ ਤੋ ਵਧੇਰੇ ਮੌਤਾਂ ਵਾਲ਼ੀ ਜਗ੍ਹਾ ਤੇ ਲਾਸ਼ਾਂ ਕੱਢਣ ਵਾਲ਼ਿਆਂ ਤੇ ਪਹਿਚਾਣ ਲਈ ਆਉਂਦੇ ਲੋਕਾਂ ਵਾਸਤੇ ਪ੍ਰਸ਼ਾਦੇ ਦਾ ਪ੍ਰਬੰਧ ਵੇਖ, ਕਹਿੰਦਾ ਮੈ ਰੋ ਪਿਆ... ਇਹ ਦੇਵਤੇ ਲੋਕ ਇਸ ਧਰਤੀ ਤੇ ਵੱਸਦੇ ਹਨ। ਧੰਨ ਹਨ ਇਹਨਾਂ ਦੇ ਸਤਿਗੁਰੂ ਜੋ ਐਸੀਆਂ ਬਖਸ਼ਿਸ਼ਾਂ ਕਰਕੇ ਗਏ, ਇਨ੍ਹਾਂ ਨੂੰ ਐਸਾ ਮਹਾਨ ਕਾਰਜ ਸੌਂਪ ਕੇ ਗਏ ਜੋ ਇਹ ਅੱਜ ਸਦੀਆਂ ਬੀਤਣ ਉਪਰੰਤ ਵੀ ਕਰੀ ਜਾ ਰਹੇ ਹਨ।

ਮੈਂ ਅਕਸਰ ਸੋਚਦਾਂ ਹਾਂ ਕਿ ਦੂਜੇ ਪਾਸੇ ਏਸੇ ਭਾਰਤ ਵਿਚ ਉਹ ਵੀ ਲੋਕ ਵੱਸਦੇ ਹਨ ਜੋ ਕੁਦਰਤੀ ਕਰੋਪੀਆਂ, ਹਾਦਸਿਆਂ ਮੌਕੇ ਬੇਵੱਸ ਹੋਏ ਲੋਕਾਂ ਨੂੰ ਰੱਜ ਕੇ ਲੁੱਟਦੇ ਹਨ। ਯਾਦ ਕਰੋ ਤਿੰਨ ਵਰ੍ਹੇ ਪਹਿਲਾਂ ਉਤਰਾਖੰਡ ਕੁਦਰਤੀ ਆਫ਼ਤ ਹੜ੍ਹ ਸਮੇ ਉਥੋਂ ਦੇ ਵਸਨੀਕਾਂ ਨੇ ਚੌਲ਼ਾਂ ਦੀ ਇੱਕ ਪਲੇਟ ਤਿੰਨ/ਤਿੰਨ ਸੌ ਰੁਪਏ ਦੀ ਵੇਚੀ, ਇਕ ਪੰਜ ਰੂਪੈ ਦਾ ਬਿਸਕੁਟਾਂ ਦਾ ਪੈਕਟ ਸੌ ਰੁਪਏ ਦਾ ਵੇਚਿਆ। ਨੀਚਤਾ ਦੀ ਹੱਦ ਕਰਦਿਆਂ ਇਕ ਦੋ ਜਗ੍ਹਾ ਵਿਚਾਰੇ ਭਟਕੇ ਮੁਸਾਫਰਾਂ ਦੀਆਂ ਧੀਆਂ ਨਾਲ਼ ਪਹਾੜੀਆਂ ਨੇ ਬਲਾਤਕਾਰ ਵੀ ਕੀਤੇ। ਜਖਮੀਆਂ ਹੱਥੋਂ ਸੋਨੇ ਦੇ ਗਹਿਣੇ ਲਾਹੇ....ਏਨਾਂ ਕੁ ਫਰਕ ਹੈ ਦੂਜੇ ਰਾਜਾ ਅਤੇ ਪੰਜਾਬ ’ਚ...।

ਧੰਨਵਾਦ ਸਾਹਿਤ ਸੋਸ਼ਲ ਮੀਡੀਆ ਤੋਂ

# ਸਪੇਨ ’ਚ ਰੇਲਗੱਡੀਆਂ ਟਕਰਾਈਆਂ-39 ਮੌਤਾਂ



ਅਡਾਮਾਜ਼ (ਸਪੇਨ) : ਦੱਖਣੀ ਸਪੇਨ ਵਿੱਚ ਐਤਵਾਰ ਨੂੰ ਤੇਜ਼ ਰਫ਼ਤਾਰ ਰੇਲਗੱਡੀ ਲੀਹੋਂ ਲੱਥਣ ਮਗਰੋਂ ਉਲਟ ਦਿਸ਼ਾ ਵਿੱਚ ਪਟੜੀ ’ਤੇ ਚੜ੍ਹ ਗਈ ਅਤੇ ਸਾਹਮਣਿਓਂ ਆ ਰਹੀ ਰੇਲਗੱਡੀ ਨਾਲ ਟਕਰਾ ਗਈ। ਹਾਦਸੇ ਵਿਚ ਘੱਟੋ-ਘੱਟ 39 ਲੋਕਾਂ ਦੀ ਮੌਤ ਹੋ ਗਈ ਜਦੋਂਕਿ ਦਰਜਨਾਂ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ।ਰੇਲ ਆਪਰੇਟਰ ਅਦੀਫ ਅਨੁਸਾਰ ਮਲਾਗਾ ਅਤੇ ਮੈਡਰਿਡ ਵਿਚਕਾਰ ਲਗਪਗ 300 ਯਾਤਰੀਆਂ ਨੂੰ ਲੈ ਕੇ ਜਾ ਰਹੀ ਰੇਲਗੱਡੀ ਦਾ ਆਖਰੀ ਹਿੱਸਾ ਸਥਾਨਕ ਸਮੇਂ ਅਨੁਸਾਰ ਸ਼ਾਮ 7:45 ਵਜੇ ਕੋਰਡੋਬਾ ਨੇੜੇ ਲੀਹੋਂ ਲੱਥ ਗਿਆ ਅਤੇ ਮੈਡਰਿਡ ਤੋਂ ਦੱਖਣੀ ਸਪੈਨਿਸ਼ ਸ਼ਹਿਰ ਹੁਏਲਵਾ ਜਾ ਰਹੀ ਲਗਪਗ 200 ਯਾਤਰੀਆਂ ਵਾਲੀ ਰੇਲਗੱਡੀ ਨਾਲ ਟਕਰਾ ਗਿਆ। ਇਸ ਤੋਂ ਪਹਿਲਾਂ ਸਪੇਨ ਦੇ ਟਰਾਂਸਪੋਰਟ ਮੰਤਰੀ ਆਸਕਰ ਪੁਏਂਤੇ ਨੇ ਮ੍ਰਿਤਕਾਂ ਦੀ ਗਿਣਤੀ 21 ਹੋਣ ਦੀ ਪੁਸ਼ਟੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਬਚਾਅ ਕਾਰਜਾਂ ਦੌਰਾਨ ਬਾਕੀ ਬਚੇ ਹੋਏ ਲੋਕਾਂ ਨੂੰ ਕੱਢ ਲਿਆ ਹੈ। ਪੁਏਂਤੇ ਨੇ ਕਿਹਾ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਮੰਤਰੀ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਇਸ ਨੂੰ ‘ਇੱਕ ਸੱਚਮੁੱਚ ਅਜੀਬ’ ਘਟਨਾ ਕਿਹਾ ਕਿਉਂਕਿ ਹਾਦਸਾ ਟਰੈਕ ਦੇ ਸਮਤਲ ਹਿੱਸੇ ’ਤੇ ਵਾਪਰਿਆ ਜਿਸ ਦੀ ਪਿਛਲੇ ਸਾਲ ਮਈ ਵਿੱਚ ਮੁਰੰਮਤ ਕੀਤੀ ਗਈ ਸੀ।ਉਸ ਨੇ ਕਿਹਾ ਕਿ ਜਿਸ ਰੇਲਗੱਡੀ ਦਾ ਡੱਬਾ ਲੀਹੋਂ ਲੱਥਾ ਉਹ ਚਾਰ ਸਾਲ ਤੋਂ ਵੀ ਘੱਟ ਪੁਰਾਣੀ ਸੀ। ਇਹ ਰੇਲਗੱਡੀ ਨਿੱਜੀ ਕੰਪਨੀ ਇਰੀਓ ਦੀ ਸੀ, ਜਦੋਂ ਕਿ ਦੂਜੀ ਰੇਲਗੱਡੀ ਸਪੇਨ ਦੀ ਜਨਤਕ ਰੇਲ ਕੰਪਨੀ ਰੇਨਫੇ ਦੀ ਸੀ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਤਾਬਦੀ ਸਮਾਗਮ ’ਚ ਸ਼ਾਮਲ ਹੋਣ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਦਿੱਤਾ ਸੱਦਾ ਪੱਤਰ




ਨਵੀਂ ਦਿੱਲੀ : ‘ਹਿੰਦ ਦੀ ਚਾਦਰ’ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ 24 ਤੇ 25 ਜਨਵਰੀ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰ ਵਿਖੇ ਰਾਜ ਪੱਧਰੀ ਹੋ ਰਹੇ ਦੋ ਦਿਨਾਂ ਸ਼ਤਾਬਦੀ ਸਮਾਗਮਾਂ ’ਚ ਸ਼ਾਮਲ ਹੋਣ ਲਈ ਕੇਂਦਰੀ ਗ੍ਰਹਿ ਅਮਿਤ ਸ਼ਾਹ ਨੂੰ ਵਿਸ਼ੇਸ਼ ਤੌਰ ’ਤੇ ਅੱਜ ਸੱਦਾ-ਪੱਤਰ ਦਿੱਤਾ ਗਿਆ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਵੱਲੋਂ ਭੇਜਿਆ ਗਿਆ ਇਹ ਸੱਦਾ ਪੱਤਰ ਮਹਾਂਰਾਸ਼ਟਰ ਤੋਂ ਦਿੱਲੀ ਆਏ ਵਫਦ ਨੇ ਪੂਰੇ ਸਨਮਾਨ ਨਾਲ ਗ੍ਰਹਿ ਮੰਤਰੀ ਨੂੰ ਸੌਂਪਿਆ ਅਤੇ ਸ਼ਤਾਬਦੀ ਸਮਾਗਮਾਂ ’ਚ ਆਪਣੀ ਸ਼ਮੂਲੀਅਤ ਨੂੰ ਲਾਜ਼ਮੀ ਬਣਾਉਣ ਦੀ ਸਨਿਮਰ ਬੇਨਤੀ ਕੀਤੀ।


ਗ੍ਰਹਿ ਮੰਤਰੀ ਸ਼ਾਹ ਨੇ ਆਏ ਵਫਦ ਦਾ ਸਵਾਗਤ ਕਰਦੇ ਹੋਏ ਪੂਰਾ ਸਤਿਕਾਰ ਤੇ ਪਿਆਰ ਨਾਲ ਇਹ ਸੱਦਾ ਪੱਤਰ ਕਬੂਲ ਕੀਤਾ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋ ਰਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ’ਚ ਸ਼ਾਮਲ ਹੋਣ ਦਾ ਪੂਰਨ ਭਰੋਸਾ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਅੰਦਰ ਮਿਸਾਲੀ ਹੈ, ਜਿਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ ’ਤੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਕੁਰਬਾਨੀ ਦੇ ਕੇ ਇਤਿਹਾਸ ਸਿਰਜਿਆ। ਅਜਿਹੇ ਮਹਾਨ ਗੁਰੂ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਕ ਸਮਾਗਮਾਂ ’ਚ ਸ਼ਾਮਲ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਮਿਲਣਾ ਬੇਹੱਦ ਮਾਣ ਵਾਲੀ ਗੱਲ ਹੈ।


ਇਸ ਵਫਦ ਵਿੱਚ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਸ੍ਰੀ ਰਾਮੇਸ਼ਵਰ ਨਾਇਕ, ਚਰਨਦੀਪ ਸਿੰਘ ਹੈਪੀ ਮੈਂਬਰ ਮਨਓਰਟੀ ਕਮਿਸ਼ਨ ਮਹਾਂਰਾਸ਼ਟਰ ਸਰਕਾਰ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ, ਵਿਜੇ ਸਤਬੀਰ ਸਿੰਘ ਚੇਅਰਮੈਨ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਬੋਰਡ, ਸੰਤ ਬਾਬੂ ਸਿੰਘ ਮਹਾਰਾਜ ਔਰਾ ਦੇਵੀ ਮਹੰਤ, ਸੰਤ ਰਾਮ ਸਿੰਘ ਮਹਾਰਾਜ ਲੁਬਾਣਾ ਸਮਾਜ ਤੇ ਤੇਜਾ ਸਿੰਘ ਬਾਵਰੀ ਸ਼ਿਕਲੀਗਰ ਸਮਾਜ ਆਦਿ ਮੌਜੂਦ ਸਨ।

# ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਅੱਜ ਵੀ ਸਰਗਰਮ: ਮੋਦੀ







ਗੁਜਰਾਤ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਸੋਮਨਾਥ ਵਿਖੇ 'ਸੋਮਨਾਥ ਸਵਾਭਿਮਾਨ ਪਰਵ' 'ਚ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਸਰਦਾਰ ਵੱਲਭਭਾਈ ਪਟੇਲ ਨੂੰ ਫੁੱਲ ਮਾਲਾਵਾਂ ਭੇਂਟ ਕਰਕੇ ਸ਼ਰਧਾਂਜਲੀ ਦਿੱਤੀ, ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਸੋਮਨਾਥ ਮੰਦਰ ਦੇ ਪੁਨਰ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਈ ਸੀ। ਪ੍ਰਧਾਨ ਮੰਤਰੀ ਨੇ ਉਨ੍ਹਾਂ ਅਣਗਿਣਤ ਯੋਧਿਆਂ ਨੂੰ ਵੀ ਨਮਨ ਕੀਤਾ ਜਿਨ੍ਹਾਂ ਨੇ ਸਦੀਆਂ ਤੋਂ ਮੰਦਰ ਦੀ ਰੱਖਿਆ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

**ਇਤਿਹਾਸਕ ਮਹੱਤਤਾ ਅਤੇ ਸਰਦਾਰ ਪਟੇਲ ਦਾ ਯੋਗਦਾਨ** : ਪ੍ਰਧਾਨ ਮੰਤਰੀ ਨੇ ਯਾਦ ਦਿਵਾਇਆ ਕਿ ਇਹ ਸਾਲ ਸੋਮਨਾਥ ਮੰਦਰ 'ਤੇ ਹੋਏ ਪਹਿਲੇ ਹਮਲੇ (ਜਨਵਰੀ 1026) ਦੇ 1000 ਸਾਲ ਪੂਰੇ ਹੋਣ ਦਾ ਪ੍ਰਤੀਕ ਹੈ। ਇਸ ਦੇ ਨਾਲ ਹੀ, ਆਧੁਨਿਕ ਮੰਦਰ ਦੇ ਪੁਨਰ ਨਿਰਮਾਣ ਦੇ ਵੀ 75 ਸਾਲ ਪੂਰੇ ਹੋ ਰਹੇ ਹਨ, ਜਿਸ ਦਾ ਉਦਘਾਟਨ 1951 'ਚ ਸਾਬਕਾ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੇ ਕੀਤਾ ਸੀ।

ਪੀਐੱਮ ਮੋਦੀ ਨੇ ਇਕ ਬਲਾਗ ਪੋਸਟ ਰਾਹੀਂ ਦੱਸਿਆ ਕਿ 1947 ਦੀ ਦੀਵਾਲੀ ਮੌਕੇ ਜਦੋਂ ਸਰਦਾਰ ਪਟੇਲ ਇੱਥੇ ਆਏ ਸਨ, ਤਾਂ ਉਹ ਮੰਦਰ ਦੀ ਹਾਲਤ ਦੇਖ ਕੇ ਭਾਵੁਕ ਹੋ ਗਏ ਸਨ ਅਤੇ ਉਨ੍ਹਾਂ ਨੇ ਉਸੇ ਸਥਾਨ 'ਤੇ ਮੰਦਰ ਦੇ ਨਿਰਮਾਣ ਦਾ ਫੈਸਲਾ ਕੀਤਾ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਮੰਦਰ ਦੇ ਪੁਨਰ ਨਿਰਮਾਣ ਦੇ ਵਿਚਾਰ ਦੇ ਸਮਰਥਨ 'ਚ ਨਹੀਂ ਸਨ ਅਤੇ ਨਹੀਂ ਚਾਹੁੰਦੇ ਸਨ ਕਿ ਦੇਸ਼ ਦੀਆਂ ਚੋਟੀ ਦੀਆਂ ਸੰਵਿਧਾਨਕ ਹਸਤੀਆਂ ਇਸ ਨਾਲ ਜੁੜਨ। ਹਾਲਾਂਕਿ, ਸਰਦਾਰ ਪਟੇਲ, ਕੇ.ਐੱਮ. ਮੁਨਸ਼ੀ ਅਤੇ ਰਾਸ਼ਟਰਪਤੀ ਰਾਜੇਂਦਰ ਪ੍ਰਸਾਦ ਦੇ ਦ੍ਰਿੜ ਇਰਾਦੇ ਸਦਕਾ ਮੰਦਰ ਦਾ ਨਿਰਮਾਣ ਸਰਕਾਰੀ ਫੰਡਾਂ ਦੀ ਬਜਾਏ ਜਨਤਕ ਦਾਨ ਨਾਲ ਕੀਤਾ ਗਿਆ।

**ਸ਼ੌਰਿਆ ਯਾਤਰਾ ਅਤੇ ਪੰਜਾਬੀ ਕਲਾਕਾਰਾਂ ਦੀ ਪੇਸ਼ਕਾਰੀ**

ਸਮਾਗਮ ਦੌਰਾਨ ਪੀਐੱਮ ਮੋਦੀ 'ਸ਼ੌਰਿਆ ਯਾਤਰਾ' ਦੇ ਗਵਾਹ ਬਣੇ, ਜਿੱਥੇ ਉਨ੍ਹਾਂ ਦਾ ਸਵਾਗਤ 'ਡਮਰੂ' ਦੀ ਗੂੰਜ ਨਾਲ ਕੀਤਾ ਗਿਆ। ਉਤਸ਼ਾਹ ਵਿੱਚ ਪ੍ਰਧਾਨ ਮੰਤਰੀ ਨੇ ਖੁਦ ਵੀ ਆਪਣੇ ਦੋਵਾਂ ਹੱਥਾਂ ਨਾਲ ਡਮਰੂ ਵਜਾਇਆ। ਇਸ ਯਾਤਰਾ 'ਚ ਪੰਜਾਬ, ਰਾਜਸਥਾਨ, ਮਣੀਪੁਰ ਅਤੇ ਗੁਜਰਾਤ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

**ਹੋਰ ਪ੍ਰੋਗਰਾਮ ਅਤੇ ਵਿਕਾਸ ਕਾਰਜ**

ਸੋਮਨਾਥ ਮੰਦਰ 'ਚ ਪੂਜਾ ਅਰਚਨਾ ਕਰਨ ਤੋਂ ਬਾਅਦ, ਪ੍ਰਧਾਨ ਮੰਤਰੀ ਸਦਭਾਵਨਾ ਮੈਦਾਨ 'ਚ ਇਕ ਜਨਤਕ ਸਭਾ ਨੂੰ ਸੰਬੋਧਨ ਕਰਨਗੇ। ਇਸ ਤੋਂ ਬਾਅਦ ਉਹ ਰਾਜਕੋਟ ਵਿਖੇ ਵਾਈਬ੍ਰੈਂਟ ਗੁਜਰਾਤ ਰੀਜਨਲ ਕਾਨਫਰੰਸ ਅਤੇ ਟ ?ਰੇਡ ਸ਼ੋਅ ਦਾ ਉਦਘਾਟਨ ਕਰਨਗੇ। ਦਿਨ ਦੇ ਅਖੀਰ 'ਚ, ਉਹ ਗਾਂਧੀਨਗਰ ਵਿਖੇ ਅਹਿਮਦਾਬਾਦ ਮੈਟਰੋ ਰੇਲ ਪ੍ਰੋਜੈਕਟ ਦੇ ਫੇਜ਼ 2 ਰੂਟ ਦੀ ਸ਼ੁਰੂਆਤ ਵੀ ਕਰਨਗੇ।

ਡਾ. ਗੁਰਿੰਦਰ ਸਿੰਘ ਗਰੇਵਾਲ
(209) 321 3771

'ਜਦੋਂ ਵੀ ਮਨੁੱਖੀ ਹੱਕਾਂ ਦੀ ਗੱਲ ਤੁਰਦੀ ਹੈ, ਜਾਂ ਪੰਜਾਬ ਅਤੇ ਪੰਥ 'ਤੇ ਕੋਈ ਭੀੜ ਪੈਂਦੀ ਹੈ ਤਾਂ ਕੈਲੀਫੋਰਨੀਆ ਤੋਂ **ਡਾ. ਗੁਰਿੰਦਰ ਸਿੰਘ ਗਰੇਵਾਲ** ਦੀ ਬੇਬਾਕ ਆਵਾਜ਼ ਹਮੇਸ਼ਾ ਹੱਕ-ਸੱਚ ਲਈ ਗੂੰਜਦੀ ਹੈ। ਵਿਦੇਸ਼ੀ ਹਕੂਮਤਾਂ ਦੀਆਂ ਸਾਜ਼ਿਸ਼ਾਂ ਹੋਣ ਜਾਂ ਜਾਤ-ਪਾਤ ਦਾ ਕੋਹੜ, ਡਾ. ਗੁਰਿੰਦਰ ਸਿੰਘ ਗਰੇਵਾਲ ਪੰਜਾਬ ਅਤੇ ਕੌਮ ਦੇ ਦਰਦ ਨੂੰ ਸਮਝਣ ਵਾਲੇ ਅਤੇ ਵਿਦੇਸ਼ੀ ਸਾਜ਼ਿਸ਼ਾਂ ਵਿਰੁੱਧ ਹਿੱਕ ਤਣ ਕੇ ਖੜ੍ਹਨ ਵਾਲੇ, ਡਾ. ਗੁਰਿੰਦਰ ਸਿੰਘ ਗਰੇਵਾਲ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਉਹਨਾਂ ਨੇ ਹਮੇਸ਼ਾ ਹੀ ਨਿਧੜਕ ਹੋ ਕੇ ਕੌਮ ਦਾ ਪੱਖ ਪੂਰਿਆ ਹੈ। ਸਿੱਖਾਂ ਦੇ ਆਪਣੇ ਘਰ ਅਤੇ ਦੁਨਿਹਰੀ ਭਵਿੱਖ ਦੀ ਬਾਤ ਪਾਉਂਦਾ ਉਹਨਾਂ ਦਾ ਇਹ ਖੋਜ-ਭਰਪੂਰ ਅਤੇ ਇਤਿਹਾਸਕ ਲੇਖ– ਖਾਲਿਸਤਾਨ: ਦੁਨੀਆਂ ਭਰ ਦੇ ਸਿੱਖਾਂ ਲਈ ਇੱਕ ਸੁਨਹਿਰੀ ਭਵਿੱਖ ਅਤੇ ਅਟੱਲ ਸੱਚਾਈ ("Khalistan: A Glorious Destiny and Unshakeable Truth for Sikhs Worldwide.")–ਅਸੀਂ 'ਸਾਡੇ ਲੋਕ' ਦੇ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਫ਼ਖ਼ਰ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

# ਖਾਲਿਸਤਾਨ : ਦੁਨੀਆਂ ਭਰ ਦੇ ਸਿੱਖਾਂ ਲਈ ਇੱਕ ਸੁਨਹਿਰੀ ਭਵਿੱਖ ਅਤੇ ਅਟੱਲ ਸੱਚਾਈ

## "Khalistan: A Glorious Destiny and Unshakeable Truth for Sikhs Worldwide."

**ਜਿਹੜੇ ਲੋਕ ਕਹਿੰਦੇ ਹਨ ਕਿ ਪੰਜਾਬ ਨਾਲ ਸਮੁੰਦਰ ਨਹੀਂ ਲੱਗਦਾ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਨੀਆ ਦੇ 44 ਮੁਲਕਾਂ ਨਾਲ ਸਮੁੰਦਰ ਨਹੀਂ ਲੱਗਦਾ**




ਇਤਿਹਾਸ ਗਵਾਹ ਹੈ ਕਿ ਕੌਮਾਂ ਦੀ ਹੋਂਦ ਸਿਰਫ਼ ਜ਼ਮੀਨ ਦੇ ਟੁਕੜੇ ਨਾਲ ਨਹੀਂ, ਸਗੋਂ ਉਨ੍ਹਾਂ ਦੀ ਅਣਖ, ਸਵੈ-ਮਾਣ ਅਤੇ ਪ੍ਰਭੂਸੱਤਾ (Sovereignty) ਨਾਲ ਕਾਇਮ ਰਹਿੰਦੀ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦੁਆਰਾ ਪੇਸ਼ ਕੀਤੇ ਗਏ ਤੱਥ ਇਹ ਸਿੱਧ ਕਰਦੇ ਹਨ ਕਿ ਖਾਲਿਸਤਾਨ ਸਿਰਫ਼ ਇੱਕ ਭਾਵਨਾਤਮਕ ਮੰਗ ਨਹੀਂ, ਸਗੋਂ ਹਰ ਪੱਖੋਂ ਇੱਕ 'ਵਿਵਹਾਰਕ ਵਿਕਲਪ' (Viable Option) ਹੈ।

1. ਭੂਗੋਲਿਕ ਅਤੇ ਜਨਸੰਖਿਅਕ ਮਜ਼ਬੂਤੀ (Territory and Population)

ਇੱਕ ਵੱਖਰੇ ਦੇਸ਼ ਲਈ ਲੋੜੀਂਦੇ ਅਧਾਰ– ਜ਼ਮੀਨ ਅਤੇ ਲੋਕ–ਪੰਜਾਬ ਕੋਲ ਮੌਜੂਦ ਹਨ।

- **ਵਿਸ਼ਾਲ ਖੇਤਰਫਲ** : ਪੰਜਾਬ (ਭਾਰਤੀ ਕਬਜ਼ੇ ਹੇਠ) ਦਾ ਖੇਤਰਫਲ 50,362 ਵਰਗ ਕਿਲੋਮੀਟਰ ਹੈ , ਜੋ ਕਿ ਦੁਨੀਆ ਦੇ 60 ਤੋਂ ਵੱਧ ਆਜ਼ਾਦ ਦੇਸ਼ਾਂ ਨਾਲੋਂ ਵੱਡਾ ਹੈ. ਮਿਸਾਲ ਵਜੋਂ, ਇਹ ਸਵਿਟਜ਼ਰਲੈਂਡ (41,290 km²), ਇਜ਼ਰਾਈਲ (22,145 km²) ਅਤੇ ਡੈਨਮਾਰਕ ਵਰਗੇ ਵਿਕਸਤ ਦੇਸ਼ਾਂ ਨਾਲੋਂ ਵਿਸ਼ਾਲ ਹੈ।

+2

- **ਮਜ਼ਬੂਤ ਆਬਾਦੀ**: 2023 ਦੇ ਅੰਕੜਿਆਂ ਅਨੁਸਾਰ ਪੰਜਾਬ ਦੀ ਆਬਾਦੀ 3 ਕਰੋੜ (30 ਮਿਲੀਅਨ) ਦੇ ਕਰੀਬ ਹੈ। ਇਹ ਆਬਾਦੀ ਇਜ਼ਰਾਈਲ (97 ਲੱਖ), ਸਵਿਟਜ਼ਰਲੈਂਡ (88 ਲੱਖ) ਅਤੇ ਡੈਨਮਾਰਕ (60 ਲੱਖ) ਵਰਗੇ ਕਈ ਦੇਸ਼ਾਂ ਤੋਂ ਕਿਤੇ ਵੱਧ ਹੈ।

+1

2. ਆਰਥਿਕ ਸਮਰੱਥਾ ਅਤੇ ਖੁਸ਼ਹਾਲੀ ਦਾ ਰਾਹ (Economic Sustainability)

ਪੰਜਾਬ ਦੀ ਧਰਤੀ ਸੋਨਾ ਉਗਲਦੀ ਹੈ, ਪਰ ਗੁਲਾਮੀ ਦੀਆਂ ਜ਼ੰਜੀਰਾਂ ਨੇ ਇਸਨੂੰ ਕਰਜ਼ਈ ਬਣਾ ਦਿੱਤਾ ਹੈ।

- **ਜੀ.ਡੀ.ਪੀ. (GDP)**: 2024 ਵਿੱਚ ਪੰਜਾਬ ਦੀ ਜੀ.ਡੀ.ਪੀ. ਲਗਭਗ 96 ਬਿਲੀਅਨ ਅਮਰੀਕੀ ਡਾਲਰ ਹੈ। ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ (Per Capita GDP) ਭਾਰਤ ਅਤੇ ਪਾਕਿਸਤਾਨ ਦੋਵਾਂ ਨਾਲੋਂ ਬਿਹਤਰ ਹੈ।

+1

- **ਵਪਾਰਕ ਆਜ਼ਾਦੀ**: ਸਵਿਟਜ਼ਰਲੈਂਡ ਅਤੇ ਇਜ਼ਰਾਈਲ ਵਰਗੇ ਛੋਟੇ ਦੇਸ਼ ਅਮੀਰ ਹਨ ਕਿਉਂਕਿ ਉਹ 'ਆਜ਼ਾਦ' ਹਨ ਅਤੇ ਆਪਣੀਆਂ ਵਪਾਰਕ ਨੀਤੀਆਂ ਖੁਦ ਤੈਅ ਕਰਦੇ ਹਨ। ਜੇਕਰ ਪੰਜਾਬ ਆਜ਼ਾਦ ਹੁੰਦਾ, ਤਾਂ ਅਸੀਂ ਦਿੱਲੀ ਦੀ ਇਜਾਜ਼ਤ ਤੋਂ ਬਿਨਾਂ ਸਿੱਧਾ ਕਰਾਚੀ ਬੰਦਰਗਾਹ ਰਾਹੀਂ ਵਪਾਰ ਕਰ ਸਕਦੇ ਸੀ, ਜੋ ਮੁੰਬਈ (1500 ਕਿਲੋਮੀਟਰ) ਦੇ ਮੁਕਾਬਲੇ ਸਿਰਫ਼ 1200 ਕਿਲੋਮੀਟਰ ਦੂਰ ਹੈ।

+2

- **ਸੰਸਾਧਨ**: ਪੰਜਾਬ ਕੋਲ ਆਪਣੀ ਬਿਜਲੀ ਪੈਦਾ ਕਰਨ ਦੀ ਸਮਰੱਥਾ 13,000 ਮੈਗਾਵਾਟ ਹੈ, ਜਿਸ ਤੋਂ ਸਾਲਾਨਾ 1-2 ਬਿਲੀਅਨ ਡਾਲਰ ਦੀ ਕਮਾਈ ਹੋ ਸਕਦੀ ਹੈ। ਇਸ ਤੋਂ ਇਲਾਵਾ, ਸਿੱਖ ਡਾਇਸਪੋਰਾ (ਪਰਵਾਸੀ ਸਿੱਖ) ਹਰ ਸਾਲ ਲਗਭਗ 2 ਬਿਲੀਅਨ ਡਾਲਰ ਪੰਜਾਬ ਭੇਜਦੇ ਹਨ।

+1

3. ਸਿੱਖ ਪ੍ਰਭੂਸੱਤਾ ਅਤੇ ਮੀਰੀ-ਪੀਰੀ ਦਾ ਸਿਧਾਂਤ (Sovereignty in Sikhism)

ਸਿੱਖ ਧਰਮ ਵਿੱਚ ਪ੍ਰਭੂਸੱਤਾ (Sovereignty) ਦਾ ਸੰਕਲਪ ਨਿਆਂ, ਬਰਾਬਰਤਾ ਅਤੇ ਸਵੈ-ਸ਼ਾਸਨ ਦੇ ਬ੍ਰਹਮ ਅਧਿਕਾਰ ਨਾਲ ਜੁੜਿਆ ਹੋਇਆ ਹੈ।

- **ਮੀਰੀ-ਪੀਰੀ**: ਸਿੱਖੀ 'ਮੀਰੀ-ਪੀਰੀ' ਦੇ ਸਿਧਾਂਤ ਦੀ ਵਕਾਲਤ ਕਰਦੀ ਹੈ, ਜੋ ਰੂਹਾਨੀ ਅਤੇ ਦੁਨਿਆਵੀ ਸ਼ਕਤੀ ਦਾ ਸੁਮੇਲ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਵਿੱਚ ਖਾਲਸੇ ਦੀ ਸਾਜਨਾ ਨੇ ਸਮੂਹਿਕ ਪ੍ਰਭੂਸੱਤਾ ਦੇ ਵਿਚਾਰ ਨੂੰ ਪੱਕਾ ਕੀਤਾ।

+1

- **ਸ਼ਹਾਦਤ ਅਤੇ ਸੰਘਰਸ਼**: ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿੱਚ ਸਪੱਸ਼ਟ ਕੀਤਾ ਸੀ ਕਿ ਸਾਡਾ ਰਾਸ਼ਟਰ 'ਖਾਲਸਾ ਪੰਥ' ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਿਹਾ ਸੀ ਕਿ ਜਿਸ ਦਿਨ ਦਰਬਾਰ ਸਾਹਿਬ 'ਤੇ ਹਮਲਾ ਹੋਵੇਗਾ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।

+1

4. ਮੌਜੂਦਾ ਸੰਕਟ ਅਤੇ ਇੱਕੋ-ਇੱਕ ਹੱਲ (The Crisis and The Remedy)

ਅੱਜ ਪੰਜਾਬ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ। ਪੰਜਾਬ ਦੇ ਸਿਰ ਚੜ੍ਹਿਆ ਕਰਜ਼ਾ ਪੰਜਾਬ ਦੀ ਆਪਣੀ ਗਲਤੀ ਨਹੀਂ, ਸਗੋਂ ਕੇਂਦਰ ਸਰਕਾਰ ਦੁਆਰਾ ਥੋਪਿਆ ਗਿਆ ਹੈ। 1984 ਤੋਂ ਬਾਅਦ ਪੰਜਾਬ ਨੂੰ ਭਾਰਤੀ ਫੌਜਾਂ ਦਾ ਖਰਚਾ ਚੁੱਕਣਾ ਪਿਆ, ਜਿਸ ਨੇ ਕਰਜ਼ੇ ਨੂੰ ਵਧਾ ਦਿੱਤਾ।

+1

ਕਿਸਾਨ ਆਪਣੀਆਂ ਮੰਗਾਂ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਉਨ੍ਹਾਂ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ।

+1

**ਅਪੀਲ**: ਪੰਜਾਬ ਦੇ ਕਿਸਾਨ ਆਗੂਆਂ ਨੂੰ ਇਹ ਸਮਝਣਾ ਪਵੇਗਾ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ 'ਆਜ਼ਾਦੀ ਦੀ ਲਹਿਰ' ਵਿੱਚ ਸ਼ਾਮਲ ਹੋਣਾ ਹੈ।

ਸਿੱਟਾ (Conclusion)

ਦੁਨੀਆ ਭਰ ਵਿੱਚ ਸਿੱਖਾਂ ਨੇ ਰਾਇਸ਼ੁਮਾਰੀ (Referendums) ਰਾਹੀਂ ਖਾਲਿਸਤਾਨ ਦੇ ਹੱਕ ਵਿੱਚ ਫਤਵਾ ਦਿੱਤਾ ਹੈ। ਬਰਲਿਨ ਦੀ ਕੰਧ ਡਿੱਗ ਸਕਦੀ ਹੈ, ਸੋਵੀਅਤ ਯੂਨੀਅਨ ਟੁੱਟ ਸਕਦਾ ਹੈ, ਤਾਂ ਇੱਕ ਨਵਾਂ ਦੇਸ਼ ਵੀ ਹੋਂਦ ਵਿੱਚ ਆ ਸਕਦਾ ਹੈ।

+1

ਸਿੱਖਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਸਿਰਫ਼ ਇੱਕ ਹੀ ਇਲਾਜ ਹੈ: ਆਜ਼ਾਦੀ, ਆਜ਼ਾਦੀ ਅਤੇ ਸਿਰਫ਼ ਆਜ਼ਾਦੀ–ਯਾਨੀ ਖਾਲਿਸਤਾਨ। ਕੀ ਖਾਲਿਸਤਾਨ ਸੰਭਵ ਹੈ? ਜਵਾਬ ਹੈ 'ਹਾਂ'। ਤੱਥ ਬੋਲਦੇ ਹਨ ਕਿ ਪੰਜਾਬ ਹਰ ਪੱਖੋਂ ਇੱਕ ਆਜ਼ਾਦ ਮੁਲਕ ਬਣਨ ਦੇ ਸਮਰੱਥ ਹੈ।

1. ਕੀ ਸਾਡੇ ਕੋਲ ਜ਼ਮੀਨ ਅਤੇ ਲੋਕ ਹਨ? (Territory & Population)

ਹਾਂ! ਪੰਜਾਬ ਦਾ ਕੱਦ ਕਈ ਆਜ਼ਾਦ ਦੇਸ਼ਾਂ ਨਾਲੋਂ ਵੱਡਾ ਹੈ:

- **ਵਿਸ਼ਾਲ ਖੇਤਰਫਲ**: ਪੰਜਾਬ (ਭਾਰਤੀ ਕਬਜ਼ੇ ਹੇਠ) ਦਾ ਰਕਬਾ 50,362 ਵਰਗ ਕਿਲੋਮੀਟਰ ਹੈ। ਇਹ ਸਵਿਟਜ਼ਰਲੈਂਡ (41,290) ਅਤੇ ਇਜ਼ਰਾਈਲ (22,145) ਵਰਗੇ ਦੇਸ਼ਾਂ ਤੋਂ ਕਿਤੇ ਵੱਡਾ ਹੈ।

+1

- **ਮਜ਼ਬੂਤ ਆਬਾਦੀ**: 3 ਕਰੋੜ (30 ਮਿਲੀਅਨ) ਦੀ ਆਬਾਦੀ ਨਾਲ, ਅਸੀਂ ਇਜ਼ਰਾਈਲ (97 ਲੱਖ) ਅਤੇ ਡੈਨਮਾਰਕ (60 ਲੱਖ) ਵਰਗੇ ਕਈ ਦੇਸ਼ਾਂ ਤੋਂ ਅੱਗੇ ਹਾਂ।

+1

2. ਕੀ ਅਸੀਂ ਆਰਥਿਕ ਤੌਰ 'ਤੇ ਖੁਸ਼ਹਾਲ ਹੋਵਾਂਗੇ? (Economic Power)

ਬਿਲਕੁਲ! ਆਜ਼ਾਦੀ ਸਾਡੀ ਆਰਥਿਕਤਾ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗੀ:

- **ਅਮੀਰ ਵਿਰਾਸਤ**: ਗੁਲਾਮੀ ਦੇ ਬਾਵਜੂਦ, ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ (Per Capita GDP) ਭਾਰਤ ਅਤੇ ਪਾਕਿਸਤਾਨ ਨਾਲੋਂ ਵੱਧ ਹੈ ।
- **ਵਪਾਰਕ ਆਜ਼ਾਦੀ**: ਆਜ਼ਾਦ ਪੰਜਾਬ ਲਈ ਕਰਾਚੀ ਬੰਦਰਗਾਹ (1200 ਕਿਲੋਮੀਟਰ), ਮੁੰਬਈ (1500 ਕਿਲੋਮੀਟਰ) ਨਾਲੋਂ ਨੇੜੇ ਪਵੇਗੀ। ਅਸੀਂ ਦਿੱਲੀ ਦੀ ਇਜਾਜ਼ਤ ਤੋਂ ਬਿਨਾਂ ਦੁਨੀਆ ਨਾਲ ਵਪਾਰ ਕਰ ਸਕਾਂਗੇ।

+1

- **ਸਵਿਟਜ਼ਰਲੈਂਡ ਵਰਗੀ ਤਰੱਕੀ**: ਸਵਿਟਜ਼ਰਲੈਂਡ ਅਤੇ ਇਜ਼ਰਾਈਲ ਛੋਟੇ ਹੋ ਕੇ ਵੀ ਅਮੀਰ ਹਨ ਕਿਉਂਕਿ ਉਹ ਆਜ਼ਾਦ ਹਨ।

3. ਕਰਜ਼ਾ ਅਤੇ ਕਿਸਾਨੀ ਸੰਕਟ (Debt & Crisis)

- **ਥੋਪਿਆ ਗਿਆ ਕਰਜ਼ਾ**: ਪੰਜਾਬ ਸਿਰ ਚੜ੍ਹਿਆ ਕਰਜ਼ਾ ਸਾਡਾ ਆਪਣਾ ਨਹੀਂ, ਸਗੋਂ ਕੇਂਦਰ ਦੀਆਂ ਫੌਜਾਂ ਦਾ ਬੋਝ ਹੈ ਜੋ 1984 ਤੋਂ ਬਾਅਦ ਸਾਡੇ 'ਤੇ ਪਾਇਆ ਗਿਆ।
- **ਕਿਸਾਨਾਂ ਦੀ ਲੁੱਟ**: ਪੰਜਾਬ ਦੇ ਪਾਣੀਆਂ ਦਾ 70% ਹਿੱਸਾ ਮੁਫ਼ਤ ਵਿੱਚ ਦੂਜੇ ਰਾਜਾਂ ਨੂੰ ਲੁਟਾਇਆ ਜਾ ਰਿਹਾ ਹੈ, ਜਿਸ ਨਾਲ ਖੇਤੀ ਨੂੰ ਅਰਬਾਂ ਦਾ ਘਾਟਾ ਪੈ ਰਿਹਾ ਹੈ ।
- **ਇੱਕੋ ਹੱਲ**: ਜਿਹੜੀ ਸਰਕਾਰ ਪੰਜਾਬ ਨੂੰ ਤਬਾਹ ਕਰਨਾ ਚਾਹੁੰਦੀ ਹੈ, ਉਸ ਤੋਂ ਇਨਸਾਫ਼ ਦੀ ਉਮੀਦ ਨਹੀਂ ਰੱਖੀ ਜਾ ਸਕਦੀ।

4. **ਖਾਲਸਾ ਰਾਜ**: ਸਾਡਾ ਜਨਮ ਸਿੱਧ ਅਧਿਕਾਰ (Sovereignty)

- ਸਿੱਖ ਧਰਮ ਵਿੱਚ ਪ੍ਰਭੂਸੱਤਾ (Sovereignty) ਦਾ ਮਤਲਬ ਹੈ 'ਮੀਰੀ-ਪੀਰੀ'–ਅਣਖ ਅਤੇ ਧਰਮ ਦਾ ਸੁਮੇਲ।
- ਸਾਡਾ ਰਾਸ਼ਟਰ 'ਖਾਲਸਾ ਪੰਥ' ਹੈ ਅਤੇ ਆਜ਼ਾਦੀ ਸਾਡੇ ਗੁਰੂਆਂ ਦਾ ਬਖਸ਼ਿਆ ਹੋਇਆ ਸਿਧਾਂਤ ਹੈ ।

ਹੁਣ ਵੇਲਾ ਹੈ ਕਿ ਪੰਜਾਬ ਦੇ ਕਿਸਾਨ ਅਤੇ ਨੌਜਵਾਨ ਵੀ ਇਸ ਹਕੀਕਤ ਨੂੰ ਪਛਾਣਨ ਕੀ ਸਿੱਖਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਸਿਰਫ਼ ਇੱਕ ਹੀ ਇਲਾਜ ਆਜ਼ਾਦੀ, ਆਜ਼ਾਦੀ ਅਤੇ ਸਿਰਫ਼ ਆਜ਼ਾਦੀ– ਖਾਲਿਸਤਾਨ!

### ਕੈਨੇਡਾ ਤੋਂ ਆਈ ਦੁਖਦਾਈ ਖ਼ਬਰ

# ਬਰਨਾਲਾ ਦੇ 24 ਸਾਲਾ ਨੌਜਵਾਨ ਰਾਜਪ੍ਰੀਤ ਸਿੰਘ ਦੀ ਹੋਈ ਮੌਤ, ਮਾਪਿਆਂ ਦਾ ਸੀ ਇਕਲੌਤਾ ਸਹਾਰਾ



ਬਰਨਾਲਾ/ਮਹਿਲ ਕਲਾਂ: ਕੈਨੇਡਾ ਤੋਂ ਪੰਜਾਬੀਆਂ ਲਈ ਇੱਕ ਹੋਰ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹਾ ਬਰਨਾਲਾ ਦੇ ਪਿੰਡ ਮਹਿਲ ਕਲਾਂ ਦੇ ਰਹਿਣ ਵਾਲੇ 24 ਸਾਲਾ ਨੌਜਵਾਨ ਰਾਜਪ੍ਰੀਤ ਸਿੰਘ ਦੀ ਕੈਨੇਡਾ (Canada) ਵਿੱਚ ਅਚਾਨਕ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਿਸਦੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ ।

ਸਰੀ ਵਿੱਚ ਰਹਿ ਰਿਹਾ ਸੀ ਰਾਜਪ੍ਰੀਤ ਪਰਿਵਾਰਕ ਮੈਂਬਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਰਾਜਪ੍ਰੀਤ ਸਿੰਘ ਕੈਨੇਡਾ ਦੇ ਸਰੀ (Surrey) ਸ਼ਹਿਰ ਵਿੱਚ ਰਹਿ ਰਿਹਾ ਸੀ। ਉਹ ਉੱਥੇ ਪੜ੍ਹਾਈ ਦੇ ਨਾਲ-ਨਾਲ ਕੰਮ ਵੀ ਕਰਦਾ ਸੀ ਅਤੇ ਨਿਯਮਿਤ ਤੌਰ 'ਤੇ ਆਪਣੇ ਪਰਿਵਾਰ ਨਾਲ ਗੱਲਬਾਤ ਕਰਦਾ ਰਹਿੰਦਾ ਸੀ ।ਮਾਪਿਆਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਆਪਣੇ ਪੁੱਤਰ ਨਾਲ ਫੋਨ 'ਤੇ ਗੱਲ ਹੋਈ ਸੀ ਅਤੇ ਉਦੋਂ ਉਹ ਬਿਲਕੁਲ ਠੀਕ-ਠਾਕ ਸੀ ।

ਪਰਿਵਾਰ ਨੂੰ ਇਸ ਅਣਹੋਣੀ ਬਾਰੇ 17 ਜਨਵਰੀ ਨੂੰ ਪਤਾ ਲੱਗਾ, ਜਦੋਂ ਵਿਦੇਸ਼ ਵਿੱਚ ਰਹਿੰਦੇ ਉਨ੍ਹਾਂ ਦੇ ਇੱਕ ਰਿਸ਼ਤੇਦਾਰ ਨੇ ਫੋਨ ਕਰਕੇ ਰਾਜਪ੍ਰੀਤ ਦੇ ਦੇਹਾਂਤ ਦੀ ਖ਼ਬਰ ਦਿੱਤੀ । ਹਾਲਾਂਕਿ, ਰਾਜਪ੍ਰੀਤ ਦੀ ਮੌਤ ਦੇ ਅਸਲ ਕਾਰਨਾਂ ਬਾਰੇ ਅਜੇ ਤੱਕ ਕੋਈ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

18 ਲੱਖ ਦਾ ਕਰਜ਼ਾ ਚੁੱਕ ਕੇ ਭੇਜਿਆ ਸੀ ਵਿਦੇਸ਼ ਮ੍ਰਿਤਕ ਦੇ ਪਿਤਾ ਕੁਲਵੰਤ ਸਿੰਘ ਅਤੇ ਮਾਤਾ ਬਲਜਿੰਦਰ ਕੌਰ ਨੇ ਭਰੇ ਮਨ ਨਾਲ ਦੱਸਿਆ ਕਿ ਉਹ ਇੱਕ ਸਾਧਾਰਨ ਅਤੇ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਕੋਲ ਸਿਰਫ਼ ਤਿੰਨ ਏਕੜ ਜ਼ਮੀਨ ਹੈ, ਜਿਸ ਨਾਲ ਗੁਜ਼ਾਰਾ ਮੁਸ਼ਕਲ ਹੋਣ ਕਰਕੇ ਪਿਤਾ ਕੁਲਵੰਤ ਸਿੰਘ ਇੱਕ ਨਿੱਜੀ ਸਕੂਲ ਬੱਸ ਚਲਾ ਕੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਪਰਿਵਾਰ ਨੇ ਆਪਣੇ ਇਕਲੌਤੇ ਪੁੱਤਰ ਦੇ ਸੁਨਹਿਰੀ ਭਵਿੱਖ ਲਈ ਲਗਭਗ 18 ਲੱਖ ਰੁਪਏ ਦਾ ਕਰਜ਼ਾ ਚੁੱਕ ਕੇ ਉਸਨੂੰ ਕੈਨੇਡਾ ਭੇਜਿਆ ਸੀ।

ਮ੍ਰਿਤਕ ਦੇਹ ਲਿਆਉਣ ਲਈ ਮਦਦ ਦੀ ਗੁਹਾਰ ਜਵਾਨ ਪੁੱਤ ਦੇ ਚਲੇ ਜਾਣ ਨਾਲ ਜਿੱਥੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ, ਉੱਥੇ ਹੀ ਆਰਥਿਕ ਤੰਗੀ ਨੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਹੁਣ ਰਾਜਪ੍ਰੀਤ ਦੀ ਲਾਸ਼ ਨੂੰ ਪਿੰਡ ਵਾਪਸ ਲਿਆਉਣ ਲਈ ਪੈਸੇ ਨਹੀਂ ਹਨ। ਪੀੜਤ ਮਾਪਿਆਂ ਨੇ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਅੱਗੇ ਮਦਦ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਆਪਣੇ ਪੁੱਤਰ ਦਾ ਅੰਤਿਮ ਸੰਸਕਾਰ ਆਪਣੀ ਜੱਦੀ ਮਿੱਟੀ ਵਿੱਚ ਕਰ ਸਕਣ।

### ਖੇਡ ਜਗਤ ਨੂੰ ਵੱਡਾ ਘਾਟਾ

# ਜੰਪ ਰੋਪ ਦੇ ਗਿੰਨੀਜ਼ ਵਰਲਡ ਰਿਕਾਰਡ ਧਾਰਕ ਹਰਬਖ਼ਸ਼ ਸਿੰਘ ਦੀ ਚੇਨਈ 'ਚ ਡੁੱਬਣ ਕਾਰਨ ਦਰਦਨਾਕ ਮੌਤ




ਨਵੀਂ ਦਿੱਲੀ/ਚੇਨਈ: ਖੇਡ ਜਗਤ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਜੰਪ ਰੋਪ (ਰੱਸੀ ਟੱਪਣ) ਅਤੇ ਸਕਿੱਪਿੰਗ ਵਿੱਚ ਗਿੰਨੀਜ਼ ਵਰਲਡ ਰਿਕਾਰਡ ਬਣਾਉਣ ਵਾਲੇ ਮਸ਼ਹੂਰ ਭਾਰਤੀ ਐਥਲੀਟ ਹਰਬਖ਼ਸ਼ ਸਿੰਘ ਦਾ ਦਿਹਾਂਤ ਹੋ ਗਿਆ ਹੈ। ਉਹ ਇਸ ਖੇਡ ਵਿੱਚ ਭਾਰਤ ਦੇ ਸਭ ਤੋਂ ਨਾਮਵਰ ਖਿਡਾਰੀਆਂ ਵਿੱਚੋਂ ਇੱਕ ਸਨ ਅਤੇ ਉਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਸੀ।

ਕਿਵੇਂ ਵਾਪਰਿਆ ਹਾਦਸਾ : ਜਾਣਕਾਰੀ ਅਨੁਸਾਰ, ਇਹ ਮੰਦਭਾਗੀ ਘਟਨਾ 8 ਜਨਵਰੀ, 2026 ਨੂੰ ਵਾਪਰੀ। ਹਰਬਖ਼ਸ਼ ਸਿੰਘ ਦਿੱਲੀ ਜੰਪ ਰੋਪ ਟੀਮ ਦੇ ਨਾਲ ਚੇਨਈ ਗਏ ਹੋਏ ਸਨ। ਜਦੋਂ ਉਹ ਸਮੁੰਦਰੀ ਕੰਢੇ (ਬੀਚ) ਦੇ ਨੇੜੇ ਮੌਜੂਦ ਸਨ, ਤਾਂ ਅਚਾਨਕ ਸਮੁੰਦਰ ਦੀ ਇੱਕ ਤੇਜ਼ ਲਹਿਰ ਆਈ ਅਤੇ ਉਨ੍ਹਾਂ ਨੂੰ ਆਪਣੇ ਨਾਲ ਵਹਾ ਕੇ ਲੈ ਗਈ।

ਦੋ ਦਿਨਾਂ ਬਾਅਦ ਮਿਲੀ ਲਾਸ਼ ਹਾਦਸੇ ਦੇ ਤੁਰੰਤ ਬਾਅਦ ਪ੍ਰਸ਼ਾਸਨ ਵੱਲੋਂ ਖੋਜ ਅਤੇ ਬਚਾਅ ਕਾਰਜ (Search and Rescue) ਸ਼ੁਰੂ ਕਰ ਦਿੱਤਾ ਗਿਆ ਸੀ । ਲਗਾਤਾਰ ਦੋ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ, 10 ਜਨਵਰੀ, 2026 ਨੂੰ ਹਰਬਖ਼ਸ਼ ਸਿੰਘ ਦੀ ਮ੍ਰਿਤਕ ਦੇਹ ਬਰਾਮਦ ਕੀਤੀ ਗਈ।

ਇਸ ਹੋਣਹਾਰ ਖਿਡਾਰੀ ਦੀ ਬੇਵਕਤੀ ਮੌਤ ਨਾਲ ਖੇਡ ਪ੍ਰੇਮੀਆਂ ਅਤੇ ਉਨ੍ਹਾਂ ਦੇ ਪਰਿਵਾਰ ਵਿੱਚ ਸੋਗ ਦੀ ਲਹਿਰ ਹੈ।

# ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕਰਨਾ ਪੀੜਤਾਂ ਨਾਲ ਬੇਇਨਸਾਫ਼ੀ : ਐਡਵੋਕੇਟ ਧਾਮੀ

ਅੰਮ੍ਰਿਤਸਰ : ਦਿੱਲੀ ਵਿਖੇ 1984 'ਚ ਹੋਏ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਨਾਲ ਸੰਬੰਧਤ ਕਤਲੇਆਮ ਦੇ ਮਾਮਲਿਆਂ 'ਚ ਅਦਾਲਤ ਵਲੋਂ ਬਰੀ ਕੀਤੇ ਜਾਣਾ ਕਰੀਬ 41 ਸਾਲਾਂ ਤੋਂ ਇਨਸਾਫ਼ ਦੀ ਆਸ ਲਗਾਈ ਬੈਠੇ ਪੀੜਤ ਪਰਿਵਾਰਾਂ ਨਾਲ ਘੋਰ ਬੇਇਨਸਾਫ਼ੀ ਹੈ ।ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਫ਼ਤਰ ਤੋਂ ਜਾਰੀ ਬਿਆਨ 'ਚ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਮਾਨਸਿਕ ਤੌਰ 'ਤੇ ਡੂੰਘੀ ਸੱਟ ਮਾਰੀ ਹੈ, ਜੋ ਲੰਮੇ ਸਮੇਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ।



# ਮਨੁੱਖੀ ਅਧਿਕਾਰ ਵਿਭਾਗ ਦਾ ਨਾਮ ਬਦਲ ਕੇ 'ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰ ਵਿਭਾਗ' ਰੱਖਣ ਦੀ ਮੰਗ

### ਟੀਮ 'ਸੱਥ' ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਕੋਲ ਰੱਖੀ ਮੰਗ



ਚੰਡੀਗੜ੍ਹ: ਅਸ਼ਮੀਤ ਸਿੰਘ, ਮੀਤ ਪ੍ਰਧਾਨ, ਪੰਜਾਬ ਯੂਨੀਵਰਸਿਟੀ ਅਤੇ ਟੀਮ 'ਸੱਥ' ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਕੋਲ ਮੰਗ ਰੱਖੀ ਹੈ ਕਿ ਮਨੁੱਖੀ ਅਧਿਕਾਰ ਵਿਭਾਗ (Centre for Human Rights and Duties) ਦਾ ਨਾਮ ਬਦਲ ਕੇ "ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰ ਵਿਭਾਗ "ਰੱਖਿਆ ਜਾਵੇ ਅਤੇ ਇਸ ਨਾਲ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਚੇਅਰ ਦੀ ਸਥਾਪਨਾ ਕੀਤੀ ਜਾਵੇ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਇੱਕ ਨਿਡਰ ਮਨੁੱਖੀ ਅਧਿਕਾਰ ਕਾਰਕੁਨ ਸਨ, ਜਿਨ੍ਹਾਂ ਨੇ 1980 ਅਤੇ 1990 ਦੇ ਦਹਾਕਿਆਂ ਦੌਰਾਨ ਪੰਜਾਬ ਵਿੱਚ ਹੋਈਆਂ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਵਾਂ ਨੂੰ ਬੇਨਕਾਬ ਕੀਤਾ। ਆਪਣੀ ਗਹਿਰੀ ਖੋਜ ਅਤੇ ਦਸਤਾਵੇਜ਼ੀ ਕੰਮ ਰਾਹੀਂ ਉਨ੍ਹਾਂ ਨੇ 25,000 ਤੋਂ ਵੱਧ ਸਿੱਖ ਨੌਜਵਾਨਾਂ ਬਾਰੇ ਜਾਣਕਾਰੀ ਸਾਹਮਣੇ ਲਿਆਂਦੀ, ਜਿਨ੍ਹਾਂ ਨੂੰ ਗੈਰਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਗਿਆ, ਜ਼ਬਰਦਸਤੀ ਗਾਇਬ ਕੀਤਾ ਗਿਆ ਅਤੇ ਬਾਅਦ ਵਿੱਚ ਫਰਜ਼ੀ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ। ਉਨ੍ਹਾਂ ਦੇ ਇਸ ਕੰਮ ਨੇ ਦੇਸ਼ ਅਤੇ ਵਿਦੇਸ਼ ਪੱਧਰ 'ਤੇ ਭਾਰੀ ਮਨੁੱਖੀ ਅਧਿਕਾਰ ਉਲੰਘਣਾਵਾਂ ਵੱਲ ਧਿਆਨ ਖਿੱਚਿਆ।

ਇਸ ਮੰਗ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਕਿ ਸੱਚ, ਇਨਸਾਫ਼ ਅਤੇ ਮਨੁੱਖੀ ਗੌਰਵ ਪ੍ਰਤੀ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਵਚਨਬੱਧਤਾ ਆਖ਼ਿਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣੀ। ਉਨ੍ਹਾਂ ਦੀ ਕੁਰਬਾਨੀ ਨੂੰ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰ ਅੰਦੋਲਨ ਵਿੱਚ ਇੱਕ ਬੇਮਿਸਾਲ ਯੋਗਦਾਨ ਵਜੋਂ ਮੰਨਿਆ ਜਾਂਦਾ ਹੈ, ਜੋ ਅੱਜ ਵੀ ਕਾਰਕੁਨਾਂ, ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨੂੰ ਪ੍ਰੇਰਿਤ ਕਰਦੀ ਹੈ।

ਪੰਜਾਬ ਯੂਨੀਵਰਸਿਟੀ ਦੀ ਲੰਮੀ ਅਤੇ ਮਾਣਯੋਗ ਪਰੰਪਰਾ ਦਾ ਹਵਾਲਾ ਦਿੰਦਿਆਂ, ਅਸ਼ਮੀਤ ਸਿੰਘ ਨੇ ਉਹਨਾਂ ਸੰਸਥਾਵਾਂ ਅਤੇ ਇਮਾਰਤਾਂ ਦਾ ਜ਼ਿਕਰ ਕੀਤਾ ਜੋ ਪ੍ਰਸਿੱਧ ਹਸਤੀਆਂ ਦੇ ਨਾਮਾਂ 'ਤੇ ਹਨ, ਜਿਵੇਂ ਕਿ ਡਾ. ਐਸ. ਐਸ. ਭਟਨਾਗਰ ਕੈਮੀਕਲ ਇੰਜੀਨੀਅਰਿੰਗ ਵਿਭਾਗ, ਡਾ. ਹਰਵੰਸ਼ ਸਿੰਘ ਜੱਜ ਡੈਂਟਲ ਸਾਇੰਸ ਅਤੇ ਹਸਪਤਾਲ, ਸ਼ਹੀਦ ਭਗਤ ਸਿੰਘ ਹਾਲ, ਸ਼ਹੀਦ ਊਧਮ ਸਿੰਘ ਹਾਲ, ਡਾ. ਬੀ. ਆਰ. ਅੰਬੇਡਕਰ ਹਾਲ ਅਤੇ ਡਾ. ਮਨਮੋਹਨ ਸਿੰਘ ਹਾਲ। ਇਸ ਸੰਦਰਭ ਵਿੱਚ ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰ ਵਿਭਾਗ ਦਾ ਨਾਮ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੇ ਨਾਮ 'ਤੇ ਰੱਖਣਾ ਯੂਨੀਵਰਸਿਟੀ ਦੇ ਮੂਲ ਸਿਧਾਂਤਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਅਤੇ ਇੱਕ ਉਚਿਤ ਸਨਮਾਨ ਹੋਵੇਗਾ।

ਪ੍ਰਸਤਾਵਿਤ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਚੇਅਰ, ਜੋ ਵਿਭਾਗ ਦੇ ਅਧੀਨ ਸਥਾਪਿਤ ਕੀਤੀ ਜਾਣੀ ਹੈ, ਭਾਈ ਖਾਲੜਾ ਜੀ ਦੀ ਜ਼ਿੰਦਗੀ ਅਤੇ ਵਿਰਾਸਤ ਦੇ ਨਾਲ ਨਾਲ, forced disappearances, ਹਿਰਾਸਤੀ ਹਿੰਸਾ ਅਤੇ custodial death ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਉੱਚ ਪੱਧਰੀ ਖੋਜ, ਦਸਤਾਵੇਜ਼ੀ ਕੰਮ ਅਤੇ ਅਕਾਦਮਿਕ ਚਰਚਾ ਲਈ ਇੱਕ ਸੰਸਥਾਗਤ ਮੰਚ ਪ੍ਰਦਾਨ ਕਰੇਗੀ। ਇਹ ਚੇਅਰ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਅਕਾਦਮਿਕ ਸੰਵਾਦ ਅਤੇ ਲਗਾਤਾਰ ਖੋਜ ਨੂੰ ਮਜ਼ਬੂਤ ਕਰੇਗੀ।

ਇਹ ਪਹਿਲ ਨਾ ਸਿਰਫ਼ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਅਤੁੱਲ ਕੁਰਬਾਨੀ ਨੂੰ ਸਨਮਾਨਿਤ ਕਰੇਗੀ, ਸਗੋਂ ਯੂਨੀਵਰਸਿਟੀ ਅੰਦਰ ਮਨੁੱਖੀ ਅਧਿਕਾਰ, ਇਨਸਾਫ਼, ਜਵਾਬਦੇਹੀ ਅਤੇ ਸੰਵਿਧਾਨਕ ਨੈਤਿਕਤਾ ਦੇ ਮੂਲ ਸਿਧਾਂਤਾਂ ਨੂੰ ਵੀ ਮਜ਼ਬੂਤ ਕਰੇਗੀ।

### ਭਾਰਤੀ ਰੁਪਈਆ ਲਗਾਤਾਰ ਡਿਗਣ ਕਾਰਨ ਲੋਕ ਸੋਨਾ ਖਰੀਦਣ ਲੱਗੇ

# ਰੁਪਏ ਦੀ 'ਇਤਿਹਾਸਕ ਗਿਰਾਵਟ' ਨਾਲ ਬਾਜ਼ਾਰ 'ਚ ਹਾਹਾਕਾਰ: ਡਾਲਰ 92 ਦੇ ਕਰੀਬ, ਨਿਵੇਸ਼ਕਾਂ ਨੇ ਸੋਨੇ ਵੱਲ ਮੋੜਿਆ ਮੁਹਾਰ

## ਕੀ ਹੁਣ 100 ਰੁਪਏ ਦਾ ਹੋਵੇਗਾ 1 ਡਾਲਰ ? ਮਾਹਰਾਂ ਨੇ ਜਤਾਈ ਚਿੰਤਾ

ਨਵੀਂ ਦਿੱਲੀ/ਅੰਮ੍ਰਿਤਸਰ (ਬਿਊਰੋ): ਸਾਲ 2026 ਦੀ ਸ਼ੁਰੂਆਤ ਭਾਰਤੀ ਕਰੰਸੀ ਲਈ ਵੱਡੀ ਚੁਣੌਤੀ ਲੈ ਕੇ ਆਈ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਈਆ ਲਗਾਤਾਰ ਹੇਠਾਂ ਡਿੱਗਦਾ ਜਾ ਰਿਹਾ ਹੈ, ਜਿਸ ਕਾਰਨ ਬਾਜ਼ਾਰ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਹੈ। ਆਰਥਿਕ ਮਾਹਰਾਂ ਮੁਤਾਬਕ, ਰੁਪਈਆ ਆਪਣੇ ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ (All-time low) 'ਤੇ ਕਾਰੋਬਾਰ ਕਰ ਰਿਹਾ ਹੈ, ਜਿਸਦਾ ਸਿੱਧਾ ਅਸਰ ਆਮ ਆਦਮੀ ਦੀ ਜੇਬ ਅਤੇ ਸੋਨੇ ਦੇ ਭਾਅ 'ਤੇ ਪੈ ਰਿਹਾ ਹੈ।



ਮੌਜੂਦਾ ਸਥਿਤੀ: 100 ਦਾ ਅੰਕੜਾ ਅਜੇ ਦੂਰ, ਪਰ ਖਤਰਾ ਬਰਕਰਾਰ ਇਸ ਵੇਲੇ (ਜਨਵਰੀ 2026) ਅਮਰੀਕੀ ਡਾਲਰ (USD) ਨੇ ਭਾਵੇਂ 100 ਰੁਪਏ ਦਾ ਮਨੋਵਿਗਿਆਨਕ ਅੰਕੜਾ ਨਹੀਂ ਛੂਹਿਆ ਹੈ, ਪਰ ਇਸਦੀ ਰਫ਼ਤਾਰ ਉਸੇ ਦਿਸ਼ਾ ਵੱਲ ਵਧ ਰਹੀ ਹੈ।

ਤਾਜ਼ਾ ਰੇਟ: ਅੱਜ ਦੇ ਕਾਰੋਬਾਰੀ ਸੈਸ਼ਨ ਦੌਰਾਨ 1 ਡਾਲਰ ਦੀ ਕੀਮਤ 91.50 ਤੋਂ 91.75 ਰੁਪਏ ਦੇ ਵਿਚਕਾਰ ਦਰਜ ਕੀਤੀ ਗਈ ਹੈ।

ਭਵਿੱਖਬਾਣੀ: ਵਿੱਤੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਨੇੜਲੇ ਭਵਿੱਖ ਵਿੱਚ ਡਾਲਰ 100 ਤੱਕ ਨਹੀਂ ਪਹੁੰਚੇਗਾ, ਪਰ ਅਗਲੇ ਕੁਝ ਮਹੀਨਿਆਂ ਵਿੱਚ ਇਹ 92 ਤੋਂ 93 ਰੁਪਏ ਤੱਕ ਜਾ ਸਕਦਾ ਹੈ। ਹਾਲਾਂਕਿ, ਜੇਕਰ ਗਲੋਬਲ ਹਾਲਾਤ ਵਿਗੜਦੇ ਹਨ, ਤਾਂ ਲੰਬੇ ਸਮੇਂ ਵਿੱਚ 100 ਦਾ ਪੱਧਰ ਦੇਖਣ ਨੂੰ ਮਿਲ ਸਕਦਾ ਹੈ।

ਰੁਪਏ ਦੇ 'ਡਿੱਗਣ' ਦੇ 3 ਵੱਡੇ ਕਾਰਨ

1. ਗਲੋਬਲ ਤਣਾਅ (Global Tension): ਦੁਨੀਆ ਭਰ ਵਿੱਚ ਚੱਲ ਰਹੇ ਯੁੱਧ ਅਤੇ ਵਪਾਰਕ ਤਣਾਅ (Trade wars) ਕਾਰਨ ਨਿਵੇਸ਼ਕਾਂ ਵਿੱਚ ਡਰ ਦਾ ਮਾਹੌਲ ਹੈ। ਉਹ ਰਿਸਕ ਲੈਣ ਦੀ ਬਜਾਏ 'ਸੁਰੱਖਿਅਤ ਡਾਲਰ' ਖਰੀਦਣ ਨੂੰ ਤਰਜੀਹ ਦੇ ਰਹੇ ਹਨ।

2. ਵਿਦੇਸ਼ੀ ਨਿਵੇਸ਼ਕਾਂ ਦਾ ਮੋਹ ਭੰਗ: ਵਿਦੇਸ਼ੀ ਸੰਸਥਾਗਤ ਨਿਵੇਸ਼ਕ (FIIs) ਭਾਰਤੀ ਸ਼ੇਅਰ ਬਾਜ਼ਾਰ ਵਿੱਚੋਂ ਆਪਣਾ ਪੈਸਾ ਕੱਢ ਕੇ ਅਮਰੀਕੀ ਬਾਜ਼ਾਰਾਂ ਵਿੱਚ ਲਗਾ ਰਹੇ ਹਨ, ਜਿੱਥੇ ਵਿਆਜ ਦਰਾਂ ਆਕਰਸ਼ਕ ਹਨ।

3. ਕੱਚੇ ਤੇਲ ਦੀ ਮਾਰ: ਭਾਰਤ ਆਪਣੀ ਜ਼ਰੂਰਤ ਦਾ ਜ਼ਿਆਦਾਤਰ ਤੇਲ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਦਾ ਭੁਗਤਾਨ ਡਾਲਰਾਂ ਵਿੱਚ ਕਰਨ ਕਾਰਨ ਰੁਪਏ 'ਤੇ ਦਬਾਅ ਵਧਿਆ ਹੈ।

ਪੰਜਾਬ ਵਿੱਚ ਸੋਨੇ ਦੀ ਚਮਕ ਵਧੀ ਰੁਪਏ ਦੀ ਕਮਜ਼ੋਰੀ ਦਾ ਸਿੱਧਾ ਅਸਰ ਸੋਨੇ ਦੀਆਂ ਕੀਮਤਾਂ 'ਤੇ ਪਿਆ ਹੈ। ਜਦੋਂ ਵੀ ਕਰੰਸੀ ਕਮਜ਼ੋਰ ਹੁੰਦੀ ਹੈ, ਲੋਕ ਸੋਨੇ ਨੂੰ ਸਭ ਤੋਂ ਸੁਰੱਖਿਅਤ ਨਿਵੇਸ਼ ਮੰਨਦੇ ਹਨ।

ਅੰਮ੍ਰਿਤਸਰ ਅਤੇ ਲੁਧਿਆਣਾ: ਪੰਜਾਬ ਦੇ ਪ੍ਰਮੁੱਖ ਸਰਾਫਾ ਬਾਜ਼ਾਰਾਂ ਵਿੱਚ ਸੋਨੇ ਦੀ ਮੰਗ ਵਿੱਚ ਤੇਜ਼ੀ ਦੇਖੀ ਗਈ ਹੈ। ਨਿਵੇਸ਼ਕਾਂ ਨੂੰ ਡਰ ਹੈ ਕਿ ਰੁਪਈਆ ਹੋਰ ਡਿੱਗਣ ਨਾਲ ਮਹਿੰਗਾਈ ਵਧੇਗੀ, ਇਸ ਲਈ ਉਹ ਅੱਜ ਹੀ ਸੋਨਾ ਖਰੀਦ ਕੇ ਆਪਣਾ ਪੈਸਾ ਸੁਰੱਖਿਅਤ ਕਰ ਰਹੇ ਹਨ।

ਸਿੱਟਾ: ਭਾਰਤੀ ਰਿਜ਼ਰਵ ਬੈਂਕ (RBI) ਸਥਿਤੀ 'ਤੇ ਨਜ਼ਰ ਰੱਖੇ ਹੋਏ ਹੈ ਅਤੇ ਰੁਪਏ ਨੂੰ ਸੰਭਾਲਣ ਲਈ ਦਖਲ ਦੇ ਰਿਹਾ ਹੈ। ਪਰ ਫਿਲਹਾਲ, ਆਮ ਜਨਤਾ ਲਈ ਮਹਿੰਗਾਈ ਅਤੇ ਮਹਿੰਗਾ ਸੋਨਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

# ਗ੍ਰੀਨਲੈਂਡ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਾਂਗਾ : ਟਰੰਪ

### ਕਿਹਾ, ਅਮਰੀਕਾ ਨੂੰ ਗ੍ਰੀਨਲੈਂਡ ਦੀ ਰਣਨੀਤਕ ਕਾਰਨਾਂ ਕਰ ਕੇ ਜ਼ਰੂਰਤ ਹੈ, ਨਾ ਕਿ ਬਰਫ ਦੇ ਹੇਠਾਂ ਦੱਬੇ ਹੋਏ ਦੁਰਲੱਭ ਧਰਤੀ ਦੇ ਖਣਿਜਾਂ ਦੀ ਵੱਡੀ ਮਾਤਰਾ ਲਈ

ਦਾਵੋਸ (ਸਵਿਟਜ਼ਰਲੈਂਡ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਹ 'ਗ੍ਰੀਨਲੈਂਡ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਵਿਚ ਪੂਰੀ ਮਲਕੀਅਤ ਸ਼ਾਮਲ ਹੈ', ਪਰ ਉਨ੍ਹਾਂ ਨੇ ਕਿਹਾ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਨਗੇ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਅਮਰੀਕਾ ਹੀ ਖਣਿਜ ਪਦਾਰਥਾਂ ਨਾਲ ਭਰਪੂਰ ਇਸ ਟਾਪੂ ਦੀ ਸੁਰੱਖਿਆ ਕਰ ਸਕਦਾ ਹੈ।

ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੀ ਰਣਨੀਤਕ ਕਾਰਨਾਂ ਕਰ ਕੇ ਜ਼ਰੂਰਤ ਹੈ, ਕਿਉਂਕਿ ਇਹ ਅਮਰੀਕਾ, ਚੀਨ ਅਤੇ ਰੂਸ ਦੇ ਵਿਚਕਾਰ ਹੈ, ਨਾ ਕਿ ਬਰਫ ਦੇ ਹੇਠਾਂ ਦੱਬੇ ਹੋਏ ਦੁਰਲੱਭ ਧਰਤੀ ਦੇ ਖਣਿਜਾਂ ਦੀ ਵੱਡੀ ਮਾਤਰਾ ਲਈ। ਉਨ੍ਹਾਂ ਕਿਹਾ ਕਿ ਗ੍ਰੀਨਲੈਂਡ ਜ਼ਮੀਨ ਨਹੀਂ ਬਲਕਿ ਬਰਫ ਦਾ ਇਕ ਵੱਡਾ ਟੁਕੜਾ ਹੈ। ਵਿਸ਼ਵ ਆਰਥਕ ਮੰਚ ਉਤੇ ਟਰੰਪ ਨੇ ਅਪਣੇ ਭਾਸ਼ਣ ਦੀ ਵਰਤੋਂ ਯੂਰਪੀਅਨ ਸਹਿਯੋਗੀਆਂ ਦਾ ਵਾਰ-ਵਾਰ ਮਜ਼ਾਕ ਉਡਾਉਣ ਅਤੇ ਧਮਕੀ ਦੇਣ ਲਈ ਕੀਤੀ ਕਿ ਨਾਟੋ ਨੂੰ ਅਮਰੀਕੀ ਵਿਸਤਾਰਵਾਦ ਦੇ ਰਾਹ ਵਿਚ ਖੜਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਨਾਟੋ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਨੂੰ ਡੈਨਮਾਰਕ ਤੋਂ ਗ੍ਰੀਨਲੈਂਡ ਲੈਣ ਦੀ ਇਜਾਜ਼ਤ ਦੇਵੇ। ਇਕ ਅਸਾਧਾਰਣ ਚੇਤਾਵਨੀ ਦਿੰਦਿਆਂ ਉਨ੍ਹਾਂ ਕਿਹਾ ਕਿ ਨਾਟੋ ਦੇ ਮੈਂਬਰ ਹਾਂ ਕਹਿ ਸਕਦੇ ਹਨ, 'ਅਤੇ ਅਸੀਂ ਬਹੁਤ ਪ੍ਰਸੰਸਾ ਕਰਾਂਗੇ। ਜਾਂ ਤੁਸੀਂ ਨਾਂਹ ਕਹਿ ਸਕਦੇ ਹੋ,ਅਤੇ ਅਸੀਂ ਯਾਦ ਰੱਖਾਂਗੇ।' ਟਰੰਪ ਨੇ ਕਿਹਾ, "ਇਹ ਵਿਸ਼ਾਲ ਅਸੁਰੱਖਿਅਤ ਟਾਪੂ ਅਸਲ ਵਿਚ ਉੱਤਰੀ ਅਮਰੀਕਾ ਦਾ ਹਿੱਸਾ ਹੈ। ਇਹ ਸਾਡਾ ਖੇਤਰ ਹੈ।"



ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਤੇਜ਼ੀ ਨਾਲ ਵਧ ਰਿਹਾ ਹੈ ਪਰ ਯੂਰਪ 'ਸਹੀ ਦਿਸ਼ਾ ਵਲ ਨਹੀਂ ਜਾ ਰਿਹਾ।' ਨਾਟੋ ਸਹਿਯੋਗੀ ਡੈਨਮਾਰਕ ਤੋਂ ਗ੍ਰੀਨਲੈਂਡ ਦਾ ਨਿਯੰਤਰਣ ਖੋਹਣ ਦੀਆਂ ਉਸ ਦੀਆਂ ਇੱਛਾਵਾਂ ਵਾਸ਼ਿੰਗਟਨ ਦੇ ਬਹੁਤ ਸਾਰੇ ਨਜ਼ਦੀਕੀ ਸਹਿਯੋਗੀਆਂ ਨਾਲ ਸਬੰਧਾਂ ਨੂੰ ਤੋੜਨ ਦੀ ਧਮਕੀ ਦਿੰਦੀਆਂ ਹਨ।

ਅਪਣੇ ਸੰਬੋਧਨ ਵਿਚ ਉਨ੍ਹਾਂ ਨੇ ਡੈਨਮਾਰਕ ਤੋਂ ਗ੍ਰੀਨਲੈਂਡ ਪ੍ਰਾਪਤ ਕਰਨ ਲਈ ਅਮਰੀਕਾ ਨੂੰ 'ਤੁਰਤ ਗੱਲਬਾਤ' ਦੀ ਮੰਗ ਕੀਤੀ, ਦੂਜੇ ਵਿਸ਼ਵ ਜੰਗ ਦੌਰਾਨ ਆਰਕਟਿਕ ਟਾਪੂ ਦੀ ਅਮਰੀਕਾ ਵਲੋਂ ਸੁਰੱਖਿਆ ਲਈ 'ਅਕ੍ਰਿਤਘਣ' ਹੋਣ ਲਈ ਸਕੈਨਡੇਨੇਵੀਅਨ ਦੇਸ਼ ਦੀ ਨਿੰਦਾ ਕੀਤੀ, ਅਤੇ ਅਪਣਾ ਦਾਅਵਾ ਜਾਰੀ ਰੱਖਿਆ ਕਿ ਅਮਰੀਕਾ ਦੀ ਕੌਮੀ ਸੁਰੱਖਿਆ ਲਈ ਟਾਪੂ ਨੂੰ ਨਿਯੰਤਰਿਤ ਕਰਨ ਦੀ ਜ਼ਰੂਰਤ ਹੈ। ਟਰੰਪ ਨੇ ਦਾਅਵਾ ਕੀਤਾ ਕਿ 'ਸਾਡੇ ਬਿਨਾਂ, ਜ਼ਿਆਦਾਤਰ ਦੇਸ਼ ਕੰਮ ਵੀ ਨਹੀਂ ਕਰਦੇ'।


### ਕੈਨੇਡਾ ਦਾ ਪੰਜਾਬ ਤੋਂ ਵੀ ਮਾੜਾ ਹਾਲ

# ਲੋਕਾਂ ਦੇ ਘਰਾਂ ਅਤੇ ਕਾਰੋਬਾਰਾਂ 'ਤੇ ਗੈਂਗਸਟਰ ਰੋਜ਼ਾਨਾ ਗੋਲਾਬਾਰੀ ਕਰਨ ਲੱਗੇ

## ਕੈਨੇਡਾ ਸਰਕਾਰ ਦਿਨ ਰਾਤ ਹਾਏ ਬਿਸ਼ਨੋਈ ਹਾਏ ਬਿਸ਼ਨੋਈ ਕਰਨ ਲੱਗੀ

### ਸਰੀ 'ਚ ਫਿਰੌਤੀਆਂ ਦਾ ਕਹਿਰ ਜਾਰੀ: ਸਕਾਈਲਾਈਨ ਮੋਟਰਜ਼ 'ਤੇ ਅੰਨ੍ਹੇਵਾਹ ਫਾਇਰਿੰਗ, ਸਾਂਸਦ ਰਦੀਪ ਸਰਾਏ ਨੇ ਚੁੱਕੇ ਪੁਲਿਸ ਪ੍ਰਸ਼ਾਸਨ 'ਤੇ ਸਵਾਲ

ਸਰੀ (ਬਿਊਰੋ ਰਿਪੋਰਟ) : ਸਰੀ ਸ਼ਹਿਰ ਵਿੱਚ ਫਿਰੌਤੀ (Extortion) ਅਤੇ ਗੋਲੀਬਾਰੀ ਦਾ ਖ਼ੂਨੀ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹਰ ਰੋਜ਼ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਨੇ ਕਾਰੋਬਾਰੀਆਂ ਅਤੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਤਾਜ਼ਾ ਮਾਮਲੇ ਵਿੱਚ ਇੱਕ ਵਾਰ ਫਿਰ ਇੱਕ ਆਟੋ ਡੀਲਰਸ਼ਿਪ ਨੂੰ ਨਿਸ਼ਾਨਾ ਬਣਾਇਆ ਗਿਆ ਹੈ।




ਨਿਊਟਨ ਇਲਾਕੇ ਵਿੱਚ ਤੜਕੇ 4 ਵਜੇ ਦੇ ਕਰੀਬ 72 ਐਵਨਿਊ ਅਤੇ ਕਿੰਗ ਜੌਰਜ ਸਥਿਤ 'ਸਕਾਈ ਲਾਈਨ ਮੋਟਰਜ਼' 'ਤੇ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਗਨੀਮਤ ਇਹ ਰਹੀ ਕਿ ਉਸ ਸਮੇਂ ਕਾਰੋਬਾਰ ਬੰਦ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪੁਲਿਸ ਰਿਪੋਰਟਾਂ ਅਨੁਸਾਰ, ਉਕਤ ਕਾਰੋਬਾਰੀ ਨੂੰ ਪਹਿਲੀ ਵਾਰ ਨਿਸ਼ਾਨਾ ਨਹੀਂ ਬਣਾਇਆ ਗਿਆ, ਸਗੋਂ ਉਸ ਨੂੰ ਪਹਿਲਾਂ ਵੀ ਕਈ ਵਾਰ ਫਿਰੌਤੀ ਦੀਆਂ ਧਮਕੀਆਂ ਮਿਲ ਚੁੱਕੀਆਂ ਸਨ।

**ਸਿਆਸੀ ਹਲਚਲ ਅਤੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ:** ਇਸ ਗੰਭੀਰ ਮੁੱਦੇ 'ਤੇ ਸਿਆਸਤ ਵੀ ਪੂਰੀ ਤਰ੍ਹਾਂ ਗਰਮਾ ਗਈ ਹੈ। ਜਿੱਥੇ ਕੰਜ਼ਰਵੇਟਿਵ ਪਾਰਟੀ ਨੇ 'ਸਟੌਪ ਦੀ ਕ੍ਰਾਈਮ' (ਅਪਰਾਧ ਰੋਕੋ) ਦੇ ਬੈਨਰ ਹੇਠ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ ਨੂੰ ਘੇਰਿਆ, ਉੱਥੇ ਹੀ ਸਰੀ ਸੈਂਟਰ ਤੋਂ ਲਿਬਰਲ ਸਾਂਸਦ ਰਦੀਪ ਸਰਾਏ ਨੇ ਇਸ ਨਾਕਾਮੀ ਲਈ ਕਾਨੂੰਨ ਦੀ ਬਜਾਏ ਪੁਲਿਸ 'ਇਨਫੋਰਸਮੈਂਟ' ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰਦੀਪ ਸਰਾਏ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ 'ਮੈਨੂੰ ਲੱਗਦਾ ਹੈ ਕਿ ਸਮੱਸਿਆ ਕਾਨੂੰਨ ਵਿੱਚ ਨਹੀਂ, ਬਲਕਿ ਉਸਨੂੰ ਲਾਗੂ ਕਰਨ (Enforcement) ਵਿੱਚ ਹੈ। ਗ੍ਰਿਫਤਾਰੀਆਂ ਹੀ ਨਹੀਂ ਹੋ ਰਹੀਆਂ। ਜਦੋਂ ਤੱਕ ਮੁਲਜ਼ਮ ਫੜੇ ਨਹੀਂ ਜਾਂਦੇ, ਕਾਨੂੰਨ ਦੀ ਕਮੀ ਦੀ ਗੱਲ ਬੇਮਾਨੀ ਹੈ। ਜਦੋਂ ਸਭ ਕੁਝ ਫੇਲ ਹੋ ਰਿਹਾ ਹੈ, ਤਾਂ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ CFSEU (ਕੰਬਾਈਨ ਫੋਰਸਿਸ ਸਪੈਸ਼ਲ ਇਨਫੋਰਸਮੈਂਟ ਯੂਨਿਟ) ਨੂੰ ਇਸਦੀ ਪੂਰੀ ਜ਼ਿੰਮੇਵਾਰੀ ਸੌਂਪੇ, ਜੋ ਕਿ ਸੰਗਠਿਤ ਅਪਰਾਧਾਂ ਨਾਲ ਨਜਿੱਠਣ ਲਈ ਮਾਹਰ ਹੈ।'

**ਵਿਦੇਸ਼ੀ ਦਖਲਅੰਦਾਜ਼ੀ ਅਤੇ ਵਪਾਰਕ ਰਿਸ਼ਤੇ:** ਕੈਨੇਡਾ ਵਿੱਚ ਹੋ ਰਹੀਆਂ ਇਨ੍ਹਾਂ ਵਾਰਦਾਤਾਂ ਪਿੱਛੇ ਭਾਰਤ ਦੀ ਦਖਲਅੰਦਾਜ਼ੀ ਦੇ ਸਵਾਲ 'ਤੇ ਸਰਾਏ ਨੇ ਕਿਹਾ ਕਿ ਕੈਨੇਡੀਅਨਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਜਾਂਚ ਵਿੱਚ ਹੁਣ ਭਾਰਤੀ ਏਜੰਸੀਆਂ ਵੱਲੋਂ ਸਹਿਯੋਗ ਮਿਲ ਰਿਹਾ ਹੈ। ਅਮਰੀਕਾ ਨਾਲ ਚੱਲ ਰਹੀ 'ਟਰੇਡ ਵਾਰ' ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਕੈਨੇਡਾ ਨੂੰ ਆਪਣੀ ਆਰਥਿਕਤਾ ਬਚਾਉਣ ਲਈ ਵਪਾਰਕ ਰਿਸ਼ਤਿਆਂ ਨੂੰ ਡਾਇਵਰਸਫਾਈ (ਵੰਨ-ਸੁਵੰਨਾ) ਕਰਨਾ ਪਵੇਗਾ ਅਤੇ ਭਾਰਤ ਨਾਲ ਵਪਾਰਕ ਦਰਵਾਜ਼ੇ ਖੁੱਲ੍ਹੇ ਰੱਖਣੇ ਪੈਣਗੇ।

ਡਰਾਉਣੇ ਅੰਕੜੇ: ਸਰੀ ਦੇ ਹਾਲਾਤ ਕਿੰਨੇ ਚਿੰਤਾਜਨਕ ਹਨ, ਇਸਦਾ ਅੰਦਾਜ਼ਾ ਇਨ੍ਹਾਂ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ:

1 ਜਨਵਰੀ ਤੋਂ 19 ਜਨਵਰੀ ਤੱਕ: ਸਿਰਫ 19 ਦਿਨਾਂ ਵਿੱਚ ਫਿਰੌਤੀ ਦੇ 34 ਮਾਮਲੇ ਦਰਜ ਹੋਏ ਹਨ।

ਇਸੇ ਸਮੇਂ ਦੌਰਾਨ 7 ਤੋਂ ਵੱਧ ਵਾਰ ਕਾਰੋਬਾਰਾਂ ਜਾਂ ਘਰਾਂ 'ਤੇ ਗੋਲੀਬਾਰੀ ਹੋ ਚੁੱਕੀ ਹੈ।

ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਰੀ ਵਿੱਚ ਕਾਨੂੰਨ ਵਿਵਸਥਾ ਨੂੰ ਗੰਭੀਰ ਚੁਣੌਤੀ ਦਰਪੇਸ਼ ਹੈ ਅਤੇ ਕਾਰੋਬਾਰੀ ਵਰਗ ਸਹਿਮ ਦੇ ਸਾਏ ਹੇਠ ਜੀਅ ਰਿਹਾ ਹੈ।

ਕੈਨੇਡਾ ਦੇ ਲੋਕ ਹੁਣ ਸ਼ਰੇਆ ਕਹਿਣ ਲੱਗ ਪਏ ਕੀ ਕੈਨੇਡਾ ਦਾ ਭਾਰਤੀ ਪੰਜਾਬ ਅਤੇ ਬੰਗਲਾਦੇਸ਼ ਤੋਂ ਵੀ ਮਾੜਾ ਹਾਲ ਹੈ।

### ਦੁਨੀਆਂ ਦੇ ਸਿੱਖਾਂ ਲਈ ਵੱਡੀ ਖਬਰ, ਸਿੱਖਾਂ ਦੀ ਸੁਰੱਖਿਆ ਲਈ ਇਤਿਹਾਸਕ ਕਦਮ

# ਸਿੱਖਾਂ ਖਿਲਾਫ ਅੰਤਰਰਾਸ਼ਟਰੀ ਦਮਨ ਰੋਕਣ ਲਈ ਅਮਰੀਕੀ ਸੰਸਦ 'ਚ ਦੋਵਾਂ ਪਾਰਟੀਆਂ ਵੱਲੋਂ ਸਾਂਝਾ ਬਿੱਲ ਪੇਸ਼

ਵਾਸ਼ਿੰਗਟਨ, (ਸਾਡੇ ਲੋਕ) ਅੱਜ ਕਾਂਗਰਸਮੈਨ ਡੇਵਿਡ ਵਲਾਡੋ (CA-22) ਨੇ ਕਾਂਗਰਸਮੈਨ ਜੋਸ਼ ਗੋਟਹਾਈਮਰ (NJ-05) ਨਾਲ ਮਿਲ ਕੇ 'ਸਿੱਖ ਅਮੈਰਿਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' (Sikh American Anti-Discrimination Act) ਪੇਸ਼ ਕੀਤਾ। ਦੋਵਾਂ ਪਾਰਟੀਆਂ ਦੀ ਸਹਿਮਤੀ ਵਾਲਾ ਇਹ ਬਿੱਲ (Bipartisan Bill) ਨਿਆਂ ਵਿਭਾਗ (DOJ) ਦੇ ਅਧੀਨ 'ਸਿੱਖ ਵਿਰੋਧੀ ਵਿਤਕਰਾ ਟਾਸਕ ਫੋਰਸ' ਦੀ ਸਥਾਪਨਾ ਕਰੇਗਾ, ਜਿਸ ਲਈ ਸਿੱਖ ਭਾਈਚਾਰੇ ਨਾਲ ਮਿਲ ਕੇ ਕੰਮ ਕਰਨਾ ਲਾਜ਼ਮੀ ਹੋਵੇਗਾ।

ਨਿਆਂ ਵਿਭਾਗ ਨੇ ਸਿੱਖਾਂ ਖਿਲਾਫ ਹਿੰਸਾ ਅਤੇ ਵਿਦੇਸ਼ੀ ਧਰਤੀ ਤੋਂ ਹੋ ਰਹੇ ਅੰਤਰਰਾਸ਼ਟਰੀ ਦਮਨ(Transnational repression) ਨੂੰ ਰੋਕਣ ਲਈ ਵੱਡੇ ਸਾਰਥਕ ਅਤੇ ਇਤਹਾਸਕ ਕਦਮ ਚੁੱਕੇ।

'ਇੱਥੇ ਇਹ ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿੱਚ ਅਸੈਂਬਲੀ ਅਤੇ ਸੈਨੇਟ ਵੱਲੋਂ ਸਿੱਖਾਂ ਦੇ ਹੱਕਾਂ ਲਈ ਸਰਬਸੰਮਤੀ ਨਾਲ ਬਿੱਲ ਪਾਸ ਕਰਨ ਤੋਂ ਬਾਅਦ, ਗਵਰਨਰ ਨੇ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕਰਦਿਆਂ ਇਸਨੂੰ ਰੱਦ ਕਰ ਦਿੱਤਾ ਸੀ। ਜਿਸਦੀ ਵੱਡੇ-ਵੱਡੇ ਅਮਰੀਕੀ ਸਿਆਸਤਦਾਨਾਂ ਨੇ ਭਾਰੀ ਨਿਖੇਧੀ ਕਰਦੇ ਹੋਏ, ਇਸਨੂੰ ਅਮਰੀਕਾ ਦੇ ਮੁੱਢਲੇ ਅਧਿਕਾਰਾਂ ਅਤੇ ਅਸੂਲਾਂ ਦੇ ਖਿਲਾਫ਼ ਦੱਸਿਆ ਸੀ। ਅੱਜ ਪੇਸ਼ ਕੀਤਾ ਗਿਆ ਇਹ ਬਿੱਲ ਪਾਸ ਹੋਣ ਤੋਂ ਬਾਅਦ ਪੂਰੇ ਅਮਰੀਕਾ ਵਿੱਚ ਲਾਗੂ ਹੋਵੇਗਾ, ਜਿਸਦਾ ਅਸਰ ਪੂਰੀ ਦੁਨੀਆ ਵਿੱਚ ਵੇਖਣ ਨੂੰ ਮਿਲੇਗਾ।'

### ਵਲਾਡੋ ਅਤੇ ਗੋਟਹਾਈਮਰ ਵੱਲੋਂ ਸਿੱਖ ਭਾਈਚਾਰੇ ਵਿਰੁੱਧ ਵਿਤਕਰੇ ਨਾਲ ਲੜਨ ਲਈ ਸਾਂਝਾ ਬਿੱਲ ਪੇਸ਼

ਵਾਸ਼ਿੰਗਟਨ : ਅੱਜ ਕਾਂਗਰਸਮੈਨ ਡੇਵਿਡ ਵਲਾਡੋ (CA-22) ਨੇ ਕਾਂਗਰਸਮੈਨ ਜੋਸ਼ ਗੋਟਹਾਈਮਰ (NJ-05) ਨਾਲ ਮਿਲ ਕੇ 'ਸਿੱਖ ਅਮੈਰਿਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' (Sikh American Anti-Discrimination Act) ਪੇਸ਼ ਕੀਤਾ। ਦੋਵਾਂ ਪਾਰਟੀਆਂ ਦੀ ਸਹਿਮਤੀ ਵਾਲਾ ਇਹ ਬਿੱਲ (Bipartisan Bill) ਨਿਆਂ ਵਿਭਾਗ (DOJ) ਦੇ ਅਧੀਨ 'ਸਿੱਖ ਵਿਰੋਧੀ ਵਿਤਕਰਾ ਟਾਸਕ ਫੋਰਸ' ਦੀ ਸਥਾਪਨਾ ਕਰੇਗਾ, ਜਿਸ ਲਈ ਸਿੱਖ ਭਾਈਚਾਰੇ ਨਾਲ ਮਿਲ ਕੇ ਕੰਮ ਕਰਨਾ ਲਾਜ਼ਮੀ ਹੋਵੇਗਾ।

"ਅਮਰੀਕਨ ਸਿੱਖ ਕਾਂਗਰਸ਼ਮੈਨ ਕਾਕਸ ਦੇ ਸਹਿ-ਸੰਸਥਾਪਕ ਅਤੇ ਸਹਿ-ਚੇਅਰ ਹੋਣ ਦੇ ਨਾਤੇ, ਮੈਨੂੰ ਸਿੱਖ ਵਿਰੋਧੀ ਵਿਤਕਰੇ ਵਿਰੁੱਧ ਡਟ ਕੇ ਖੜ੍ਹੇ ਹੋਣ 'ਤੇ ਮਾਣ ਹੈ।" ਕਾਂਗਰਸਮੈਨ ਵਲਾਡੋ ਨੇ ਕਿਹਾ। "1984 ਦੀ ਸਿੱਖ ਨਸਲਕੁਸ਼ੀ ਤੋਂ ਬਾਅਦ ਦਹਾਕਿਆਂ ਤੱਕ, ਸਿੱਖ ਅਮਰੀਕਨਾਂ ਨੇ ਅੰਤਾਂ ਦਾ ਵਿਤਕਰਾ ਅਤੇ ਨਫ਼ਰਤੀ ਅਪਰਾਧ (Hate Crimes) ਝੱਲੇ ਹਨ। ਹੁਣ ਸਮਾਂ ਆ ਗਿਆ ਹੈ ਕਿ ਨਿਆਂ ਵਿਭਾਗ ਇਸ ਹਿੰਸਾ ਅਤੇ ਵਿਦੇਸ਼ੀ ਧਰਤੀ ਤੋਂ ਹੋ ਰਹੇ ਜਬਰ (Transnational repression) ਨੂੰ ਰੋਕਣ ਲਈ ਸਾਰਥਕ ਕਦਮ ਚੁੱਕੇ। ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਂ ਕਾਂਗਰਸ ਵਿੱਚ ਸੈਂਟਰਲ ਵੈਲੀ ਦੇ ਜੀਵੰਤ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਹਾਂ ਅਤੇ ਮੈਂ ਉਹਨਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਲਈ ਆਵਾਜ਼ ਬੁਲੰਦ ਕਰਨ ਲਈ ਵਚਨਬੱਧ ਹਾਂ।

ਕਾਂਗਰਸਮੈਨ ਗੋਟਹਾਈਮਰ ਨੇ ਕਿਹਾ, "ਉੱਤਰੀ



ਜਰਸੀ ਵਿੱਚ ਸਿੱਖ ਪਰਿਵਾਰਾਂ ਅਤੇ ਭਾਈਚਾਰਕ ਆਗੂਆਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਇਹ ਸਪੱਸ਼ਟ ਹੈ ਕਿ ਕਾਂਗਰਸ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਇਹ ਬਿੱਲ ਉਹਨਾਂ ਗੱਲਬਾਤਾਂ ਨੂੰ ਅਮਲ ਵਿੱਚ ਲਿਆਵੇਗਾ—ਇਹ ਮਜ਼ਬੂਤ ਕਰੇਗਾ ਕਿ ਸਾਡੀ ਫੈਡਰਲ ਸਰਕਾਰ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ, ਟਰੈਕ ਕਰਦੀ ਹੈ ਅਤੇ ਰੋਕਦੀ ਹੈ, ਤਾਂ ਜੋ ਹਰ ਅਮਰੀਕੀ ਆਪਣੇ ਧਰਮ ਦਾ ਪਾਲਣ ਆਜ਼ਾਦੀ ਅਤੇ ਸੁਰੱਖਿਆ ਨਾਲ ਕਰ ਸਕੇ।

### ਸਿੱਖ ਜਥੇਬੰਦੀਆਂ ਵੱਲੋਂ ਭਰਵਾਂ ਸਵਾਗਤ

ਡਾ. ਪ੍ਰਿਤਪਾਲ ਸਿੰਘ, ਅਮੈਰਿਕਨ ਸਿੱਖ ਕਾਕਸ ਕਮੇਟੀ: 'ਅਸੀਂ ਕਾਂਗਰਸਮੈਨ ਡੇਵਿਡ ਵਲਾਡੋ, ਜੋਸ਼ ਗੋਟਹਾਈਮਰ ਅਤੇ ਹੋਰ ਮੈਂਬਰਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ। ਲੰਬੇ ਸਮੇਂ ਤੋਂ ਸਾਡੇ ਭਾਈਚਾਰੇ ਨੇ ਨਫ਼ਰਤ, ਹਿੰਸਾ ਅਤੇ ਜਾਨੀ ਧਮਕੀਆਂ ਨੂੰ ਬਰਦਾਸ਼ਤ ਕੀਤਾ ਹੈ। ਇਹ ਕਾਨੂੰਨ ਸਿੱਖ ਅਮਰੀਕਨਾਂ ਦੀ ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣ ਵੱਲ ਇੱਕ ਗੰਭੀਰ ਅਤੇ ਜ਼ਰੂਰੀ ਕਦਮ ਹੈ।'

ਗੁਰਦੇਵ ਸਿੰਘ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC): 'ਪੂਰੇ ਅਮਰੀਕਾ ਵਿੱਚ ਸਿੱਖ ਭਾਈਚਾਰਾ ਨਫ਼ਰਤ ਅਤੇ ਹਿੰਸਾ ਵਿੱਚ ਵਾਧਾ ਦੇਖ ਰਿਹਾ ਹੈ। ਅਸੀਂ ਆਪਣੇ ਵਤਨ ਦੀ ਹਿੰਸਾ ਤੋਂ ਮੁਕਤ ਜੀਵਨ ਅਤੇ ਮੌਕਿਆਂ ਦੀ ਭਾਲ ਵਿੱਚ ਅਮਰੀਕਾ ਆਏ ਸੀ। ਅਸੀਂ ਇਸ ਬਿੱਲ ਨੂੰ ਪਾਸ ਕਰਵਾਉਣ ਅਤੇ ਇਸਨੂੰ ਲਾਗੂ ਕਰਨ ਵਿੱਚ ਅਮਰੀਕੀ ਸਰਕਾਰ ਦੀ ਪੂਰੀ ਮਦਦ ਕਰਨ ਦਾ ਵਾਅਦਾ ਕਰਦੇ ਹਾਂ।'

ਹਿੰਮਤ ਸਿੰਘ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ: 'ਕਾਂਗਰਸਮੈਨ ਵਲਾਡੋ ਅਤੇ ਗੋਟਹਾਈਮਰ, ਸਿੱਖ ਭਾਈਚਾਰੇ ਨੂੰ ਹਿੰਸਾ ਅਤੇ ਨਫ਼ਰਤ ਦੇ ਖਤਰਿਆਂ ਤੋਂ ਬਚਾਉਣ ਲਈ ਇਹ ਅਹਿਮ ਕਾਨੂੰਨ ਪੇਸ਼ ਕਰਨ ਲਈ ਤੁਹਾਡਾ ਧੰਨਵਾਦ। ਇਹ ਕਦਮ ਸਿੱਖ ਭਾਈਚਾਰੇ ਦੀਆਂ ਲੋੜਾਂ ਪ੍ਰਤੀ ਤੁਹਾਡੀ ਡੂੰਘੀ ਸਮਝ ਨੂੰ ਦਰਸਾਉਂਦਾ ਹੈ।'

ਸਿੱਖ ਕੋਲੀਸ਼ਨ (Sikh Coalition): 'ਸਿੱਖਾਂ ਨਾਲ ਨਫ਼ਰਤੀ ਅਪਰਾਧ ਹੋਣ ਦੀ ਸੰਭਾਵਨਾ ਔਸਤ ਅਮਰੀਕੀ ਨਾਲੋਂ ਕਿਤੇ ਵੱਧ ਰਹਿੰਦੀ ਹੈ। ਇਹ ਬਿੱਲ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਵਿਤਕਰੇ ਨੂੰ ਦਸਤਾਵੇਜ਼ੀ ਰੂਪ ਦੇਣ ਅਤੇ ਰੋਕਣ ਲਈ ਇੱਕ ਟਾਸਕ ਫੋਰਸ ਬਣਾ ਕੇ ਜਵਾਬਦੇਹੀ ਅਤੇ ਸੁਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਾ ਹੈ।'

ਭੁਪਿੰਦਰ ਸਿੰਘ, ਨਿਊ ਜਰਸੀ ਸਿੱਖ ਯੂਥ ਅਲਾਇੰਸ: 'ਬਹੁਤ ਲੰਬੇ ਸਮੇਂ ਤੋਂ ਸਿੱਖ ਭਾਈਚਾਰਾ ਪੱਖਪਾਤ ਦੇ ਪਰਛਾਵੇਂ ਵਿੱਚ ਰਿਹਾ ਹੈ ਕਿਉਂਕਿ ਕਾਨੂੰਨ ਕੋਲ ਸਿੱਖਾਂ ਵਿਰੁੱਧ ਨਫ਼ਰਤ ਨੂੰ ਪਰਿਭਾਸ਼ਿਤ ਕਰਨ ਲਈ ਕੋਈ ਸਪੱਸ਼ਟ ਢਾਂਚਾ ਨਹੀਂ ਸੀ। ਇਹ ਬਿੱਲ 9/11 ਤੋਂ ਬਾਅਦ ਦੇ ਦੌਰ ਵਿੱਚ ਇੱਕ ਬਹੁਤ ਹੀ ਜ਼ਰੂਰੀ ਕਦਮ ਹੈ, ਜੋ ਸਥਾਨਕ ਅਤੇ ਫੈਡਰਲ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸਿਖਲਾਈ ਅਤੇ ਜਾਗਰੂਕਤਾ ਪ੍ਰਦਾਨ ਕਰੇਗਾ।'


ਕਿਰਨ ਕੌਰ ਗਿੱਲ, ਸਲਡੈਫ (SALDEF): 'ਸਲਡੈਫ, ਦਹਾਕਿਆਂ ਤੋਂ ਦਰਜ ਨਾ ਹੋਣ ਵਾਲੇ ਸਿੱਖ ਵਿਰੋਧੀ ਨਫ਼ਰਤੀ ਮਾਮਲਿਆਂ ਨੂੰ ਹੱਲ ਕਰਨ ਲਈ ਇਸ ਇਤਿਹਾਸਕ ਕਦਮ ਲਈ ਪ੍ਰਤੀਨਿਧੀ ਗੋਟਹਾਈਮਰ ਅਤੇ ਵਲਾਡੋ ਦੀ ਸ਼ਲਾਘਾ ਕਰਦਾ ਹੈ।'

ਯੂਨਾਈਟਿਡ ਸਿੱਖਸ (United Sikhs): 'ਨਫ਼ਰਤ ਵਿਰੁੱਧ ਸਿੱਖ ਭਾਈਚਾਰੇ ਨਾਲ ਖੜ੍ਹੇ ਹੋਣ ਲਈ ਧੰਨਵਾਦ। ਜਦੋਂ ਵਿਤਕਰਾ ਇੱਕ ਗੰਭੀਰ ਖਤਰਾ ਬਣਿਆ ਹੋਇਆ ਹੈ, ਇਹ ਬਿੱਲ ਇੱਕ ਸਪੱਸ਼ਟ ਸੰਦੇਸ਼ ਦਿੰਦਾ ਹੈ: ਅਮਰੀਕਾ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ।'

ਈਸਟ ਕੋਸਟ (East Coast) ਦੇ ਸਿੱਖ ਅਮਰੀਕਨ ਆਗੂਆਂ, ਭੁਪਿੰਦਰ ਸਿੰਘ ਅਤੇ ਬੂਟਾ ਸਿੰਘ ਖਰੌੜ ਦੀ ਇਸ ਪਹਿਲਕਦਮੀ ਅਤੇ ਅਗਵਾਈ ਲਈ ਅਸੀਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਸਭ ਤੋਂ ਵੱਧ, ਅਸੀਂ ਅਮਰੀਕੀ ਹੋਣ 'ਤੇ ਮਾਣ ਮਹਿਸੂਸ ਕਰਦੇ ਹਾਂ—ਜਿੱਥੇ ਸਾਨੂੰ ਆਪਣੇ ਧਰਮ ਨੂੰ ਖੁੱਲ੍ਹ ਕੇ ਮੰਨਣ, ਸ਼ਾਂਤੀ ਅਤੇ ਖੁਸ਼ਹਾਲੀ ਵਿੱਚ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਨ, ਅਤੇ ਬਰਾਬਰ ਨਿਆਂ ਤੇ ਕਾਨੂੰਨ ਦੇ ਰਾਜ ਹੇਠ ਜਿਊਣ ਦੀ ਆਜ਼ਾਦੀ ਹੈ।

'ਐਂਟੀ-ਸਿੱਖ ਡਿਸਕ੍ਰਿਮੀਨੇਸ਼ਨ ਟਾਸਕ ਫੋਰਸ' ਦੀਆਂ ਮੁੱਖ ਜ਼ਿੰਮੇਵਾਰੀਆਂ:

1. ਸਿੱਖ ਵਿਰੋਧੀ ਭਾਵਨਾਵਾਂ (Anti-Sikhism) ਦੀ ਪਰਿਭਾਸ਼ਾ ਤਿਆਰ ਕਰਨਾ: ਜਿਸਦੀ ਵਰਤੋਂ ਨਿਆਂ ਵਿਭਾਗ (DOJ) ਵੱਲੋਂ ਦੋਸ਼ ਤੈਅ ਕਰਨ ਅਤੇ ਨਫ਼ਰਤੀ ਅਪਰਾਧਾਂ ਦੇ ਅੰਕੜੇ ਇਕੱਠੇ ਕਰਨ ਲਈ ਕੀਤੀ ਜਾ ਸਕੇ।
2. ਵਿੱਦਿਅਕ ਪ੍ਰੋਗਰਾਮ ਉਲੀਕਣਾ: ਸਿੱਖ ਵਿਰੋਧੀ ਵਿਤਕਰੇ ਬਾਰੇ ਜਾਗਰੂਕਤਾ ਫੈਲਾਉਣ ਲਈ ਪੁਲਿਸ, ਸਕੂਲਾਂ (K-AB) ਅਤੇ ਕਾਲਜਾਂ/ਯੂਨੀਵਰਸਿਟੀਆਂ ਲਈ ਵਿਸ਼ੇਸ਼ ਪ੍ਰੋਗਰਾਮ ਤਿਆਰ ਕਰਨਾ।
3. ਸਾਲਾਨਾ ਰਿਪੋਰਟ: ਕਾਂਗਰਸ ਨੂੰ ਇੱਕ ਸਾਲਾਨਾ ਰਿਪੋਰਟ ਪੇਸ਼ ਕਰਨਾ ਜੋ ਸਿੱਖਾਂ ਵਿਰੁੱਧ ਹੋਏ ਨਫ਼ਰਤੀ ਅਪਰਾਧਾਂ ਦਾ ਪੂਰਾ ਵੇਰਵਾ ਦੇਵੇਗੀ।




ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

**ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ**

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਜਨਮ ਦਿਹਾੜੇ ’ਤੇ ਵਿਸ਼ੇਸ਼ : ਮਹਾਨ ਯੋਧਾ ਬਾਬਾ ਦੀਪ ਸਿੰਘ ਜੀ

ਗੁਰਪ੍ਰੀਤ ਸਿੰਘ ਨਿਆਮੀਆਂ

ਜ਼ਿਲ੍ਹਾ ਲਾਹੌਰ (ਅੰਮ੍ਰਿਤਸਰ ਸਾਹਿਬ) ਦੇ ਪਿੰਡ ਪਹੂਵਿੰਡ ਦੇ ਰਹਿਣ ਵਾਲੇ ਭਾਈ ਭਗਤੂ ਜੀ ਤੇ ਉਨ੍ਹਾਂ ਦੀ ਪਤਨੀ ਜਿਊਣੀ ਜੀ ਗੁਰੂ ਤੇਗ ਬਹਾਦਰ ਜੀ ਦੀ ਸੰਗਤ ਵਿਚ ਅਕਸਰ ਹੀ ਜਾਂਦੇ ਰਹਿੰਦੇ ਸਨ। ਇਹ ਇਕ ਗੁਰਸਿੱਖ ਪਰਿਵਾਰ ਸੀ। ਇਨ੍ਹਾਂ ਦੇ ਗ੍ਰਹਿ ਵਿਖੇ ਬਾਬਾ ਦੀਪ ਸਿੰਘ ਜੀ ਦਾ ਜਨਮ 1682 ਈਸਵੀ ਨੂੰ ਹੋਇਆ। ਜਦੋਂ ਬਾਲ ਅਵਸਥਾ ਵਿਚ ਬਾਬਾ ਦੀਪ ਸਿੰਘ ਜੀ ਦੇ ਮਾਪੇ ਇਨ੍ਹਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਦਰਸ਼ਨਾਂ ਲਈ ਲੈ ਗਏ ਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਬਾਬਾ ਦੀਪ ਸਿੰਘ ਜੀ ਨੇ ਆਪਣੇ ਮਾਪਿਆਂ ਤੋਂ ਇਹ ਆਗਿਆ ਮੰਗੀ ਕਿ ਉਨ੍ਹਾਂ ਨੂੰ ਅਨੰਦਪੁਰ ਵਿਖੇ ਹੀ ਗੁਰੂ ਦੀ ਸੰਗਤ ਵਿਚ ਰਹਿਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਵੱਡੇ ਹੋ ਗਏ ਤਾਂ ਜ਼ਰੂਰ ਹੀ ਅਨੰਦਪੁਰ ਸਾਹਿਬ ਵਿਖੇ ਆ ਕੇ ਰਹਿ ਸਕਦੇ ਹੋ।


ਸੰਨ 1700 ਦੀ ਵਿਸਾਖੀ ਮੌਕੇ ਆਪ ਦੇ ਮਾਪਿਆਂ ਨੇ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਰਪਣ ਕਰ ਦਿੱਤਾ। ਗੁਰੂ ਜੀ ਨੇ ਆਪ ਬਾਬਾ ਜੀ ਨੂੰ ਅੰਮ੍ਰਿਤਪਾਨ ਕਰਵਾਇਆ। ਹਥਿਆਰਾਂ ਦੀ ਸਿਖਲਾਈ ਦਿੱਤੀ। ਬਾਬਾ ਦੀਪ ਸਿੰਘ ਜੀ ਦਾ 1702 ਈਸਵੀ ਵਿਚ ਵਿਆਹ ਹੋ ਗਿਆ। ਤਿੰਨ ਸਾਲ ਆਪਣੇ ਪਰਿਵਾਰ ਨਾਲ ਬਿਤਾਉਣ ਮਗਰੋਂ ਜਦੋਂ ਬਾਬਾ ਜੀ ਨੂੰ ਗੁਰੂ ਜੀ ਦੇ ਅਨੰਦਪੁਰ ਸਾਹਿਬ ਛੱਡਣ ਬਾਰੇ ਪਤਾ ਲੱਗਾ ਤਾਂ ਆਪ ਜੀ ਗੁਰੂ ਜੀ ਕੋਲ 1705 ਈਸਵੀ ਵਿਚ ਤਲਵੰਡੀ ਸਾਬੋ ਵਿਖੇ ਆ ਗਏ।

ਤਲਵੰਡੀ ਸਾਬੋ ਵਿਖੇ ਜਦੋਂ ਗੁਰੂ ਜੀ ਨੇ ਦਮਦਮੀ ਬੀੜ (ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਤਿਆਰ ਕੀਤੀ ਤਾਂ ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਸਿਆਹੀ ਤੇ ਕਾਗਜ਼ਾਂ ਆਦਿ ਵਿਚ ਮਦਦ ਕੀਤੀ। ਬਾਅਦ ਵਿਚ ਆਪ ਜੀ ਨੇ ਇਸ ਪਵਿੱਤਰ ਬੀੜ ਦੇ ਚਾਰ ਉਤਾਰੇ ਕੀਤੇ। ਇਹ ਚਾਰੇ ਉਤਾਰੇ ਚਾਰ ਤਖ਼ਤ ਸਾਹਿਬਾਨ ’ਤੇ ਭੇਜੇ ਗਏ, ਜਿੱਥੇ ਕਿ ਅਜੇ ਵੀ ਮੌਜੂਦ ਹਨ। ਇਹ ਬੀੜ ਸਿੱਖਾਂ ਵਿਚ ਪੂਰੀ ਤਰ੍ਹਾਂ ਪ੍ਰਮਾਣਿਤ ਮੰਨੀ ਜਾਂਦੀ ਹੈ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਪੰਜਾਬ ਆਏ ਤਾਂ 1709 ਈਸਵੀ ਨੂੰ ਬਾਬਾ ਦੀਪ ਸਿੰਘ ਜੀ ਨੇ ਬਾਬਾ ਜੀ ਦੀ ਫ਼ੌਜ ਨਾਲ ਮਿਲ ਕੇ ਸਢੌਰਾ ਅਤੇ ਸਰਹਿੰਦ ਦੀਆਂ ਜੰਗਾਂ ਵਿਚ ਹਿੱਸਾ ਲਿਆ ਅਤੇ ਫਤਿਹ ਹਾਸਲ ਕੀਤੀ। ਆਪ ਜੀ ਦਾ ਸਿੱਖਾਂ ਵਿਚ ਬਹੁਤ ਸਤਿਕਾਰ ਸੀ ਅਤੇ ਨਵਾਬ ਕਪੂਰ ਸਿੰਘ ਜੀ ਨੇ ਆਪ ਜੀ ਨੂੰ ਦਲ ਖ਼ਾਲਸਾ ਦੇ ਇਕ ਜਥੇ ਦੀਆ ਫ਼ੌਜਾਂ ਦਾ ਮੁਖੀ ਬਣਾ ਕੇ ਸਨਮਾਨ ਦਿੱਤਾ। 1748 ਈਸਵੀ ਨੂੰ ਬਾਬਾ ਜੀ ਨੂੰ ਸ਼ਹੀਦਾਂ ਮਿਸਲ ਦੇ ਮੁਖੀ ਬਣਾਇਆ ਗਿਆ।

ਮਾਰਚ 1757 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਭਾਰਤ ’ਤੇ ਚੌਥਾ ਹਮਲਾ ਕਰਨ ਲਈ ਆਇਆ ਸੀ ਤਾਂ ਉਸ ਨੇ ਕਾਫ਼ੀ ਲੁੱਟ-ਮਾਰ ਕੀਤੀ। ਦਿੱਲੀ ਰਾਜਧਾਨੀ ਤੋਂ ਅਤੇ ਧਾਰਮਿਕ ਅਸਥਾਨਾਂ ਤੋਂ ਹੀਰੇ ਜਵਾਹਰਾਤ ਆਦਿ ਲੁੱਟ ਲਏ। ਤੈਮੂਰ ਅਤੇ ਜਹਾਨ ਖਾਂ ਇਹ ਲੁੱਟਿਆ ਮਾਲ ਲੈ ਕੇ ਲਾਹੌਰ ਵੱਲ ਜਾ ਰਹੇ ਸਨ ਤਾਂ ਬਾਬਾ ਦੀਪ ਸਿੰਘ ਜੀ ਦੀ ਫ਼ੌਜ ਨੇ ਕੁਰੂਕਸ਼ੇਤਰ ਦੇ ਨੇੜੇ ਇਨ੍ਹਾਂ ਤੇ ਹਮਲਾ ਕਰਕੇ ਵੱਡੀ ਗਿਣਤੀ ਵਿਚ ਹਿੰਦੂਆਂ ਦੀਆਂ ਧੀਆਂ ਤੇ ਔਰਤਾਂ ਛੁਡਵਾ ਲਈਆਂ, ਧਨ-ਮਾਲ ਖੋਹ ਲਿਆ। ਅਹਿਮਦ ਸ਼ਾਹ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਆਪਣੇ ਅਧੀਨ ਸਾਰੇ ਹੀ ਭਾਰਤੀ ਇਲਾਕਿਆਂ ਦਾ ਵਾਇਸਰਾਏ ਨਿਯੁਕਤ ਕਰ ਦਿੱਤਾ ਅਤੇ ਸਖ਼ਤ ਹਦਾਇਤ ਕਰ ਦਿੱਤੀ ਕਿ ਜਿਸ ਤਰ੍ਹਾਂ ਵੀ ਹੋਵੇ, ਸਿੱਖਾਂ ਦਾ ਨਾਮੋ-ਨਿਸ਼ਾਨ ਖ਼ਤਮ ਕਰ ਦੇਣਾ ਹੈ। ਤੈਮੂਰ ਸ਼ਾਹ ਨੇ ਹੁਣ ਅੱਤ ਚੁੱਕ ਲਈ ਸੀ। ਉਸ ਨੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਕੀਤੀ ਤੇ ਹਰਿਮੰਦਰ ਸਾਹਿਬ ਨੂੰ ਵੀ ਨੁਕਸਾਨ ਪਹੁੰਚਾਇਆ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਸਿੰਘਾਂ ਨੂੰ ਲਲਕਾਰਿਆ ਤੇ ਐਲਾਨ ਕੀਤਾ ਕਿ ਹੁਣ ਤਾਂ ਦੀਵਾਲੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਮਨਾਈ ਜਾਵੇਗੀ।

ਬਾਬਾ ਜੀ ਨੇ ਪ੍ਰਣ ਲਿਆ ਕਿ ਉਨ੍ਹਾਂ ਦਾ ਸੀਸ ਅੰਮ੍ਰਿਤਸਰ ਸਾਹਿਬ ਦੀ ਭੇਟਾ ਹੋਵੇਗਾ। ਨਵੰਬਰ 1757 ਈਸਵੀ ਨੂੰ ਗੋਹਰਵਾਲ ਦੇ ਨੇੜੇ ਬਾਬਾ ਜੀ ਦੇ ਸਿੰਘਾਂ ਅਤੇ ਜਹਾਨ ਖਾਨ ਦੀਆਂ ਫ਼ੌਜਾਂ ਦਾ ਟਾਕਰਾ ਹੋ ਗਿਆ। ਦੁਸ਼ਮਣ ਸਿੰਘਾਂ ਅੱਗੇ ਟਿਕ ਨਾ ਸਕੇ। ਉਹ ਖਿੰਡ-ਪੁੰਡ ਗਏ ਤੇ ਜਹਾਨ ਖਾਨ ਨੇ ਉਨ੍ਹਾਂ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਭੱਜ ਗਏ। ਇੰਨੇ ਨੂੰ ਅਤਾਈ ਖਾਂ 20 ਹਜ਼ਾਰ ਫੌਜ ਲੈ ਕੇ ਪੁੱਜ ਗਿਆ, ਜਿਸ ਕਰਕੇ ਦੁਸ਼ਮਣ ਮੁੜ ਇਕੱਠੇ ਹੋਣੇ ਸ਼ੁਰੂ ਹੋ ਗਏ। ਸਿੰਘ ਦੁਸ਼ਮਣਾਂ ਨੂੰ ਪਿੰਡ ਚੱਬਾ ਤੱਕ ਧੱਕ ਕੇ ਲੈ ਆਏ। ਲੜਾਈ ਮੁੜ ਸ਼ੁਰੂ ਹੋ ਗਈ। ਸਿੱਖ ਜਾਨਾਂ ਹੂਲ ਕੇ ਲੜੇ ਅਤੇ ਹਜ਼ਾਰਾਂ ਹੀ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਿਆ। ਬਾਬਾ ਦੀਪ ਸਿੰਘ ਜੀ ਨੇ ਅਜਿਹਾ ਖੰਡਾ ਖੜਕਾਇਆ ਕਿ ਦੁਸ਼ਮਣਾਂ ਦੀਆਂ ਰੂਹਾਂ ਕੰਬ ਗਈਆਂ।

ਅਖੀਰ ਆਪਣੀ ਫ਼ੌਜ ਨੂੰ ਢਿੱਲੀ ਪੈਂਦੀ ਵੇਖਦਿਆਂ ਅਤਾਈ ਖਾਂ ਆਪ ਮੈਦਾਨ ਵਿਚ ਆਇਆ। ਦੋ ਜਰਨੈਲ ਜੰਗੇ ਮੈਦਾਨ ਵਿਚ ਆਹਮੋ-ਸਾਹਮਣੇ ਸਨ। ਦੋਵਾਂ ਨੇ ਇਕ-ਦੂਜੇ ’ਤੇ ਵਾਰ ਕੀਤਾ। ਸਾਂਝਾ ਵਾਰ ਹੋਇਆ ਤੇ ਉਸ ਨੇ ਧੋਖੇ ਨਾਲ ਬਾਬਾ ਜੀ ਦੀ ਗਰਦਨ ’ਤੇ ਤਲਵਾਰ ਦਾ ਵਾਰ ਕੀਤਾ। ਬਾਬਾ ਜੀ ਅਤੇ ਅਤਾਈ ਖਾਨ ਦੋਵਾਂ ਦੇ ਸਿਰ ਇਸ ਸਾਂਝੇ ਵਾਰ ਨਾਲ ਧੜਾਂ ਤੋਂ ਵੱਖ ਹੋ ਗਏ। ਇਕ ਸਿੰਘ ਨੇ ਕਿਹਾ ਕਿ ਬਾਬਾ ਜੀ ਤੁਸੀਂ ਤਾਂ ਪ੍ਰਣ ਕੀਤਾ ਸੀ ਕਿ ਦਰਬਾਰ ਸਾਹਿਬ ਵਿਖੇ ਜਾ ਕੇ ਸੀਸ ਭੇਟਾ ਕਰੋਗੇ ਤੇ ਹੁਣ ਇਥੇ ਹੀ ਸ਼ਹੀਦੀ ਪਾਉਣ ਲੱਗੇ ਹੋ, ਉਸ ਵੇਲੇ ਇਕ ਅਲੌਕਿਕ ਘਟਨਾ ਵਾਪਰੀ। ਬਾਬਾ ਜੀ ਨੇ ਆਪਣਾ ਸੀਸ ਖੱਬੀ ਤਲੀ ’ਤੇ ਟਿਕਾ ਲਿਆ ਅਤੇ ਸੱਜੇ ਹੱਥ ’ਚ ਫੜੇ ਖੰਡੇ ਨਾਲ



ਦੁਸ਼ਮਣਾਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਬਿਨਾਂ ਸੀਸ ਤੋਂ ਇਕੱਲੇ ਧੜ ਨੂੰ ਹੀ ਲੜਦਿਆਂ ਵੇਖ ਕੇ ਦੁਸ਼ਮਣ ਡਰ ਕੇ ਭੱਜਣ ਲੱਗੇ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਿਕਰਮਾ ਵਿਚ ਆ ਕੇ ਆਪਣਾ ਸੀਸ ਭੇਟਾ ਕਰ ਦਿੱਤਾ ਅਤੇ ਸ਼ਹੀਦ ਹੋ ਗਏ। ਬਾਬਾ ਜੀ ਦੀ ਯਾਦ ਵਿਚ ਇਕ ਅਸਥਾਨ ਪਰਿਕਰਮਾ ਵਿਚ ਬਣਿਆ ਹੋਇਆ ਹੈ, ਜਦਕਿ ਦੂਜਾ ਵੱਡਾ ਅਸਥਾਨ ਰਾਮਸਰ ਦੇ ਕੋਲ ਬਣਿਆ ਹੋਇਆ ਹੈ, ਜਿੱਥੇ ਕਿ ਅਖੰਡ ਜੋਤੀ ਜਗ ਰਹੀ ਹੈ।

# ਲਾਸਾਨੀ ਸ਼ਹੀਦ ਬਾਬਾ ਦੀਪ ਸਿੰਘ ਜੀ

ਧਰਮਿੰਦਰ ਸਿੰਘ ਚੱਬਾ



ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਹਰ ਸਾਲ ਵਾਂਗ ਜਨਮ ਅਸਥਾਨ ਪਿੰਡ ਪਹੂਵਿੰਡ ਵਿਖੇ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ‘ਸ਼ਹੀਦ’ ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਸਿੱਖਾਂ ਨੇ ਸਿੱਖ ਪੰਥ ਦੀ ਆਨ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਸਤਿਗੁਰੂ ਦੇ ਹੁਕਮ ’ਤੇ ਹੱਸ-ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਸਿੱਖ ਕੌਮ ਤੇ ਕਈ ਸਾਕੇ ਤੇ ਕਈ ਘੱਲੂਘਾਰੇ ਵਾਪਰੇ ਹਨ। ਫਿਰ ਵੀ ਸਿੱਖ ਹਰ ਹਾਲ ’ਚ ਸਦਾ ਉਸ ਅਕਾਲ ਪੁਰਖ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰਾਨਾ ਕਰਦਾ ਹੈ ਤੇ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ:

**ਕਬੀਰ ਜਿਸੁ ਮਰਨੇ ਤੇ ਜਗੁ ਡਰੈ,**
**ਮੇਰੇ ਮਨਿ ਆਨੰਦ ॥**
**ਮਰਨੇ ਹੀ ਤੇ ਪਾਈਐ,**
**ਪੂਰਨੁ ਪਰਮਾਨੰਦੁ ॥ ਅੰਗ** (1365)

ਜੀਵਨ ਦੇ ਵਿਜੇਤਾ ਬਣਨ ਲਈ ਗੁਰੂ ਨਾਨਕ ਸਾਹਿਬ ਨੇ ‘ਸਿਰ ਦੀਜੈ ਕਾਣਿ ਨ ਕੀਜੈ’ ਦੀ ਤਾਕੀਦ ਕੀਤੀ ਹੈ, ਸੂਰਮਾ ਉਹ ਹੈ ਜੋ ਮੁੱਖ ਨਹੀ ਮੋੜਦਾ, ਸੁੱਚੇ ਆਦਰਸ਼ ਲਈ ਨਿਧੜਕ ਹੋ ਕੇ ਜੂਝ ਮਰਦਾ ਹੈ। ਐਸੇ ਮਹਾਨ ਸੂਰਬੀਰ ਯੋਧੇ ਸਨ ਬਾਬਾ ਦੀਪ ਸਿੰਘ ਜੀ। ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ: (14 ਮਾਘ 1739 ਬਿਕਰਮੀ) ਨੂੰ ਮਾਤਾ ਜਿਊਣੀ ਜੀ ਦੇ ਉਦਰ ਤੋਂ ਪਿਤਾ ਭਾਈ ਭਗਤਾ ਸੰਧੂ ਦੇ ਗ੍ਰਹਿ ਪਿੰਡ ਪਹੂਵਿੰਡ, ਤਹਿਸੀਲ ਪੱਟੀ, (ਉਦੋਂ ਜਿਲਾ ?ਹ ਅੰਮ੍ਰਿਤਸਰ) ਹੁਣ ਜਿਲ੍ਹਾ ਤਰਨਤਾਰਨ ’ਚ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਚਾਹ ਪ੍ਰਬਲ ਹੋਈ ਤਾਂ ਸੰਗਤ ਸਮੇਤ ਭਾਈ ਦੀਪਾ ਜੀ ਵੀ ਕਈ ਦਿਨ ਪੈਦਲ ਯਾਤਰਾ ਕਰਕੇ ਜਥੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਕੇ ਸੰਗਤ ਨਿਹਾਲ ਹੋਈ ਤੇ ਗੁਰੂ ਜੀ ਦੀ ਪ੍ਰੇਰਨਾ ਸਦਕਾ ਸਭ ਨੇ ਕਲਗੀਧਰ ਪਾਤਸ਼ਾਹ ਜੀ ਕੋਲੋਂ ਪਵਿੱਤਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਜਦ ਸਾਬੋ ਕੀ ਤਲਵੰਡੀ ਜਿਲ੍ਹਾ ਬਠਿੰਡਾ ਪਹੁੰਚੇ ਤਾਂ ਇੱਥੇ ਗੁਰੂ ਜੀ ਨੇ ਕਈ ਚਿਰਾਂ ਦਾ ਕਮਰਕੱਸਾ ਖੋਲ੍ਹਿਆ ਤੇ ਦਮ ਲਿਆ ਤਾਂ ਇਸ ਅਸਥਾਨ ਦਾ ਨਾਂ ਦਮਦਮਾ ਸਾਹਿਬ ਪ੍ਰਸਿੱਧ ਹੋਇਆ। ਆਪ ਜੀ ਇੱਥੇ ਨੌਂ ਮਹੀਨੇ ਤੇ ਕੁਝ ਦਿਨ ਰਹੇ। ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੁਕੰਮਲ ਕਰਨ ਵੱਲ ਧਿਆਨ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਵਾਉਣੀ ਸ਼ੁਰੂ ਕੀਤੀ ਗਈ ਤੇ ਬਾਬਾ ਦੀਪ ਸਿੰਘ ਜੀ ਲਿੱਖਣ ਦੇ ਸਾਰੇ ਸਮਾਨ ਦਾ ਪ੍ਰਬੰਧ ਕਰਨ ਲੱਗੇ। ਬਾਅਦ ਵਿੱਚ ਬਾਬਾ ਜੀ ਨੇ ਆਪਣੇ ਹੱਥੀਂ ਚਾਰ ਬੀੜਾਂ ਦਾ ਉਤਾਰਾ ਕੀਤਾ, ਜੋ ਚਾਰ ਤਖ਼ਤਾਂ ਤੇ ਸੁਸ਼ੋਭਿਤ ਹਨ। ਬਾਬਾ ਦੀਪ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਦਾ ਜੰਗਾਂ ਯੁੱਧਾਂ ’ਚ ਸਾਥ ਦਿੱਤਾ। ਖਾਲਸਾ ਪੰਥ ਵੱਲੋਂ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ 12 ਮਿਸਲਾਂ ਵਿਚ ਵੰਡਿਆ ਗਿਆ, ਜਿਸਦੇ 12 ਮੁੱਖ ਜਥੇਦਾਰ ਥਾਪੇ ਗਏ। ?ਇੰਨ੍ਹਾਂ ਵਿਚੋਂ ਇਕ ਮਿਸਲ ਸੀ ਜਿਸ ਦਾ ਨਾਂ ‘ਸ਼ਹੀਦਾਂ ਦੀ ਮਿਸਲ’ ਸੀ। ਬਾਬਾ ਦੀਪ ਸਿੰਘ ਜੀ ਇਸ ਮਿਸਲ ਦੇ ਮੁੱਖ ਜਥੇਦਾਰ ਸਨ। ਜਦ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦੀ ਖ਼ਬਰ ਬਾਬਾ ਜੀ ਕੋਲ ਪਹੁੰਚੀ ਤਾਂ ਬਾਬਾ ਜੀ ਨੇ ਨਗਾਰੇ ਤੇ ਚੋਟ ਲਾਈ ਤੇ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਤੁਰ ਪਏ। ਤਰਨਤਾਰਨ ਸਾਹਿਬ ਪੁੱਜ ਕੇ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ 500 ਸਿੰਘਾਂ ਦਾ ਜਥਾ ਤਰਨਤਾਰਨ ਤੋਂ ਤੁਰਨ ਵੇਲੇ 5000 ਸਿੰਘਾਂ ਦਾ ਜਥਾ ਬਣ ਚੁੱਕਾ ਸੀ। ਤਰਨਤਾਰਨ ਸ਼ਹਿਰ ’ਚ ਹੀ ਬਾਬਾ ਦੀਪ ਸਿੰਘ ਜੀ ਨੇ ਲਕੀਰ ਖਿੱਚੀ ਤੇ ਗਰਜਵੀਂ ਆਵਾਜ਼ ’ਚ ਜੋਸ਼ੀਲੀ ਤਕਰੀਰ ਕੀਤੀ। ਸਿੰਘ ਜੈਕਾਰੇ ਗਜਾਉਂਦੇ ਹੋਏ ਛਾਲਾਂ ਮਾਰ ਕੇ ਲਕੀਰ ਟੱਪ ਗਏ (ਇਸ ਜਗ ?ਹਾ ਪਰ ਗੁਰਦਵਾਰਾ ਲਕੀਰ ਸਾਹਿਬ ਸ਼ੁਸ਼ੋਭਿਤ ਹੈ) ਉਧਰ ਜਹਾਨ ਖਾਂ ਭਾਰੀ ਭਰਕਮ ਫ਼ੌਜ ਲੈ ਕੇ ਪਿੰਡ ਗੋਹਲਵੜ੍ਹ ਦੇ ਨਜ਼ਦੀਕ ਪਹੁੰਚ ਚੁੱਕਾ ਸੀ। ਦੋਵਾਂ ਦੇ ਟਾਕਰੇ ਹੋ ਗਏ।

ਬਾਬਾ ਜੀ ਨੇ ਇਸ ਥਾਂ ਆ ਕੇ ਲਲਕਾਰਾ ਮਾਰਿਆ। (ਇਸ ਥਾਂ ’ਤੇ ਗੁਰਦਵਾਰਾ ਲਲਕਾਰ ਸਾਹਿਬ ਸ਼ੁਸ਼ੋਭਿਤ ਹੈ) ਯੁੱਧ ਸ਼ੁਰੂ ਹੋ ਗਿਆ। ਸਿੰਘ ਤੇ ਦੁਰਾਨੀ ਲੜਦੇ ਹੋਏ ਪਿੰਡ ਚੱਬਾ ਅਤੇ ਪਿੰਡ ਵਰਪਾਲ ਦੀ ਸਾਂਝੀ ਜੂਹ ’ਚ ਆਹਮੋ-ਸਾਹਮਣੇ ਹੋ ਗਏ। ਬਾਬਾ ਦੀਪ ਸਿੰਘ ਜੀ ਦੋ ਧਾਰਾ ਖੰਡਾ (18 ਸੇਰ ਦਾ ਖੰਡਾ) ਫੜ ਕੇ ਅੱਗੇ ਹੀ ਅੱਗੇ ਵਧੀ ਜਾ ਰਹੇ ਸਨ। ਇਸ ਹਮਲੇ ਵਿਚ ਯਕੂਬ ਖ਼ਾਨ ਤੇ ਅਮਾਨ ਖ਼ਾਨ ਸਾਥੀਆਂ ਸਮੇਤ ਮਾਰੇ ਗਏ। ਬਾਬਾ ਦਿਆਲ ਸਿੰਘ ਹੱਥੋਂ ਜਹਾਨ ਖਾਂ ਮਾਰਿਆ ਗਿਆ। ਜਹਾਨ ਖਾਂ ਦਾ ਸਿਰ ਨੇਜ਼ੇ ਉਪਰ ਟੰਗਿਆ ਵੇਖ ਕੇ ਦੁਰਾਨੀ ਪਿੱਛੇ ਹੱਟਣ ਲੱਗੇ। ਇੰਨੇ ?ਹ ਚਿਰ ਨੂੰ ਦੁਰਾਨੀਆਂ ਦੀ ਮਦਦ ਲਈ ਹੋਰ ਫ਼ੌਜ ਆ ਗਈ।

ਇਸ ਲੜਾਈ ਵਿਚ ਕਈ ਸਿੰਘ ਸ਼ਹੀਦ ਹੋਏ। ਫ਼ੌਜਾਂ ਲੜਦੀਆਂ ਹੋਈਆਂ ਸ੍ਰੀ ਅੰਮਿ ?ਰਤਸਰ ਸਾਹਿਬ ਵੱਲ ਨੂੰ ਵੱਧ ਰਹੀਆਂ ਸਨ। ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਜਮਾਲ ਖਾਂ ਆ ਗਿਆ। ਦੋਵਾਂ ਵਿੱਚ ਬੜੀ ਜ਼ਬਰਦਸਤ ਟੱਕਰ ਹੋਈ। ਦੋਹਾਂ ਦੇ ਸਾਂਝੇ ਵਾਰ ਨਾਲ ਜਮਾਲ ਖਾਂ ਤੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। (ਇਸ ਅਸਥਾਨ ’ਤੇ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਤਰਨਤਾਰਨ ਰੋਡ ’ਤੇ ਪਿੰਡ ਚੱਬਾ ਵਿਖੇ ਸੁਸ਼ੋਭਿਤ ਹੈ)। ਇਕ ਸਿੰਘ ਵੱਲੋਂ ਕਹਿਣ ’ਤੇ ਬਾਬਾ ਦੀਪ ਸਿੰਘ ਨੇ ਸੱਜੇ ਹੱਥ ’ਚ 18 ਸੇਰ ਦਾ ਖੰਡਾ ਤੇ ਖੱਬੇ ਹੱਥ ’ਤੇ ਸੀਸ ਤਲੀ ’ਤੇ ਰੱਖ ਕੇ ਦੁਸ਼ਮਣ ਦਲ ਦੀ ਵਾਢ ਇਸ ਤਰ੍ਹਾਂ ਕੀਤਾ ਕਿ ਦੁਸ਼ਮਣਾਂ ਵਿੱਚ ਹਫੜਾ-ਦਫੜੀ ਮੱਚ ਗਈ ਤੇ ਵੈਰੀ ਮੈਦਾਨ ਛੱਡ ਕੇ ਭੱਜਣ ਲੱਗੇ। ਇਸ ਤਰ੍ਹਾਂ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਬਾਬਾ ਜੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੱਖਣੀ ਬਾਹੀ ਵੱਲ ਇਕ ਗੁਰਦੁਆਰਾ ਤੇ ਇਕ ਨਿਸ਼ਾਨ ਸਾਹਿਬ ਹੈ, ਜਿੱਥੇ ਬਾਬਾ ਦੀਪ ਸਿੰਘ ਜੀ ਨੇ 13 ਨਵੰਬਰ 1757 (30 ਕੱਤਕ 1814) ਨੂੰ ਸ਼ਹੀਦੀ ਪ੍ਰਾਪਤ ਕੀਤੀ। ਗੁਰਦੁਆਰਾ ਰਾਮਸਰ ਸਾਹਿਬ ਦੇ ਨਜ਼ਦੀਕ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ ‘ਸ਼ਹੀਦਾਂ ਸਾਹਿਬ’ ਹੈ। 27 ਜਨਵਰੀ 2023 ਦਿਨ ਸ਼ੁਕਰਵਾਰ ਨੂੰ ਜਨਮ ਦਿਹਾੜੇ ’ਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਪਹੂਵਿੰਡ ਵਿਖੇ ਬਾਬਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। 25 ਜਨਵਰੀ ਦਿਨ ਬੁੱਧਵਾਰ ਨੂੰ ਚੁਪਹਿਰਾ ਜਪ ਤਪ ਸਮਾਗਮ ਹੋਣਗੇ। 26 ਜਨਵਰੀ ਦਿਨ ਵੀਰਵਾਰ ਨੂੰ ਕਥਾ ਕੀਰਤਨ ਦੇ ਪ੍ਰਵਾਹ ਚੱਲਣਗੇ। 27 ਜਨਵਰੀ ਨੂੰ ਸ੍ਰੀ ਅੰਮਿ ?ਰਤਸਰ ਸਾਹਿਬ ਖੰਡੇ ਵਾਲਾ ਚੌਕ (ਪਹਿਲਾ ਨਾਂਅ ਚਾਟੀਵਿੰਡ ਚੌਕ) ਤੋਂ ਗੁਰਦੁਆਰਾ ਸ਼ਹੀਦਾਂ ਸਾਹਿਬ ਤੋਂ ਪਿੰਡ ਪਹੂਵਿੰਡ ਪਹੁੰਚਣ ਲਈ ਬੱਸਾਂ ਚੱਲਣਗੀਆਂ। ਇਸੇ ਦਿਨ 27 ਜਨਵਰੀ ਨੂੰ ਤਰਨ ਤਾਰਨ ਰੋਡ, ਗੁਰਦਵਾਰਾ ਟਾਹਲਾ ਸਹਿਬ ਵਿਖੇ ਵੀ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਧੂਮ-ਧਾਮ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

**ਦਸਮੇਸ਼ ਪਿਤਾ ਕੋਲ ਰਹਿ ਕੇ ਸਿੱਖੀ ਤਲਵਾਰਬਾਜ਼ੀ**

ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਰਹਿ ਕੇ ਗੁਰਮੁੱਖੀ, ਫ਼ਾਰਸੀ ਤੇ ਅਰਬੀ ਲਿਪੀ ’ਚ ਨਿਪੁੰਨਤਾ ਹਾਸਲ ਕੀਤੀ ਤੇ ਇੱਥੇ ਹੀ ਆਪ ਨੇ ਸ਼ਸਤਰ ਵਿੱਦਿਆ, ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਨੇਜ਼ਾਬਾਜ਼ੀ ਦੀ ਮੁਹਾਰਤ ਹਾਸਲ ਕੀਤੀ। ਆਪ ਗੁਰੂ ਗੋਬਿੰਦ ਸਿੰਘ ਜੀ ਪਾਸ ਪੰਜ ਸਾਲ ਤੱਕ ਰਹੇ।

# 19ਵੀਂ ਸਦੀ ਦਾ ਮਹਾਨ ਭਵਨ ਨਿਰਮਾਤਾ-ਭਾਈ ਰਾਮ ਸਿੰਘ

ਇੰਦਰਜੀਤ ਸਿੰਘ ਹਰਪੁਰਾ

1 ਅਗਸਤ 1858 ਨੂੰ ਬਟਾਲਾ ਨੇੜਲੇ ਛੋਟੇ ਜਿਹੇ ਪਿੰਡ ਰਸੂਲਪੁਰ ਵਿਖੇ ਮਿਸਤਰੀ ਆਸਾ ਸਿੰਘ ਦੇ ਘਰ ਪੈਦਾ ਹੋਏ ਰਾਮ ਸਿੰਘ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇਹੀ ਰਾਮ ਸਿੰਘ ਵੱਡਾ ਹੋ ਕੇ ਏਨਾ ਵੱਡਾ ਆਰਕੀਟੈਕਟ ਬਣੇਗਾ ਕਿ ਦੁਨੀਆ ਭਰ ਦੇ ਲੋਕ ਉਸ ਦੀਆਂ ਡਿਜ਼ਾਈਨ ਕੀਤੀਆਂ ਇਮਾਰਤਾਂ ਨੂੰ ਖੜ੍ਹ-ਖੜ੍ਹ ਕੇ ਦੇਖਣਗੇ। ਬੇਸ਼ੱਕ ਆਰਕੀਟੈਕਟ ਭਾਈ ਰਾਮ ਸਿੰਘ ਨੂੰ ਉਸ ਦੇ ਆਪਣੇ ਇਲਾਕੇ ਅਤੇ ਕੌਮ ਦੇ ਲੋਕ ਵਿਸਾਰ ਗਏ ਹੋਣ ਪਰ ਉਸ ਸਰਦਾਰ ਦੀ ਕਲਾ ਦਾ ਲੋਹਾ ਦੁਨੀਆ ਅੱਜ ਵੀ ਮੰਨਦੀ ਹੈ। ਜਦੋਂ ਵੀ ਕੋਈ ਵਿਅਕਤੀ ਅੰਮ੍ਰਿਤਸਰ ਸਥਿਤ ਖ਼ਾਲਸਾ ਕਾਲਜ ਦੀ ਇਮਾਰਤ ਨੂੰ ਆਪਣੀ ਅੱਖੀਂ ਦੇਖਦਾ ਹੈ ਤਾਂ ਉਹ ਆਪ-ਮੁਹਾਰੇ ਹੀ ਅਸ਼-ਅਸ਼ ਕਰ ਉੱਠਦਾ ਹੈ। ਪਰ ਇਸ ਖ਼ੂਬਸੂਰਤ ਇਮਾਰਤ ਨੂੰ ਡਿਜ਼ਾਈਨ ਕਿਸ ਨੇ ਕੀਤਾ ਸੀ, ਉਸ ਮਹਾਨ ਹਸਤੀ ਬਾਰੇ ਬਹੁਤਿਆਂ ਨੂੰ ਨਹੀਂ ਪਤਾ। ਇਹ ਨਕਸ਼ਾ ਭਾਈ ਰਾਮ ਸਿੰਘ ਨੇ ਤਿਆਰ ਕੀਤਾ ਸੀ। ਭਾਈ ਰਾਮ ਸਿੰਘ ਨੇ ਇਸ ਤੋਂ ਇਲਾਵਾ ਹੋਰ ਵੀ ਕਈ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ ਜੋ ਸਾਰੀਆਂ ਹੀ ਵਿਰਾਸਤੀ ਇਮਾਰਤਾਂ ਦਾ ਦਰਜਾ ਹਾਸਲ ਕਰ ਚੁੱਕੀਆਂ ਹਨ।

ਭਾਈ ਰਾਮ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮਾਰਬਲ ਡਿਜ਼ਾਈਨਿੰਗ ਅਤੇ ਵੁੱਡ ਕਰਵਿੰਗ ਦਾ ਕੰਮ ਕਰਨ ਤੋਂ ਇਲਾਵਾ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਪੈਲੇਸ ਦੇ ਦਰਬਾਰ ਹਾਲ ਦੀ ਇੰਟੀਰੀਅਰ ਡਿਜ਼ਾਇਨਿੰਗ ਵੀ ਕੀਤੀ। ਸੈਨੇਟ ਹਾਊਸ ਲਾਹੌਰ ਦੀ ਇਮਾਰਤ, ਗੁਰਦੁਆਰਾ ਸ੍ਰੀ ਸਾਰਾਗੜ੍ਹੀ ਅੰਮ੍ਰਿਤਸਰ, ਐਗਰੀਕਲਚਰ ਕਾਲਜ ਲਾਇਲਪੁਰ, ਆਰਟੀਸ਼ਨ ਕਾਲਜ ਲਾਹੌਰ, ਦਰਬਾਰ ਹਾਲ ਕਪੂਰਥਲਾ, ਇੰਪੀਰੀਅਲ ਕੋਰਟ ਪੰਜਾਬ ਸ਼ੋਅ ਕੇਸ਼, ਲਾਹੌਰ ਬੋਰਡਿੰਗ ਹਾਊਸ (ਇਕਬਾਲ ਹਾਊਸ) ਸਰਕਾਰੀ ਕਾਲਜ, ਚੰਬਾ ਹਾਊਸ ਲਾਹੌਰ, ਮਲਿਕ ਉਮਰ ਹਯਾਤ ਦੀ ਰਿਹਾਇਸ਼ ਕਾਲਰਾ ਅਸਟੇਟ ਆਦਿ ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਕਸ਼ੇ ਤਿਆਰ ਕਰਨ ਦੇ ਨਾਲ ਲਾਜਵਾਬ ਇੰਟੀਰੀਅਰ ਡਿਜ਼ਾਇਨਿੰਗ ਦਾ ਕੰਮ ਵੀ ਭਾਈ ਰਾਮ ਸਿੰਘ ਨੇ ਕੀਤਾ। ਪੰਜਾਬੀ ਦੇ ਪ੍ਰਸਿੱਧ ਲੇਖਕ ਹਰਪਾਲ ਸਿੰਘ ਪੰਨੂ ਭਾਈ ਰਾਮ ਸਿੰਘ ਬਾਰੇ ਆਪਣੇ ਇਕ ਲੇਖ ਵਿਚ ਜ਼ਿਕਰ ਕਰਦੇ ਹਨ ਕਿ ਵਿਸ਼ਵ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਇਕ ਸਾਧਾਰਨ ਰਾਮਗੜ੍ਹੀਆ ਪਰਿਵਾਰ ਨਾਲ ਸਬੰਧ ਰੱਖਦੇ ਸਨ ਅਤੇ ਉਨ੍ਹਾਂ ਦੇ ਪਿਤਾ ਸ. ਆਸਾ ਸਿੰਘ ਤਰਖਾਣਾ ਕੰਮ ਕਰਦੇ ਸਨ। ਸ. ਆਸਾ ਸਿੰਘ ਪਿੰਡ ਰਸੂਲਪੁਰ ਛੱਡ ਕੇ ਅੰਮ੍ਰਿਤਸਰ ਚੀਲ ਮੰਡੀ ਵਿਚ ਦੁਕਾਨ ਖ਼ਰੀਦ ਕੇ ਕਾਰੋਬਾਰ ਕਰਨ ਲੱਗ ਪਏ। ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿਚੋਂ ਭਾਈ ਰਾਮ ਸਿੰਘ ਨੇ 10ਵੀਂ ਤੱਕ ਦੀ ਪੜ੍ਹਾਈ ਕੀਤੀ ਅਤੇ ਨਾਲ ਹੀ ਆਪਣੇ ਪਿਤਾ ਨਾਲ ਤਰਖਾਣਾ ਕੰਮ ਵਿਚ ਹੱਥ ਵਟਾਉਣ ਲੱਗ ਪਏ। ਭਾਈ ਰਾਮ ਸਿੰਘ ਦੇ ਹੱਥਾਂ ਵਿਚ ਬਹੁਤ ਹੁਨਰ ਸੀ ਅਤੇ ਉਸਦੇ ਕੰਮ ਤੋਂ ਸਾਰੇ ਹੀ ਹੈਰਾਨ ਸਨ।

ਉਨ੍ਹੀ ਦਿਨੀਂ ਲਾਹੌਰ ਆਰਟ ਸਕੂਲ ਦਾ ਇਕ ਅਧਿਆਪਕ ਹਾਰਵੇ, ਅੰਮ੍ਰਿਤਸਰ ਆਉਂਦਾ ਜਾਂਦਾ ਰਹਿੰਦਾ ਸੀ। ਭਾਈ ਰਾਮ ਸਿੰਘ ਦੇ ਅਧਿਆਪਕਾਂ ਨੇ ਉਸ ਨੂੰ ਬੱਚੇ ਦੀ ਤੀਖਣ ਬੁੱਧ ਦੀ ਦੱਸ ਪਾਈ। ਜਨਵਰੀ 1874 ਵਿਚ ਉਹ ਰਾਮ ਸਿੰਘ ਨੂੰ ਲਾਹੌਰ ਲੈ ਗਿਆ ਅਤੇ ਉਹ ਓਥੇ ਦੇ ਆਰਟ ਸਕੂਲ ਵਿਚ ਦਾਖਲ ਹੋ ਗਿਆ। ਪਹਿਲਾਂ ਸਕੂਲ ਦਾ ਨਾਮ ਲਾਹੌਰ ਸਕੂਲ ਆਫ਼ ਕਾਰਪੈਂਟਰੀ ਸੀ ਤੇ ਕਲਾਸਾਂ ਡੀ.ਪੀ.ਆਈ. ਦਫ਼ਤਰ ਦੇ ਵਰਾਂਡੇ ਵਿਚ ਲਗਦੀਆਂ ਸਨ, ਸਕੂਲ ਦੀ ਇਮਾਰਤ ਅਜੇ ਬਣਨੀ ਸੀ। ਸਰਕਾਰ ਇਸ ਸਕੂਲ ਨੂੰ ਪੈਸਾ ਨਹੀਂ ਦਿੰਦੀ ਸੀ।



ਭਾਈ ਰਾਮ ਸਿੰਘ ਵਲੋਂ ਬਣਾਈ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਬਾਹਰੀ ਦ੍ਰਿਸ਼।

ਮਾਸਟਰ ਨੇ ਆਪਣੇ ਵਿਦਿਆਰਥੀਆਂ ਤੋਂ ਲੋਕਾਂ ਦੇ ਕੰਮ ਕਰਵਾਉਣੇ, ਜੋ ਪੈਸਾ ਆਵੇ ਉਸ ਨਾਲ ਖਰਚਾ ਕੱਢਣਾ। ਇਹ ਸਕੂਲ ਮਾਸਟਰਾਂ ਨੂੰ ਤਨਖ਼ਾਹਾਂ ਦੇਣ ਜੋਗਾ ਵੀ ਨਹੀਂ ਸੀ। ਆਖ਼ਰ 1875 ਵਿਚ ਮੇਓ ਸਕੂਲ ਸਥਾਪਿਤ ਹੋਇਆ ਜਿਸ ਵਿਚ ਕੁੱਲ ਵੀਹ ਵਿਦਿਆਰਥੀ ਦਾਖਲ ਹੋਏ। ਲਾਹੌਰ ਵਿਖੇ ਬੰਗਾਲ ਬੈਂਕ ਪਿੱਛੇ ਅਨਾਰਕਲੀ ਬਾਜ਼ਾਰ ਵਿਚ ਇਕ ਇਮਾਰਤ ਕਿਰਾਏ 'ਤੇ ਲੈ ਲਈ ਗਈ। ਗੋਰੇ ਅਧਿਆਪਕਾਂ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਨੀਆਂ ਰਾਮ ਸਿੰਘ ਬਾਕੀਆਂ ਵਿਦਿਆਰਥੀਆਂ ਤੋਂ ਪਹਿਲਾਂ ਸਿੱਖ ਗਿਆ। ਪਹਿਲੀ ਸਾਲਾਨਾ ਸਕੂਲ ਰਿਪੋਰਟ ਵਿਚ ਮੇਓ ਸਕੂਲ ਦੇ ਪ੍ਰਿੰਸੀਪਲ ਕਿਪਲਿੰਗ ਨੇ ਲਿਖਿਆ ਸੰਗਮਰਮਰ ਤਰਾਸ਼ਣ ਵਾਲੇ ਸ਼ਿਲਪੀ ਦਾ ਬੇਟਾ ਮੁਹੰਮਦ ਦੀਨ, ਕਾਰਪੈਂਟਰੀ ਸਕੂਲ ਦਾ ਰਾਮ ਸਿੰਘ, ਸ਼ੇਰ ਮੁਹੰਮਦ ਲੁਹਾਰ ਅਤੇ ਐਡਵਿਨ ਹੋਲਡਨ ਹੋਣਹਾਰ ਵਿਦਿਆਰਥੀ ਹਨ ਪਰ ਰਾਮ ਸਿੰਘ ਕਿਸੇ ਵੱਡੇ ਇੰਜੀਨੀਅਰ ਦਾ ਸਹਾਇਕ ਲੱਗ ਕੇ ਉੱਚੀਆਂ ਮੰਜ਼ਿਲਾਂ ਛੂਹੇਗਾ। ਕਾਰਪੈਂਟਰ ਨਹੀਂ ਰਹੇਗਾ, ਇਮਾਰਤਸਾਜ਼ ਬਣੇਗਾ। ਉਹ ਪੁਰਾਣੀਆਂ ਲੀਹਾਂ ਛੱਡ ਕੇ ਨਵਾਂ ਰਸਤਾ ਤਲਾਸ਼ਣ ਦੇ ਸਮਰੱਥ ਹੈ। ਭਵਿੱਖ ਵਿਚ ਪ੍ਰਿੰਸੀਪਲ ਕਿਪਲਿੰਗ ਦੀ ਇਹ ਭਵਿੱਖਬਾਣੀ ਬਿਲਕੁਲ ਸੱਚ ਸਾਬਤ ਹੋਈ ਅਤੇ ਭਾਈ ਰਾਮ ਸਿੰਘ ਦੁਨੀਆ ਦਾ ਮਹਾਨ ਇਮਾਰਤਸਾਜ਼ ਬਣਿਆ।ਕਹਿੰਦੇ ਹਨ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਮੇਮ ਸਾਹਿਬਾ ਦਾ ਪਿਆਨੋ ਖ਼ਰਾਬ ਹੋ ਗਿਆ। ਇਸ ਦੀ ਮੁਰੰਮਤ ਅਤੇ ਪਾਲਿਸ਼ ਕਰਨ ਲਈ ਆਮ ਮਿਸਤਰੀ ਨੂੰ ਥੋੜ੍ਹਾ ਸੱਦਣਾ ਸੀ? ਭਾਲ ਸ਼ੁਰੂ ਹੋਈ, ਦੱਸਿਆ ਗਿਆ ਕਿ ਜ਼ਿਲ੍ਹੇ ਵਿਚ 16 ਸਾਲ ਦੀ ਉਮਰ ਦੇ ਰਾਮ ਸਿੰਘ ਤੋਂ ਵਧ ਕੇ ਕੋਈ ਕਾਰੀਗਰ ਨਹੀਂ। ਆਖ਼ਰ ਰਾਮ ਸਿੰਘ ਨੂੰ ਸੱਦਿਆ ਗਿਆ। ਉਸਨੇ ਇਹ ਕੰਮ ਸਿਰੇ ਚਾੜ੍ਹ ਕੇ ਡਿਪਟੀ ਕਮਿਸ਼ਨਰ ਕੋਲੋਂ ਸ਼ਾਬਾਸ਼ੀ ਲਈ। ਇਹ ਕੰਮ ਰਾਮ ਸਿੰਘ ਨੇ ਸਕੂਲ ਵਿਚੋਂ ਨਹੀਂ ਸਗੋਂ ਆਪਣੇ ਪਿਤਾ ਪਾਸੋਂ ਸਿੱਖਿਆ ਸੀ।

ਛੇ ਸਾਲ ਦੀ ਟਰੇਨਿੰਗ ਪੂਰੀ ਹੋਈ, ਰਾਮ ਸਿੰਘ ਨੂੰ ਇਕ ਅਪ੍ਰੈਲ 1883 ਦੇ ਦਿਨ ਅਸਿਸਟੈਂਟ ਮਾਸਟਰ ਵਜੋਂ ਇਸੇ ਸਕੂਲ ਵਿਚ ਨੌਕਰੀ ਦਿੱਤੀ ਗਈ। ਰਾਮ ਸਿੰਘ ਦੇ ਮੁੱਢਲੇ ਦਿਨ ਬੜੇ ਸਖ਼ਤ ਸਨ, ਕੇਵਲ ਕਲਾਸ ਰੂਮ ਵਿਚ ਪੜ੍ਹਾਉਣਾ ਨਹੀਂ, ਸਰਕਾਰ ਦੇ ਪੱਤਰ ਆਉਂਦੇ ਹੀ ਰਹਿੰਦੇ, ਇਹ ਇਮਾਰਤ ਬਣਾਉਣੀ ਹੈ, ਫਿਰ ਉਹ ਇਮਾਰਤ ਬਣਾਉਣੀ ਹੈ। ਕੇਵਲ ਨਕਸ਼ਾ ਨਹੀਂ ਬਣਾਉਣਾ, ਬਣਦੀ ਇਮਾਰਤ ਦੀ ਨਿਗਰਾਨੀ ਵੀ ਕਰਨੀ ਹੈ। ਥਾਂ-ਥਾਂ ਨੁਮਾਇਸ਼ਾਂ ਲਗਦੀਆਂ, ਉਨ੍ਹਾਂ ਦਾ ਪ੍ਰਬੰਧਕ ਰਾਮ ਸਿੰਘ ਨੂੰ ਲਗਾਇਆ ਜਾਂਦਾ। ਰਾਜੇ, ਵਜ਼ੀਰ, ਧਨੀ ਸੇਠ ਆਪਣੀਆਂ ਹਵੇਲੀਆਂ ਲਈ ਨਕਸ਼ੇ ਬਣਵਾਉਣ ਆਉਂਦੇ। ਰਾਮ ਸਿੰਘ ਬੜੀ ਮਿਹਨਤ ਤੇ ਲਗਨ ਨਾਲ ਇਹ ਸਭ ਕੰਮ



ਆਰਕੀਟੈਕਟ ਭਾਈ ਰਾਮ ਸਿੰਘ

ਕਰਨ ਲੱਗਾ।

ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਭਾਰਤੀ ਕਲਾ ਤੋਂ ਬਹੁਤ ਮੁਤਾਸਰ ਸੀ। ਉਹ ਅਸਬਰਨ ਵਿਖੇ ਆਪਣਾ ਸਰਦੀਆਂ ਦਾ ਮਹਿਲ ਭਾਰਤੀ ਕਲਾ ਅਨੁਸਾਰ ਤਿਆਰ ਕਰਾਉਣਾ ਚਾਹੁੰਦੀ ਸੀ। ਮਲਿਕਾ ਨੂੰ ਭਾਈ ਰਾਮ ਸਿੰਘ ਦੀ ਮੁਹਾਰਤ ਦਾ ਪਤਾ ਲੱਗ ਚੁੱਕਾ ਸੀ ਪਰ ਫਿਰ ਵੀ ਉਸ ਸੋਚਦੀ ਸੀ ਕਿ ਸ਼ਾਇਦ ਭਾਰਤ ਵਿਚ ਰਾਮ ਸਿੰਘ ਤੋਂ ਵਧੀਆ ਵੀ ਡਿਜ਼ਾਈਨਰ ਹੋਣ। ਮਲਿਕਾ ਨੇ ਕਿਹਾ ਕਿ ਇਸ ਕੰਮ ਲਈ ਇਸ਼ਤਿਹਾਰ ਜਾਰੀ ਕੀਤਾ ਜਾਵੇ ਅਤੇ ਨਾਲ ਹੀ ਟੈਂਡਰ ਵੀ ਮੰਗੇ ਜਾਣ। ਅਜੇ ਇਹ ਕਾਰਵਾਈ ਚੱਲ ਹੀ ਰਹੀ ਸੀ ਕਿ ਉਨ੍ਹੀਂ ਦਿਨੀਂ ਸੰਨ 1890 ਵਿਚ ਮੇਓ ਸਕੂਲ ਦੇ ਪ੍ਰਿੰਸੀਪਲ ਕਿਪਲਿੰਗ ਇੰਗਲੈਂਡ ਵਿਚ ਹੀ ਸਨ। ਇਕ ਦਿਨ ਉਨ੍ਹਾਂ ਨੇ ਮਹਾਰਾਣੀ ਵਿਕਟੋਰੀਆ ਨਾਲ ਮੁਲਾਕਾਤ ਕੀਤੀ ਤਾਂ ਮਲਿਕਾ ਨੇ ਕਿਪਲਿੰਗ ਨਾਲ ਆਪਣੇ ਮਹਿਲ ਨੂੰ ਭਾਰਤੀ ਕਲਾ ਅਨੁਸਾਰ ਬਣਾਉਣ ਦੀ ਇੱਛਾ ਜ਼ਾਹਿਰ ਕੀਤੀ। ਕਿਪਲਿੰਗ ਨੇ ਕਿਹਾ ਕਿ ਭਾਈ ਰਾਮ ਸਿੰਘ ਤੋਂ ਵਧੀਆ ਹੋਰ ਕੋਈ ਇਹ ਕੰਮ ਨਹੀਂ ਕਰ ਸਕਦਾ। ਮਲਿਕਾ ਵਿਕਟੋਰੀਆ ਮੰਨ ਗਈ। ਭਾਈ ਰਾਮ ਸਿੰਘ ਵੱਲੋਂ ਸ਼ਰਤਾਂ ਕਿਪਲਿੰਗ ਨੇ ਤੈਅ ਕੀਤੀਆਂ, ਸੌ ਪੌਂਡ ਸਫ਼ਰ ਖ਼ਰਚ, ਪੰਜ ਪੌਂਡ ਹਫ਼ਤਾ ਤਨਖ਼ਾਹ, ਮਹਿਲ ਨੇੜੇ ਮੁਫ਼ਤ ਰਿਹਾਇਸ਼। ਖਾਣਾ ਖ਼ੁਦ ਬਣਾ ਲਏਗਾ ਕਿਉਂਕਿ ਹਲਾਲ ਅਤੇ ਤਮਾਕੂ ਦਾ ਪਰਹੇਜ਼ਗਾਰ ਹੈ, ਮਰ ਜਾਏਗਾ ਪਰ ਇਹ ਦੋ ਵਸਤਾਂ ਛੂਹੇਗਾ ਵੀ ਨਹੀਂ।

ਭਾਈ ਰਾਮ ਸਿੰਘ ਨੂੰ ਸਕੂਲ ਵਿਚੋਂ ਇਕ ਮਹੀਨੇ ਦੀ ਛੁੱਟੀ ਦਿੱਤੀ ਗਈ ਤਾਂ ਕਿ ਉੱਥੋਂ ਦੇ ਕਾਰੀਗਰਾਂ ਨੂੰ ਨਕਸ਼ੇ ਸਮਝਾ ਕੇ ਕੰਮ ਦੀ ਰੂਪ-ਰੇਖਾ ਤਿਆਰ ਕਰਵਾ ਕੇ ਪਰਤ ਆਵੇਗਾ। ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਪੈਰਿਸ ਗਏ, ਪੈਰਿਸ ਤੋਂ ਟਰੇਨ ਫੜ ਕੇ ਲੰਡਨ। ਲੈਣ ਵਾਸਤੇ ਰੇਲਵੇ ਸਟੇਸ਼ਨ ਉਸ ਦਾ ਪ੍ਰਿੰਸੀਪਲ ਕਿਪਲਿੰਗ ਖ਼ੁਦ ਪੁੱਜਿਆ। ਕੁਝ ਦਿਨ ਪ੍ਰਿੰਸੀਪਲ ਨੇ ਆਪਣੇ ਘਰ ਰੱਖਿਆ। ਫਿਰ ਅਸਬਰਨ ਪੁੱਜ ਗਏ ਜਿੱਥੇ ਮਲਿਕਾ ਉਡੀਕ ਰਹੀ ਸੀ। ਭਾਈ ਰਾਮ ਸਿੰਘ ਦਾ ਸਾਰਾ ਖ਼ਰਚ ਮਹਿਲ ਅਦਾ ਕਰੇ। ਜੈਕਸਨ ਐਂਡ ਸੰਜ਼ ਕੰਪਨੀ ਨੂੰ ਠੇਕਾ ਦਿੱਤਾ ਗਿਆ। ਮਹੀਨੇ ਬਾਅਦ ਵਾਪਸ ਆਉਣਾ ਚਾਹਿਆ ਤਾਂ ਕੰਪਨੀ ਦੇ ਕਾਰੀਗਰ ਕਹਿਣ ਲੱਗੇ, ਰਾਮ ਸਿੰਘ ਦੀ ਗ਼ੈਰ ਹਾਜ਼ਰੀ ਵਿਚ ਕੰਮ ਨਹੀਂ ਹੋ ਸਕਦਾ। ਉਸ ਨੂੰ ਇੱਥੇ ਹੀ ਰਹਿਣਾ ਪਏਗਾ। ਛੇ ਮਹੀਨਿਆਂ ਦੀ ਛੁੱਟੀ ਹੋਰ ਲੈ ਲਈ। ਛੇ ਮਹੀਨੇ ਬੀਤ ਗਏ। ਕੰਮ ਦੀ ਸੂਖਮਤਾ ਦਾ ਸਭ ਨੂੰ ਫ਼ਿਕਰ ਸੀ ਤੇ ਰਾਮ ਸਿੰਘ ਪ੍ਰਾਜੈਕਟ ਦੀ ਜਾਨ ਸਨ। ਡੇਢ ਸਾਲ ਹੋਰ ਲੱਗ ਗਿਆ। ਅਖੀਰ ਮਾਰਚ 31, 1893 ਨੂੰ ਸਮਾਪਤੀ ਹੋਈ ਅਤੇ ਉਸ ਸਮੇਂ ਤੱਕ ਸਵਾ ਦੋ ਸਾਲ ਬੀਤ ਚੁੱਕੇ ਸਨ।

60 ਬਾਈ 30 ਫੁੱਟ ਆਕਾਰ ਦਾ ਦਰਬਾਰ ਹਾਲ 20 ਫੁੱਟ ਉੱਚਾ ਸੀ। ਜੈਕਸਨ ਕੰਪਨੀ ਨੇ ਆਪਣਾ ਸਟੂਡੀਓ ਭਾਈ ਰਾਮ ਸਿੰਘ ਵਾਸਤੇ ਮਹਿਲ ਵਿਚ ਲੈ ਆਂਦਾ। ਕੰਪਨੀ ਨੂੰ 2250 ਪੌਂਡ ਲੇਬਰ ਦਾ ਖ਼ਰਚਾ ਦੇਣਾ ਕੀਤਾ ਸੀ ਜੋ ਭਾਈ ਰਾਮ ਸਿੰਘ ਦੀਆਂ ਲੋੜਾਂ ਮੁਤਾਬਿਕ ਵਧਾਉਣਾ ਪਿਆ। ਫ਼ੈਸਲਾ ਹੋਇਆ ਕਿ ਫਾਇਰ ਪਲੇਸ ਦੀ ਚਿਮਨੀ ਪੈਲ ਪਾਉਂਦੇ ਮੋਰ ਤੋਂ ਸ਼ੁਰੂ ਕਰਕੇ ਉੱਪਰ ਵੱਲ ਵਧੇ। ਲੱਕੜ ਦਾ ਮੋਰ ਬਣਾਉਣ ਵਾਸਤੇ ਭਾਈ ਰਾਮ ਸਿੰਘ ਦੇ 500 ਘੰਟੇ ਖ਼ਰਚ ਹੋਏ। ਦਰਬਾਰ ਹਾਲ ਤਿਆਰ ਹੋ ਗਿਆ। ਅਜੇ ਕਿਹੜਾ ਕੰਮ ਮੁੱਕ ਗਿਆ ਸੀ? ਭਾਰਤੀ ਫ਼ਰਨੀਚਰ ਹੋਰ ਕੌਣ ਤਿਆਰ ਕਰੇ? ਇਸ ਵਾਸਤੇ ਵੀ ਭਾਈ ਰਾਮ ਸਿੰਘ ਹੀ ਚਾਹੀਦਾ ਸੀ। ਲੰਮਾ ਡਾਇਨਿੰਗ ਟੇਬਲ ਅਤੇ 36 ਕੁਰਸੀਆਂ ਤਿਆਰ ਕਰਨੀਆਂ ਸਨ, ਬੈਠਣ ਲਈ ਕੰਧਾਂ ਦੇ ਨਾਲ-ਨਾਲ ਕੁਰਸੀਆਂ, ਸੋਫ਼ੇ, ਸਾਈਡ ਟੇਬਲ।

ਭਾਈ ਰਾਮ ਸਿੰਘ ਦੇ ਹੱਥਾਂ ਰਾਹੀਂ ਭਾਰਤੀ ਹੁਨਰ ਯੂਰਪ ਵਿਚ ਪਹੁੰਚ ਗਿਆ। ਜਿਸ ਪਾਸੇ ਦਰਸ਼ਕ ਦੀਆਂ ਨਿਗਾਹਾਂ ਜਾਂਦੀਆਂ, ਉੱਥੇ ਹੀ ਜੰਮ ਜਾਂਦੀਆਂ। ਜਦੋਂ ਦਰਬਾਰ ਹਾਲ ਦਾ ਕੰਮ ਮੁਕੰਮਲ ਹੋਇਆ ਤਾਂ ਮਹਾਰਾਣੀ ਵਿਕਟੋਰੀਆ ਅਤੇ ਸ਼ਹਿਜ਼ਾਦੀ ਲੂਈ ਇਸ ਦੀ ਸ਼ਾਨ ਦੇਖ ਕੇ ਏਨੀਆਂ ਖ਼ੁਸ਼ ਹੋਈਆਂ ਕਿ ਉਨ੍ਹਾਂ ਨੇ ਸਤਿਕਾਰ ਵਜੋਂ ਭਾਈ ਰਾਮ ਸਿੰਘ ਦੇ ਹੱਥ ਚੁੰਮ ਲਏ।

ਭਾਈ ਰਾਮ ਸਿੰਘ ਦੀ ਕਲਾ ਤੋਂ ਖ਼ੁਸ਼ ਹੋ ਕੇ ਕੁਈਨ ਵਿਕਟੋਰੀਆ ਨੇ ਦਸਤਖ਼ਤ ਕਰਕੇ ਆਪਣੀ ਫ਼ੋਟੋ ਅਤੇ ਇਕ ਸੋਨੇ ਦਾ ਪੈਨਸਿਲ ਕੇਸ ਤੋਹਫ਼ੇ ਵਜੋਂ ਭਾਈ ਰਾਮ ਸਿੰਘ ਨੂੰ ਦਿੱਤਾ। ਕੁਈਨ ਵਿਕਟੋਰੀਆ ਨੇ ਆਪਣੇ ਦਰਬਾਰੀ ਕਲਾਕਾਰ, ਆਸਟਰੀਆ, ਰੁਦੋਲਫ ਸਵੋਬੋਡਾ ਨੂੰ ਭਾਈ ਰਾਮ ਸਿੰਘ ਦੀ ਤਸਵੀਰ ਨੂੰ ਚਿਤਰਿਤ ਕਰਨ ਲਈ ਕਿਹਾ, ਜਿਸ ਨੇ ਭਾਈ ਰਾਮ ਸਿੰਘ ਦਾ ਇਕ ਚਿੱਤਰ ਬਣਾਇਆ ਜੋ ਅੱਜ ਵੀ ਉਸ ਦਰਬਾਰ ਹਾਲ ਵਿਚ ਲੱਗਾ ਹੋਇਆ ਹੈ।

ਇਕ ਵਾਰ ਪੰਜਾਬ ਦੇ ਗਵਰਨਰ ਨੇ ਭਾਈ ਰਾਮ ਸਿੰਘ ਨੂੰ ਕਲਾ ਦਾ ਇਕ ਉੱਤਮ ਨਮੂਨਾ ਤਿਆਰ ਕਰਨ ਲਈ ਕਿਹਾ। ਭਾਈ ਰਾਮ ਸਿੰਘ ਨੇ 'ਤਖ਼ਤ-ਏ-ਤਾਊਸ' ਦਾ ਨਿਰਮਾਣ ਕੀਤਾ ਜਿਸ ਦੇ 6 ਹਿੱਸੇ ਸਨ। ਗਵਰਨਰ ਨੇ ਕਲਾ ਦਾ ਇਹ ਨਮੂਨਾ ਕੁਈਨ ਵਿਕਟੋਰੀਆ ਕੋਲ ਇੰਗਲੈਂਡ ਭੇਜਿਆ ਪਰ ਓਥੇ ਕੋਈ ਵੀ ਇਨ੍ਹਾਂ 6 ਭਾਗਾਂ ਨੂੰ ਫਿੱਟ ਨਾ ਕਰ ਸਕਿਆ। ਅਖੀਰ ਭਾਈ ਰਾਮ ਸਿੰਘ ਖ਼ੁਦ ਇੰਗਲੈਂਡ ਜਾ ਕੇ 'ਤਖ਼ਤ-ਏ-ਤਾਊਸ' ਦੇ 6 ਭਾਗਾਂ ਨੂੰ ਆਪਸ ਵਿਚ ਜੋੜ ਕੇ ਆਏ।

ਇਸ ਤੋਂ ਇਲਾਵਾ ਭਾਈ ਰਾਮ ਸਿੰਘ ਨੇ ਲੇਖ ਦੇ ਸ਼ੁਰੂ ਵਿਚ ਦੱਸੀਆਂ ਮਹਾਨ ਵਿਰਾਸਤੀ ਇਮਾਰਤਾਂ ਦੀ ਸਿਰਜਣਾ ਵੀ ਕੀਤੀ। 1886 ਵਿਚ ਇੰਡੋ ਕੋਲੋਨੀਅਲ ਨੁਮਾਇਸ਼ ਲੰਡਨ ਵਿਚ, 1888 ਗਲਾਸਗੋ ਵਿਚ, 1889 ਬੰਬੇ ਵਿਚ ਆਰਟ ਐਗਜ਼ੀਬੀਸ਼ਨਜ਼ ਲੱਗੀਆਂ ਜਿੱਥੇ ਭਾਰਤ ਦੀ ਨੁਮਾਇੰਦਗੀ ਭਾਈ ਰਾਮ ਸਿੰਘ ਨੇ ਕੀਤੀ। ਉਹ ਹਰ ਥਾਂ 250 ਫੁੱਟ ਦਾ ਲੱਕੜ ਦਾ ਪਰਦਾ ਲਿਜਾਂਦੇ ਜਿਸ ਉੱਪਰ ਉਨ੍ਹਾਂ ਖ਼ੁਦ ਖੁਣਾਈ ਕੀਤੀ ਹੋਈ ਸੀ, ਫੁੱਲ ਬੂਟਿਆਂ ਦੇ ਬਾਗ ਵਿਚ ਪਸ਼ੂ ਪੰਛੀ, ਪੈਲਾਂ ਪਾਉਂਦੇ ਮੋਰ ਉੱਕਰੇ ਹੋਏ ਸਨ। ਦਿੱਲੀ ਆਰਟ ਐਗਜ਼ੀਬੀਸ਼ਨ 1903 ਵਿਚ ਹੋਈ, ਭਾਈ ਰਾਮ ਸਿੰਘ ਦੀਆਂ ਲੱਕੜ ਵਿਚ ਖੁਣੀਆਂ ਵਸਤਾਂ ਦਸ ਹਜ਼ਾਰ ਰੁਪਏ ਦੀਆਂ ਵਿਕੀਆਂ। ਟਾਹਲੀ ਦੀ ਲੱਕੜ ਉੱਪਰ ਖੁਣਾਈ ਕੀਤਾ ਬੋਰਡ ਪੰਜ ਰੁਪਏ ਨੂੰ ਵਿਕਿਆ ਤੇ ਉਨ੍ਹਾਂ ਸਿਲਵਰ ਮੈਡਲ ਜਿੱਤਿਆ। ਐਡਵਰਡ ਅੱਠਵੇਂ ਦੀ ਤਾਜਪੋਸ਼ੀ ਦੇ ਜਸ਼ਨ ਮਨਾਉਣ ਲਈ 1905 ਵਿਚ ਦਿੱਲੀ ਦਰਬਾਰ ਹੋਣਾ ਤੈਅ ਹੋਇਆ। ਇਸ ਵਿਚ ਲੱਗਣ ਵਾਲੀ ਨੁਮਾਇਸ਼ ਦਾ ਪ੍ਰਬੰਧ ਭਾਈ ਰਾਮ ਸਿੰਘ ਨੂੰ ਸੌਂਪਿਆ ਜੋ ਉਸਨੇ ਬਾਖ਼ੂਬੀ ਨਿਭਾਇਆ।

ਭਾਈ ਰਾਮ ਸਿੰਘ ਨੂੰ 25 ਸਤੰਬਰ 1910 ਨੂੰ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ 38 ਸਾਲਾਂ ਲਈ ਮੇਓ ਸਕੂਲ ਆਫ਼ ਆਰਟਸ ਵਿਖੇ ਰਹਿਣ ਤੋਂ ਬਾਅਦ ਅਕਤੂਬਰ 1913 ਵਿਚ ਸੇਵਾ ਤੋਂ ਸੇਵਾ ਮੁਕਤ ਹੋ ਗਏ। ਇਹ ਵਰਨਣਯੋਗ ਹੈ ਕਿ ਇਕ ਸਿੱਖ, ਜਿਸ ਦੀ ਕੋਈ ਰਸਮੀ ਯੋਗਤਾ ਨਹੀਂ ਸੀ, ਉਸ ਨੂੰ ਬ੍ਰਿਟਿਸ਼ ਰਾਜ ਦੁਆਰਾ ਇਕ ਮਸ਼ਹੂਰ ਕਲਾ ਸੰਸਥਾ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ ਇਕ ਅੰਗਰੇਜ਼ ਨੂੰ ਦੋ ਨੰਬਰ 'ਤੇ ਰੱਖਿਆ ਗਿਆ ਸੀ।

ਭਾਈ ਰਾਮ ਸਿੰਘ ਦੇ ਪੰਜ ਬੇਟੇ ਤੇ ਦੋ ਧੀਆਂ ਸਨ। ਚੌਥਾ ਬੇਟਾ ਸੁਖਚਰਨ ਸਿੰਘ ਮੇਓ ਸਕੂਲ ਵਿਚ ਪੜ੍ਹਿਆ ਤੇ ਅੰਮ੍ਰਿਤਸਰ ਦਾ ਮਸ਼ਹੂਰ ਚਿੱਤਰਕਾਰ ਰਿਹਾ, ਦੂਜਾ ਸੁਲੱਖਣ ਸਿੰਘ ਇੰਜੀਨੀਅਰਿੰਗ ਕਰਕੇ ਗਲਾਸਗੋ ਚਲਾ ਗਿਆ। ਸਭ ਤੋਂ ਵੱਡਾ ਮੱਖਣ ਸਿੰਘ ਪਿਤਾ ਨਾਲ ਕੰਮ ਕਰਦਾ ਸੀ। ਸਾਲ 1916 'ਚ ਰਿਟਾਇਰਮੈਂਟ ਤੋਂ ਤਿੰਨ ਸਾਲ ਬਾਅਦ 58 ਸਾਲ ਦੀ ਉਮਰ ਵਿਚ ਆਪਣੀ ਧੀ ਦੇ ਘਰ ਦਿੱਲੀ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ।

ਭਾਵੇਂ ਭਾਈ ਰਾਮ ਸਿੰਘ ਨੂੰ ਗੁਜ਼ਰਿਆਂ ਇਕ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਦੁਆਰਾ ਰਚੀਆਂ ਗਈਆਂ ਕ੍ਰਿਤਾਂ ਅੱਜ ਵੀ ਅਡੋਲ ਖੜ੍ਹੀਆਂ ਹਨ। ਭਾਈ ਰਾਮ ਸਿੰਘ ਦੀ ਕਲਾ ਏਨੀ ਬੁਲੰਦ ਸੀ ਕਿ ਸ਼ਬਦਾਂ ਵਿਚ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਭਾਈ ਰਾਮ ਸਿੰਘ ਦੀ ਮਹਾਨ ਕਲਾ ਤੋਂ ਭਾਵੇਂ ਉਸ ਦੇ ਆਪਣੇ ਪਿੰਡ ਰਸੂਲਪੁਰ ਤੇ ਇਲਾਕੇ ਦੇ ਲੋਕ ਜਾਣੂ ਨਾ ਹੋਣ ਪਰ ਦੁਨੀਆ ਇਸ ਸਰਦਾਰ ਦੀ ਕਲਾ ਦਾ ਲੋਹਾ ਅੱਜ ਵੀ ਮੰਨ ਰਹੀ ਹੈ।

# ਜੇ ਕੁਝ ਹੋਇਆ ਤਾਂ ਈਰਾਨ ਦਾ ਧਰਤੀ ਤੋਂ ਨਾਮੋ-ਨਿਸ਼ਾਨ ਮਿਟਾ ਦਿੱਤਾ ਜਾਵੇਗਾ

## ਟਰੰਪ ਦੀ ਈਰਾਨ ਨੂੰ ਸਿੱਧੀ ਅਤੇ ਖੌਫਨਾਕ ਚੇਤਾਵਨੀ



ਵਾਸ਼ਿੰਗਟਨ, (ਸਾਡੇ ਲੋਕ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਈਰਾਨ ਨੂੰ ਹੁਣ ਤੱਕ ਦੀ ਸਭ ਤੋਂ ਸਖਤ ਅਤੇ ਖੌਫਨਾਕ ਚੇਤਾਵਨੀ ਦਿੱਤੀ ਹੈ। ਟਰੰਪ ਨੇ ਸਾਫ ਸ਼ਬਦਾਂ ਵਿੱਚ ਕਿਹਾ ਹੈ ਕਿ ਜੇਕਰ ਤਹਿਰਾਨ (ਈਰਾਨ) ਵੱਲੋਂ ਉਨ੍ਹਾਂ ਦੀ ਹੱਤਿਆ ਦੀ ਕੋਸ਼ਿਸ਼ ਕੀਤੀ ਗਈ ਜਾਂ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾਇਆ ਗਿਆ, ਤਾਂ ਬਦਲੇ ਵਿੱਚ ਪੂਰੇ ਈਰਾਨ ਨੂੰ ਧਰਤੀ ਤੋਂ ਅਲੋਪ ਕਰ ਦਿੱਤਾ ਜਾਵੇਗਾ

'ਨਿਊਜ਼ਨੇਸ਼ਨ' ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਕਿਹਾ, 'ਮੈਂ ਪਹਿਲਾਂ ਹੀ ਸਖਤ ਹਦਾਇਤਾਂ (instructions) ਜਾਰੀ ਕਰ ਦਿੱਤੀਆਂ ਹਨ। ਜੇਕਰ ਮੈਨੂੰ ਕੁਝ ਵੀ ਹੁੰਦਾ ਹੈ, ਤਾਂ ਅਸੀਂ ਪੂਰੇ ਦੇਸ਼ ਨੂੰ ਤਬਾਹ ਕਰ ਦੇਵਾਂਗੇ। ਉਨ੍ਹਾਂ ਨੂੰ ਇਸ ਧਰਤੀ ਤੋਂ ਮਿਟਾ ਦਿੱਤਾ ਜਾਵੇਗਾ।'

**ਕਾਸਿਮ ਸੁਲੇਮਾਨੀ ਦਾ ਬਦਲਾ:** ਖੁਫੀਆ ਰਿਪੋਰਟਾਂ ਮੁਤਾਬਕ, ਈਰਾਨ 2020 ਵਿੱਚ ਅਮਰੀਕਾ ਹੱਥੋਂ ਮਾਰੇ ਗਏ ਆਪਣੇ ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਦਾ ਬਦਲਾ ਲੈਣ ਲਈ ਟਰੰਪ ਨੂੰ ਨਿਸ਼ਾਨਾ ਬਣਾਉਣ ਦੀ ਫਿਰਾਕ ਵਿੱਚ ਹੈ। ਟਰੰਪ ਨੇ ਕਿਹਾ ਕਿ ਜੇਕਰ ਈਰਾਨ ਨੇ ਅਜਿਹੀ ਕੋਈ ਗਲਤੀ ਕੀਤੀ ਤਾਂ ਉਹ ਉਨ੍ਹਾਂ ਦੀ ਆਖਰੀ ਗਲਤੀ ਹੋਵੇਗੀ।

**ਬਾਈਡਨ 'ਤੇ ਨਿਸ਼ਾਨਾ:** ਟਰੰਪ ਨੇ ਸਾਬਕਾ ਰਾਸ਼ਟਰਪਤੀ ਜੋ ਬਾਈਡਨ 'ਤੇ ਵੀ ਤੰਜ ਕੱਸਦਿਆਂ ਕਿਹਾ ਕਿ ਬਾਈਡਨ ਪ੍ਰਸ਼ਾਸਨ ਨੂੰ ਇਨ੍ਹਾਂ ਧਮਕੀਆਂ ਵਿਰੁੱਧ ਖੁੱਲ੍ਹ ਕੇ ਬੋਲਣਾ ਚਾਹੀਦਾ ਸੀ, ਕਿਉਂਕਿ ਰਾਸ਼ਟਰਪਤੀਆਂ ਨੂੰ ਅਜਿਹੇ ਮਾਮਲਿਆਂ ਵਿੱਚ ਇੱਕ-ਦੂਜੇ ਦਾ ਬਚਾਅ ਕਰਨਾ ਚਾਹੀਦਾ ਹੈ।

**ਈਰਾਨ ਦੇ ਹਾਲਾਤ:** ਰਾਸ਼ਟਰਪਤੀ ਟਰੰਪ ਨੇ ਈਰਾਨ ਸਰਕਾਰ ਵਿਰੁੱਧ ਹੋ ਰਹੇ ਪ੍ਰਦਰਸ਼ਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉੱਥੋਂ ਦੀ ਸਰਕਾਰ ਪਹਿਲਾਂ ਹੀ ਦਬਾਅ ਹੇਠ ਹੈ। ਦੂਜੇ ਪਾਸੇ, ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਈ ਨੇ ਅਮਰੀਕਾ 'ਤੇ ਦੋਸ਼ ਲਗਾਇਆ ਹੈ ਕਿ ਉਹ ਈਰਾਨ ਨੂੰ 'ਹੜੱਪਣ' ਦੀ ਕੋਸ਼ਿਸ਼ ਕਰ ਰਿਹਾ ਹੈ। ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਸੱਤਾ ਸੰਭਾਲਦਿਆਂ ਹੀ ਅਜਿਹੇ ਹੁਕਮਾਂ 'ਤੇ ਦਸਤਖਤ ਕਰ ਦਿੱਤੇ ਹਨ ਜੋ ਅਮਰੀਕਾ ਨੂੰ ਈਰਾਨ 'ਤੇ 'ਵੱਧ ਤੋਂ ਵੱਧ ਦਬਾਅ' ਪਾਉਣ ਅਤੇ ਲੋੜ ਪੈਣ 'ਤੇ ਸਖਤ ਫੌਜੀ ਕਾਰਵਾਈ ਕਰਨ ਦੀ ਤਾਕਤ ਦਿੰਦੇ ਹਨ।

# ਸਾਂਝਾ ਪੰਜਾਬ ਸੰਸਥਾ ਵਲੋਂ ਲੋਹੜੀ ਦਾ ਤਿਉਹਾਰ ਬਹੁਤ ਹੀ ਵਧੀਆ ਢੰਗ ਨਾਲ ਮਨਾਇਆ ਗਿਆ : ਡਾ. ਜੋਸ਼ਨ



ਨਿਊਯਾਰਕ/ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸਾਂਝਾ ਪੰਜਾਬ ਸੰਸਥਾ ਵਲੋਂ ਚੜ੍ਹਦੇ ਪੰਜਾਬ ਤੇ ਲਹਿੰਦੇ ਪੰਜਾਬ ਦੀ ਸਾਂਝ ਦਾ ਪ੍ਰਤੀਕ ਲੋਹੜੀ ਦਾ ਤਿਉਹਾਰ ਬਹੁਤ ਹੀ ਵਧੀਆ ਤੇ ਸੁਚੱਜੇ ਢੰਗ ਨਾਲ ਸੰਸਥਾ ਦੇ ਸਮੂਹ ਪ੍ਰਤੀਨਿਧਾਂ ਵਲੋਂ ਸੰਸਥਾ ਦੇ ਸੰਸਥਾਪਕ ਡਾਕਟਰ ਗੁਰਿੰਦਰ ਪਾਲ ਸਿੰਘ ਜੋਸ਼ਨ ਦੀ ਅਗਵਾਈ ਵਿੱਚ ਮਨਾਇਆ ਗਿਆ ਇਸ ਮੌਕੇ ਲੋਹੜੀ ਦੇ ਤਿਉਹਾਰ ਸਬੰਧੀ ਜਾਣਕਾਰੀ ਦਿੰਦਿਆ ਡਾਕਟਰ ਜੋਸ਼ਨ ਤੇ ਅਮੀ ਸ਼ਾਹ ਨੇ ਸਾਂਝੇ ਤੌਰ ਤੇ ਦੱਸਿਆ ਕੇ ਲੋਹੜੀ ਦੇ ਸਮਾਗਮ ਮੌਕੇ, ਪੰਜਾਬੀ ਪਹਿਰਾਵੇ ਵਿਚ ਵਿਰਾਸਤੀ ਬੋਲੀਆਂ, ਗੀਤ ਤੇ ਦੁੱਲੇ ਭੱਟੀ ਦੀ ਗਾਥਾ ਗਾਉਦੇ ਸੁਣਾਉਂਦੇ ਹੋਏ ਲੱਕੜਾਂ ਦੀ ਅੱਗ ਬਾਲ ਕੇ ਗੁੜ, ਮੂੰਗਫਲੀ ਰਿਉੜੀਆ, ਗੱਚਕ, ਭੂਗਾ ਤੇ ਗੰਨੇ ਦੀ ਰੋਰ ਨਾਲ ਤਿਆਰ ਕੀਤੇ ਮਿੱਠੇ ਚੌਲ ਜਿਸਨੂੰ "ਪੋਹ ਰਿੰਨੀ ਤੇ ਮਾਘ ਖਾਧੀ" ਵੀ ਕਿਹਾ ਜਾਂਦਾ ਹੈ ਦਾ ਆਨੰਦ ਮਾਨਦੇ ਹੋਏ ਅਮਰੀਕਾ ਦੀ ਧਰਤੀ ਨੂੰ ਪੁਰਾਤਨ ਪੰਜਾਬ ਬਣਾ ਦਿੱਤਾ।

ਚੜ੍ਹਦੇ ਪੰਜਾਬ ਦੀਆ ਸੁਆਣੀਆਂ ਮਨਜੀਤ ਕੌਰ ਪੁਲਿਸ ਅਫਸਰ), ਨੇ ਪੰਜਾਬੀ ਪਲਵਿੰਦਰ ਕੌਰ ਭੱਟੀ, ਗੁਰਪ੍ਰੀਤ ਕੌਰ ਤੇ ਸੁਰਿੰਦਰ ਕੌਰ ਗਿਲ ਨੇ ਪੰਜਾਬੀ ਖਾਣੇ ਮੱਕੀ ਦੀ ਰੋਟੀ, ਸਾਗ, ਪਾਲਕ, ਚੌਲ, ਮਿਸੇ ਪਰਾਂਠੇ, ਜਲੇਬੀਆ ਕੜਾਹ, ਚਿੱਟੇ ਛੋਲੇ ਤੇ ਹੋਰ ਅਮਰੀਕਾ ਖਾਣਿਆ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਚੜਦੇ ਪੰਜਾਬ ਵਲੋਂ ਗਾਇਕਾ ਸਿੰਮੀ ਕੌਰ ਤੇ ਪ੍ਰੀਤ ਕੌਰ ਨਾਲ ਸਾਰੀਆਂ ਪੰਜਾਬਣਾਂ ਨੇ ਲੋਹੜੀ ਦੇ ਗੀਤ ਗਾਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਇਸ ਮੌਕੇ ਡਾਕਟਰ ਜੋਸਨ ਤੇ ਸੰਸਥਾ ਵਲੋਂ ਨਵੇਂ ਚੁਣੇ ਗਏ ਪ੍ਰਧਾਨ ਸੁਰਜੀਤ ਸਿੰਘ ਗਿੱਲ ਤੇ ਮੀਤ-ਪ੍ਰਧਾਨ ਅਰਸ਼ਦ ਗਿੱਲ ਦਾ ਸਨਮਾਨ ਕੀਤਾ ਗਿਆ। ਪ੍ਰਧਾਨ ਗਿੱਲ ਵਲੋਂ ਵ ਮਨਜੀਤ ਕੌਰ, ਪਲਵਿੰਦਰ ਕੌਰ ਭੱਟੀ ਅਤੇ ਨਵੇਂ ਚੁਣੇ ਗਏ ਡਾਇਰੈਕਟਰ ਜਸਵਿੰਟਰ ਸਿੰਘ ਵੜੈਚ ਨੂੰ ਸਿਖਸ-ਇਨ- ਅਮਰੀਕਾ ਦੇ ਐਡਲ ਪਾਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਯੂਥ-ਵਿੰਗ ਦੀ ਮੈਂਬਰ ਗੁਰਸੀਰਤ ਕੌਰ ਦਾ ਜਨਮ ਦਿਨ ਵੀ ਕੇਕ ਕੱਟ ਕੇ ਮਨਾਇਆ ਗਿਆ। ਸਾਰੇ ਸਮਾਰਾਮ ਦੀ ਲਾਈਵ ਕਵਰੇਜ ਪ੍ਰੀਤਨਾਮਾ ਟੈਲੀਵਿਜਨ ਤੇ ਅਖਬਾਰ ਦੀ ਪ੍ਰਿਤਪਾਲ ਕੌਰ ਪ੍ਰੀਤ ਵਲੋਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਕੀਤੀ। ਸੰਝਤ ਪੰਜਾਬ ਸੰਸਥਾ ਵਲੋਂ ਲਹਿੰਦੇ ਪੰਜਾਬ ਦੇ ਨਵੇਂ ਡਾਇਰੈਕਟਰ ਨੌਜਵਾਨ ਸਈਅਦ ਮੂਸਾ ਬੁਖਾਰੀ ਨੂੰ ਯੂਥ ਵਿੰਗ ਦਾ ਚੇਅਰਮੈਨ ਚੁਣਿਆ ਗਿਆ ਸੰਸਥਾ ਵਲੋਂ ਪ੍ਰਿਥੀਪਾਲ ਸਿੰਘ ਭੱਟੀ, ਬਲਵੀਰ ਸਿੰਘ, ਸਿਮਰਜੀਤ ਕੌਰ ਵਲੋਂ ਆਏ ਮਹਿਮਾਨਾ ਦਾ ਧੰਨਵਾਦ ਕੀਤਾ ਗਿਆ । ਡਾ. ਜੋਸ਼ਨ ਨੇ ਦੱਸਿਆ ਕਿ ਆਉਣ ਵਾਲੀ ਪਹਿਲੀ ਚੇਤ ਨੂੰ ਸੰਸਥਾ ਵਲੋਂ ਹਰ ਸਾਲ ਦੀ ਤਰ੍ਹਾਂ ਪੰਜਾਬੀਆਂ ਦੇ ਨਵੇਂ ਸਾਲ ਨੂੰ 19 ਮਾਰਚ 2026 ਨੂੰ ਸਰਕਾਰੀ ਹਾਲ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਵੇਗਾ।

# ਚਾਈਨਾ ਡੋਰ ਤੋਂ ਬਚਣ ਲਈ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ

## ਪੁਲਿਸ ਚੌਕੀ ਜੇਜੋ ਦੋਆਬਾ ਦੇ ਇੰਚਾਰਜ ਵੱਲੋਂ ਲੋਕਾਂ ਨੂੰ ਚਾਈਨਾ ਡੋਰ ਤੋਂ ਬਚਣ ਦੀ ਕੀਤੀ ਅਪੀਲ









ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੁਲਿਸ ਚੌਕੀ ਜੇਜੋ ਦੋਆਬਾ ਦੇ ਇੰਚਾਰਜ ਏ.ਐਸ.ਆਈ. ਮੰਨਾ ਸਿੰਘ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਵੱਲੋਂ ਆਪਣੇ ਇਲਾਕੇ ਦੇ ਦੁਕਾਨਦਾਰਾਂ ਨਾਲ ਇੱਕ ਖ਼ਾਸ ਮੁਹਿੰਮ ਤਹਿਤ ਮਿਲਦੇ ਹੋਏ ਅਪੀਲ ਕੀਤੀ ਗਈ ਕਿ ਉਹ ਆਪਣੀਆਂ ਦੁਕਾਨਾਂ 'ਤੇ ਚਾਈਨਾ ਡੋਰ ਨਾ ਵੇਚਣ। ਅੱਜਕੱਲ੍ਹ ਬੱਚੇ ਪਤੰਗ ਉਡਾਉਣ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਰਹਿੰਦੇ ਹਨ ਅਤੇ ਲਗਭਗ ਹਰ ਘਰ ਵਿੱਚ ਬੱਚੇ ਪਤੰਗ ਉਡਾਉਂਦੇ ਹਨ, ਤੇ ਤਿਉਹਾਰ ਮੁਤਾਬਕ ਪਤੰਗ ਉਡਾਉਣੀ ਵੀ ਚਾਹੀਦੀ ਹੈ ਪਰ ਪੂਰੀ ਸਾਵਧਾਨੀ ਨਾਲ। ਕਿਉਂਕਿ ਜਦੋਂ ਤੋਂ ਬਾਜ਼ਾਰ ਵਿੱਚ ਚਾਈਨਾ ਡੋਰ ਆਈ ਹੈ, ਇਸ ਡੋਰ ਕਰਕੇ ਹਰ ਸਾਲ ਜ਼ਖ਼ਮੀ ਹੋਣ ਵਾਲੀਆਂ ਘਟਨਾਵਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਬਚਣ ਲਈ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਂਦਾ ਹੈ, ਫਿਰ ਵੀ ਹਾਦਸੇ ਵਾਪਰ ਰਹੇ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਏ.ਐਸ.ਆਈ. ਮੰਨਾ ਸਿੰਘ ਵੱਲੋਂ ਇੱਥੋਂ ਦੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਨੇ ਚੇਤਾਵਨੀ ਵੀ ਦਿੱਤੀ ਕਿ ਜੇ ਫਿਰ ਵੀ ਕੋਈ ਦੁਕਾਨਦਾਰ ਜਾਂ ਹੋਰ ਕੋਈ ਵਿਅਕਤੀ ਇਸ ਡੋਰ ਨੂੰ ਵੇਚਦਾ ਜਾਂ ਇਸਤੇਮਾਲ ਕਰਦਾ ਪਾਇਆ ਗਿਆ ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਮੇਰੇ ਨਾਮ 'ਤੇ ਕਿਸੇ ਵੀ ਗੈਰ-ਕਾਨੂੰਨੀ ਵਸੂਲੀ ਦਾ ਕੋਈ ਸਵਾਲ ਹੀ ਨਹੀਂ : ਬ੍ਰਮ ਸ਼ੰਕਰ ਜ਼ਿੰਪਾ

## ਕਿਹਾ, ਦੋਸ਼ੀ ਪਾਏ ਜਾਣ ਵਾਲਿਆਂ ਖਿਲਾਫ਼ ਹੋਵੇ ਸਖ਼ਤ ਕਾਨੂੰਨੀ ਕਾਰਵਾਈ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਦਾਣਾ ਮੰਡੀ ਵਿੱਚ ਕਥਿਤ ਗੈਰ-ਕਾਨੂੰਨੀ ਜਬਰੀ ਵਸੂਲੀ ਨੂੰ ਲੈ ਕੇ ਵਿਧਾਇਕ ਬ੍ਰਮ ਸ਼ੰਕਰ ਜ਼ਿੰਪਾ ਨੇ ਅੱਜ ਆਪਣੇ ਉੱਪਰ ਲਗਾਏ ਗਏ ਦੋਸ਼ਾਂ ਸਬੰਧੀ ਇਕ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ ਡੀ.ਐਸ.ਪੀ ਦੇਵ ਦੱਤ ਸ਼ਰਮਾ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਗੁਰਕਿਰਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਵਿਧਾਇਕ ਜਿੰਪਾ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ 'ਤੇ ਲਗਾਏ ਗਏ ਸਾਰੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਰਾਜਨੀਤਿਕ ਸਾਜ਼ਿਸ਼ ਤੋਂ ਪ੍ਰੇਰਿਤ ਹਨ।









ਵਿਧਾਇਕ ਜਿੰਪਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਕੀਤੀ ਜਾ ਰਹੀ ਹੈ, ਜਿਸ ਵਿਚ ਇਕ ਸੋਸ਼ਲ ਮੀਡੀਆ ਵੱਲੋਂ ਇਕ ਟਰੱਕ ਡਰਾਈਵਰ ਨਾਲ ਕੀਤੀ ਗਈ ਗੱਲਬਾਤ ਵਿਚ ਇਹ ਦੋਸ਼ ਲਗਾਇਆ ਗਿਆ ਹੈ ਕਿ ਮੰਡੀ ਵਿਚ ਕੱਟੀਆਂ ਗਈਆਂ ਪਰਚੀਆਂ 'ਗੁੰਡਾ ਟੈਕਸ' ਦੇ ਰੂਪ ਵਿਚ ਉਨ੍ਹਾਂ ਦੇ ਨਾਮ 'ਤੇ ਵਸੂਲੀਆਂ ਜਾ ਰਹੀਆਂ ਹਨ। ਵਿਧਾਇਕ ਨੇ ਕਿਹਾ ਕਿ ਨਾ ਤਾਂ ਉਨ੍ਹਾਂ ਨੇ ਕਦੇ ਅਜਿਹੀ ਕਿਸੇ ਗੈਰ-ਕਾਨੂੰਨੀ ਵਸੂਲੀ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਨੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਅਜਿਹਾ ਕਰਨ ਲਈ ਕੋਈ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵੀਡੀਓ ਵਿੱਚ ਪਰਚੀਆਂ ਕੱਟ ਰਹੇ ਕਰਮਚਾਰੀਆਂ ਵੱਲੋਂ ਖ਼ੁਦ ਸਪੱਸ਼ਟ ਕੀਤਾ ਗਿਆ ਹੈ ਕਿ ਪਰਚੀਆਂ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਕੱਟੀਆਂ ਗਈਆਂ ਸਨ ਅਤੇ ਵਿਧਾਇਕ ਦੇ ਨਾਮ 'ਤੇ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਵਸੂਲੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਵਿਧਾਇਕ ਨੇ ਕਿਹਾ ਕਿ ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਜਾਂਚ ਕਰਨ ਲਈ ਕਿਹਾ ਹੈ ਕਿ ਕੀ ਸਲਿੱਪਾਂ ਨਿਯਮਾਂ ਅਨੁਸਾਰ ਜਾਰੀ ਕੀਤੀਆਂ ਜਾ ਰਹੀਆਂ ਹਨ ਜਾਂ ਨਹੀਂ।

ਵਿਧਾਇਕ ਜਿੰਪਾ ਨੇ ਕਿਹਾ ਕਿ ਜਦੋਂ ਉਹ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਬਣੇ ਸਨ, ਉਦੋਂ ਵੀ ਉਨ੍ਹਾਂ ਨੇ ਐਸ.ਐਸ.ਪੀ ਨਾਲ ਸਭ ਤੋਂ ਪਹਿਲਾਂ ਮੰਡੀਆਂ ਦਾ ਦੌਰਾ ਕੀਤਾ ਸੀ ਅਤੇ ਕਿਸਾਨਾਂ, ਆੜ੍ਹਤੀਆਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਸਨ। ਪਾਰਦਰਸ਼ੀ ਬਾਜ਼ਾਰ ਪ੍ਰਣਾਲੀ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਉਨ੍ਹਾਂ ਦੀ ਤਰਜੀਹ ਰਹੀ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਲਈ ਉਹ ਪੰਜਾਬ ਦੇ ਮੁੱਖ ਮੰਤਰੀ, ਮੰਡੀ ਵਿਭਾਗ ਦੇ ਮੰਤਰੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਡਿਪਟੀ ਕਮਿਸ਼ਨਰ ਨੂੰ ਲਿਖਤੀ ਬੇਨਤੀ ਕਰਨਗੇ। ਇਸ ਦੇ ਨਾਲ ਹੀ ਉਹ ਪੁਲਿਸ ਨੂੰ ਲਿਖਤੀ ਸ਼ਿਕਾਇਤ ਵੀ ਦੇਣਗੇ ਅਤੇ ਪੂਰੇ ਮਾਮਲੇ ਦੀ ਜਾਂਚ ਦੀ ਮੰਗ ਕਰਨਗੇ। ਪ੍ਰੈੱਸ ਕਾਨਫਰੰਸ ਤੋਂ ਬਾਅਦ ਵਿਧਾਇਕ ਜਿੰਪਾ ਨੇ ਦਾਣਾ ਮੰਡੀ ਦਾ ਦੌਰਾ ਕੀਤਾ ਅਤੇ ਉੱਥੇ ਸਬਜ਼ੀ ਵੇਚਣ ਵਾਲਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਕਿਸੇ ਨਾਲ ਵੀ ਬੇਇਨਸਾਫ਼ੀ ਨਹੀਂ ਹੋਣ ਦਿੱਤੀ ਜਾਵੇਗੀ। ਵਿਧਾਇਕ ਨੇ ਪੁਲਿਸ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਬਾਜ਼ਾਰ ਦਾ ਨਿਯਮਿਤ ਤੌਰ 'ਤੇ ਦੌਰਾ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਫਵਾਹ, ਗੈਰ-ਕਾਨੂੰਨੀ ਗਤੀਵਿਧੀ ਜਾਂ ਗੜਬੜ ਨੂੰ ਸਮੇਂ ਸਿਰ ਰੋਕਿਆ ਜਾ ਸਕੇ।

ਇਸ ਮੌਕੇ ਡੀ.ਐਸ.ਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ ਅਤੇ ਬਾਜ਼ਾਰ ਵਿੱਚ ਪਰਚੀਆਂ ਕੱਟਣ ਨਾਲ ਸਬੰਧਤ ਸਾਰੇ ਨਿਯਮਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾਵੇਗਾ। ਜੇਕਰ ਦੋਸ਼ ਝੂਠੇ ਪਾਏ ਜਾਂਦੇ ਹਨ, ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਮੰਡੀ ਅਫ਼ਸਰ ਗੁਰਕਿਰਪਾਲ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਨੂੰ ਮੰਡੀ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਿੱਧਾ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ। ਬਿਨਾਂ ਤੱਥਾਂ ਦੇ ਕਿਸੇ 'ਤੇ ਦੋਸ਼ ਲਗਾਉਣਾ ਉਚਿਤ ਨਹੀਂ ਹੈ ਅਤੇ ਪੂਰੇ ਮਾਮਲੇ ਦੀ ਵਿਭਾਗੀ ਪੱਧਰ 'ਤੇ ਜਾਂਚ ਕੀਤੀ ਜਾਵੇਗੀ।

## ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ

# ਦੁਨੀਆਂ ਦੀ ਸਭ ਤੋਂ ਵੱਡੀ ਅਤੇ ਅਮੀਰ ਪਾਰਟੀ BJP ਦੇ Nitin Nabin ਨਵੇਂ ਪ੍ਰਧਾਨ ਚੁਣੇ ਗਏ










ਨਵੀਂ ਦਿੱਲੀ, (ਸਾਡੇ ਲੋਕ) : ਨਿਤਿਨ ਨਬੀਨ ਨੇ ਨਵੀਂ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਅਧਿਕਾਰਤ ਤੌਰ ’ਤੇ ਰਾਸ਼ਟਰੀ ਪ੍ਰਧਾਨ ਦਾ ਅਹੁਦਾ ਸੰਭਾਲ ਲਿਆ ਹੈ। ਉਹਨਾਂ ਨੇ ਇਹ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੇ ਹੋਰ ਸੀਨੀਅਰ ਦਿੱਗਜਾਂ ਦੀ ਮੌਜੂਦਗੀ ਵਿੱਚ ਸੰਭਾਲੀ।

ਨੌਜਵਾਨ ਲੀਡਰਸ਼ਿਪ: 45 ਸਾਲਾ ਨਿਤਿਨ ਨਬੀਨ ਭਾਜਪਾ ਦੇ ਇਤਿਹਾਸ ਵਿੱਚ ਸਭ ਤੋਂ ਘੱਟ ਉਮਰ ਦੇ ਰਾਸ਼ਟਰੀ ਪ੍ਰਧਾਨ ਬਣੇ ਹਨ। ਉਹਨਾਂ ਨੇ ਜੇ.ਪੀ. ਨੱਡਾ ਦੀ ਥਾਂ ਲਈ ਹੈ, ਜਿਨ੍ਹਾਂ ਦਾ ਕਾਰਜਕਾਲ ਹਾਲ ਹੀ ਵਿੱਚ ਪੂਰਾ ਹੋਇਆ ਸੀ।

ਪ੍ਰਮੁੱਖ ਸ਼ਖਸੀਅਤਾਂ ਦੀ ਮੌਜੂਦਗੀ: ਇਸ ਮੌਕੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਅਤੇ ਸਾਬਕਾ ਪ੍ਰਧਾਨ ਜੇ.ਪੀ. ਨੱਡਾ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।

ਪ੍ਰਧਾਨ ਮੰਤਰੀ ਦਾ ਬਿਆਨ: ਸਮਾਗਮ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਨਿਤਿਨ ਨਬੀਨ ਨੂੰ ਵਧਾਈ ਦਿੰਦਿਆਂ ਇੱਕ ਅਹਿਮ ਟਿੱਪਣੀ ਕੀਤੀ। ਉਨ੍ਹਾਂ ਕਿਹਾ, ‘ਜਦੋਂ ਪਾਰਟੀ ਦੇ ਮਾਮਲਿਆਂ ਦੀ ਗੱਲ ਆਉਂਦੀ ਹੈ, ਤਾਂ ਨਿਤਿਨ ਨਬੀਨ ਮੇਰੇ ਬੌਸ (ਮਾਲਕ) ਹਨ।’ ਪੀਐਮ ਮੋਦੀ ਨੇ ਉਹਨਾਂ ਨੂੰ ‘ਮਿਲੈਨੀਅਲ’ (ਨਵੀਂ ਪੀੜ੍ਹੀ ਦਾ) ਆਗੂ ਦੱਸਦਿਆਂ ਕਿਹਾ ਕਿ ਉਹਨਾਂ ਦੀ ਅਗਵਾਈ ਵਿੱਚ ਪਾਰਟੀ ਨਵੀਆਂ ਉਚਾਈਆਂ ਛੂਹੇਗੀ।

ਨਿਰਵਿਰੋਧ ਚੋਣ: ਨਿਤਿਨ ਨਬੀਨ ਨੂੰ ਸਰਬਸੰਮਤੀ ਨਾਲ ਨਿਰਵਿਰੋਧ ਪ੍ਰਧਾਨ ਚੁਣਿਆ ਗਿਆ ਹੈ। ਉਹ ਬਿਹਾਰ ਤੋਂ ਆਉਂਦੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ। ਉਹਨਾਂ ਦੇ ਪਿਤਾ ਨਬੀਨ ਕਿਸ਼ੋਰ ਸਿਨਹਾ ਵੀ ਭਾਜਪਾ ਦੇ ਸੀਨੀਅਰ ਆਗੂ ਸਨ।

ਸਿਆਸੀ ਪਿਛੋਕੜ: ਪ੍ਰਧਾਨ ਬਣਨ ਤੋਂ ਪਹਿਲਾਂ ਉਹ ਬਿਹਾਰ ਸਰਕਾਰ ਵਿੱਚ ਮੰਤਰੀ ਅਤੇ ਲਗਾਤਾਰ 5 ਵਾਰ ਵਿਧਾਇਕ ਰਹਿ ਚੁੱਕੇ ਹਨ। ਦਸੰਬਰ 2025 ਵਿੱਚ ਉਹਨਾਂ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ।

ਇਹ ਨਿਯੁਕਤੀ ਭਾਜਪਾ ਵੱਲੋਂ ਆਪਣੀ ਲੀਡਰਸ਼ਿਪ ਵਿੱਚ ਪੀੜ੍ਹੀ ਦੇ ਬਦਲਾਅ (generational shift) ਵਜੋਂ ਦੇਖੀ ਜਾ ਰਹੀ ਹੈ, ਜਿਸ ਦਾ ਮਕਸਦ ਵੋਟਰਾਂ ਅਤੇ ਦੁਨੀਆਂ ਭਰਦੇ ਹਿੰਦੂਆਂ ਨਾਲ ਜੁੜਨਾ ਹੈ।







# ਅਮਰੀਕਾ ਵਿਚ ਸਿੱਖਾਂ ਦੀ ਇਕ ਹੋਰ ਇਤਿਹਾਸਕ ਪ੍ਰਾਪਤੀ

# 32 ਸਾਲਾ ਨੌਜਵਾਨ ਡਾ. ਨਵਰਾਜ ਸਿੰਘ ਰਾਏ ਕੈਲੀਫੋਰਨੀਆ ਸੁਪੀਰੀਅਰ ਕੋਰਟ ਦੇ ਬਣੇ ਜੱਜ









ਬੇਕਰਜ਼ਫੀਲਡ, ਕੈਲੀਫੋਰਨੀਆ: ਅਮਰੀਕਾ ਵਿੱਚ ਵੱਸਦੇ ਸਿੱਖਾਂ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਲਈ ਅੱਜ ਦਾ ਦਿਨ ਇਤਿਹਾਸਕ ਖ਼ੁਸ਼ੀ ਅਤੇ ਮਾਣ ਲੈ ਕੇ ਆਇਆ ਹੈ। ਕੈਲੀਫੋਰਨੀਆ ਦੇ ਨੌਜਵਾਨ ਪੰਜਾਬੀ ਚਿਹਰੇ, 32 ਸਾਲਾ ਡਾ. ਨਵਰਾਜ ਸਿੰਘ ਰਾਏ ਨੇ ਕੈਲੀਫੋਰਨੀਆ ਦੀ ਕਰਨ ਕਾਉਂਟੀ (Kern County) ਸੁਪੀਰੀਅਰ ਕੋਰਟ ਵਿੱਚ ਜੱਜ ਵਜੋਂ ਸਹੁੰ ਚੁੱਕ ਕੇ ਇੱਕ ਨਵਾਂ ਇਤਿਹਾਸ ਰਚ ਦਿੱਤਾ ਹੈ।

ਇਤਿਹਾਸਕ ਪ੍ਰਾਪਤੀ ਇਸ ਨਿਯੁਕਤੀ ਦੇ ਨਾਲ ਹੀ ਡਾ. ਨਵਰਾਜ ਸਿੰਘ ਰਾਏ ਕਰਨ ਕਾਉਂਟੀ ਦੀ ਅਦਾਲਤ ਵਿੱਚ ਸੇਵਾ ਨਿਭਾਉਣ ਵਾਲੇ ਪਹਿਲੇ ਸਿੱਖ ਜੱਜ ਬਣ ਗਏ ਹਨ। ਮਹਿਜ਼ 32 ਸਾਲ ਦੀ ਛੋਟੀ ਉਮਰ ਵਿੱਚ ਅਮਰੀਕੀ ਨਿਆਂ ਪ੍ਰਣਾਲੀ ਦੇ ਅਜਿਹੇ ਉੱਚੇ ਅਹੁਦੇ 'ਤੇ ਪਹੁੰਚਣਾ ਨਾ ਸਿਰਫ਼ ਉਨ੍ਹਾਂ ਦੀ ਕਾਬਲੀਅਤ ਦਾ ਸਬੂਤ ਹੈ, ਸਗੋਂ ਇਹ ਅਮਰੀਕਾ ਵਿੱਚ ਪੰਜਾਬੀ ਨੌਜਵਾਨਾਂ ਦੀ ਵੱਧ ਰਹੀ ਸਾਖ ਨੂੰ ਵੀ ਦਰਸਾਉਂਦਾ ਹੈ।

ਸਹੁੰ ਚੁੱਕ ਸਮਾਗਮ ਬੇਕਰਜ਼ਫੀਲਡ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਡਾ. ਰਾਏ ਨੇ ਅਧਿਕਾਰਤ ਤੌਰ 'ਤੇ 'ਜੱਜ ਪ੍ਰੋ ਟੈਮ' (Judge Pro Tem) ਵਜੋਂ ਆਪਣੇ ਅਹੁਦੇ ਦੀ ਸਹੁੰ ਚੁੱਕੀ। ਇਸ ਮੌਕੇ 'ਤੇ ਅਦਾਲਤੀ ਅਧਿਕਾਰੀ, ਕਾਨੂੰਨੀ ਭਾਈਚਾਰੇ ਦੇ ਪਤਵੰਤੇ ਸੱਜਣ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਸਨ। ਸਥਾਨਕ ਭਾਈਚਾਰੇ ਵੱਲੋਂ ਇਸ ਨਿਯੁਕਤੀ ਨੂੰ ਵਿਭਿੰਨਤਾ ਅਤੇ ਸਮਾਵੇਸ਼ (diversity and inclusion) ਵੱਲ ਇੱਕ ਵੱਡਾ ਕਦਮ ਦੱਸਿਆ ਜਾ ਰਿਹਾ ਹੈ।

ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਡਾ. ਨਵਰਾਜ ਸਿੰਘ ਰਾਏ ਦੀ ਇਸ ਕਾਮਯਾਬੀ 'ਤੇ ਪੰਜਾਬੀ ਕਮਿਊਨਿਟੀ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਬੇਕਰਜ਼ਫੀਲਡ ਅਤੇ ਸਮੁੱਚੇ ਕੈਲੀਫੋਰਨੀਆ ਦੇ ਸਿੱਖ ਆਗੂਆਂ ਨੇ ਇਸਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪ੍ਰੇਰਨਾ ਸਰੋਤ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਡਾ. ਰਾਏ ਦੀ ਇਹ ਪ੍ਰਾਪਤੀ ਸਾਬਤ ਕਰਦੀ ਹੈ ਕਿ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਵਿਦੇਸ਼ਾਂ ਵਿੱਚ ਵੀ ਉੱਚੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ।

ਨੌਜਵਾਨਾਂ ਲਈ ਪ੍ਰੇਰਨਾ ਡਾ. ਰਾਏ ਦਾ ਜੱਜ ਬਣਨਾ ਅਮਰੀਕਾ ਜੰਮਪਲ ਪੰਜਾਬੀ ਨੌਜਵਾਨਾਂ ਲਈ ਰਾਹ ਦਸੇਰਾ ਹੈ। ਕਾਨੂੰਨੀ ਖੇਤਰ ਵਿੱਚ ਉਨ੍ਹਾਂ ਦੀ ਮੁਹਾਰਤ ਅਤੇ ਸੇਵਾ ਭਾਵਨਾ ਨੂੰ ਦੇਖਦਿਆਂ, ਇਹ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਇਨਸਾਫ਼ ਦੀ ਕੁਰਸੀ 'ਤੇ ਬੈਠ ਕੇ ਨਿਰਪੱਖਤਾ ਅਤੇ ਯੋਗਤਾ ਦੀ ਮਿਸਾਲ ਕਾਇਮ ਕਰਨਗੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਉਹ ਫਰੀਮਾਂਟ (ਕੈਲੀਫੋਰਨੀਆ) ਦੀ ਉੱਘੀ ਸਿੱਖ ਸ਼ਖ਼ਸੀਅਤ ਸ. ਸੁਰਿੰਦਰ ਸਿੰਘ ਬੇਦੀ ਦੇ (ਸਪੁੱਤਰ/ਦਾਮਾਦ) ਹਨ। ਬੇਦੀ ਅਤੇ ਰਾਏ ਪਰਿਵਾਰ ਸਮੇਤ ਸਮੁੱਚੀ ਕੌਮ ਨੂੰ ਲੱਖ-ਲੱਖ ਵਧਾਈ!

## ਕਰਨੈਲ ਸਿੰਘ ਪੀਰ ਮੁਹੰਮਦ ਦੀ ਨਿਯੁਕਤੀ ਦਾ ਪ੍ਰਵਾਸੀ ਪੰਜਾਬੀਆਂ ਵਲੋਂ ਭਰਵਾਂ ਸਵਾਗਤ

ਲੈਸਟਰ (ਇੰਗਲੈਂਡ) : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਮਿਸ਼ਨ ਤਹਿਤ ਉਸ ਸਮੇਂ ਪੰਥਕ ਸਫ਼ਾਂ 'ਚ ਖੁਸ਼ੀ ਤੇ ਉਤਸ਼ਾਹ ਦੀ ਲਹਿਰ ਦੌੜ ਗਈ, ਜਦੋਂ ਜੁਝਾਰੂ, ਨਿਰਭੀਕ ਤੇ ਪੰਥਕ ਸੋਚ ਵਾਲੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ। ਇਸ ਅਹਿਮ ਨਿਯੁਕਤੀ ਨੂੰ ਦੇਸ਼-ਵਿਦੇਸ਼ 'ਚ ਵਸਦੀਆਂ ਸਿੱਖ ਸੰਗਤਾਂ ਤੇ



ਪੰਥਕ ਜਥੇਬੰਦੀਆਂ ਵੱਲੋਂ ਇਤਿਹਾਸਕ ਕਦਮ ਕਰਾਰ ਦਿੰਦਿਆਂ ਜ਼ੋਰਦਾਰ ਸਵਾਗਤ ਕੀਤਾ ਗਿਆ ਹੈ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ 'ਚ ਵਸਦੀਆਂ ਸਿੱਖ ਸੰਗਤਾਂ ਤੇ ਨਾਮਵਰ ਪੰਥਕ ਸ਼ਖ਼ਸੀਅਤਾਂ ਕਿਰਪਾਲ ਸਿੰਘ ਲੰਡਨ, ਬਲਵਿੰਦਰ ਸਿੰਘ ਸੰਧੂ ਸਾਊਥ ਹਾਲ, ਭਾਈ ਮਲਕੀਅਤ ਸਿੰਘ ਖ਼ਾਲਸਾ ਲੈਸਟਰ, ਗੁਰਨਾਮ ਸਿੰਘ ਨਵਾਂ ਸ਼ਹਿਰ, ਨੇ ਇਸ ਨਿਯੁਕਤੀ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਕਰਨੈਲ ਸਿੰਘ ਪੀਰ ਮੁਹੰਮਦ ਦੀ ਦੂਰਅੰਦੇਸ਼ੀ ਸੋਚ, ਪੰਥ ਪ੍ਰਤੀ ਨਿਸ਼ਠਾ ਤੇ ਜ਼ਮੀਨੀ ਸੰਘਰਸ਼ ਦਾ ਅਨੁਭਵ ਪਾਰਟੀ ਨੂੰ ਨਵੀਂ ਦਿਸ਼ਾ ਤੇ ਮਜ਼ਬੂਤੀ ਦੇਵੇਗਾ। ਉਕਤ ਆਗੂਆਂ ਦਾ ਮੰਨਣਾ ਹੈ ਕਿ ਪੀਰ ਮੁਹੰਮਦ ਨੇ ਹਮੇਸ਼ਾ ਪੰਥਕ ਮਸਲਿਆਂ 'ਤੇ ਸਪਸ਼ਟ ਤੇ ਨਿਡਰ ਰੁਖ ਅਪਣਾਇਆ ਹੈ ਅਤੇ ਉਨ੍ਹਾਂ ਦੀ ਆਵਾਜ਼ ਪੰਥਕ ਹਿੱਤਾਂ ਲਈ ਮਜ਼ਬੂਤ ਢੰਗ ਨਾਲ ਉੱਭਰਦੀ ਰਹੀ ਹੈ ਇਸੇ ਕਾਰਨ ਪਾਰਟੀ ਦੀ ਸੀਨੀਅਰ ਲੀਡਰਸ਼ਿਪ 'ਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਵੱਲ ਇਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ।

## ਪੰਜਾਬ ਕੇਸਰੀ ਗਰੁੱਪ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਲੋਕਤੰਤਰ ਦਾ ਕਤਲ : ਸ੍ਰੀ ਰਾਜ ਭਨੋਟ

ਕੈਲੀਫੋਰਨੀਆ : ਅਮਰੀਕਾ ਦੇ ਉਘੇ ਨਿਧੜਕ ਆਗੂ ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ ਅਤੇ ਪੰਜਾਬੀ ਭਾਈਚਾਰੇ ਦੇ ਲੀਡਰ ਸ੍ਰੀ ਰਾਜ ਭਨੋਟ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਲੋਂ ਪੰਜਾਬ ਕੇਸਰੀ ਗਰੁੱਪ ਖਿਲਾਫ ਕੀਤੀ ਕਾਰਵਾਈ ਦੀ ਘੋਰ ਨਿੰਦਾ ਕੀਤੀ ਹੈ। ਉਹਨਾਂ ਨੇ ਕਿਹਾ ਕਿ ਅਖਬਾਰਾਂ ਦਾ ਕੰਮ ਲੋਕਾਂ ਤੱਕ ਸੱਚਾਈ ਪਹੁੰਚਾਉਣਾ ਹੈ ਅਤੇ ਸੂਚਨਾ ਦੇ ਆਜ਼ਾਦ ਪ੍ਰਵਾਹ ਨੂੰ ਬੰਦ ਕਰਨ ਦੀ ਕੋਸ਼ਿਸ਼ ਲੋਕਤੰਤਰ ਦਾ ਘਾਣ ਅਤੇ ਸਿੱਧੇ ਤੌਰ ਤੇ ਸਰਕਾਰੀ ਤਾਨਾਸ਼ਾਹੀ ਹੈ।



ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਦੇ ਹੰਕਾਰ 'ਚ ਹੈ ਅਤੇ ਭੁੱਲ ਚੁੱਕੀ ਹੈ ਕਿ ਅਜਿਹੀ ਤਾਨਾਸ਼ਾਹੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ ਦਿੱਲੀ 'ਚ ਕੀਤੀ ਸੀ, ਜਿਸਦੇ ਨਤੀਜੇ ਵਜੋਂ ਦਿੱਲੀ ਦੀ ਜਨਤਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਸ ਪਾਰਟੀ ਦੇ ਦਿੱਲੀ ਵਾਲੇ ਟੋਲੇ ਨੂੰ ਮੂੰਹ ਦਿਖਾਉਣ ਲਾਇਕ ਵੀ ਨਹੀਂ ਛੱਡਿਆ। ਸ੍ਰੀ ਭਨੋਟ ਨੇ ਕਿਹਾ ਕਿ ਪੰਜਾਬ ਕੇਸਰੀ ਗਰੁੱਪ ਨੇ ਦਿੱਲੀ ਦੀ ਤਰਜ 'ਤੇ ਪੰਜਾਬ 'ਚ ਬਣ ਰਹੇ ਕੇਜਰੀਵਾਲ ਦੇ ਸ਼ੀਸ਼ ਮਹਿਲ ਦੀ ਸੱਚਾਈ ਲੋਕਾਂ ਦੇ ਸਾਹਮਣੇ ਰੱਖ ਕੇ ਕੋਈ ਗੁਨਾਹ ਨਹੀਂ ਕੀਤਾ। ਉਨ੍ਹਾਂ ਨੇ ਸੀ.ਐਮ. ਭਗਵੰਤ ਮਾਨ ਤੋਂ ਸਵਾਲ ਕੀਤਾ ਕਿ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਦਬਾਉਣਾ ਕਿੱਥੋਂ ਤੱਕ ਜਾਇਜ਼ ਹੈ।

ਉਹਨਾਂ ਸਮੂਹ ਪੰਜਾਬੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ 'ਆਮ ਆਦਮੀ' ਦਾ ਨਕਾਬ ਧਾਰਣ ਕਰਕੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣ ਵਾਲੇ ਆਮ ਆਦਮੀ ਪਾਰਟੀ ਦੇ ਟੋਲੇ ਤੋਂ ਸਾਵਧਾਨ ਹੋ ਜਾਣ। ਅਗਲੇ ਸਾਲ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ 'ਚ ਭਗਵੰਤ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇਗਾ ਕਿਉਂਕਿ ਜਿਸ ਪਾਰਟੀ ਨੂੰ ਸਾਰੇ ਦੇਸ਼ ਨੇ ਨੱਕਾਰ ਦਿੱਤਾ ਹੋਵੇ, ਉਸਨੂੰ ਅੱਗੇ ਤੋਂ ਪੰਜਾਬ 'ਚ ਲੁੱਟ-ਖਸੁੱਟ ਕਰਨ ਦੀ ਆਜਾਦੀ ਬਿਲਕੁਲ ਵੀ ਨਹੀਂ ਦਿੱਤੀ ਜਾਣੀ ਚਾਹੀਦੀ।

# ਦੁਨੀਆਂ ਭਰ 'ਚ ਵਸਦੇ ਸਿੱਖਾਂ ਲਈ ਵੱਡੇ ਮਾਣ ਵਾਲੀ ਗੱਲ !

# ਗਾਜ਼ਾ ਦੇ ਮੁੜ ਨਿਰਮਾਣ ਲਈ ਗਲੋਬਲ 'ਪਾਵਰ ਟੀਮ' ਦਾ ਐਲਾਨ: ਸ. ਅਜੈ ਸਿੰਘ ਬੰਗਾ ਨੂੰ ਵੱਡੀ ਜ਼ਿੰਮੇਵਾਰੀ !

ਨਿਊਯਾਰਕ/ਵਾਸ਼ਿੰਗਟਨ, (ਸਾਡੇ ਲੋਕ) : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੰਘਰਸ਼ ਨੂੰ ਖਤਮ ਕਰਨ ਦੀ ਵਿਆਪਕ ਯੋਜਨਾ ਤਹਿਤ ਗਾਜ਼ਾ ਦੇ ਪੁਨਰ ਨਿਰਮਾਣ ਲਈ 'ਸ਼ਾਂਤੀ ਬੋਰਡ' 'ਚ ਨਾਮਜ਼ਦ ਕੀਤੇ ਗਏ ਆਗੂਆਂ ਵਿਚ ਵਿਸ਼ਵ ਬੈਂਕ ਸਮੂਹ ਦੇ ਭਾਰਤੀ-ਅਮਰੀਕੀ ਪ੍ਰਧਾਨ ਅਜੈ ਬੰਗਾ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸ਼ਾਮਿਲ ਹਨ। ਵ੍ਹਾਈਟ ਹਾਊਸ ਨੇ ਸ਼ੁੱਕਰਵਾਰ ਨੂੰ ਸ਼ਾਂਤੀ ਬੋਰਡ ਦੇ ਸੰਸਥਾਪਕ ਕਾਰਜਕਾਰੀ ਬੋਰਡ ਦੇ ਨਿਯੁਕਤ ਮੈਂਬਰਾਂ ਦੀ ਇੱਕ ਸੂਚੀ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਹੈ ਕਿ ਇਸ ਵਿੱਚ ਕੂਟਨੀਤੀ, ਵਿਕਾਸ, ਬੁਨਿਆਦੀ ਢਾਂਚੇ ਅਤੇ ਆਰਥਿਕ ਰਣਨੀਤੀ ਵਿੱਚ ਤਜਰਬੇ ਵਾਲੇ ਆਗੂ ਸ਼ਾਮਿਲ ਹਨ। ਬੰਗਾ ਅਤੇ ਰੂਬੀਓ ਤੋਂ ਇਲਾਵਾ, ਕਾਰਜਕਾਰੀ ਬੋਰਡ ਵਿੱਚ ਮੱਧ ਪੂਰਬ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਟਰੰਪ ਦੇ ਜਵਾਈ ਜੇਰੇਡ ਕੁਸ਼ਨਰ, ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ, ਪ੍ਰਾਈਵੇਟ ਇਕੁਇਟੀ ਫਰਮ ਅਪੋਲੋ ਗਲੋਬਲ ਮੈਨੇਜਮੈਂਟ ਦੇ ਸੀ. ਈ. ਓ. ਮਾਰਕ ਰੋਵਨ ਅਤੇ ਅਮਰੀਕੀ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਰਾਬਰਟ ਗੈਬਰੀਅਲ ਸ਼ਾਮਲ ਹਨ।



'ਏ ਆਈ ਚਿੱਤਰ'

ਵ ?ਹਾਈਟ ਹਾਊਸ ਨੇ ਕਿਹਾ ਕਿ ਹਰੇਕ ਕਾਰਜਕਾਰੀ ਬੋਰਡ ਮੈਂਬਰ ਗਾਜ਼ਾ ਦੇ ਸਥਿਰਤਾ ਅਤੇ ਲੰਬੇ ਸਮੇਂ ਦੀ ਸਫਲਤਾ ਲਈ ਮਹੱਤਵਪੂਰਨ ਇੱਕ ਪਰਿਭਾਸ਼ਿਤ ਪੋਰਟਫੋਲੀਓ ਦੀ ਨਿਗਰਾਨੀ ਕਰੇਗਾ, ਜਿਸ ਵਿੱਚ ਸ਼ਾਸਨ ਸਮਰੱਥਾ-ਨਿਰਮਾਣ, ਖੇਤਰੀ ਸੰਬੰਧ, ਪੁਨਰ ਨਿਰਮਾਣ, ਨਿਵੇਸ਼ ਆਕਰਸ਼ਣ, ਵੱਡੇ ਪੱਧਰ 'ਤੇ ਫੰਡਿੰਗ ਅਤੇ ਪੂੰਜੀ ਗਤੀਸ਼ੀਲਤਾ ਸ਼ਾਮਿਲ ਹੈ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਵਾਧੂ ਕਾਰਜਕਾਰੀ ਬੋਰਡ ਅਤੇ ਗਾਜ਼ਾ ਕਾਰਜਕਾਰੀ ਬੋਰਡ ਦੇ ਮੈਂਬਰਾਂ ਦਾ ਐਲਾਨ ਕੀਤਾ ਜਾਵੇਗਾ। ਸੁਰੱਖਿਆ ਅਤੇ ਇੱਕ ਸਥਾਈ ਅੱਤਵਾਦ-ਮੁਕਤ ਵਾਤਾਵਰਣ ਸਥਾਪਤ ਕਰਨ ਲਈ, ਯੂ.ਐੱਸ. ਸਪੈਸ਼ਲ ਆਪ੍ਰੇਸ਼ਨ ਕਮਾਂਡ ਸੈਂਟਰਲ ਦੇ ਕਮਾਂਡਰ, ਮੇਜਰ ਜਨਰਲ ਜੈਸਪਰ ਜੈਫਰਸ ਨੂੰ ਅੰਤਰਰਾਸ਼ਟਰੀ ਸਥਿਰਤਾ ਫੋਰਸ (ਆਈ.ਐੱਸ.ਐੱਫ.) ਦਾ ਕਮਾਂਡਰ ਨਿਯੁਕਤ ਕੀਤਾ ਗਿਆ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਉਹ ਸੁਰੱਖਿਆ ਕਾਰਜਾਂ ਦੀ ਅਗਵਾਈ ਕਰਨਗੇ, ਵਿਆਪਕ ਗੈਰ-ਮਿਲਟਰੀਕਰਨ ਦਾ ਸਮਰਥਨ ਕਰਨਗੇ, ਅਤੇ ਮਾਨਵਤਾਵਾਦੀ ਸਹਾਇਤਾ ਅਤੇ ਪੁਨਰ ਨਿਰਮਾਣ ਸਮੱਗਰੀ ਦੀ ਸੁਰੱਖਿਅਤ ਡਿਲੀਵਰੀ ਨੂੰ ਸਮਰੱਥ ਬਣਾਉਣਗੇ। ਯੋਜਨਾ ਵਿੱਚ ਕਿਹਾ ਗਿਆ ਹੈ ਕਿ ਕਿਸੇ ਨੂੰ ਵੀ ਗਾਜ਼ਾ ਛੱਡਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਅਤੇ ਜੋ ਲੋਕ ਜਾਣਾ ਚਾਹੁੰਦੇ ਹਨ ਉਹ ਅਜਿਹਾ ਕਰਨ ਅਤੇ ਵਾਪਸ ਆਉਣ ਲਈ ਸੁਤੰਤਰ ਹੋਣਗੇ। ਅਸੀਂ ਲੋਕਾਂ ਨੂੰ ਰਹਿਣ ਲਈ ਉਤਸ਼ਾਹਿਤ ਕਰਾਂਗੇ ਅਤੇ ਉਨ੍ਹਾਂ ਨੂੰ ਇੱਕ ਬਿਹਤਰ ਗਾਜ਼ਾ ਬਣਾਉਣ ਦਾ ਮੌਕਾ ਦੇਵਾਂਗੇ।

## ਧਰਮ ਦੀ ਆੜ ਵਿਚ ਰਾਜਨੀਤੀ ਕਰ ਰਹੇ ਹਨ ਮੁੱਖ ਮੰਤਰੀ : ਸ੍ਰੀ ਰਾਜ ਭਨੋਟ



ਕੈਲੀਫੋਰਨੀਆ : ਅਮਰੀਕਾ ਦੇ ਉਘੇ ਨਿਧੜਕ ਆਗੂ ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ ਅਤੇ ਪੰਜਾਬੀ ਭਾਈਚਾਰੇ ਦੇ ਲੀਡਰ ਸ੍ਰੀ ਰਾਜ ਭਨੋਟ ਨੇ ਪੰਜਾਬ ਅੰਦਰ ਭੇਦ ਭਰੀ ਹਾਲਤ 'ਚ ਲਾਪਤਾ ਹੋਏ 328 ਸਰੂਪਾਂ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਵਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਬਿਨਾਂ ਸ਼ੱਕ ਰਾਜਸੀ ਧਿਰਾਂ ਇਕ ਦੂਜੇ ਨੂੰ ਨਿੰਦ ਦੀਆਂ ਹੀ ਹੁੰਦੀਆਂ ਹਨ ਪ੍ਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਇਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਧਰਮ ਨਾਲ ਸਬੰਧਤ ਇਸ ਅਤਿ ਸੰਵੇਦਨਸ਼ੀਲ ਮੁੱਦੇ 'ਤੇ ਰਾਜਨੀਤੀ ਕਰ ਰਹੇ ਹਨ।

ਇਥੇ ਜਾਰੀ ਇਕ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪਿਛਲੇ ਦਿਨੀਂ ਪਿੰਡ ਮਜਾਰਾ ਨੌ ਆਬਾਦ ਦੇ ਪਾਵਨ ਅਸਥਾਨ ਰਸੋਖਾਨਾ ਸ੍ਰੀ ਨਾਭ ਕਮਲ ਰਾਜਾ ਸਾਹਿਬ (ਜ਼ਿਲ੍ਹਾ ਐਸ.ਬੀ.ਐਸ. ਨਗਰ) ਤੋਂ ਕੁਝ ਸਤਿਕਾਰਤ ਸਰੂਪ ਮਿਲਣ ਦੀ ਬੇਬੁਨਿਆਦ ਅਤੇ ਝੂਠੀ ਅਫ਼ਵਾਹ ਉਡਾ ਕੇ ਨਾ ਸਿਰਫ਼ ਆਪਣੇ ਆਪ ਦਾ ਕੋਝਾ ਮਜ਼ਾਕ ਉਡਵਾਇਆ ਹੈ, ਬਲਕਿ ਇਹ ਅਤਿ ਦਰਜੇ ਦੀ ਹੋਛੀ ਅਤੇ ਨੀਵੀਂ ਰਾਜਨੀਤੀ ਵਾਲੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਕਦਰ ਸਰੂਪਾਂ ਦਾ ਲਾਪਤਾ ਹੋਣਾ ਮੰਦਭਾਗਾ ਹੈ ਪ੍ਰੰਤੂ ਇਸ ਮੁੱਦੇ 'ਤੇ ਕਿਸੇ ਵੀ ਧਿਰ ਨੂੰ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## ਸਿੰਘ ਸਾਹਿਬ ਜਥੇ. ਟੇਕ ਸਿੰਘ ਧਨੌਲਾ ਪਿੰਡ ਠੀਕਰੀਵਾਲਾ ਪਹੁੰਚੇ, ਪਿੰਡ ਵਾਸੀਆਂ ਨਾਲ ਕੀਤੀ ਗੱਲਬਾਤ

ਮਹਿਲ ਕਲਾਂ: ਇਤਿਹਾਸਕ ਪਿੰਡ ਠੀਕਰੀਵਾਲਾ ( ਬਰਨਾਲਾ) ਵਿਖੇ ਬੀਤੇ ਦਿਨ 19 ਜਨਵਰੀ ਨੂੰ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ 'ਚ ਪੁਲਿਸ ਵਲੋਂ ਅਜੇ ਤੱਕ ਵੀ ਮੁੱਖ ਦੋਸ਼ੀਆਂ ਨੂੰ ਨਾ ਫੜੇ ਜਾਣ 'ਤੇ ਪਿੰਡ ਵਾਸੀਆਂ 'ਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮਾਮਲੇ ਸਬੰਧੀ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਟੇਕ ਸਿੰਘ ਧਨੌਲਾ ਨੇ ਪਿੰਡ ਠੀਕਰੀਵਾਲਾ ਪਹੁੰਚ ਕੇ ਇਸ ਦੁਖਦਾਈ



ਘਟਨਾ 'ਤੇ ਦੁਖ ਪ੍ਰਗਟ ਕਰਦਿਆਂ ਗੁਰਦੁਆਰਾ ਕਮੇਟੀ ਦੇ ਆਗੂਆਂ ਨਾਲ ਗੱਲਬਾਤ ਕੀਤੀ। ਆਗੂਆਂ ਨੇ ਪੁਲਿਸ ਨੂੰ ਦੋ ਦਿਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਪੁਲਿਸ ਨੇ ਸਮੇਂ ਅੰਦਰ ਮੁੱਖ ਦੋਸ਼ੀ ਨਾ ਫੜੇ ਤਾਂ ਸ਼ੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਵੈਦਰਜ਼ਫੀਲਡ 'ਚ ਪ੍ਰਵਾਸੀ ਯੋਜਨਾ ਵਿਰੁੱਧ ਹੰਗਾਮਾ, ਪੁਲਿਸ ਨਾਲ ਝੜਪਾਂ




ਲੈਸਟਰ (ਇੰਗਲੈਂਡ) : ਇੰਗਲੈਂਡ ਦੀ ਐਸੈਕਸ ਕਾਊਂਟੀ 'ਚ ਸਥਿਤ ਸ਼ਾਂਤ ਤੇ ਪੇਂਡੂ ਇਲਾਕਾ ਵੈਦਰਜ਼ਫੀਲਡ, ਜੋ ਆਮ ਤੌਰ 'ਤੇ ਆਪਣੀ ਘੱਟ ਆਬਾਦੀ, ਹਰੇ-ਭਰੇ ਖੇਤਰਾਂ ਤੇ ਸਥਿਰ ਜੀਵਨ ਸ਼ੈਲੀ ਲਈ ਜਾਣਿਆ ਜਾਂਦਾ ਹੈ, ਹਾਲ ਹੀ 'ਚ ਉਸ ਵੇਲੇ ਚਰਚਾ ਦਾ ਕੇਂਦਰ ਬਣ ਗਿਆ ਜਦੋਂ ਇੱਥੇ ਪ੍ਰਵਾਸੀਆਂ ਨੂੰ ਠਹਿਰਾਉਣ ਦੀ ਸਰਕਾਰੀ ਯੋਜਨਾ ਦੇ ਵਿਰੋਧ 'ਚ ਭਾਰੀ ਪ੍ਰਦਰਸ਼ਨ ਹੋਏ। ਇਲਾਕੇ 'ਚ ਸਥਿਤ ਪੁਰਾਣੀਆਂ ਫੌਜੀ ਬੈਰਕਾਂ ਨੂੰ ਲਗਭਗ 600 ਪ੍ਰਵਾਸੀਆਂ ਦੀ ਅਸਥਾਈ ਰਹਾਇਸ਼ ਲਈ ਵਰਤਣ ਦੇ ਫ਼ੈਸਲੇ ਨੇ ਸਥਾਨਕ ਲੋਕਾਂ 'ਚ ਰੋਸ ਪੈਦਾ ਕਰ ਦਿੱਤਾ। ਵੈਦਰਜ਼ਫੀਲਡ ਦੇ ਨੇੜੇ ਸਥਿਤ ਇਹ ਬੈਰਕਾਂ ਕਦੇ ਰਾਇਲ ਏਅਰ ਫੋਰਸ ਦੇ ਹਵਾਈ ਅੱਡੇ ਵਜੋਂ ਵਰਤੀਆਂ ਜਾਂਦੀਆਂ ਸਨ, ਪਰ ਕਈ ਸਾਲਾਂ ਤੋਂ ਇਹ ਢਾਂਚੇ ਵਰਤੋਂ ਤੋਂ ਬਾਹਰ ਪਏ ਹਨ। ਇਨ੍ਹਾਂ ਬੈਰਕਾਂ ਦੇ ਆਲੇ-ਦੁਆਲੇ ਪੇਂਡੂ ਬਸਤੀਆਂ, ਖੇਤੀਬਾੜੀ ਜ਼ਮੀਨਾਂ ਤੇ ਘੱਟ ਸਹੂਲਤਾਂ ਮੌਜੂਦ ਹਨ, ਜਿਸ ਕਾਰਨ ਸਥਾਨਕ ਵਸਨੀਕਾਂ ਦਾ ਮੰਨਣਾ ਹੈ ਕਿ ਇੰਨੀ ਵੱਡੀ ਗਿਣਤੀ 'ਚ ਪ੍ਰਵਾਸੀਆਂ ਦੀ ਆਮਦ ਨਾਲ ਇਲਾਕੇ ਦੇ ਢਾਂਚੇ ਤੇ ਸੁਰੱਖਿਆ 'ਤੇ ਦਬਾਅ ਪੈ ਸਕਦਾ ਹੈ। ਇਸ ਯੋਜਨਾ ਦੇ ਵਿਰੋਧ 'ਚ ਸੈਂਕੜਿਆਂ ਲੋਕਾਂ ਵੱਲੋਂ ਬੈਰਕਾਂ ਦੇ ਨੇੜੇ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਨਾਅਰੇਬਾਜ਼ੀ ਹੋਈ ਤੇ ਜਦੋਂ ਪੁਲਿਸ ਵੱਲੋਂ ਭੀੜ ਨੂੰ ਅੱਗੇ ਵਧਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਹਾਲਾਤ ਤਣਾਅਪੂਰਨ ਹੋ ਗਏ। ਕਈ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਦਰਮਿਆਨ ਝੜਪਾਂ ਹੋਈਆਂ, ਜਿਸ ਕਾਰਨ ਇਲਾਕੇ 'ਚ ਵੱਡੀ ਗਿਣਤੀ 'ਚ ਪੁਲਿਸ ਬਲ ਤਾਇਨਾਤ ਕਰਨਾ ਪਿਆ। ਪੁਲਿਸ ਨੇ ਸੁਰੱਖਿਆ ਦੇ ਮੱਦੇਨਜ਼ਰ ਬੈਰਕਾਂ ਦੇ ਆਲੇ-ਦੁਆਲੇ ਸੜਕਾਂ 'ਤੇ ਆਵਾਜਾਈ ਰੋਕ ਦਿੱਤੀ ਤੇ ਕਈ ਘੰਟਿਆਂ ਤੱਕ ਇਲਾਕਾ ਪੁਲਿਸ ਛਾਵਣੀ 'ਚ ਤਬਦੀਲ ਰਿਹਾ। ਹਾਲਾਂਕਿ ਕਿਸੇ ਵੱਡੇ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ, ਪਰ ਘਟਨਾ ਨੇ ਵੈਦਰਜ਼ਫੀਲਡ ਵਰਗੇ ਸ਼ਾਂਤ ਇਲਾਕੇ 'ਚ ਡਰ ਤੇ ਅਣਸ਼ਚਿਤਤਾ ਦਾ ਮਾਹੌਲ ਪੈਦਾ ਕਰ ਦਿੱਤਾ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਵੈਦਰਜ਼ਫੀਲਡ ਇੱਕ ਛੋਟਾ ਅਤੇ ਪੇਂਡੂ ਇਲਾਕਾ ਹੈ, ਜਿੱਥੇ ਸਿਹਤ, ਆਵਾਜਾਈ ਅਤੇ ਸੁਰੱਖਿਆ ਵਰਗੀਆਂ ਸੁਵਿਧਾਵਾਂ ਸੀਮਿਤ ਹਨ। ਉਨ੍ਹਾਂ ਅਨੁਸਾਰ ਸਰਕਾਰ ਵੱਲੋਂ ਇਹ ਫ਼ੈਸਲਾ ਸਥਾਨਕ ਭਾਈਚਾਰੇ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਲਿਆ ਗਿਆ ਹੈ। ਦੂਜੇ ਪਾਸੇ ਸਰਕਾਰੀ ਧਿਰਾਂ ਦਾ ਕਹਿਣਾ ਹੈ ਕਿ ਪ੍ਰਵਾਸੀਆਂ ਲਈ ਰਹਾਇਸ਼ ਉਪਲਬਧ ਕਰਵਾਉਣਾ ਮਨੁੱਖੀ ਜ਼ਿੰਮੇਵਾਰੀ ਹੈ ਤੇ ਇਲਾਕੇ ਦੀ ਸੁਰੱਖਿਆ ਲਈ ਲੋੜੀਂਦੇ ਇੰਤਜ਼ਾਮ ਕੀਤੇ ਜਾਣਗੇ। ਇਸ ਮਾਮਲੇ ਤੋਂ ਬਾਅਦ ਵੈਦਰਜ਼ਫੀਲਡ ਤੇ ਆਸ-ਪਾਸ ਦੇ ਇਲਾਕਿਆਂ 'ਚ ਪੁਲਿਸ ਗਸ਼ਤ ਵਧਾ ਦਿੱਤੀ ਗਈ ਹੈ ਤੇ ਪ੍ਰਸ਼ਾਸਨ ਵੱਲੋਂ ਹਾਲਾਤ 'ਤੇ ਨਜ਼ਦੀਕੀ ਨਿਗਰਾਨੀ ਰੱਖੀ ਜਾ ਰਹੀ ਹੈ। ਸਿਆਸੀ ਤੇ ਸਮਾਜਿਕ ਵਰਗਾਂ ਵੱਲੋਂ ਵੀ ਇਸ ਮਸਲੇ 'ਤੇ ਤਿੱਖੀਆਂ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ ਤੇ ਆਉਣ ਵਾਲੇ ਦਿਨਾਂ 'ਚ ਇਹ ਮੁੱਦਾ ਬ੍ਰਿਟੇਨ ਦੀ ਰਾਜਨੀਤੀ 'ਚ ਹੋਰ ਗਰਮਾਉਣ ਦੀ ਸੰਭਾਵਨਾ ਹੈ।


ਆਜ਼ਾਦ ਭਾਰਤ ਦੇਸ਼ ਦੇ ਸਮੂਹ ਵਾਸੀਆਂ ਨੂੰ
ਗਣਤੰਤਰ ਦਿਵਸ ਮੁਬਾਰਕ
ਅਜ਼ਾਦੀ ਦੇ
77ਵੇਂ ਵਰ੍ਹੇ ਦੀ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਹਰ ਕੰਮ ਨੂੰ ਅੱਗੇ ਹੋ ਕੇ ਕਰਨ ਵਾਲੇ ਸਮਾਜ ਸੇਵਕ, ਨਿੱਘੇ ਸੁਭਾਅ ਦੇ ਮਾਲਕ, ਇੰਡੀਅਨ ਕਮਿਊਨਿਟੀ ਦੇ ਆਗੂ, ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ ਮਾਂ ਦੁਰਗਾ ਪਰਿਵਾਰ ਸਾਬਕਾ ਪ੍ਰਧਾਨ ਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ
ਸ੍ਰੀ ਰਾਜ ਭਨੋਟ

# 77ਵਾਂ ਗੰਣਤੰਤਰ ਦਿਵਸ ਅਤੇ ਸਿੱਖ





ਅੱਜ 77ਵੇਂ ਗੰਣਤੰਤਰ ਦਿਵਸ ਉਪਰ ਭਾਰਤ ਨਾਲ ਸਿੱਖਾਂ ਦੇ ਰਿਸ਼ਤੇ ਦੀ ਗੱਲ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਸ਼ਾ ਹੈ। ਸਿੱਖ ਕੌਮ ਦਾ ਭਾਰਤ ਦੇ ਇਤਿਹਾਸ, ਖਾਸਕਰ ਆਜ਼ਾਦੀ ਦੇ ਸੰਘਰਸ਼ ਅਤੇ ਉਸ ਤੋਂ ਬਾਅਦ ਦੇ ਹਾਲਾਤਾਂ ਨਾਲ ਗਹਿਰਾ ਅਤੇ ਦਰਦਨਾਕ ਰਿਸ਼ਤਾ ਰਿਹਾ 'ਗਣਤੰਤਰ ਦਿਵਸ ਦਾ ਦੂਜਾ ਪਹਿਲੂ—ਸਿੱਖਾਂ ਦੀਆਂ ਲਾਸਾਨੀ ਕੁਰਬਾਨੀਆਂ ਅਤੇ 'ਵਿਸ਼ਵਾਸਘਾਤ' ਦਾ ਇਤਿਹਾਸ—ਸਿੱਖਾਂ ਨੂੰ ਸੂਲ ਬਣਕੇ ਚੁਭਦਾ ਹੈ। ਭਾਵੇਂ ਕੋਈ ਸਿੱਖ ਇਸ ਉੱਪਰ ਬੋਲੇ ਜਾਂ ਚੁੱਪ ਰਹੇ, ਪਰ ਅੰਦਰ ਦਾ ਦਰਦ, 'ਜਿਉਂ-ਜਿਉਂ ਵਕਤ ਬੀਤਦਾ ਗਿਆ, ਪੀੜ ਵਧਦੀ ਗਈ' ਵਾਲੀ ਕਹਾਵਤ ਵਾਂਗ ਹੈ।' ਹਰ




ਸਾਲ 26 ਜਨਵਰੀ ਨੂੰ ਭਾਰਤ ਆਪਣਾ ਗਣਤੰਤਰ ਦਿਵਸ ਮਨਾਉਂਦਾ ਹੈ। ਇਹ ਦਿਨ ਸੰਵਿਧਾਨ ਦੇ ਲਾਗੂ ਹੋਣ ਦਾ ਪ੍ਰਤੀਕ ਹੈ, ਜੋ ਹਰ ਨਾਗਰਿਕ ਨੂੰ ਬਰਾਬਰੀ, ਨਿਆਂ ਅਤੇ ਆਜ਼ਾਦੀ ਦਾ ਵਾਅਦਾ ਕਰਦਾ ਹੈ। ਰਾਜਪਥ 'ਤੇ ਫੌਜੀ ਤਾਕਤ ਦਾ ਪ੍ਰਦਰਸ਼ਨ ਹੁੰਦਾ ਹੈ ਅਤੇ ਦੇਸ਼ ਭਗਤੀ ਦੇ ਗੀਤ ਗੂੰਜਦੇ ਹਨ। ਪਰ, ਭਾਰਤ ਦੇ ਇਸ ਲੋਕਤੰਤਰੀ ਢਾਂਚੇ ਵਿੱਚ ਇੱਕ ਕੌਮ ਅਜਿਹੀ ਹੈ ਜਿਸ ਲਈ ਇਹ ਦਿਨ ਸਿਰਫ਼ ਜਸ਼ਨ ਦਾ ਨਹੀਂ, ਸਗੋਂ ਡੂੰਘੇ ਆਤਮ-ਚਿੰਤਨ ਅਤੇ ਇਤਿਹਾਸਕ ਜ਼ਖ਼ਮਾਂ ਨੂੰ ਯਾਦ ਕਰਨ ਦਾ ਦਿਨ ਵੀ ਹੈ। ਉਹ ਕੌਮ ਹੈ—ਸਿੱਖ ਕੌਮ।

ਸਿੱਖਾਂ ਲਈ ਗਣਤੰਤਰ ਦਾ ਅਰਥ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਅਤੇ ਬਦਲੇ ਵਿੱਚ ਮਿਲੇ ਲਗਾਤਾਰ ਧੋਖਿਆਂ ਦੀ ਦਾਸਤਾਨ ਦੇ ਵਿਚਕਾਰ ਕਿਤੇ ਅਟਕਿਆ ਹੋਇਆ ਹੈ।

ਆਜ਼ਾਦੀ ਦੀ ਨੀਂਹ ਵਿੱਚ ਸਿੱਖਾਂ ਦਾ ਲਹੂ, ਇਤਿਹਾਸ ਗਵਾਹ ਹੈ ਕਿ ਜੇਕਰ ਅੱਜ ਭਾਰਤ ਇੱਕ ਆਜ਼ਾਦ ਗਣਰਾਜ ਹੈ, ਤਾਂ ਇਸਦੀ ਨੀਂਹ ਵਿੱਚ ਸਭ ਤੋਂ ਵੱਧ ਲਹੂ ਸਿੱਖਾਂ ਦਾ ਵਗਿਆ ਹੈ। ਭਾਰਤ ਦੀ ਕੁੱਲ ਆਬਾਦੀ ਦਾ ਮਹਿਜ਼ 2 ਪ੍ਰਤੀਸ਼ਤ ਹੁੰਦੇ ਹੋਏ ਵੀ, ਆਜ਼ਾਦੀ ਦੇ ਸੰਘਰਸ਼ ਵਿੱਚ ਸਿੱਖਾਂ ਦਾ ਯੋਗਦਾਨ 80 ਪ੍ਰਤੀਸ਼ਤ ਤੋਂ ਵੱਧ ਰਿਹਾ।

ਚਾਹੇ ਉਹ ਗਦਰੀ ਬਾਬਿਆਂ ਦਾ ਇਨਕਲਾਬ ਹੋਵੇ, ਜਲ੍ਹਿਆਂਵਾਲੇ ਬਾਗ ਦਾ ਸਾਕਾ ਹੋਵੇ, ਜਾਂ ਫਾਂਸੀ ਦੇ ਰੱਸਿਆਂ ਨੂੰ ਚੁੰਮਣ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਵਰਗੇ ਸੂਰਮੇ ਹੋਣ। ਕਾਲੇ ਪਾਣੀ (ਅੰਡੇਮਾਨ ਜੇਲ੍ਹ) ਦੀਆਂ ਸਖ਼ਤ ਸਜ਼ਾਵਾਂ ਭੁਗਤਣ ਵਾਲਿਆਂ ਵਿੱਚ ਬਹੁਗਿਣਤੀ ਪੰਜਾਬੀ ਸਿੱਖਾਂ ਦੀ ਸੀ। ਸਿੱਖਾਂ ਨੇ ਆਪਣੀਆਂ ਜ਼ਮੀਨਾਂ ਗਵਾਈਆਂ, ਘਰ-ਬਾਰ ਲੁੱਟੇ ਗਏ ਅਤੇ ਦੇਸ਼ ਦੀ ਵੰਡ ਦਾ ਸਭ ਤੋਂ ਭਿਆਨਕ ਸੰਤਾਪ ਵੀ ਆਪਣੇ ਪਿੰਡੇ 'ਤੇ ਹੰਢਾਇਆ, ਸਿਰਫ਼ ਇੱਕ ਆਜ਼ਾਦ ਭਾਰਤ ਦੇ ਸੁਪਨੇ ਲਈ।

**1947 ਦੇ ਵਾਅਦੇ ਅਤੇ ਪਹਿਲਾ ਵਿਸ਼ਵਾਸਘਾਤ**

1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ, ਤਾਂ ਸਿੱਖਾਂ ਕੋਲ ਪਾਕਿਸਤਾਨ ਜਾਣ ਜਾਂ ਵੱਖਰੇ ਰਾਜ ਦੀ ਮੰਗ ਕਰਨ ਦੇ ਵਿਕਲਪ ਸਨ। ਪਰ ਸਿੱਖ ਲੀਡਰਸ਼ਿਪ ਨੇ ਕਾਂਗਰਸੀ ਆਗੂਆਂ (ਪੰਡਿਤ ਨਹਿਰੂ ਅਤੇ ਮਹਾਤਮਾ ਗਾਂਧੀ) ਵੱਲੋਂ ਕੀਤੇ ਗਏ ਉਨ੍ਹਾਂ ਵਾਅਦਿਆਂ 'ਤੇ ਇਤਬਾਰ ਕੀਤਾ ਕਿ 'ਉੱਤਰ ਵਿੱਚ ਸਿੱਖਾਂ ਨੂੰ ਇੱਕ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣਗੇ।'

ਪਰ ਅਫ਼ਸੋਸ, ਆਜ਼ਾਦੀ ਦਾ ਸੂਰਜ ਚੜ੍ਹਦਿਆਂ ਹੀ ਇਹ ਵਾਅਦੇ ਹਵਾ ਹੋ ਗਏ। ਜਿਸ ਕੌਮ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ, ਉਸਨੂੰ ਆਜ਼ਾਦ ਭਾਰਤ ਵਿੱਚ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ। ਇੱਥੋਂ ਤੱਕ ਕਿ ਆਜ਼ਾਦੀ ਤੋਂ ਤੁਰੰਤ ਬਾਅਦ ਇੱਕ ਸਰਕਾਰੀ ਸਰਕੂਲਰ ਰਾਹੀਂ ਸਿੱਖਾਂ ਨੂੰ 'ਜਰਾਇਮ ਪੇਸ਼ਾ' (ਅਪਰਾਧੀ ਕੌਮ) ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਹ ਸਿੱਖਾਂ ਨਾਲ ਹੋਇਆ ਪਹਿਲਾ ਵੱਡਾ ਸੰਵਿਧਾਨਕ ਅਤੇ ਨੈਤਿਕ ਧੋਖਾ ਸੀ।

ਸੰਘਰਸ਼ਾਂ ਅਤੇ ਧੋਖਿਆਂ ਦੀ ਲੰਬੀ ਦਾਸਤਾਨ

ਗਣਤੰਤਰ ਬਣਨ ਤੋਂ ਬਾਅਦ ਵੀ ਸਿੱਖਾਂ ਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਨਾ ਪਿਆ। ਪੂਰੇ ਦੇਸ਼ ਵਿੱਚ ਭਾਸ਼ਾ ਦੇ ਆਧਾਰ 'ਤੇ ਸੂਬੇ ਬਣੇ, ਪਰ ਪੰਜਾਬੀ ਸੂਬੇ ਲਈ ਸਿੱਖਾਂ ਨੂੰ ਲੰਬਾ ਸੰਘਰਸ਼ ਕਰਨਾ ਪਿਆ ਅਤੇ ਜੇਲ੍ਹਾਂ ਭਰਨੀਆਂ ਪਈਆਂ। ਪੰਜਾਬ ਨੂੰ ਅੰਗਹੀਣ ਕਰਕੇ ਹਰਿਆਣਾ ਅਤੇ ਹਿਮਾਚਲ ਬਣਾਏ ਗਏ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਡਾਕਾ ਮਾਰਿਆ ਗਿਆ, ਜੋ ਕਿ ਰਿਪੇਰੀਅਨ ਕਾਨੂੰਨ (Riparian Law) ਦੇ ਤਹਿਤ ਪੰਜਾਬ ਦਾ ਹੱਕ ਸੀ। ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਅੱਜ ਤੱਕ ਨਹੀਂ ਮਿਲੀ।

1984: ਭਾਰਤੀ ਲੋਕਤੰਤਰ ਦੇ ਮੱਥੇ 'ਤੇ ਕਲੰਕ

ਸਿੱਖ ਇਤਿਹਾਸ ਅਤੇ ਭਾਰਤੀ ਗਣਤੰਤਰ ਦੇ ਰਿਸ਼ਤੇ ਵਿੱਚ ਸਭ ਤੋਂ ਕਾਲਾ ਅਧਿਆਏ 1984 ਹੈ। ਇਹ ਉਹ ਸਾਲ ਸੀ ਜਿਸਨੇ ਸਿੱਖ ਮਾਨਸਿਕਤਾ ਨੂੰ ਹਮੇਸ਼ਾ ਲਈ ਬਦਲ ਦਿੱਤਾ ਅਤੇ ਵਿਸ਼ਵਾਸਘਾਤ ਦੀ ਇਬਾਰਤ ਨੂੰ ਪੱਕਾ ਕਰ ਦਿੱਤਾ।

ਜੂਨ 1984 ਵਿੱਚ, ਆਪਣੀ ਹੀ ਸਰਕਾਰ ਦੁਆਰਾ ਸਿੱਖਾਂ ਦੇ ਸਰਵਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਫੌਜੀ ਹਮਲਾ (ਸਾਕਾ ਨੀਲਾ ਤਾਰਾ) ਕੀਤਾ ਗਿਆ। ਇਹ ਹਮਲਾ ਸਿਰਫ਼ ਇਮਾਰਤਾਂ 'ਤੇ ਨਹੀਂ, ਬਲਕਿ ਸਿੱਖੀ ਦੀ ਰੂਹ ਅਤੇ ਅਣਖ 'ਤੇ ਸੀ। ਹਜ਼ਾਰਾਂ ਬੇਗੁਨਾਹ ਸ਼ਰਧਾਲੂ ਮਾਰੇ ਗਏ।



ਉਸੇ ਸਾਲ ਨਵੰਬਰ ਵਿੱਚ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਪੂਰੇ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਰਕਾਰੀ ਸਰਪ੍ਰਸਤੀ ਹੇਠ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ (Genocide) ਕੀਤੀ ਗਈ। ਹਜ਼ਾਰਾਂ ਸਿੱਖਾਂ ਨੂੰ ਜਿਉਂਦਾ ਸਾੜਿਆ ਗਿਆ, ਗਲਾਂ ਵਿੱਚ ਟਾਇਰ ਪਾਏ ਗਏ। ਪੂਰੇ ਭਾਰਤ ਵਿੱਚ ਸਿੱਖ ਬੱਚੀਆਂ ਨਾਲ ਬਲਾਤਕਾਰ ਕੀਤੇ ਗਏ ਅਤੇ ਬਾਦ ਵਿੱਚ ਸਿੱਖ ਬੱਚੀਆਂ ਨੂੰ ਆਦਮਖੋਰਾਂ ਕੋਲ ਵੇਚ ਦਿੱਤਾ ਗਿਆ ਸ਼ਾਇਦ ਇਤਹਾਸ ਵਿੱਚ ਸਿੱਖਾਂ ਨਾਲ ਇਸ ਤਰ੍ਹਾਂ ਦਾ ਜ਼ੂਲਮ ਧਾੜਵੀ ਅਰਬ ਦੇ ਮੂਗਲਾ ਅਤੇ ਫਰੰਗੀਆਂ ਨੇ ਵੀ ਨਹੀ ਕੀਤਾ ਸੀ ਇਹ ਸਭ ਕੁਝ ਉਸੇ ਸੰਵਿਧਾਨ ਅਤੇ ਕਾਨੂੰਨ ਦੀ ਨੱਕ ਹੇਠ ਹੋਇਆ ਜਿਸਦਾ ਜਸ਼ਨ 26 ਜਨਵਰੀ ਨੂੰ ਮਨਾਇਆ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਚਾਰ ਦਹਾਕਿਆਂ ਬਾਅਦ ਵੀ ਪੀੜਤਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ।

**ਅੱਜ ਦਾ ਸੱਚ ਅਤੇ ਸਵੈ-ਚਿੰਤਨ ਦੀ ਲੋੜ**

ਅੱਜ ਜਦੋਂ ਅਸੀਂ ਗਣਤੰਤਰ ਦਿਵਸ ਮਨਾਉਂਦੇ ਹਾਂ, ਤਾਂ ਇੱਕ ਸਿੱਖ ਲਈ ਇਹ ਸਵਾਲ ਪੁੱਛਣਾ ਸੁਭਾਵਿਕ ਹੈ: ਕੀ ਇਹ ਉਹੀ ਗਣਤੰਤਰ ਹੈ ਜਿਸ ਲਈ ਸਾਡੇ ਪੁਰਖਿਆਂ ਨੇ ਫਾਂਸੀ ਦੇ ਰੱਸੇ ਚੁੰਮੇ ਸਨ?

ਸਿੱਖ ਅੱਜ ਵੀ ਦੇਸ਼ ਦੀਆਂ ਸਰਹੱਦਾਂ ਦੇ ਰਾਖੇ ਹਨ। ਜਦੋਂ ਵੀ ਦੇਸ਼ 'ਤੇ ਭੀੜ ਪੈਂਦੀ ਹੈ, ਚਾਹੇ ਉਹ ਜੰਗ ਹੋਵੇ ਜਾਂ ਕੁਦਰਤੀ ਆਫ਼ਤ, ਸਿੱਖ ਸਭ ਤੋਂ ਅੱਗੇ ਖੜ੍ਹੇ ਹੁੰਦੇ ਹਨ। ਪਰ ਬਦਲੇ ਵਿੱਚ ਉਨ੍ਹਾਂ ਨੂੰ ਕੀ ਮਿਲਦਾ ਹੈ? ਕਦੇ 'ਅੱਤਵਾਦੀ' ਅਤੇ ਕਦੇ 'ਵੱਖਵਾਦੀ' ਦੇ ਲੇਬਲ। ਅੱਜ ਵੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਗਣਤੰਤਰ ਦਿਵਸ ਸਿਰਫ਼ ਪਰੇਡਾਂ ਅਤੇ ਭਾਸ਼ਣਾਂ ਦਾ ਦਿਨ ਨਹੀਂ ਹੋਣਾ ਚਾਹੀਦਾ। ਇਹ ਭਾਰਤ ਲਈ ਆਤਮ-ਚਿੰਤਨ ਦਾ ਦਿਨ ਹੋਣਾ ਚਾਹੀਦਾ ਹੈ। ਇੱਕ ਸੱਚਾ ਗਣਤੰਤਰ ਉਦੋਂ ਹੀ ਸਫਲ ਮੰਨਿਆ ਜਾਵੇਗਾ ਜਦੋਂ ਉਸਦੇ ਸਭ ਤੋਂ ਵਫ਼ਾਦਾਰ ਅਤੇ ਕੁਰਬਾਨੀਆਂ ਵਾਲੇ ਹਿੱਸੇ ਨੂੰ ਬੇਗਾਨਗੀ ਅਤੇ ਧੋਖੇ ਦਾ ਅਹਿਸਾਸ ਨਾ ਹੋਵੇ। ਸਿੱਖਾਂ ਦਾ ਇਤਿਹਾਸ ਦੇਸ਼ ਲਈ ਮਰ ਮਿਟਣ ਦਾ ਰਿਹਾ ਹੈ, ਪਰ ਇਸ ਦੇਸ਼ ਦੀ ਹਕੂਮਤ ਦਾ ਇਤਿਹਾਸ ਸਿੱਖਾਂ ਨਾਲ ਵਾਰ-ਵਾਰ ਵਿਸ਼ਵਾਸਘਾਤ ਕਰਨ ਦਾ ਰਿਹਾ ਹੈ। ਜਿੰਨਾ ਚਿਰ 1984 ਦੇ ਜ਼ਖ਼ਮਾਂ 'ਤੇ ਇਨਸਾਫ਼ ਦੀ ਮਲ੍ਹਮ ਨਹੀਂ ਲੱਗਦੀ ਅਤੇ ਸਿੱਖਾਂ ਨਾਲ ਕੀਤੇ ਇਤਿਹਾਸਕ ਵਾਅਦੇ ਪੂਰੇ ਨਹੀਂ ਹੁੰਦੇ, ਉਦੋਂ ਤੱਕ ਗਣਤੰਤਰ ਦੇ ਮਾਇਨੇ ਇਸ ਬਹਾਦਰ ਕੌਮ ਲਈ ਅਧੂਰੇ ਹੀ ਰਹਿਣਗੇ।

**- ਸਤਨਾਮ ਸਿੰਘ ਖਾਲਸਾ**







## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ 'ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ 'ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:


ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ 'ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ 'ਬਹੁ-ਵਿਧਾਈ ਸਿਰਜਣਾ' ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੱਤਵਾਂ, ਇਨ੍ਹਾਂ ਵੱਖ-ਵੱਖ ਰੂਪਾਂ ਰਾਹੀਂ, ਅਮਰੀਕੀ ਪੰਜਾਬੀ ਸਾਹਿਤ ਮਹੱਤਵਪੂਰਨ ਸੱਭਿਆਚਾਰਕ ਕੰਮ ਕਰਦਾ ਹੈ। ਇਹ ਪੰਜਾਬ ਦੀਆਂ ਯਾਦਾਂ ਨੂੰ ਸੰਭਾਲਦਾ ਹੈ, ਪੰਜਾਬੀ ਭਾਸ਼ਾ ਨੂੰ ਜੀਵੰਤ ਰੱਖਦਾ ਹੈ ਅਤੇ ਗਲੋਬਲ ਸੰਦਰਭ ਵਿੱਚ ਕੌਮੀ ਪਹਿਚਾਣ ਨੂੰ ਨਵੀਂ ਵਿਆਖਿਆ ਦਿੰਦਾ ਹੈ। ਨਾਲ ਹੀ, ਇਹ ਪਰਵਾਸੀ ਹਾਲਾਤਾਂ ਵਿੱਚ ਜੰਮੇ ਨਵੇਂ ਵਿਸ਼ਿਆਂ, ਸੁਰਾਂ ਅਤੇ ਨਜ਼ਰੀਏ ਨੂੰ ਸਾਹਿਤ ਵਿੱਚ ਲਿਆ ਕੇ ਪੰਜਾਬੀ ਸਾਹਿਤ ਦੀਆਂ ਹੱਦਾਂ ਨੂੰ ਵੀ ਫੈਲਾਉਂਦਾ ਹੈ। ਇਸ ਤਰ੍ਹਾਂ ਅਜਿਹਾ ਸਾਹਿਤ ਪੈਦਾ ਹੁੰਦਾ ਹੈ ਜੋ ਇਕ ਪਾਸੇ ਸਥਾਨਕ ਹੈ, ਦੂਜੇ ਪਾਸੇ ਵਿਸ਼ਵ-ਵਿਆਪੀ; ਪੰਜਾਬੀ ਸੱਭਿਆਚਾਰਕ ਵਿਰਾਸਤ ਵਿੱਚ ਜੜਿਆ ਹੋਇਆ ਪਰ ਅਮਰੀਕੀ ਜੀਵਨ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਲਈ ਖੁੱਲ੍ਹਾ।


ਅੱਠਵਾਂ, ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਇਹ ਬਹੁ-ਵਿਧਾਈ ਬਣਤਰ ਰਿਵਾਇਤ ਦੀ ਤਾਕਤ ਅਤੇ ਨਵੇਂ ਸਮਾਜਿਕ ਅਨੁਕੂਲਨ ਦੀ ਗਤੀਸ਼ੀਲਤਾ ਨੂੰ ਬਰਾਬਰ ਪ੍ਰਗਟ ਕਰਦੀ ਹੈ। ਇਹ ਇਕ ਅਜਿਹੀ ਕੌਮ ਦੇ ਸੰਘਰਸ਼ਾਂ ਅਤੇ ਅਰਮਾਨਾਂ ਨੂੰ ਸਾਕਾਰ ਕਰਦੀ ਹੈ, ਜੋ ਆਪਣੀ ਮੂਲ-ਧਰਤੀ ਅਤੇ ਪਰਵਾਸ ਦਰਮਿਆਨ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਵਿਤਾ, ਗਲਪ, ਲੋਕ-ਯਾਦ ਅਤੇ ਕਥਾ-ਪ੍ਰਯੋਗਾਂ ਨੂੰ ਇਕੱਠਾ ਬੁਣ ਕੇ, ਇਹ ਸਾਹਿਤ ਸੱਭਿਆਚਾਰਕ ਲਗਾਤਾਰਤਾ ਨੂੰ ਸੰਭਾਲਦਾ ਹੈ ਤੇ ਮਾਈਗ੍ਰੇਸ਼ਨ ਦੀਆਂ ਜਟਿਲਤਾਵਾਂ ਨੂੰ ਦਰਸਾਉਂਦੇ ਨਵੇਂ ਮੁੱਲਾਂ ਦਾ ਪ੍ਰਗਟਾਵਾ ਕਰਦਾ ਹੈ।



ਅਮਰੀਕੀ ਪੰਜਾਬੀ ਸਾਹਿੱਤ ਵਿੱਚ ਬਹੁ-ਵਿਧਾਵੀ ਲੇਖਣ ਵਿਸ਼ੇਸ਼ ਰੂਪ ਵਿੱਚ ਉੱਭਰ ਰਿਹਾ ਹੈ। ਇਸ ਬਹੁ-ਵਿਧਾਵੀ ਲੇਖਣ ਪ੍ਰਕਿਰਿਆ ਦੀ ਵਿਲੱਖਣਤਾ ਇਹ ਹੈ ਕਿ ਉਹ ਇਕੋ ਵੇਲੇ ਸਾਹਿਤ ਦੇ ਦੋਵਾਂ ਰੂਪਾਂ ਜਿਵੇਂ ਨਜ਼ਮ ਤੇ ਨਸਰ ਵਿਚ ਪ੍ਰਚਲਤ ਹੈ। ਇਹ ਬਹੁ-ਵਿਧਾਈ ਰਚਨਾਕਾਰ ਭਿੰਨ ਭਿੰਨ ਰੂਪਾਕਾਰਾਂ ਵਿੱਚ ਸਮਾਨਾਂਤਰ ਰੂਪ ਵਿਚ ਰਚਨਾਵਾਂ ਕਰ ਰਹੇ ਹਨ ਅਤੇ ਘੱਟੋ ਘੱਟ ਤਿੰਨ ਰੂਪਾਕਾਰਾਂ ਨੂੰ ਇਕੋ ਵੇਲੇ ਜੇਕਰ ਬਰਾਬਰ ਦੀ ਪ੍ਰਬੀਨਤਾ ਨਾਲ ਨਾ ਵੀ ਸਹੀ ਪਰ ਆਪਣੀ ਆਪਣੀ ਸਮਰੱਥਾ ਅਨੁਸਾਰ ਸਫ਼ਲਤਾ ਨਾਲ ਨਿਭਾ ਰਹੇ ਹਨ। ਇਸ ਸਿਲਸਿਲੇ ਵਿਚ ਉਹ ਹਰ ਇਕ ਰੂਪਾਕਾਰ ਦੀ ਵਿਸ਼ੇਗਤ ਵਿਸ਼ੇਸ਼ਟਤਾ ਪ੍ਰਤਿ ਵੀ ਚੇਤੰਨ ਹਨ ਅਤੇ ਸ਼ਿਲਪੀ ਵਿਲੱਖਣਤਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਵੀ ਕਰਦੇ ਹਨ। ਇਹਨਾਂ ਰਚਨਾਕਾਰਾਂ ਦੀਆਂ ਰਚਨਾਵਾਂ ਰੂਪਾਕਾਰਕ ਸ਼ੈਲੀਆਂ ਕਾਰਨ ਬਹੁ-ਵਿਧਾਈ ਨਹੀਂ ਹਨ ਸਗੋਂ ਰੂਪਾਕਾਰਕ ਭਿੰਨਤਾਵਾਂ ਕਰਕੇ ਬਹੁ-ਵਿਧਾਵੀ ਹਨ। ਇਸੇ ਕਰਕੇ, ਇਹਨਾਂ ਰਚਨਾਕਾਰਾਂ ਦੀ ਵਿਚਾਰਧਾਰਕ ਪਹੁੰਚ, ਰਚਨਾ-ਦ੍ਰਿਸ਼ਟੀ ਅਤੇ ਅਰਥਾਂ ਦੀ ਸੁਰ ਤੇ ਵਿਉਂਤਕਾਰੀ ਦੀ ਜੁਗਤ ਉਨ੍ਹਾਂ ਦੀਆਂ ਭਿੰਨ ਭਿੰਨ ਵਿਧਾਵਾਂ ਵਿਚ ਕੀਤੀਆਂ ਗਈਆਂ ਰਚਨਾਵਾਂ ਨੂੰ ਵਿਰੋਧ ਦੇ ਨਹੀਂ ਸਗੋਂ ਸਾਂਝ ਦੇ ਸੂਤਰ ਵਿਚ ਬੰਨਦੀਆਂ ਹਨ। ਇਸ ਤਰ੍ਹਾਂ, ਅਮਰੀਕੀ ਪੰਜਾਬੀ ਪਰਵਾਸੀਆਂ ਦਾ ਇਹ ਸਾਹਿਤ ਸਿਰਫ਼ ਰਚਨਾਤਮਕ ਅਭਿਆਸ ਹੀ ਨਹੀਂ, ਸਗੋਂ ਜੀਵਨ ਮੁੱਲਾਂ ਦਾ ਬਚਾਅ ਤੇ ਆਪਣੀ ਪਹਿਚਾਣ ਦੇ ਸਭਿਆਚਾਰਕ ਨਵੀਨੀਕਰਨ ਦਾ ਜ਼ਰੀਆ ਹੈ।

(ਸਮਾਪਤ)

# ਸਿੱਖਿਆ ਦੇ ਕੌਮਾਂਤਰੀਕਰਨ ਦੀ ਚੁਣੌਤੀ




ਨਰਿੰਦਰ ਮੋਦੀ ਦੀ ਅਗਵਾਈ ਹੇਠ ਰਾਸ਼ਟਰੀ ਜਨਤੰਤਰਿਕ ਗੱਠਜੋੜ (ਐੱਨਡੀਏ) ਸਰਕਾਰ ਦੇ 12 ਸਾਲ ਪੂਰੇ ਹੋਣ ਵਾਲੇ ਹਨ। ਇਸ ਪੂਰੇ ਕਾਲਖੰਡ ਨੂੰ ਅਨੇਕ ਵਿਕਾਸਮੁਖੀ ਮਿਸ਼ਨਾਂ ਲਈ ਯਾਦ ਕੀਤਾ ਜਾਵੇਗਾ। ਇਸ ਵਿਚ ਅਨੇਕ ਪ੍ਰਸ਼ਾਸਕੀ ਸੁਧਾਰਾਂ ਦੇ ਕੰਮ ਮੁਕੰਮਲ ਕੀਤੇ ਗਏ। ਪੀਐੱਮ ਦਾ ਪ੍ਰਸ਼ਾਸਕੀ ਦਰਸ਼ਨ ਉਨ੍ਹਾਂ ਦੇ ਕੰਮਾਂ ਤੋਂ ਝਲਕ ਰਿਹਾ ਹੈ ਖ਼ਾਸ ਤੌਰ 'ਤੇ ਵਿਵਸਥਾ ਨੂੰ ਸਰਲ , ਸੁਲਭ ਅਤੇ ਅਸਰਦਾਰ ਬਣਾਉਣਾ, ਉਨ੍ਹਾਂ ਨੂੰ ਲਾਗੂ ਕਰਨਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਪ੍ਰਭਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਅਸਰਦਾਰ ਬਣਾਉਣ ਲਈ ਸਮੇਂ-ਸਮੇਂ 'ਤੇ ਉਨ੍ਹਾਂ ਵਿਚ ਸੁਧਾਰ ਕਰ ਕੇ ਨਵਾਂ ਰੂਪ ਦੇਣਾ ਪ੍ਰਧਾਨ ਮੰਤਰੀ ਦੀ ਪ੍ਰਸ਼ਾਸਕੀ ਕਾਰਜਸ਼ੈਲੀ ਦਾ ਮੂਲ ਤੱਤ ਹੈ।

ਅੱਜ ਇਸੇ ਸੁਚੱਜੀ ਨੀਤੀ ਨਿਰਮਾਣ ਪ੍ਰਕਿਰਿਆ ਕਾਰਨ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਵਿਕਸਤ ਭਾਰਤ ਦਾ ਮਿਸ਼ਨ ਇਸ ਟੀਚੇ ਦਾ ਆਧਾਰ ਤੱਤ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਵਿਕਾਸ-ਇਤਿਹਾਸ ਦੇ ਇਸ ਖ਼ਾਸ ਕਾਲਖੰਡ ਵਿਚ ਦੇਸ਼ ਨੇ ਵੱਡੇ ਸੁਪਨੇ ਦੇਖੇ ਹਨ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਵਿਕਾਸ ਦੇ ਇਸ ਇਤਿਹਾਸ ਵਿਚ ਭਾਰਤੀ ਸਿੱਖਿਆ ਦੇ ਇਨੋਵੇਸ਼ਨ ਵਾਲੇ ਪੱਖ ਦਾ ਹੀ ਇਕ ਵੱਡਾ ਯੋਗਦਾਨ ਹੈ। ਇਸੇ ਅਰਸੇ ਵਿਚ ਰਾਸ਼ਟਰੀ ਸਿੱਖਿਆ ਨੀਤੀ-2020 ਬਣੀ ਅਤੇ ਲਾਗੂ ਹੋਈ। ਹੁਣ ਉਸ ਨੂੰ ਲਾਗੂ ਹੋਇਆਂ ਪੰਜ ਸਾਲ ਹੋ ਚੁੱਕੇ ਹਨ। ਆਜ਼ਾਦ ਭਾਰਤ ਵਿਚ ਇਕ ਇਨੋਵੇਸ਼ਨ ਵਾਲੀ, ਰਚਨਾਤਮਕ ਅਤੇ ਗ਼ੈਰ-ਬਸਤੀਵਾਦੀ ਸਿੱਖਿਆ ਵਿਵਸਥਾ ਦੀ ਸ਼ੁਰੂਆਤ ਵੀ ਇਸੇ ਦੌਰ ਵਿਚ ਹੋਈ। ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਸਕੂਲੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤੱਕ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਦੀ ਲੜੀ ਵਿਚ ਅਨੇਕ ਉਪਰਾਲੇ ਕੀਤੇ ਹਨ। ਇਕ ਪਾਸੇ ਸਕੂਲੀ ਸਿੱਖਿਆ ਵਾਸਤੇ ਐੱਨਸੀਈਆਰਟੀ ਦੇ ਨਵੇਂ ਪਾਠਕ੍ਰਮ ਵਿਕਸਤ ਕੀਤੇ ਗਏ, ਤੇ ਦੂਜੇ ਪਾਸੇ ਕੇਂਦਰੀ ਵਿਦਿਆਲਿਆਂ ਅਤੇ ਨਵੋਦਿਆ ਵਿਦਿਆਲਿਆਂ ਵਰਗੇ ਸਰਕਾਰੀ ਸਕੂਲਾਂ ਦੇ ਨੈੱਟਵਰਕ ਦਾ ਵਿਕਾਸ , ਵਿਸਥਾਰ ਤੇ ਮਜ਼ਬੂਤੀ ਕੀਤੀ ਗਈ। ਇਸੇ ਕਾਲਖੰਡ ਵਿਚ ਭਾਰਤ ਵਿਚ ਸਕੂਲੀ ਸਿੱਖਿਆ ਦਾ ਵੱਡੇ ਪੱਧਰ 'ਤੇ ਵਿਸਥਾਰ ਸੰਭਵ

**-ਬਦਰੀ ਨਾਰਾਇਣ**

ਹੋ ਸਕਿਆ। ਦੂਰ-ਦਰਾਜ ਦੇ ਸਰਕਾਰੀ ਸਕੂਲਾਂ ਵਿਚ ਵੀ ਬੁਨਿਆਦੀ ਸੰਰਚਨਾ ਵਿਕਸਤ ਕੀਤੀ ਗਈ। ਇਸ ਦੇ ਨਾਲ ਹੀ ਵਿੱਦਿਅਕ ਗੁਣਵੱਤਾ ਵਧਾਉਣ ਵਾਸਤੇ ਨਿਗਰਾਨੀ ਦੀ ਪ੍ਰਕਿਰਿਆ ਨੂੰ ਜ਼ਿਆਦਾ ਅਸਰਦਾਰ ਬਣਾਇਆ ਗਿਆ ਹੈ। ਸਕੂਲਾਂ ਵਿਚ ਬਿਜਲੀ ਦੀ ਉਪਲਬਧਤਾ, ਕੰਪਿਊਟਰਾਂ ਅਤੇ ਡਿਜੀਟਲ ਸੋਮਿਆਂ ਦਾ ਵਿਸਥਾਰ, ਖੇਡ ਮੈਦਾਨਾਂ ਅਤੇ ਲਾਇਬ੍ਰੇਰੀਆਂ ਵਰਗੀਆਂ ਸਹੂਲਤਾਂ ਵਿਚ 2014 ਤੋਂ ਪਹਿਲਾਂ ਦੀ ਤੁਲਨਾ ਵਿਚ ਲਗਪਗ ਦੁੱਗਣਾ ਵਾਧਾ ਹੋਇਆ ਹੈ।

ਪ੍ਰਤੀ ਬੱਚੇ ਦੀ ਸਿੱਖਿਆ 'ਤੇ ਕੀਤੇ ਜਾਣ ਵਾਲੇ ਸਰਕਾਰੀ ਖ਼ਰਚੇ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਲਗਪਗ 130 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ। ਸਿੱਖਿਆ ਨੂੰ ਲਤਾੜੇ ਅਤੇ ਕਮਜ਼ੋਰ ਤਬਕਿਆਂ ਨੂੰ ਮਜ਼ਬੂਤ ਬਣਾਉਣ ਦੇ ਸਾਧਨ ਦੇ ਰੂਪ ਵਿਚ ਵਿਕਸਤ ਕਰਦੇ ਹੋਏ ਇਸ ਨਾਲ ਜੁੜੀਆਂ ਨੌਕਰੀਆਂ ਅਤੇ ਨਾਮਜ਼ਦਗੀਆਂ ਵਿਚ ਮਹਿਲਾਵਾਂ, ਦਿਵਿਆਂਗਾਂ, ਦਲਿਤਾਂ ਅਤੇ ਪੱਛੜੇ ਵਰਗਾਂ ਦੀ ਢੁੱਕਵੀਂ ਸਹਿਭਾਗਤਾ ਯਕੀਨੀ ਬਣਾਈ ਗਈ ਹੈ। ਸਕੂਲੀ ਸਿੱਖਿਆ ਵਿਚ ਭਾਰਤੀ ਭਾਸ਼ਾਵਾਂ ਨੂੰ ਵਿੱਦਿਅਕ-ਟਰੇਨਿੰਗ ਦਾ ਮਾਧਿਅਮ ਬਣਾਉਣ ਦੀ ਪ੍ਰਕਿਰਿਆ ਅੱਗੇ ਵਧ ਰਹੀ ਹੈ। ਤੇਈ ਭਾਸ਼ਾਵਾਂ ਵਿਚ ਸ਼ ?ਰੇਣੀ ਇਕ ਅਤੇ ਦੋ ਦੀਆਂ ਪਾਠ-ਪੁਸਤਕਾਂ ਉਪਲਬਧ ਕਰਵਾਈਆਂ ਜਾ ਚੁੱਕੀਆਂ ਹਨ। ਦੀਕਸ਼ਾ ਪਲੇਟਫਾਰਮ 'ਤੇ ਅਨੇਕ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਬਹੁ-ਭਾਸ਼ੀ ਸਮੱਗਰੀ ਉਪਲਬਧ ਹੈ। ਸੁਣਨ ਤੋਂ ਲਾਚਾਰ ਵਿਦਿਆਰਥੀਆਂ ਲਈ ਆਈਐੱਸਐੱਲ ਚੈਨਲ ਵੀ ਸ਼ੁਰੂ ਹੋਇਆ ਹੈ। ਇਸ ਤੋਂ ਇਲਾਵਾ ਮਾਤ-ਭਾਸ਼ਾ ਵਿਚ ਉੱਚ ਸਿੱਖਿਆ ਅਤੇ ਵਿਸ਼ੇਸ਼ ਰੂਪ ਨਾਲ ਮੈਡੀਕਲ ਅਤੇ ਇੰਜੀਨੀਅਰਿੰਗ ਵਿਚ ਪੜ੍ਹਾਈ ਦੇ ਯਤਨ ਕੀਤੇ ਗਏ ਹਨ। ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਸ਼ਬਦਾਂ ਵਿਚ, ਅੱਜ ਸਾਡੇ ਸਕੂਲ ਨਾ ਸਿਰਫ਼ ਗਿਆਨ ਬਲਕਿ ਕੌਸ਼ਲ ਦੇ ਕੇਂਦਰ ਬਣ ਚੁੱਕੇ ਹਨ।

ਗਿਆਨ, ਰਚਨਾਤਮਕਤਾ ਅਤੇ ਵਿਵਹਾਰ, ਤਿੰਨੋ ਮਿਲ ਕੇ ਸਕੂਲੀ ਸਿੱਖਿਆ ਨੂੰ ਨਵਾਂ ਸਰੂਪ ਦੇ ਰਹੇ ਹਨ। ਇਸ ਕਾਲਖੰਡ ਵਿਚ ਉੱਚ ਸਿੱਖਿਆ ਦੇ ਖੇਤਰ ਵਿਚ ਵੀ ਵਿਆਪਕ ਵਿਸਥਾਰ ਹੋਇਆ ਹੈ। ਸਮਾਜ ਦੇ ਦੂਰ-ਦੁਰਾਡੇ ਦੇ ਇਲਾਕਿਆਂ ਅਤੇ ਪੱਛੜੀ ਆਬਾਦੀ ਨੂੰ ਧਿਆਨ 'ਚ ਰੱਖ ਕੇ ਨਵੀਆਂ ਕੇਂਦਰੀ 'ਵਰਸਿਟੀਆਂ, ਆਈਆਈਟੀਜ਼ ਦੇ ਨਾਲ-ਨਾਲ ਆਈਆਈਐੱਮਜ਼ ਅਤੇ ਰਾਜ ਯੂਨੀਵਰਸਿਟੀਆਂ ਸਥਾਪਤ ਕੀਤੀਆਂ ਗਈਆਂ ਹਨ। ਉੱਚ ਸਿੱਖਿਆ ਨੂੰ ਸਮਾਜਿਕ ਨਿਆਂ ਅਤੇ ਸਮਾਵੇਸ਼ਨ ਦੇ ਮਜ਼ਬੂਤ ਮਾਧਿਅਮ ਦੇ ਰੂਪ ਵਿਚ ਵੀ ਵਿਕਸਤ ਕੀਤਾ ਗਿਆ ਹੈ। ਆਂਧਰ ਪ੍ਰਦੇਸ਼ ਵਿਚ ਦੋ ਜਨਜਾਤੀ ਯੂਨੀਵਰਸਿਟੀਆਂ ਦੀ ਸਥਾਪਨਾ ਅਤੇ ਓਡੀਸ਼ਾ ਦੇ ਸੰਬਲਪੁਰ ਵਿਚ ਆਈਆਈਐੱਮ ਦਾ ਖੁੱਲ੍ਹਣਾ ਇਸ ਦੀਆਂ ਮਿਸਾਲਾਂ ਹਨ। ਸੰਨ 2014 ਤੋਂ ਬਾਅਦ 11 ਕੇਂਦਰੀ ਯੂਨੀਵਰਸਿਟੀਆਂ, 14 ਆਈਆਈਐੱਮ ਅਤੇ ਸੱਤ ਨਵੇਂ ਆਈਆਈਟੀ ਸਥਾਪਤ ਕੀਤੇ ਗਏ ਹਨ। ਇਕ ਮਹੱਤਵਪੂਰਨ ਮਿਸ਼ਨ-ਭਾਰਤੀ ਸਿੱਖਿਆ ਦਾ ਕੌਮਾਂਤਰੀਕਰਨ ਵੀ ਇਸੇ ਕਾਲਖੰਡ ਵਿਚ ਆਰੰਭ ਹੋਇਆ ਹੈ।

ਇਸ ਤਹਿਤ ਭਾਰਤੀ ਸਿੱਖਿਆ ਸੰਸਥਾਵਾਂ ਜਿਵੇਂ ਕਿ ਆਈਆਈਟੀਜ਼, ਆਈਆਈਐੱਮਜ਼ ਅਤੇ ਡੀਮਡ ਯੂਨੀਵਰਸਿਟੀਆਂ ਵਿਦੇਸ਼ ਵਿਚ ਆਪਣੇ ਕੈਂਪਸ ਖੋਲ੍ਹ ਰਹੀਆਂ ਹਨ। ਇਸੇ ਦੇ ਨਾਲ ਵਿਸ਼ਵ ਦੀਆਂ ਸਿਰਕੱਢ ਯੂਨੀਵਰਸਿਟੀਆਂ ਵੀ ਭਾਰਤ ਵਿਚ ਆਪਣੇ ਕੈਂਪਸ ਜਾਂ ਕੌਮਾਂਤਰੀ ਦਫ਼ਤਰ ਖੋਲ੍ਹ ਰਹੀਆਂ ਹਨ। ਆਉਣ ਵਾਲੇ ਸਮੇਂ ਵਿਚ ਕਈ ਵਿਦੇਸ਼ੀ ਯੂਨੀਵਰਸਿਟੀਆਂ ਦੇ ਭਾਰਤ ਸਥਿਤ ਕੈਂਪਸਾਂ ਵਿਚ ਪੜ੍ਹਾਈ-ਲਿਖਾਈ ਦੇਖਣ ਨੂੰ ਮਿਲ ਸਕਦੀ ਹੈ। ਭਾਰਤ ਵਿਚ ਭਾਰਤੀ ਸਿੱਖਿਆ ਸੰਸਥਾਵਾਂ ਨੂੰ ਵਿਸ਼ਵ ਰੈਂਕਿੰਗ ਵਿਚ ਕਾਬਿਲੇ.ਗੌਰ ਸਥਾਨ ਪ੍ਰਾਪਤ ਹੋ ਰਹੇ ਹਨ। ਭਾਰਤੀ ਸਿੱਖਿਆ ਦੇ ਕੌਮਾਂਤਰੀਕਰਨ ਨਾਲ ਅਧਿਆਪਕਾਂ, ਵਿਦਿਆਰਥੀਆਂ ਅਤੇ ਸੰਸਥਾਵਾਂ ਨੂੰ ਅੰਤਰਰਾਸ਼ਟਰੀ ਮੰਚ ਮਿਲੇਗਾ ਅਤੇ ਵਿਦਿਆਰਥੀਆਂ ਨੂੰ ਭਾਰਤ ਵਿਚ ਰਹਿੰਦੇ ਹੋਏ ਹੀ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀਆਂ ਦਾ ਲਾਭ ਪ੍ਰਾਪਤ ਹੋਵੇਗਾ। ਇਸ ਨਾਲ ਗੁਣਵੱਤਾ ਆਧਾਰਤ ਮੁਕਾਬਲੇਬਾਜ਼ੀ ਵੀ ਉਤਪੰਨ ਹੋਵੇਗੀ। ਭਾਰਤੀ ਉੱਚ ਸਿੱਖਿਆ ਸੰਸਥਾਵਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਦੇ ਸਾਹਮਣੇ ਗੁਣਵੱਤਾ ਦੇ ਪੱਧਰ 'ਤੇ ਮੁਕਾਬਲੇਬਾਜ਼ੀ ਲਈ ਖ਼ੁਦ ਨੂੰ ਤਿਆਰ ਕਰਨਾ ਹੋਵੇਗਾ। ਇਸ ਵਾਸਤੇ ਵਿਸ਼ਵ ਪੱਧਰੀ ਖੋਜ, ਮਜ਼ਬੂਤ ਵਿਚਾਰਕ ਚਰਚਾ ਅਤੇ ਉੱਚ ਸਮਰੱਥਾ ਵਾਲੇ ਅਧਿਆਪਕਾਂ ਨਾਲ ਆਪਣੇ ਕੈਂਪਸਾਂ ਦੀ ਸ਼ਾਨ ਜ਼ਰੂਰ ਵਧਾਉਣੀ ਹੋਵੇਗੀ। ਭਾਰਤੀ ਖੋਜ-ਉਪਲਬਧੀਆਂ ਨੂੰ ਕੌਮਾਂਤਰੀ ਸੰਵਾਦ ਅਤੇ ਪ੍ਰਕਾਸ਼ਨਾਂ ਦੇ ਮਾਧਿਅਮ ਨਾਲ ਆਲਮੀ ਪੱਧਰ 'ਤੇ ਪਛਾਣ ਦਿਵਾਉਣੀ ਹੋਵੇਗੀ। ਅਸਲ ਵਿਚ ਭਾਰਤੀ ਸਿੱਖਿਆ ਦਾ ਕੌਮਾਂਤਰੀਕਰਨ ਇਸ ਸਭ ਵਾਸਤੇ ਇਕ ਅਹਿਮ ਸਮੂਹਿਕ ਮਿਸ਼ਨ ਹੋਣਾ ਚਾਹੀਦਾ ਹੈ। ਇਸ ਤਹਿਤ ਸਾਡਾ ਟੀਚਾ ਸਿੱਖਿਆ ਦੀ ਗੁਣਵੱਤਾ ਦੀ ਮਜ਼ਬੂਤੀ ਦੇ ਨਾਲ-ਨਾਲ ਭਾਰਤੀ ਵਿਕਾਸ ਦਾ ਇਕ ਆਲਮੀ ਬਿਰਤਾਂਤ ਰਚਣਾ ਵੀ ਹੋਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ਼ ਵਿਕਸਤ ਭਾਰਤ ਦਾ ਮਿਸ਼ਨ ਮਜ਼ਬੂਤ ਹੋਵੇਗਾ, ਬਲਕਿ ਆਲਮੀ ਪੱਧਰ 'ਤੇ ਭਾਰਤ ਦਾ ਪ੍ਰਭਾਵ ਵੀ ਵਧੇਗਾ। ਇਸ ਦਿਸ਼ਾ ਵਿਚ ਭਾਰਤੀ ਸਿੱਖਿਆ ਅਧਿਸ਼ਠਾਨ ਬਿੱਲ 2024 ਮਦਦਗਾਰ ਸਿੱਧ ਹੋਵੇਗਾ। ਇਸ ਦਾ ਮਕਸਦ ਖੋਜ ਅਤੇ ਸਿੱਖਿਆ ਨੂੰ ਭਵਿੱਖ ਦੀਆਂ ਚੁਣੌਤੀਆਂ ਅਨੁਸਾਰ ਸੰਗਠਿਤ ਕਰ ਕੇ ਵਿਸ਼ਵ ਪੱਧਰੀ ਬਣਾਉਣਾ ਹੈ। ਨਵੇਂ ਸਾਲ ਵਿਚ ਭਾਰਤੀ ਸਿੱਖਿਆ ਵਿਕਸਤ ਭਾਰਤ ਦੇ ਮਿਸ਼ਨ ਲਈ ਮਨ, ਮਾਨਸ ਅਤੇ ਦਿਮਾਗ ਨੂੰ ਸੁਚਾਰੂ ਬਣਾ ਸਕੇ-ਇਹੀ ਸਾਡਾ ਟੀਚਾ ਹੋਣਾ ਚਾਹੀਦਾ ਹੈ। ਭਾਵੇਂ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਸਰਕਾਰ ਬਹੁਤ ਹੱਥ-ਪੈਰ ਮਾਰ ਰਹੀ ਹੈ ਪਰ ਹਕੀਕਤ ਇਹ ਵੀ ਹੈ ਕਿ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਹਾਲੇ ਵੀ ਕਾਫ਼ੀ ਖ਼ਾਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਹੋਰ ਸੰਜੀਦਾ ਯਤਨ ਕੀਤੇ ਜਾਣੇ ਚਾਹੀਦੇ ਹਨ। ਬੱਚਿਆਂ ਦੇ ਅੱਧ-ਵਿਚਾਲੇ ਸਕੂਲ ਛੱਡਣ ਦੀ ਦਰ ਕਾਫ਼ੀ ਉੱਚੀ ਹੈ। ਇਸ ਦੇ ਕਾਰਨਾਂ ਵੱਲ ਧਿਆਨ ਦਿੰਦੇ ਹੋਏ ਉਹ ਦੂਰ ਕੀਤੇ ਜਾਣੇ ਚਾਹੀਦੇ ਹਨ। ਪ੍ਰਾਇਮਰੀ ਸਿੱਖਿਆ ਸੁਵਿਧਾਜਨਕ ਹੋਣੀ ਚਾਹੀਦੀ ਹੈ ਤੇ ਉੱਚ ਸਿੱਖਿਆ ਨੂੰ ਸਮੇਂ ਦੀ ਹਾਣ ਦੀ ਬਣਾਉਂਦੇ ਹੋਏ ਉਸ ਨੂੰ ਕਿੱਤਾਮੁਖੀ ਬਣਾਉਣਾ ਸਮੇਂ ਦੀ ਲੋੜ ਹੈ।

# ਦੁਨੀਆ ਨੂੰ ਅਰਾਜਕਤਾ 'ਚ ਝੋਕਦੇ ਟਰੰਪ

ਵੈਨੇਜ਼ੁਏਲਾ ਵਿਚ ਅਮਰੀਕਾ ਦੀ ਇਕਤਰਫਾ ਫ਼ੌਜੀ ਕਾਰਵਾਈ ਨੇ ਦੁਨੀਆ ਨੂੰ ਹੈਰਾਨ-ਪਰੇਸ਼ਾਨ ਕਰਨ ਦਾ ਕੰਮ ਕੀਤਾ ਹੈ। ਸ਼ਾਇਦ ਅਜਿਹਾ ਪਹਿਲੀ ਵਾਰ ਦੇਖਣ ਨੂੰ ਮਿਲਿਆ ਕਿ ਕਿਸੇ ਦੇਸ਼ ਦੇ ਰਾਸ਼ਟਰਪਤੀ ਨੂੰ ਉਨ੍ਹਾਂ ਦੀ ਪਤਨੀ ਸਮੇਤ ਉਨ੍ਹਾਂ ਦੇ ਆਵਾਸ ਤੋਂ ਚੁੱਕ ਕੇ ਅਗਵਾ ਕਰ ਲਿਆ ਗਿਆ। ਨਿਕੋਲਸ ਮਾਦੁਰੋ ਦੇ ਨਾਲ ਅਮਰੀਕਾ ਦੀ ਲੰਬੀ ਅਣਬਣ ਸੀ ਪਰ ਤਮਾਮ ਦੇਸ਼ਾਂ ਸਮੇਤ ਸੰਯੁਕਤ ਰਾਸ਼ਟਰ ਨੇ ਉਨ੍ਹਾਂ ਨੂੰ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦੇ ਤੌਰ 'ਤੇ ਮਾਨਤਾ ਦਿੱਤੀ ਹੋਈ ਸੀ।



ਭਾਰਤ ਵੀ ਅਜਿਹੇ ਦੇਸ਼ਾਂ ਵਿਚ ਸ਼ੁਮਾਰ ਰਿਹਾ ਹੈ। ਅਮਰੀਕਾ ਅਤੇ ਖ਼ਾਸ ਤੌਰ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਇਸ ਦਾਦਾਗਿਰੀ ਦੇ ਪੱਖ ਵਿਚ ਸੁਵਿਧਾਜਨਕ ਦਲੀਲਾਂ ਘੜੀਆਂ ਹਨ। ਮਾਦੁਰੋ 'ਤੇ ਅਮਰੀਕਾ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਹੱਲਾਸ਼ੇਰੀ ਦੇਣ ਦਾ ਦੋਸ਼ ਹੈ।

ਅਜਿਹਾ ਕੁਝ ਹੋਵੇ ਵੀ, ਪਰ ਇਸ ਨਾਲ ਕਿਸੇ ਤਾਕਤਵਰ ਮੁਲਕ ਨੂੰ ਇਹ ਗੁੰਜਾਇਸ਼ ਨਹੀਂ ਮਿਲ ਜਾਂਦੀ ਕਿ ਉਹ ਅਜਿਹੇ ਮੁਲਜ਼ਮ ਨੂੰ ਫੜਨ ਲਈ ਦੂਜੇ ਦੇਸ਼ ਵਿਚ ਫ਼ੌਜੀ ਛਾਪੇਮਾਰੀ ਵਾਲੀ ਕਾਰਵਾਈ ਕਰੇ। ਪਾਕਿਸਤਾਨ ਦੇ ਐਬਟਾਬਾਦ ਵਿਚ ਖ਼ੂੰਖਾਰ ਅੱਤਵਾਦੀ ਓਸਾਮਾ-ਬਿਨ-ਲਾਦੇਨ ਨੂੰ ਟਿਕਾਣੇ ਲਾਉਣ ਦੀ ਕਾਰਵਾਈ ਅਜਿਹੇ ਮਾਮਲਿਆਂ ਵਿਚ ਅਪਵਾਦ ਦੀ ਸ਼੍ਰੇਣੀ ਵਿਚ ਆਉਂਦੀ ਹੈ ਪਰ ਇਹੀ ਪੈਮਾਨਾ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਸਿਲੀਆ ਫਲੋਰੈਂਸ 'ਤੇ ਨਹੀਂ ਲਾਗੂ ਕੀਤਾ ਜਾ ਸਕਦਾ। ਬਦਲੇ ਹੋਏ ਹਾਲਾਤ ਵਿਚ ਵੈਨੇਜ਼ੁਏਲਾ ਦੀ ਉਪ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਅੰਤਰਿਮ ਰਾਸ਼ਟਰਪਤੀ ਦੇ ਰੂਪ ਵਿਚ ਕਾਰਜਭਾਰ ਸੰਭਾਲਿਆ ਹੈ। ਅਮਰੀਕਾ ਨੇ ਉਨ੍ਹਾਂ 'ਤੇ ਦਬਾਅ ਪਾਇਆ ਹੈ ਕਿ ਉਸ ਦੀ ਮਨਮਾਨੀ ਨੂੰ ਮੰਨਦੇ ਰਹਿਣ ਅਤੇ ਖ਼ਾਸ ਤੌਰ 'ਤੇ ਤੇਲ ਅਤੇ ਗੈਸ ਦੇ ਮਾਮਲੇ ਵਿਚ ਅਮਰੀਕੀ ਨਿਰਦੇਸ਼ਾਂ ਦੀ ਪਾਲਣਾ ਹੋਵੇ।

ਵੈਨੇਜ਼ੁਏਲਾ ਕੋਲ ਪੂਰੀ ਦੁਨੀਆ ਵਿਚ ਤੇਲ ਦਾ ਸਭ ਤੋਂ ਵੱਡਾ ਭੰਡਾਰ ਹੈ। ਟਰੰਪ ਇਸੇ ਭੰਡਾਰ 'ਤੇ ਨਿਯੰਤਰਣ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਕੇਵਲ ਅਮਰੀਕੀ ਅਤੇ ਚੋਣਵੀਆਂ ਯੂਰਪੀ ਕੰਪਨੀਆਂ ਹੀ ਇਸ ਦੱਖਣੀ ਅਮਰੀਕੀ ਦੇਸ਼ ਦੇ ਤੇਲ ਬਾਜ਼ਾਰ ਦੀ ਵੱਡੀ ਖੇਡ ਦੀਆਂ ਅਹਿਮ ਖਿਡਾਰੀ ਬਣੀਆਂ ਰਹਿਣ। ਉਨ੍ਹਾਂ ਨੇ ਇਹੀ ਸੰਕੇਤ ਦਿੱਤੇ ਹਨ ਕਿ ਉਹ ਰੂਸ ਅਤੇ ਚੀਨ ਨੂੰ ਵੈਨੇਜ਼ੁਏਲਾ ਵਿਚ ਕਿਸੇ ਵੀ ਭੂਮਿਕਾ ਤੋਂ ਬਾਹਰ ਰੱਖਣਾ ਚਾਹੁੰਦੇ ਹਨ। ਵੈਨੇਜ਼ੁਏਲਾ ਵਿਚ ਅਮਰੀਕਾ ਦੀ ਦਖ਼ਲਅੰਦਾਜ਼ੀ ਕੁਝ ਸਾਲ ਪਹਿਲਾਂ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਅਜਿਹੇ ਹੀ ਦਖ਼ਲ ਤੋਂ ਕਾਫ਼ੀ ਅਲੱਗ ਹੈ।

ਸਪਸ਼ਟ ਹੈ ਕਿ ਅਮਰੀਕਾ ਨੇ ਅਫ਼ਗਾਨਿਸਤਾਨ ਵਿਚ ਨਾਕਾਮੀ ਅਤੇ ਇਰਾਕ ਵਿਚ ਸਾਹਮਣੇ ਆਈਆਂ ਮੁਸ਼ਕਲਾਂ ਤੋਂ ਸਬਕ ਸਿੱਖਿਆ ਹੈ ਕਿ ਅਜਿਹੀਆਂ ਗ਼ਲਤੀਆਂ ਤੋਂ ਬਚਿਆ ਜਾਵੇ। ਅਮਰੀਕਾ ਨੇ ਤਾਲਿਬਾਨ ਅਤੇ ਅਲਕਾਇਦਾ ਵਿਰੁੱਧ ਫ਼ੌਜੀ ਕਾਰਵਾਈ ਕੀਤੀ। ਆਲਮੀ ਪੱਧਰ 'ਤੇ ਇਹ ਮਾਨਤਾ ਸੀ ਕਿ ਅਮਰੀਕਾ ਕੋਲ ਅਜਿਹਾ ਕਰਨ ਦਾ ਠੋਸ ਆਧਾਰ ਹੈ ਕਿਉਂਕਿ ਤਦ ਉਸ 'ਤੇ ਇਕ ਭਿਆਨਕ ਅੱਤਵਾਦੀ ਹਮਲਾ ਹੋਇਆ ਸੀ।

ਫ਼ੌਜੀ ਕਾਰਵਾਈ ਕਾਰਨ ਅਫ਼ਗਾਨਿਸਤਾਨ ਵਿਚ ਤਾਲਿਬਾਨ ਦਾ ਤਾਂ ਪਤਨ ਹੋ ਗਿਆ ਪਰ ਉਸ ਦੇ ਅਤੇ ਅਲਕਾਇਦਾ ਦੇ ਵੱਡੇ ਅੱਤਵਾਦੀ ਪਾਕਿਸਤਾਨ ਭੱਜਣ ਵਿਚ ਕਾਮਯਾਬ ਰਹੇ। ਤਾਲਿਬਾਨ ਨੇ ਪਾਕਿਸਤਾਨ ਦੇ ਸਮਰਥਨ ਨਾਲ ਅਫ਼ਗਾਨਿਸਤਾਨ ਵਿਚ ਆਕਾਰ ਲੈ ਰਹੀ ਨਵੀਂ ਵਿਵਸਥਾ ਵਿਰੁੱਧ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਵਿਵਸਥਾ ਅਮਰੀਕਾ ਅਤੇ ਨਾਟੋ ਦੀ ਸਹਾਇਤਾ ਨਾਲ ਹੀ ਸਥਾਪਤ ਹੋਈ ਸੀ।

ਅਫ਼ਗਾਨਿਸਤਾਨ ਵਿਚ ਸਥਿਰਤਾ ਵਾਸਤੇ ਸੰਯੁਕਤ ਰਾਸ਼ਟਰ ਨੇ ਵੀ ਤਦ ਇਕ ਕੌਮਾਂਤਰੀ ਬਲ ਦੇ ਗਠਨ ਦੀ ਆਗਿਆ ਦਿੱਤੀ ਸੀ। ਹਾਲਾਂਕਿ ਅਫ਼ਗਾਨਿਸਤਾਨ ਦੀ ਨਵੀਂ ਵਿਵਸਥਾ ਅਤੇ ਅਮਰੀਕਾ ਮਿਲ ਕੇ ਵੀ ਵਿਰੋਧੀਆਂ ਤੋਂ ਪਾਰ ਨਹੀਂ ਪਾ ਸਕੇ। ਇਸ ਦੌਰਾਨ ਲਗਪਗ 2,500 ਅਮਰੀਕੀ ਸੈਨਿਕਾਂ ਦੀ ਮੌਤ ਹੋਈ ਅਤੇ ਲਗਪਗ ਇਕ ਟ੍ਰਿਲੀਅਨ (ਲੱਖ ਕਰੋੜ) ਡਾਲਰ ਦਾ ਬੋਝ ਅਮਰੀਕੀ ਖ਼ਜ਼ਾਨੇ 'ਤੇ ਪੈ ਗਿਆ। ਅਖ਼ੀਰ ਟਰੰਪ ਨੇ ਕੌੜਾ ਘੁੱਟ ਭਰਦੇ ਹੋਏ ਤਾਲਿਬਾਨ ਨਾਲ ਇਕ ਸਮਝੌਤੇ 'ਤੇ ਸਹਿਮਤੀ ਬਣਾਈ। ਇਹ ਸਮਝੌਤਾ ਅਫ਼ਗਾਨਿਸਤਾਨ ਵਿਚ ਨਵੀਂ ਵਿਵਸਥਾ 'ਤੇ ਅਘਾਤ ਸਾਬਿਤ ਹੋਇਆ। ਅਮਰੀਕਾ ਨੇ ਅਫ਼ਗਾਨਿਸਤਾਨ ਤੋਂ ਫ਼ੌਜ ਵਾਪਸ ਸੱਦੀ ਤਾਂ ਅਗਸਤ 2021 ਵਿਚ ਤਾਲਿਬਾਨ

**ਵਿਵੇਕ ਕਾਟਜੂ**

ਫਿਰ ਕਾਬੁਲ ਦੀ ਸੱਤਾ 'ਤੇ ਕਾਬਜ਼ ਹੋ ਗਿਆ। ਯਾਨੀ ਵੀਹ ਸਾਲਾਂ ਦੇ ਅੰਤਰਾਲ ਵਿਚ ਵਕਤ ਦਾ ਪਹੀਆ ਓਥੇ ਹੀ ਪਰਤ ਆਇਆ ਜਿੱਥੋਂ ਚੱਲਿਆ ਸੀ।

ਇਰਾਕ ਦੀ ਗੱਲ ਕਰੀਏ ਤਾਂ ਉਸ 'ਤੇ ਤਬਾਹਕੁੰਨ ਹਥਿਆਰਾਂ ਦੀ ਆੜ ਵਿਚ ਹਮਲਾ ਕੀਤਾ ਗਿਆ। ਜਦਕਿ ਅਣ-ਐਲਾਨਿਆ ਮਕਸਦ ਸੱਦਾਮ ਹੁਸੈਨ ਅਤੇ ਉਨ੍ਹਾਂ ਦੇ ਬਾਥਿਸਟ ਸ਼ਾਸਨ ਨੂੰ ਸਮਾਪਤ ਕਰ ਕੇ ਇਕ 'ਲੋਕਤੰਤਰੀ ਸਰਕਾਰ' ਦੀ ਸਥਾਪਨਾ ਕਰਨਾ ਸੀ। ਅਮਰੀਕੀ ਫ਼ੌਜੀਆਂ ਨੇ ਸੱਦਾਮ ਹੁਸੈਨ ਨੂੰ ਫੜ ਲਿਆ। ਉਨ੍ਹਾਂ 'ਤੇ ਮੁਕੱਦਮਾ ਚੱਲਿਆ ਅਤੇ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਇਸ ਤੋਂ ਬਾਅਦ ਇਰਾਕ ਵਿਚ ਅਸਥਿਰਤਾ ਵਧਦੀ ਗਈ। ਅਮਰੀਕਾ ਨੂੰ ਇੱਥੇ ਵੀ ਆਪਣੇ ਦਖ਼ਲ ਦੀ ਭਾਰੀ ਕੀਮਤ ਅਦਾ ਕਰਨੀ ਪਈ। ਜਦ ਉਸ ਨੇ ਇਰਾਕ ਤੋਂ ਆਪਣੇ ਕਦਮ ਪਿੱਛੇ ਖਿੱਚੇ ਉਦੋਂ ਤੱਕ ਉਸ ਦੇ 4500 ਫ਼ੌਜੀਆਂ ਦੀ ਮੌਤ ਹੋ ਚੁੱਕੀ ਸੀ ਅਤੇ ਅਮਰੀਕਾ ਉੱਥੇ ਦੋ ਤੋਂ ਤਿੰਨ ਟ੍ਰਿਲੀਅਨ ਡਾਲਰ ਦਾ ਖ਼ਰਚਾ ਕਰ ਚੁੱਕਾ ਸੀ।

ਜਲਦ ਹੀ ਇਹ ਦੇਸ਼ ਆਈਐੱਸ ਵਰਗੇ ਅੱਤਵਾਦੀ ਸਮੂਹ ਦੀ ਗ੍ਰਿਫ਼ਤ ਵਿਚ ਆ ਗਿਆ ਅਤੇ ਅਮਰੀਕੀ ਦਖ਼ਲਅੰਦਾਜ਼ੀ ਦੇ ਕੋਈ ਸਾਰਥਕ ਨਤੀਜੇ ਨਹੀਂ ਨਿਕਲੇ। ਅਫ਼ਗਾਨਿਸਤਾਨ ਅਤੇ ਇਰਾਕ ਦੇ ਉਲਟ ਵੈਨੇਜ਼ੁਏਲਾ ਵਿਚ ਅਮਰੀਕੀ ਦਖ਼ਲਅੰਦਾਜ਼ੀ ਇਕਤਰਫ਼ਾ ਹੈ। ਉੱਥੇ ਜ਼ਮੀਨੀ ਪੱਧਰ 'ਤੇ ਸੈਨਿਕ ਭੇਜਣ ਦਾ ਟਰੰਪ ਦਾ ਵੀ ਕੋਈ ਇਰਾਦਾ ਨਹੀਂ ਹੈ। ਅਮਰੀਕਾ ਨੇ ਵੈਨੇਜ਼ੁਏਲਾ ਦੀ ਸਮੁੰਦਰੀ ਘੇਰਾਬੰਦੀ ਕਰ ਦਿੱਤੀ ਹੈ ਤਾਂ ਜੋ ਉੱਥੋਂ ਦੇ ਤੇਲ 'ਤੇ ਅਸਰਦਾਰ ਤਰੀਕੇ ਨਾਲ ਆਪਣਾ ਨਿਯੰਤਰਣ ਕੀਤਾ ਜਾ ਸਕੇ। ਇਸ ਪੂਰੀ ਕਵਾਇਦ ਵਿਚ ਇਕ ਹਵਾਈ ਮੁਹਿੰਮ ਹੀ ਕਾਫ਼ੀ ਸਾਬਿਤ ਹੋਈ ਅਤੇ ਟਰੰਪ ਨੇ ਖ਼ੁਦ ਕਿਹਾ ਕਿ ਦੂਜੀ ਕਿਸੇ ਵੀ ਮੁਹਿੰਮ ਦੀ ਜ਼ਰੂਰਤ ਹੀ ਨਹੀਂ ਹੈ। ਜਿਵੇਂ ਹੀ ਟਰੰਪ ਨੇ ਇਹ ਐਲਾਨ ਕੀਤਾ ਕਿ ਉੱਥੇ ਸੈਨਿਕ ਨਹੀਂ ਭੇਜੇ ਜਾਣਗੇ, ਤਿਵੇਂ ਹੀ ਤੈਅ ਹੋ ਗਿਆ ਕਿ ਉੱਥੋਂ ਦਾ ਸ਼ਾਸਨ ਮਾਦੁਰੋ ਦੇ ਸਹਿਯੋਗੀਆਂ ਦੁਆਰਾ ਹੀ ਚਲਾਇਆ ਜਾਵੇਗਾ ਜੋ ਕੁਝ ਹੋਰ ਨਹੀਂ, ਬਲਕਿ ਅਮਰੀਕਾ ਦੀ ਕਠਪੁਤਲੀ ਦੀ ਤਰ੍ਹਾਂ ਹੀ ਕੰਮ ਕਰਨਗੇ। ਇਸ ਤਰ੍ਹਾਂ ਕਿਸੇ ਰਸਮੀ ਐਲਾਨ ਦੇ ਬਿਨਾਂ ਹੀ ਵੈਨੇਜ਼ੁਏਲਾ ਅਸਰਦਾਰ ਤਰੀਕੇ ਨਾਲ ਅਮਰੀਕਾ ਦੀ ਇਕ ਬਸਤੀ ਬਣ ਜਾਵੇਗਾ।

ਜਿੱਥੇ ਇਰਾਕ ਅਤੇ ਅਫ਼ਗਾਨਿਸਤਾਨ ਵਿਚ ਅਮਰੀਕਾ ਨੇ ਆਪਣੇ ਫ਼ੌਜੀਆਂ ਨੂੰ ਮਰਵਾਇਆ, ਓਥੇ ਹੀ ਵੈਨੇਜ਼ੁਏਲਾ ਮੁਹਿੰਮ ਵਿਚ ਕਿਸੇ ਵੀ ਸੈਨਿਕ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ। ਅਫ਼ਗਾਨਿਸਤਾਨ ਅਤੇ ਇਰਾਕ 'ਤੇ ਲੱਖਾਂ ਕਰੋੜ ਡਾਲਰ ਖ਼ਰਚ ਕਰਨ ਦੇ ਉਲਟ ਵੈਨੇਜ਼ੁਏਲਾ ਤੋਂ ਅਮਰੀਕਾ ਨੂੰ ਸਿਰਫ਼ ਕਮਾਈ ਦੀ ਹੀ ਆਸ ਹੈ। ਇਸ ਉਮੀਦ ਨੂੰ ਅੱਗੇ ਤੋਰਦੇ ਹੋਏ ਟਰੰਪ 'ਅਮਰੀਕਾ ਫਸਟ' ਦੀ ਆਪਣੀ ਨੀਤੀ ਨੂੰ ਹੋਰ ਵਿਸਥਾਰ ਦਿੰਦੇ ਹੋਏ ਆਪਣੇ ਸਹਿਯੋਗੀ ਨਾਟੋ ਅਤੇ ਯੂਰਪੀ ਮੁਲਕਾਂ ਦੀ ਇੱਛਾ ਦੇ ਉਲਟ ਜਾ ਕੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀ ਗੱਲ ਵਾਰ-ਵਾਰ ਦੁਹਰਾਅ ਰਹੇ ਹਨ। ਇਹੀ ਨਹੀਂ, ਈਰਾਨ ਵਿਚ ਵੀ ਅਰਾਜਕਤਾ ਫੈਲਾ ਕੇ ਆਪਣੇ ਹਿੱਤਾਂ ਨੂੰ ਸੇਧਣਾ ਚਾਹੁੰਦੇ ਹਨ।

ਉਹ ਪੂਰੇ ਉੱਤਰੀ ਗੋਲਾਰਧ 'ਤੇ ਅਮਰੀਕਾ ਦਾ ਹੱਕ ਦੱਸ ਰਹੇ ਹਨ। ਟਰੰਪ ਨੇ ਕਿਹਾ ਹੈ ਕਿ ਜਿੱਥੇ ਵੀ ਅਮਰੀਕਾ ਦੇ ਹਿੱਤਾਂ ਦੀ ਗੱਲ ਆਵੇਗੀ, ਉੱਥੇ ਉਹ ਦਖ਼ਲ ਦੇਣਗੇ ਤੇ ਉਨ੍ਹਾਂ ਨੂੰ ਸਿਰਫ਼ ਉਹੀ ਰੋਕ ਸਕਦੇ ਹਨ, ਹੋਰ ਕੋਈ ਨਹੀਂ। ਟਰੰਪ ਦੀ ਇਹ ਸੋਚ ਸਮੁੱਚੇ ਵਿਸ਼ਵ ਲਈ ਖ਼ਤਰੇ ਦੀ ਘੰਟੀ ਹੈ। ਅਮਰੀਕਾ ਨੇ ਵੈਨੇਜ਼ੁਏਲਾ ਦੀ ਜੋ ਸਮੁੰਦਰੀ ਨਾਕੇਬੰਦੀ ਕੀਤੀ ਹੈ, ਉਹ ਉਸ ਦੀ ਅਰਥਵਿਵਸਥਾ ਨੂੰ ਬੇਦਮ ਕਰਨ ਲਈ ਕਾਫ਼ੀ ਹੈ। ਅਮਰੀਕੀ ਨਿਯੰਤਰਣ ਦਾ ਅਸਰ ਅਜਿਹਾ ਹੋ ਜਾਵੇਗਾ ਕਿ ਉੱਥੇ ਕੋਈ ਵੀ ਸਮੂਹ ਉਸ ਖ਼ਿਲਾਫ਼ ਜਾਣ ਦੀ ਜੁਰਅਤ ਨਹੀਂ ਕਰੇਗਾ। ਹਾਂ, ਅਮਰੀਕਾ ਦੇ ਸਹਿਯੋਗੀਆਂ ਤੋਂ ਲੈ ਕੇ ਵਿਰੋਧੀਆਂ ਤੱਕ ਇਸ ਨੂੰ ਲੈ ਕੇ ਜੋ ਚਾਹੇ ਸ਼ਿਕਾਇਤਾਂ ਕਰਦੇ ਰਹਿਣ ਪਰ ਉਸ ਦੇ ਹਿੱਤਾਂ ਵਿਰੁੱਧ ਕੋਈ ਕੁਝ ਨਹੀਂ ਕਰੇਗਾ। ਹੁਣ ਤਾਂ ਅਸਲ ਮੁੱਦਾ ਇਹੀ ਹੈ ਕਿ ਭਾਵੇਂ ਹੀ ਚੀਨ ਵਰਗੇ ਦੇਸ਼ ਕੋਲ ਅਮਰੀਕਾ ਵਰਗੀਆਂ ਅਸਾਧਾਰਨ ਫ਼ੌਜੀ ਕਾਬਲੀਅਤਾਂ ਨਾ ਹੋਣ ਪਰ ਕੀ ਉਹ ਅਮਰੀਕੀ ਨਕਸ਼ੇ-ਕਦਮ 'ਤੇ ਹੀ ਚੱਲਣ ਦੀ ਸੋਚੇਗਾ। ਜੇ ਅਜਿਹਾ ਹੁੰਦਾ ਹੈ ਤਾਂ ਦੁਨੀਆ ਵਿਚ ਅਰਾਜਕਤਾ ਵਧੇਗੀ। ਸ਼ਕਤੀਸ਼ਾਲੀ ਦੇਸ਼ ਆਪਣੀ ਸਹੂਲਤ ਨਾਲ ਕਮਜ਼ੋਰ ਦੇਸ਼ਾਂ 'ਤੇ ਭਾਰੂ ਹੁੰਦੇ ਜਾਣਗੇ।

# ਟਰੰਪ ਕਿਸ ਤਰ੍ਹਾਂ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਦਬਦਬਾ ਉਸ ਸਮੇਂ ਪੂਰੀ ਤਰ੍ਹਾਂ ਨਾਲ ਪ੍ਰਦਰਸ਼ਿਤ ਹੋਇਆ ਜਦੋਂ ਉਨ੍ਹਾਂ ਨੇ ਫਲੋਰੀਡਾ ਸਥਿਤ ਆਪਣੇ ਨਿਵਾਸ ਮਾਰ-ਏ-ਲਾਗੋ 'ਚ ਮੰਚ 'ਤੇ ਆ ਕੇ ਵੈਨੇਜ਼ੁਏਲਾ ਵਿਰੁੱਧ ਅਮਰੀਕੀ ਕਾਰਵਾਈ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਸਿਲੀਆ ਫਲੋਰੇਸ ਨੂੰ ਨਿਊਯਾਰਕ 'ਚ 'ਨਾਰਕੋ-ਅੱਤਵਾਦ' ਦੇ ਦੋਸ਼ਾਂ 'ਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਗ੍ਰਿਫਤਾਰ ਕਰਨਾ ਇਕ 'ਸ਼ਾਨਦਾਰ ਹਮਲਾ' ਸੀ। ਉਨ੍ਹਾਂ ਐਲਾਨ ਕੀਤਾ ਕਿ ਅਮਰੀਕਾ ਦੇਸ਼ ਦਾ 'ਸ਼ਾਸਨ' ਚਲਾਏਗਾ ਅਤੇ ਇਸ ਦੇ ਤੇਲ ਭੰਡਾਰ ਦੀ ਵਰਤੋਂ ਉਨ੍ਹਾਂ ਅਮਰੀਕੀ ਕੰਪਨੀਆਂ ਨੂੰ ਮੁਆਵਜ਼ਾ ਦੇਣ ਲਈ ਕਰੇਗਾ, ਜਿਸ ਦੇ ਨਿਗਮਾਂ ਦਾ ਲੱਗਭਗ ਦੋ ਦਹਾਕੇ ਪਹਿਲਾਂ ਰਾਸ਼ਟਰੀਕਰਨ ਕਰ ਦਿੱਤਾ ਗਿਆ ਸੀ।

ਕੀ ਵੈਨੇਜ਼ੁਏਲਾ 'ਚ ਅਮਰੀਕੀ ਫੌਜੀ ਕਾਰਵਾਈ ਅਸਲ 'ਚ ਨਸ਼ੀਲੇ ਪਦਾਰਥਾਂ ਨਾਲ ਜੁੜੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਸੀ। 2000 ਤੋਂ, ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਨਾਲ ਲੱਗਭਗ ਸਵਾ ਦਸ ਲੱਖ ਅਮਰੀਕੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ ਪਰ ਇਨ੍ਹਾਂ 'ਚੋਂ ਲੱਗਭਗ 69 ਫੀਸਦੀ ਮੌਤਾਂ ਫੈਂਟਾਨਿਲ ਕਾਰਨ ਹੋਈਆਂ, ਜਿਸ ਦੇ ਪਿਛਲੇ ਰਸਾਇਣ ਚੀਨ 'ਚ ਉਤਪਾਦਿਤ ਹੁੰਦੇ ਹਨ। ਵੈਨੇਜ਼ੁਏਲਾ ਅਮਰੀਕਾ 'ਚ ਕੋਕੀਨ ਦਾ ਇਕ ਮਾਮੂਲੀ ਸਰੋਤ ਹੈ। ਹਾਲਾਂਕਿ ਵੈਨੇਜ਼ੁਏਲਾ ਦੇ ਕੋਲ ਦੁਨੀਆ ਦਾ ਸਭ ਤੋਂ ਵੱਡਾ ਤੇਲ ਭੰਡਾਰ ਹੈ। ਟਰੰਪ ਦੇ ਇਸ ਐਲਾਨ ਤੋਂ ਬਾਅਦ ਕਿ ਅਮਰੀਕੀ ਤੇਲ ਕੰਪਨੀਆਂ, ਜੋ ਦੁਨੀਆ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਹਨ, ਹੁਣ ਦੱਖਣੀ ਅਮਰੀਕੀ ਦੇਸ਼ 'ਚ ਦਾਖਲ ਹੋਣਗੀਆਂ, ਉਨ੍ਹਾਂ ਦੇ ਇਰਾਦਿਆਂ ਦੀ ਹੋਰ ਪੁਸ਼ਟੀ ਦੀ ਕੋਈ ਲੋੜ ਨਹੀਂ ਰਹਿ ਗਈ ਹੈ।

**ਕੌਮਾਂਤਰੀ ਕਾਨੂੰਨ ਦੀ ਉਲੰਘਣਾ** : ਵੈਨੇਜ਼ੁਏਲਾ 'ਚ ਅਮਰੀਕਾ ਦੀ ਕਾਰਵਾਈ ਕੌਮਾਂਤਰੀ ਕਾਨੂੰਨ ਦੀ ਸਭ ਤੋਂ ਘੋਰ ਉਲੰਘਣਾ ਹੈ। ਇਸ ਗੱਲ 'ਤੇ ਜ਼ੋਰ ਦੇਣ ਦੀ ਸ਼ਾਇਦ ਹੀ ਜ਼ਰੂਰਤ ਹੈ ਕਿ ਇਸ ਕਾਰਵਾਈ ਨੇ ਸੰਯੁਕਤ ਰਾਸ਼ਟਰ ਚਾਰਟਰ ਦੀ ਮੂਲ ਧਾਰਾ 2(4) ਦੀ ਉਲੰਘਣਾ ਕੀਤੀ ਹੈ ਜੋ ਸੰਯੁਕਤ ਰਾਸ਼ਟਰ ਪ੍ਰੀਸ਼ਦ ਦੀ ਮਨਜ਼ੂਰੀ ਜਾਂ ਆਤਮਰੱਖਿਆ (ਧਾਰਾ 51) ਤੋਂ ਇਲਾਵਾ ਕਿਸੇ ਵੀ ਰਾਜ ਦੀ ਖੇਤਰੀ ਅਖੰਡਤਾ ਜਾਂ ਸਿਆਸੀ ਆਜ਼ਾਦੀ ਦੇ ਵਿਰੁੱਧ ਬਲ ਦੇ ਖਤਰੇ ਜਾਂ ਵਰਤੋਂ 'ਤੇ ਪਾਬੰਦੀ ਲਗਾਉਂਦੀ ਹੈ।

ਇਹ ਘਟਨਾ ਕੌਮਾਂਤਰੀ ਸੰਬੰਧਾਂ 'ਚ ਸ਼ਕਤੀ ਸੰਤੁਲਨ ਦੇ ਵਿਗੜਣ ਦਾ ਸੰਕੇਤ ਦਿੰਦੀ ਹੈ। ਮੂਲ ਰੂਪ ਨਾਲ ਕਈ ਦੇਸ਼ਾਂ ਵਿਚਾਲੇ ਸ਼ਾਂਤੀ ਬਣਾਈ ਰੱਖਣ ਲਈ ਯੂਰਪ ਵਲੋਂ ਬਣਾਈ ਇਸ ਵਿਵਸਥਾ 'ਚ 20ਵੀਂ ਸਦੀ 'ਚ ਮੁੱਢਲੀਆਂ ਤਬਦੀਲੀਆਂ ਹੋਈਆਂ। ਦੂਜੀ ਵਿਸ਼ਵ ਜੰਗ ਦੇ ਬਾਅਦ ਇਸ ਨੇ ਅਮਰੀਕਾ ਅਤੇ ਸੋਵੀਅਤ ਸੰਘ ਨੂੰ ਮੁੱਖ ਭੂਮਿਕਾ 'ਚ ਰੱਖਦੇ ਹੋਏ ਇਕ ਦੋ ਧਰੁਵੀ ਰਚਨਾ ਨੂੰ ਜਨਮ ਦਿੱਤਾ। ਇਸ ਦੌਰਾਨ ਕੋਈ ਵੀ ਦੇਸ਼ ਬੇਰੋਕ-ਟੋਕ ਸ਼ਕਤੀ ਦੀ ਵਰਤੋਂ ਨਹੀਂ ਕਰ

**ਥਾਮਸ ਮੈਥਿਊ**

ਸਕਿਆ। ਇਕ ਦੇਸ਼ ਦੂਜੇ ਨੂੰ ਸੰਤੁਲਿਤ ਕਰਦਾ ਰਿਹਾ, ਜਿਸ ਨਾਲ ਇਕ ਨਾਜ਼ੁਕ ਸ਼ਾਂਤੀ ਬਣੀ ਰਹੀ।

**ਸੱਤਾ ਦਾ ਸੰਤੁਲਨ** : ਵੈਨੇਜ਼ੁਏਲਾ 'ਤੇ ਹਮਲੇ ਨਾਲ ਦਸੰਬਰ 1971 'ਚ ਬੰਗਲਾਦੇਸ਼ ਜੰਗ ਦੌਰਾਨ ਭਾਰਤੀ ਉਪ ਮਹਾਦੀਪ 'ਚ ਸੱਤਾ ਦੇ ਸਮੀਕਰਣਾਂ ਦੀ ਯਾਦ ਆਉਂਦੀ ਹੈ। ਇਸ ਨੇ ਰਾਸ਼ਟਰਪਤੀ ਰਿਚਰਡ ਨਿਕਸਨ ਦੇ ਭਾਰਤ ਵਿਰੋਧੀ ਪ੍ਰਸ਼ਾਸਨ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ। ਜਦੋਂ ਵਾਸ਼ਿੰਗਟਨ ਨੇ ਨਵੀਂ ਦਿੱਲੀ ਨੂੰ ਡਰਾਉਣ ਅਤੇ ਆਤਮਸਮਰਪਣ ਕਰਾਉਣ ਲਈ ਅਮਰੀਕੀ ਸੱਤਵੇਂ ਬੇੜੇ ਦੀ ਟਾਸਕ ਫੋਰਸ ਟੀ. ਐੱਫ. 74 ਨੂੰ ਤਾਇਨਾਤ ਕੀਤਾ ਤਾਂ ਸੋਵੀਅਤ ਸੰਘ ਨੇ ਕਰੂਜ਼, ਤਬਾਹਕਾਰੀ ਅਤੇ ਪਣਡੁੱਬੀਆਂ ਦੀ ਜਵਾਬੀ ਤਾਇਨਾਤੀ ਕਰ ਕੇ ਖਤਰੇ ਨੂੰ ਬੇਅਸਰ ਕਰ ਦਿੱਤਾ। ਇਹ ਸ਼ਕਤੀ ਸੰਤੁਲਨ ਦੀ ਧਾਰਨਾ ਦੀ ਇਕ ਵਿਸ਼ੇਸ਼ ਉਦਾਹਰਣ ਦੇ ਰੂਪ 'ਚ ਇਕ ਮਹਾਸ਼ਕਤੀ ਵਲੋਂ ਦੂਜੀ ਮਹਾਸ਼ਕਤੀ ਦਾ ਵਿਰੋਧ ਸੀ।

ਇਸੇ ਤਰ੍ਹਾਂ ਜਦੋਂ 1973 'ਚ ਯੋਮ ਕਿਪੁਰ ਯੁੱਧ 'ਚ ਮਿਸਰ ਦੀ ਤੀਜੀ ਸੈਨਾ 'ਤੇ ਇਜ਼ਰਾਈਲ ਦੇ ਵੱਲੋਂ ਤਬਾਹੀ ਦਾ ਖਤਰਾ ਮੰਡਰਾਇਆ ਤਾਂ ਸੋਵੀਅਤ ਨੇਤਾ ਲਿਓਨਿਦ ਬ੍ਰੇਜ਼ਨੇਵ ਨੇ ਹਵਾਈ ਡਵੀਜ਼ਨਾਂ ਨੂੰ ਤਿਆਰ ਖੇਤਰਾਂ 'ਚ ਤਾਇਨਾਤ ਕੀਤਾ, ਕਿਉਂਕਿ ਮਿਸਰ ਮਾਸਕੋ ਦਾ ਕਰੀਬੀ ਸਹਿਯੋਗੀ ਸੀ। ਚਿੰਤਤ ਅਮਰੀਕਾ ਨੇ ਡੇਫਕਾਨ-3 (ਅਮਰੀਕਾ ਦੀ ਰੱਖਿਆ ਤਤਪਰਤਾ/ਖਤਰੇ ਦਾ ਅਲਰਟ) ਐਲਾਨ ਦਿੱਤਾ। ਇਜ਼ਰਾਈਲ ਨੇ ਆਤਮਸਮਰਪਣ ਕਰ ਦਿੱਤਾ ਅਤੇ ਸੋਵੀਅਤ ਚਿਤਾਵਨੀ ਨੇ ਮਿਸਰ ਦੀ ਸੈਨਾ ਨੂੰ ਬਚਾਅ ਲਿਆ।

ਹਾਲਾਂਕਿ, 1991 'ਚ ਸੋਵੀਅਤ ਸੰਘ ਦੇ ਪਤਨ ਦੇ ਨਾਲ ਦੁਨੀਆ ਨੇ ਅਮਰੀਕਾ ਵਲੋਂ ਸੱਤਾ ਦੀ ਅਨਕੰਟਰੋਲਡ ਦੁਰਵਰਤੋਂ ਨੂੰ ਚੁਣੌਤੀ ਦੇਣ ਦੇ ਸਮਰੱਥ ਇਕੋ-ਇਕ ਸ਼ਕਤੀ ਗੁਆ ਦਿੱਤੀ। ਇਸ ਤੋਂ ਉਤਸ਼ਾਹਿਤ ਹੋ ਕੇ ਵਾਸ਼ਿੰਗਟਨ ਨੇ ਅਗਾਊਂ ਨਿਵਾਰਕ (ਪ੍ਰੀ-ਐਂਪਟਿਵ) ਯੁੱਧ 'ਚ ਸ਼ਾਮਲ ਹੋਣ ਦਾ ਅਧਿਕਾਰ ਹਾਸਲ ਕਰ ਲਿਆ ਹੈ। ਇਸ ਨੇ ਪ੍ਰਤੱਖ ਕਾਰਵਾਈ ਅਤੇ ਸਮਰਥਿਤ ਅੰਦੋਲਨਾਂ ਰਾਹੀਂ ਇਰਾਕ, ਮਿਸਰ, ਲੀਬੀਆ ਅਤੇ ਸੀਰੀਆ 'ਚ ਸਰਕਾਰਾਂ ਨੂੰ ਉਖਾੜ ਦਿੱਤਾ ਹੈ।

ਨੇੜਲੇ ਭਵਿੱਖ 'ਚ ਸਿਰਫ ਚੀਨ ਹੀ ਅਮਰੀਕਾ ਪ੍ਰਤੀ ਸੰਤੁਲਨ ਦੇ ਰੂਪ 'ਚ ਉੱਭਰ ਸਕਦਾ ਹੈ। ਰੂਸ ਅਤੇ ਚੀਨ ਦੇ ਵਿਚਾਲੇ ਇਕ ਢਿੱਲਾ ਗੱਠਜੋੜ ਮੌਜੂਦਾ ਇਕ ਧਰੁਵੀ ਰਚਨਾ ਨੂੰ ਚੁਣੌਤੀ ਦੇ ਸਕਦਾ ਹੈ, ਹਾਲਾਂਕਿ ਪ੍ਰਮੁੱਖ ਸ਼ਕਤੀਆਂ ਵਿਚਾਲੇ ਮਤਭੇਦ ਇਕ ਸਥਾਈ ਸਾਂਝੇਦਾਰੀ ਨੂੰ ਰੋਕ ਸਕਦੇ ਹਨ।

ਅਮਰੀਕਾ ਨੇ ਇਕ ਵਾਰ ਫਿਰ ਭਾਰਤ ਦੇ ਸੁਰੱਖਿਆ ਹਿੱਤਾਂ ਪ੍ਰਤੀ ਆਪਣੀ ਅਸੰਵੇਦਨਸ਼ੀਲਤਾ ਸਾਬਿਤ ਕਰ ਦਿੱਤੀ ਹੈ। ਅਜਿਹੇ 'ਚ ਨਵੀਂ ਦਿੱਲੀ ਨੂੰ ਇਕ ਪ੍ਰਤੀਸੰਤੁਲਨਕਾਰੀ ਸ਼ਕਤੀ ਬਣਨ ਲਈ ਅਜੇ ਲੰਬਾ ਸਫਰ ਤੈਅ ਕਰਨਾ ਹੈ। ਉਸ ਨੂੰ ਆਪਣੇ ਫੌਜੀ ਉਦਯੋਗਿਕ ਕੰਪਲੈਕਸ ਦੇ ਨਿਰਮਾਣ ਅਤੇ ਰੱਖਿਆ ਨੂੰ ਮਜ਼ਬੂਤ ਕਰਨ ਲਈ ਇਕ ਕਲਪਨਾਸ਼ੀਲ ਅਤੇ ਲੀਕ ਤੋਂ ਹਟ ਕੇ ਰਣਨੀਤੀ ਵਿਕਸਿਤ ਕਰਨੀ ਹੋਵੇਗੀ।

# ਅਜੇ ਬੰਗਲਾਦੇਸ਼ ਭਾਰਤ ਲਈ ਬਣਿਆ ਰਹੇਗਾ ਦੂਜਾ ਪਾਕਿਸਤਾਨ

ਹਿੰਦੂਆਂ ਦੀ ਚੋਣਵੀਂ ਹੱਤਿਆ, ਹਿੰਦੂ ਔਰਤਾਂ ਨਾਲ ਜਬਰਜਨਾਹ ਤੇ ਪਾਕਿਸਤਾਨ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਟੀ-20 ਵਿਸ਼ਵ ਕੱਪ ਲਈ ਆਪਣੀ ਕ੍ਰਿਕਟ ਟੀਮ ਭਾਰਤ ਨਾ ਭੇਜਣ ਦਾ ਫ਼ੈਸਲਾ ਸਾਬਤ ਕਰਦਾ ਹੈ ਕਿ ਬੰਗਲਾਦੇਸ਼ ਪੂਰੀ ਤਰ੍ਹਾਂ ਭਾਰਤ ਲਈ ਦੂਜਾ ਪਾਕਿਸਤਾਨ ਬਣ ਗਿਆ ਹੈ ਅਤੇ ਇਸ ਤੋਂ ਲਗਦਾ ਹੈ ਕਿ ਆਉਣ ਵਾਲੀਆਂ ਚੋਣਾਂ ਤੋਂ ਬਾਅਦ ਵੀ ਸਥਿਤੀ 'ਚ ਕੋਈ ਖਾਸ ਬਦਲਾਅ ਨਹੀਂ ਆਵੇਗਾ। ਇਸ ਲਈ ਜ਼ਰੂਰੀ ਹੈ ਕਿ ਨਵੀਂ ਦਿੱਲੀ ਹੁਣ ਬੰਗਲਾਦੇਸ਼ ਪ੍ਰਤੀ ਆਪਣੇ ਰਵਾਇਤੀ ਦ੍ਰਿਸ਼ਟੀਕੋਣ ਨੂੰ ਬਦਲੇ। ਉਮੀਦ ਹੈ ਕਿ 20 ਫਰਵਰੀ 2026 ਤੱਕ ਬੰਗਲਾਦੇਸ਼ 'ਚ ਇਕ ਚੁਣੀ ਹੋਈ ਸਰਕਾਰ ਸੱਤਾ ਸੰਭਾਲ ਲਵੇਗੀ। ਇਹ ਚੋਣਾਂ ਬਹੁਤ ਪਹਿਲਾਂ ਹੋ ਜਾਣੀਆਂ ਚਾਹੀਦੀਆਂ ਸਨ, ਜਦੋਂ ਸ਼ੇਖ ਹਸੀਨਾ 2024 'ਚ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਅਸਤੀਫ਼ਾ ਦੇ ਕੇ ਭਾਰਤ ਭੱਜ ਆਈ ਸੀ ਤੇ ਮੁਹੰਮਦ ਯੂਨੁਸ ਦੀ ਅਗਵਾਈ ਵਿਚ ਬਣੀ ਅੰਤਰਿਮ ਸਰਕਾਰ ਵਲੋਂ 6 ਮਹੀਨਿਆਂ ਦੇ ਅੰਦਰ ਚੋਣਾਂ ਕਰਵਾਉਣ ਦਾ ਵਾਅਦਾ ਕੀਤਾ ਗਿਆ ਸੀ। ਸ਼ਾਇਦ ਇਸ ਦੇਰੀ ਨੇ ਬੰਗਲਾਦੇਸ਼ ਨੂੰ ਕੁਝ ਰਾਜਨੀਤਕ ਸਬਕ ਸਿਖਾਏ ਹੋਣ ਤੇ ਇਹ ਆਉਣ ਵਾਲੀਆਂ ਚੋਣਾਂ ਵਿਚ ਉਨ੍ਹਾਂ ਦੀ ਵਰਤੋਂ ਕਰ ਸਕਦਾ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਬੰਗਲਾਦੇਸ਼ ਤੇ ਉੱਥੋਂ ਦੇ ਲੋਕਾਂ 'ਤੇ ਸਭ ਤੋਂ ਵੱਧ ਪ੍ਰਭਾਵ ਪਏਗਾ, ਜਿਸ ਨੂੰ ਸਾਡੇ ਵਾਂਗ ਚੀਨ ਤੇ ਪਾਕਿਸਤਾਨ ਵੀ ਨੇੜਿਓਂ ਦੇਖ ਰਹੇ ਹਨ। ਹਰ ਕੋਈ ਚਾਹੁੰਦਾ ਹੈ ਕਿ ਬੰਗਲਾਦੇਸ਼ 'ਚ ਲੋਕਤੰਤਰ ਬਹਾਲ ਹੋ ਕੇ ਹਿੰਸਾ ਬੰਦ ਹੋਵੇ। ਅਸੀਂ ਇਕ ਸਥਿਰ ਸਰਕਾਰ ਚਾਹੁੰਦੇ ਹਾਂ ਜੋ ਸਰਹੱਦੀ ਸੁਰੱਖਿਆ, ਅੱਤਵਾਦ ਵਿਰੁੱਧ ਸਹਿਯੋਗ ਕਰਦਿਆਂ ਕਪਾਹ ਦੀ ਦਰਾਮਦ ਤੇ ਤੀਸਤਾ ਪਾਣੀ ਦੀ ਵੰਡ ਵਰਗੇ ਮੁੱਦਿਆਂ 'ਤੇ ਠੋਸ ਚਰਚਾ ਨੂੰ ਸੁਵਿਧਾਜਨਕ ਬਣਾਏ। ਅਸੀਂ ਇਸ ਚੋਣ ਨੂੰ ਸਿਰਫ਼ ਸੱਤਾ ਤਬਦੀਲੀ ਵਜੋਂ ਨਹੀਂ, ਸਗੋਂ ਖੇਤਰੀ ਸਥਿਰਤਾ, ਸੁਰੱਖਿਆ ਤੇ ਭੂ-ਰਾਜਨੀਤਿਕ ਸੰਤੁਲਨ 'ਚ ਇਕ ਮੋੜ ਵਜੋਂ ਦੇਖਦੇ ਹਾਂ, ਜਦ ਕਿ ਪਾਕਿਸਤਾਨ ਇਕ ਅਜਿਹੀ ਸਰਕਾਰ ਚਾਹੁੰਦਾ ਹੈ ਜੋ ਭਾਰਤ ਵਿਰੋਧੀ ਭਾਵਨਾ ਨੂੰ ਮਜ਼ਬੂਤ ਕਰਦਿਆਂ 1971 ਦੇ ਮੁੱਦਿਆਂ 'ਤੇ ਨਰਮ ਰੁਖ਼ ਅਪਣਾਏ। ਅਮਰੀਕਾ ਤੇ ਯੂਰਪ ਇਕ ਅਜਿਹੀ ਸਰਕਾਰ ਚਾਹੁੰਦੇ ਹਨ, ਜੋ ਯੂਨੁਸ ਦੇ ਸੁਧਾਰਾਂ ਦਾ ਸਮਰਥਨ ਕਰੇ।


ਸਭ ਤੋਂ ਵੱਧ ਉਮੀਦਾਂ ਬੰਗਲਾਦੇਸ਼ੀਆਂ ਨੂੰ ਹਨ, ਜੋ ਨਵੀਂ ਸਰਕਾਰ ਤੋਂ ਆਰਥਿਕ ਸੁਧਾਰ, ਭ੍ਰਿਸ਼ਟਾਚਾਰ 'ਤੇ ਰੋਕ, ਮਹਿੰਗਾਈ ਨੂੰ ਕੰਟਰੋਲ ਕਰਕੇ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਤੋਂ ਇਲਾਵਾ ਬਿਜਲੀ ਸਪਲਾਈ 'ਚ ਸੁਧਾਰ ਕਰਨ, ਸੰਵਿਧਾਨ 'ਚ ਸੁਧਾਰ ਕਰਦਿਆਂ ਕਾਨੂੰਨ ਵਿਵਸਥਾ ਨੂੰ ਬਹਾਲ ਕਰਕੇ ਅਵਾਮੀ ਲੀਗ ਦੇ ਅੱਤਿਆਚਾਰਾਂ ਲਈ ਜਵਾਬਦੇਹੀ ਚਾਹੁੰਦੇ ਹਨ। ਧਾਰਮਿਕ ਕੱਟੜਤਾ ਜਾਂ ਵਿਚਾਰਧਾਰਕ ਬਹਿਸ ਔਸਤ ਵੋਟਰ ਲਈ ਸੈਕੰਡਰੀ ਮੁੱਦੇ ਹਨ। ਇਹ ਚੋਣ ਬਿਨਾਂ ਸ਼ੱਕ ਅੰਤਰਿਮ ਸਰਕਾਰ ਦੇ ਸੁਧਾਰਾਂ ਦੀ ਪਰਖ ਕਰੇਗੀ ਜੋ ਭਾਰਤ, ਚੀਨ ਤੇ ਪਾਕਿਸਤਾਨ ਵਿਚਕਾਰ ਖੇਤਰੀ ਮੁਕਾਬਲੇ ਨੂੰ ਰਾਜਨੀਤਕ ਤੇ ਕੂਟਨੀਤਕ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਹਾਲਾਂਕਿ ਮੁਕਾਬਲਾ ਕਰਨ ਵਾਲੀਆਂ ਪਾਰਟੀਆਂ ਦੇ ਇਤਿਹਾਸ, ਰੁਝਾਨਾਂ ਤੇ ਰਣਨੀਤੀਆਂ ਅਤੇ ਦੇਸ਼ ਦੀ ਮੌਜੂਦਾ ਸਥਿਤੀ ਨੂੰ ਦੇਖਦਿਆਂ ਭਾਰਤ ਤੇ ਬੰਗਲਾਦੇਸ਼ ਦੋਹਾਂ ਦੀਆਂ ਇੱਛਾਵਾਂ ਤੇ ਉਮੀਦਾਂ ਪੂਰੀਆਂ ਹੋਣ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ।









ਬੰਗਲਾਦੇਸ਼ 'ਚ 40 ਤੋਂ ਵੱਧ ਰਜਿਸਟਰਡ ਪਾਰਟੀਆਂ ਚੋਣਾਂ ਲੜ ਰਹੀਆਂ ਹਨ, ਪਰ ਮੁੱਖ ਮੁਕਾਬਲਾ 10 ਪਾਰਟੀਆਂ ਵਾਲੇ ਬੰਗਲਾਦੇਸ਼ ਜਮਾਤ-ਏ-ਇਸਲਾਮੀ ਗੱਠਜੋੜ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ.) ਵਿਚਾਲੇ ਹੀ ਹੈ। ਸ਼ੇਖ ਹਸੀਨਾ ਦੀ ਅਵਾਮੀ ਲੀਗ ਦੇ ਚੋਣਾਂ ਤੋਂ ਬਾਹਰ ਹੋਣ ਕਰਕੇ ਚੋਣਾਂ ਇਕ ਦੋ-ਪੱਖੀ ਮੁਕਾਬਲਾ ਬਣ ਗਈਆਂ ਹਨ ਹੈ। ਜਮਾਤ-ਏ-ਇਸਲਾਮੀ ਦਾ ਮੁੱਖ ਏਜੰਡਾ ਇਸਲਾਮੀ ਕਾਨੂੰਨ ਲਾਗੂ ਕਰਕੇ ਧਾਰਮਿਕ ਨਿਯਮਾਂ ਤੇ ਸ਼ਾਸਨ ਸਥਾਪਤ ਕਰਦਿਆਂ ਧਰਮ ਨਿਰਪੱਖਤਾ ਤੇ ਸਮਾਜਵਾਦ ਨੂੰ ਖ਼ਤਮ ਕਰਕੇ ਪੱਛਮੀ ਪ੍ਰਭਾਵ ਦਾ ਵਿਰੋਧ ਕਰਨਾ ਹੈ। ਪਹਿਲੀ ਨਜ਼ਰ 'ਚ ਇਹ ਸ਼ੱਕੀ ਜਾਪਦਾ ਹੈ ਕਿ ਇਹ ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਕੁਝ ਕੱਟੜਪੰਥੀਆਂ ਤੋਂ ਇਲਾਵਾ ਕਿਸੇ ਹੋਰ ਦੀਆਂ ਉਮੀਦਾਂ ਨੂੰ ਪੂਰਾ ਕਰੇਗਾ, ਜਦਕਿ ਬੀ.ਐਨ.ਪੀ. ਰਾਸ਼ਟਰਵਾਦ, ਆਰਥਿਕ ਸੁਧਾਰਾਂ ਤੇ ਸ਼ਕਤੀ ਦੇ ਵਿਕੇਂਦਰੀਕਰਨ ਦਾ ਵਾਅਦਾ ਕਰ ਰਹੀ ਹੈ। ਪਿਛਲੇ ਸਾਲ ਨੌਜਵਾਨਾਂ ਦੇ ਵਿਦਰੋਹ ਦੌਰਾਨ ਬਣੀ ਨੈਸ਼ਨਲਿਸਟ ਸਿਟੀਜ਼ਨਜ਼ ਪਾਰਟੀ (ਐਨ.ਸੀ.ਪੀ.) ਇਸ ਸਮੇਂ ਕਾਫ਼ੀ ਟਕਰਾਅ ਦੇ ਬਾਵਜੂਦ ਜਮਾਤ-ਏ-ਇਸਲਾਮੀ ਨਾਲ ਜੁੜੀ ਹੋਈ ਹੈ ਤੇ ਆਪਣੇ ਆਪ ਨੂੰ 'ਤੀਜੀ ਤਾਕਤ' ਵਜੋਂ ਪੇਸ਼ ਕਰਦੀ ਹੈ, ਜਦੋਂ ਕਿ ਬੀ.ਐਨ.ਪੀ. ਇਸ ਨੂੰ ਸਿਰਫ਼ ਵੋਟਾਂ ਕੱਟਣ ਵਾਲੀ ਪਾਰਟੀ ਮੰਨਦੀ ਹੈ। ਇਸ ਦੇ ਟੀਚੇ ਘੋਰ ਰਾਸ਼ਟਰਵਾਦ, ਆਰਥਿਕ ਸੁਧਾਰ, ਭ੍ਰਿਸ਼ਟਾਚਾਰ ਵਿਰੋਧੀ, ਸੰਸਥਾਗਤ ਸੁਧਾਰ ਤੇ ਨੌਜਵਾਨ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੇ ਹਨ। ਐਨ.ਸੀ.ਪੀ. ਇਕ ਸੀਮਤ ਪ੍ਰਭਾਵ ਵਾਲੀ ਨਵੀਂ ਉਤਸ਼ਾਹੀ, ਗ਼ੈਰ-ਤਜਰਬੇਕਾਰ ਭਾਰਤ ਵਿਰੋਧੀ ਪਾਰਟੀ ਹੈ, ਜਿਸ ਤੋਂ ਕੋਈ ਵੀ

**ਸੰਜੇ ਸ਼੍ਰੀਵਾਸਤ**

ਉਮੀਦ ਕਰਨਾ ਵਿਅਰਥ ਹੈ। ਉਸ ਨੂੰ ਜਮਾਤ-ਏ-ਇਸਲਾਮੀ ਦੀ ਬੀ ਟੀਮ ਕਿਹਾ ਜਾ ਰਿਹਾ ਹੈ, ਜੋ ਉਸ ਦੁਆਰਾ ਛੱਡੀਆਂ 19 ਸੀਟਾਂ 'ਤੇ ਚੋਣ ਲੜ ਰਹੀ ਹੈ। ਅਜੀਬ ਗੱਲ ਹੈ ਕਿ ਜਮਾਤ-ਏ-ਇਸਲਾਮੀ ਹਾਲ ਹੀ 'ਚ ਬੀ.ਐਨ.ਪੀ. ਦੇ ਨਾਲ ਜਾਣ ਬਾਰੇ ਕਹਿ ਚੁੱਕੀ ਹੈ, ਜਦ ਕਿ ਬੀ.ਐਨ.ਪੀ. ਇਸ ਲਈ ਬਹੁਤੀ ਉਤਸੁਕ ਨਹੀਂ ਹੈ। ਪਰ ਚੋਣਾਂ ਦੌਰਾਨ ਜਾਂ ਬਾਅਦ 'ਚ ਕੁਝ ਵੀ ਹੋ ਸਕਦਾ ਹੈ। ਜ਼ਿਆਦਾ ਉਮੀਦ ਬੀ.ਐਨ.ਪੀ. ਦੁਆਰਾ ਇੱਕਲਿਆਂ ਸਰਕਾਰ ਬਣਾਉਣ ਦੀ ਹੈ ਜਾਂ ਉਹ ਜਮਾਤ-ਏ-ਇਸਲਾਮੀ ਤੋਂ ਸਹਾਇਤਾ ਲੈ ਸਕਦੀ ਹੈ। ਜੇਕਰ ਬੀ.ਐਨ.ਪੀ ਵੱਡੀ ਗਿਣਤੀ 'ਚ ਸੀਟਾਂ ਜਿੱਤ ਗਈ ਤਾਂ ਐਨ.ਸੀ.ਪੀ. ਜਮਾਤ-ਏ-ਇਸਲਾਮੀ ਨੂੰ ਛੱਡ ਕੇ ਉਸ ਨਾਲ ਹੱਥ ਮਿਲਾ ਸਕਦੀ ਹੈ ਕਿਉਂਕਿ ਰਾਜਨੀਤੀ ਵਿਚ ਕੁਝ ਵੀ ਹੋ ਸਕਦਾ ਹੈ।

ਇਨ੍ਹਾਂ ਚੋਣਾਂ 'ਚ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਅਵਾਮੀ ਲੀਗ ਦੇ ਵੋਟਰ ਕਿਧਰ ਜਾਂਦੇ ਹਨ, ਅਵਾਮੀ ਲੀਗ ਦੇ ਵੋਟਰ ਵਿਚਾਰਧਾਰਕ ਤੌਰ 'ਤੇ ਜਮਾਤ-ਏ-ਇਸਲਾਮੀ ਦੇ ਵਿਰੋਧੀ ਹਨ। ਪਰ ਇਸ ਦੇ ਵੋਟਰਾਂ ਦਾ ਇਕ ਛੋਟਾ ਹਿੱਸਾ ਖਾਸ ਕਰਕੇ ਪੇਂਡੂ ਖੇਤਰਾਂ 'ਚ ਧਾਰਮਿਕ ਭਾਵਨਾਵਾਂ ਤੋਂ ਪ੍ਰੇਰਿਤ ਹੋ ਕੇ ਉਸ ਵੱਲ ਜਾ ਸਕਦਾ ਹੈ। ਜੇਕਰ ਅਵਾਮੀ ਲੀਗ ਦੇ ਵੋਟਰਾਂ ਦੇ ਵੱਡੇ ਹਿੱਸੇ ਨੂੰ ਜਮਾਤ-ਏ-ਇਸਲਾਮੀ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਉਹ ਬਹੁਮਤ ਵੀ ਪ੍ਰਾਪਤ ਕਰ ਸਕਦੀ ਹੈ। ਹਾਲਾਂਕਿ ਬੀ.ਐਨ.ਪੀ. ਲੰਬੇ ਸਮੇਂ ਤੋਂ ਸੱਤਾ ਤੋਂ ਬਾਹਰ ਹੋਣ ਕਰਕੇ ਸੱਤਾ ਵਿਰੋਧੀ ਭਾਵਨਾ ਦਾ ਲਾਭ ਉਠਾ ਸਕਦੀ ਹੈ। ਖਾਲਿਦਾ ਜ਼ਿਆ ਦਾ ਪੁੱਤਰ ਤਾਰਿਕ ਰਹਿਮਾਨ 17 ਸਾਲਾਂ ਬਾਅਦ ਦੇਸ਼ ਪਰਤਿਆ ਹੈ, ਉਸ ਨੂੰ ਆਪਣੀ ਮਾਂ ਦੀ ਮੌਤ ਦਾ ਭਾਵਨਾਤਮਿਕ ਫਾਇਦਾ ਮਿਲ ਸਕਦਾ ਹੈ। ਉਸ ਨੂੰ ਮਿਲ ਰਿਹਾ ਜਨਤਕ ਸਮਰਥਨ ਨਤੀਜੇ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਉਸ ਨੂੰ ਸੰਭਾਵੀ ਪ੍ਰਧਾਨ ਮੰਤਰੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ ਉਸ ਦਾ ਵਿਵਾਦਤ ਅਕਸ ਉਸ ਨੂੰ 'ਗੇਮ-ਚੇਂਜਰ' ਨਾਲੋਂ ਜ਼ਿਆਦਾ ਧਰੁਵੀਕਰਨ ਕਾਰਕ ਬਣਾਉਂਦਾ ਹੈ। ਸਰਵੇਖਣ ਅਨੁਸਾਰ ਬੀ.ਐਨ.ਪੀ. 33 ਫ਼ੀਸਦੀ, ਜਮਾਤ-ਏ-ਇਸਲਾਮੀ 29 ਫ਼ੀਸਦੀ ਤੇ ਐਨ.ਸੀ.ਪੀ. 16 ਫ਼ੀਸਦੀ ਵੋਟਰਾਂ ਦੀ ਪਸੰਦ ਨਾਲ ਬੀ.ਐਨ.ਪੀ. ਇਸ ਸਮੇਂ ਸਭ ਤੋਂ ਅੱਗੇ ਜਾਪਦੀ ਹੈ, ਪਰ ਜਮਾਤ-ਏ-ਇਸਲਾਮੀ ਵੀ ਬਹੁਤ ਪਿੱਛੇ ਨਹੀਂ ਹੈ। ਜੇਕਰ ਨੇੜੇ ਦੇ ਮੁਕਾਬਲੇ 'ਚ ਬੀ.ਐਨ.ਪੀ ਬਹੁਮਤ ਦੇ ਨੇੜੇ ਪਹੁੰਚ ਕੇ ਸਪੱਸ਼ਟ ਬਹੁਮਤ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਉਸ ਨੂੰ ਜਮਾਤ-ਏ-ਇਸਲਾਮੀ ਜਾਂ ਐਨ.ਸੀ.ਪੀ. ਦੇ ਸਮਰਥਨ ਦੀ ਲੋੜ ਪਵੇਗੀ। ਜਮਾਤ-ਏ-ਇਸਲਾਮੀ ਨਾਲ ਅਚਾਨਕ ਗੱਠਜੋੜ ਕਰਨ ਤੋਂ ਬਾਅਦ ਐਨ.ਸੀ.ਪੀ. ਦੀ ਅੰਦਰੂਨੀ ਫੁੱਟ, ਚੋਣਾਂ ਤੋਂ ਪਹਿਲਾਂ ਜਾਂ ਬਾਅਦ 'ਚ ਨੌਜਵਾਨ ਤੇ ਸ਼ਹਿਰੀ ਵੋਟਰਾਂ ਦਾ ਰੁਝਾਨ, ਸੋਸ਼ਲ ਮੀਡੀਆ ਦੁਆਰਾ ਸੰਚਾਲਿਤ ਬਿਰਤਾਂਤ, ਅਵਾਮੀ ਲੀਗ ਵੋਟਰਾਂ ਦੇ ਇਕਮੁਸ਼ਤ ਵੋਟ ਪੈਣੇ, ਕੁਝ ਹਲਕਿਆਂ 'ਚ ਲਗਭਗ 10 ਫ਼ੀਸਦੀ ਹਿੰਦੂ ਵੋਟਰਾਂ ਦਾ ਮਤਦਾਨ ਤੇ ਬਹੁਤ ਘੱਟ ਵੋਟਿੰਗ ਆਦਿ ਚੋਣ ਨਤੀਜਿਆਂ ਜਾਂ ਸਰਕਾਰ ਦੇ ਗਠਨ ਨੂੰ ਲੈ ਕੇ ਚੋਣ ਵਿਸ਼ਲੇਸ਼ਕਾਂ ਨੂੰ ਹੈਰਾਨ ਕਰ ਸਕਦੇ ਹਨ।

ਭਾਰਤ ਕਦੇ ਨਹੀਂ ਚਾਹੇਗਾ ਕਿ ਜਮਾਤ-ਏ-ਇਸਲਾਮੀ ਸੱਤਾ 'ਚ ਆਵੇ ਕਿਉਂਕਿ ਇਸ ਪਾਰਟੀ ਦੀ ਸਰਕਾਰ ਬਣਨ ਦਾ ਮਤਲਬ ਬੰਗਲਾਦੇਸ਼ ਦੀ ਬਰਬਾਦੀ ਤੇ ਭਾਰਤ ਵਿਰੋਧੀ ਤਾਕਤਾਂ ਦਾ ਮਜ਼ਬੂਤ ? ਹੋਣਾ ਹੋਵੇਗਾ। ਜੇਕਰ ਮੰਨ ਲਿਆ ਜਾਵੇ ਕਿ ਪਾਕਿਸਤਾਨ ਦੀ ਕਠਪੁਤਲੀ ਜਮਾਤ-ਏ-ਇਸਲਾਮੀ ਸੱਤਾ ਵਿਚ ਆਉਣ ਤੋਂ ਬਾਅਦ ਸ਼ਰੀਆ ਕਾਨੂੰਨ ਲਾਗੂ ਕਰਕੇ ਔਰਤਾਂ ਤੇ ਘੱਟ ਗਿਣਤੀਆਂ ਨੂੰ ਹਾਸ਼ੀਏ 'ਤੇ ਧੱਕ ਸਕਦੀ ਹੈ। ਪਰ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਬੀ.ਐਨ.ਪੀ ਇੰਨੀ ਵੱਡੀ ਜਿੱਤ ਪ੍ਰਾਪਤ ਕਰ ਲਵੇਗੀ ਕਿ ਉਸ ਨੂੰ ਕੱਟੜਪੰਥੀ ਜਮਾਤ-ਏ-ਇਸਲਾਮੀ ਜਾਂ ਭਾਰਤ ਵਿਰੋਧੀ ਐਨ.ਸੀ.ਪੀ. ਦੀ ਲੋੜ ਨਹੀਂ ਪਵੇਗੀ। ਬੀ.ਐਨ.ਪੀ. ਅੰਦਰ ਵੀ ਅਜਿਹੇ ਤੱਤ ਹਨ ਜੋ ਧਾਰਮਿਕ ਕੱਟੜਤਾ ਨੂੰ ਉਤਸ਼ਾਹਿਤ ਕਰਦੇ ਹਨ ਤੇ ਭਾਰਤ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਬਹੁਤਾ ਚੰਗਾ ਨਹੀਂ ਹੈ। ਭਾਵੇਂ ਬੀ.ਐਨ.ਪੀ. ਮੁਖੀ ਰਹਿਮਾਨ ਦਾ ਨਾਅਰਾ 'ਨਾ ਦਿੱਲੀ ਨਾ ਪਿੰਡੀ' ਹੈ, ਪਰ ਬੀਐਨਪੀ ਨੂੰ ਜਮਾਤ-ਏ-ਇਸਲਾਮੀ ਦੇ ਮੁਕਾਬਲੇ ਇਕ ਵਧੇਰੇ ਉਦਾਰ ਤੇ ਲੋਕਤੰਤਰੀ ਵਿਕਲਪ ਵਜੋਂ ਦੇਖਣਾ ਇਕ ਸੁਪਨੇ ਵਾਂਗ ਹੀ ਹੈ। ਭਾਰਤ ਲਈ ਬੀ.ਐਨ.ਪੀ. 'ਦੋ ਮਾੜੇ ਵਿਕਲਪਾਂ 'ਚੋਂ ਘੱਟ ਮਾੜਾ ' ਚੁਣਨ ਦੀ ਇਕ ਮਜਬੂਰੀ ਵਾਂਗ ਹੈ। ਇਸ ਲਈ ਬੰਗਲਾਦੇਸ਼ 'ਚ ਕਿਸੇ ਵੀ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਬਣੇ, ਉਹ ਭਾਰਤ ਲਈ ਹੀ ਨਹੀਂ ਬੰਗਲਾਦੇਸ਼ੀਆਂ ਦੀਆਂ ਸਕਾਰਾਤਮਕ ਕ੍ਰਾਂਤੀਕਾਰੀ ਬਦਲਾਅ ਦੀਆਂ ਉਮੀਦਾਂ 'ਤੇ ਵੀ ਪੂਰੀ ਨਹੀਂ ਉਤਰੇਗੀ।

# ਵਿਦਿਆਰਥੀਆਂ 'ਤੇ ਵਧ ਰਿਹਾ ਮਾਨਸਿਕ ਬੋਝ

ਮਾਨਸਿਕ ਤਣਾਅ ਕਈ ਵਾਰ ਵਿਦਿਆਰਥੀਆਂ ਨੂੰ ਖ਼ੌਫ਼ਨਾਕ ਕਦਮ ਚੁੱਕਣ ਲਈ ਮਜਬੂਰ ਕਰ ਦਿੰਦਾ ਹੈ। ਲੰਘੇ ਸਾਲਾਂ 'ਚ ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਪੜ੍ਹਾਈ ਦੇ ਨਾਲ-ਨਾਲ ਹੋਰ ਘਰੇਲੂ ਤੇ ਸਮਾਜਿਕ ਦਬਾਅ ਨਾਲ ਜੂਝਦੇ ਵਿਦਿਆਰਥੀਆਂ ਦੀ ਦਿਮਾਗੀ ਹਾਲਤ ਨੂੰ ਦਰੁਸਤ ਰੱਖਣ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਇਕ ਨੀਤੀ ਤਿਆਰ ਕੀਤੀ ਹੈ ਜਿਸ ਰਾਹੀਂ ਉੱਚ ਵਿੱਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਵਰਗੇ ਮਾਮਲਿਆਂ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਨੀਤੀ ਰਾਹੀਂ ਜੇ ਕਿਸੇ ਵਿਦਿਆਰਥੀ 'ਚ ਮਾਨਸਿਕ ਸਿਹਤ ਨਾਲ ਜੁੜੀਆਂ ਗੜਬੜੀਆਂ ਮਿਲਦੀਆਂ ਹਨ ਤਾਂ ਉਸ ਨੂੰ ਤੁਰੰਤ ਪੇਸ਼ੇਵਰ ਮਾਹਰਾਂ ਕੋਲ ਭੇਜਿਆ ਜਾਵੇਗਾ। ਲੋੜ ਪੈਣ 'ਤੇ ਇਲਾਜ ਦੀ ਸਹੂਲਤ ਵੀ ਦਿੱਤੀ ਜਾਵੇਗੀ। ਦੇਸ਼ ਦੇ ਸਾਰੇ ਉੱਚ ਵਿੱਦਿਅਕ ਅਦਾਰਿਆਂ ਨੂੰ ਆਪਣਾ ਇਕ ਮਾਨਸਿਕ ਸਿਹਤ ਤੇ ਭਲਾਈ ਕੇਂਦਰ ਬਣਾਉਣ ਲਈ ਵੀ ਕਿਹਾ ਗਿਆ ਹੈ। ਤਕਨੀਕ ਦਿਨ-ਬ-ਦਿਨ ਆਪਣਾ ਵਿਸਥਾਰ ਕਰ ਰਹੀ ਹੈ।

ਰੁਜ਼ਗਾਰ ਦੇ ਮੌਕੇ ਵੀ ਗੁੰਝਲਦਾਰ ਹੁੰਦੇ ਜਾ ਰਹੇ ਹਨ। ਅਜਿਹੇ ਮਾਹੌਲ ਵਿਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੇ ਬਣੇ ਰਹਿਣ ਲਈ ਕਈ ਤਰ੍ਹਾਂ ਦੀਆਂ ਮੁਕਾਬਲੇਬਾਜ਼ੀਆਂ 'ਚੋਂ ਲੰਘਣਾ ਪੈਂਦਾ ਹੈ। ਪੜ੍ਹਾਈ 'ਚ ਅੱਵਲ ਆਉਣ ਅਤੇ ਮਾਪਿਆਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਲਈ ਉਹ ਕਈ ਤਰ੍ਹਾਂ ਦੇ ਦਬਾਅ ਸਹਿੰਦੇ ਹਨ। ਇਸ ਤੋਂ ਇਲਾਵਾ ਵਿੱਦਿਅਕ ਸੰਸਥਾਵਾਂ 'ਚ ਵੀ ਵਿਦਿਆਰਥੀ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਦੇ ਹਨ। ਅਜਿਹੇ 'ਚ ਉਨ੍ਹਾਂ ਨੂੰ ਮਾਨਸਿਕ ਪੱਖੋਂ ਸਿਹਤਮੰਦ ਰੱਖਣ ਲਈ ਮਾਪਿਆਂ ਤੇ ਵਿੱਦਿਅਕ ਅਦਾਰਿਆਂ ਦੀ ਜ਼ਿੰਮੇਵਾਰੀ ਜ਼ਿਆਦਾ ਹੈ।

ਇਕ ਰਿਪੋਰਟ ਮੁਤਾਬਕ ਦੇਸ਼ ਦੀ ਕੁੱਲ ਆਬਾਦੀ ਦੇ ਲਗਪਗ 10.6 ਫ਼ੀਸਦੀ ਲੋਕ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਨ੍ਹਾਂ 'ਚ 18 ਤੋਂ 29 ਸਾਲ ਦੀ ਉਮਰ ਵਰਗ ਦੇ 7.3 ਫ਼ੀਸਦੀ ਨੌਜਵਾਨ ਸ਼ਾਮਲ ਹਨ। ਐੱਨਸੀਆਰਬੀ ਦੀ ਰਿਪੋਰਟ ਮੁਤਾਬਕ ਮੁਲਕ 'ਚ ਖ਼ੁਦਕੁਸ਼ੀਆਂ ਦੇ ਲਗਪਗ 7.6 ਫ਼ੀਸਦੀ ਮਾਮਲੇ ਵਿਦਿਆਰਥੀਆਂ ਨਾਲ ਜੁੜੇ ਹੋਏ ਹਨ। ਲੰਘੇ 10 ਸਾਲਾਂ 'ਚ ਪੂਰੇ ਦੇਸ਼ 'ਚ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੇ ਮਾਮਲਿਆਂ 'ਚ ਵੀ ਲਗਾਤਾਰ ਵਾਧਾ ਦੇਖਿਆ ਗਿਆ ਹੈ। ਸਾਲ 2013 'ਚ 8,423 ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕੀਤੀ ਗਈ।

ਸਾਲ 2023 ਤੱਕ ਇਹ ਗਿਣਤੀ 13,892 ਹੋ ਗਈ। ਦਸ ਸਾਲਾਂ 'ਚ ਇਹ ਵਾਧਾ 65 ਫ਼ੀਸਦ ਦਰਜ ਕੀਤਾ ਗਿਆ। ਇਕ ਹੋਰ ਰਿਪੋਰਟ ਮੁਤਾਬਕ ਵਿਦਿਆਰਥੀਆਂ ਤੋਂ ਇਲਾਵਾ 2013 ਤੋਂ 2023 ਤੱਕ ਲਗਪਗ 1,17,849 ਨੌਜਵਾਨਾਂ ਨੇ ਦਿਮਾਗੀ ਪਰੇਸ਼ਾਨੀਆਂ ਝੱਲਦਿਆਂ ਖ਼ੁਦਕੁਸ਼ੀ ਕੀਤੀ ਸੀ। ਇਹ ਵਾਧਾ ਦਿਮਾਗੀ ਤਣਾਅ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੇ 2019 ਤੋਂ 2023 ਤੱਕ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ।

ਦਸਵੀਂ ਪਾਸ ਕਰਨ ਤੋਂ ਬਾਅਦ ਅਗਲੀਆਂ ਜਮਾਤਾਂ 'ਚ ਆਪਣੀ ਪਿਛਲੀ ਕਾਰਗੁਜ਼ਾਰੀ ਨੂੰ ਬਰਕਰਾਰ ਰੱਖਣ ਦਾ ਵੀ ਵਿਦਿਆਰਥੀਆਂ 'ਤੇ ਦਬਾਅ ਰਹਿੰਦਾ ਹੈ। ਇਹ ਤਣਾਅ ਗ੍ਰੈਜੂਏਸ਼ਨ ਅਤੇ ਅੱਗੇ ਪੋਸਟ ਗ੍ਰੈਜੂਏਸ਼ਨ ਤੱਕ ਬਣਿਆ ਰਹਿੰਦਾ ਹੈ। ਇਕ ਪਾਸੇ ਪੜ੍ਹਾਈ 'ਚ ਵਧੀਆ ਅੰਕ ਹਾਸਲ ਕਰਨ ਦਾ ਦਬਾਅ ਅਤੇ ਦੂਜੇ ਪਾਸੇ ਪ੍ਰਤੀਯੋਗੀ ਪ੍ਰੀਖਿਆਵਾਂ ਵੀ ਕਈ ਤਰ੍ਹਾਂ ਨਾਲ ਵਿਦਿਆਰਥੀਆਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀਆਂ ਹਨ। ਅਕਸਰ ਵਿਦਿਆਰਥੀ ਮਾਪਿਆਂ ਤੇ ਅਧਿਆਪਕਾਂ ਨਾਲ ਖੁੱਲ੍ਹ ਕੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਨਹੀਂ ਕਰਦੇ। ਸਕੂਲਾਂ ਤੇ ਕਾਲਜਾਂ ਵਿਚਲਾ ਮਾਹੌਲ ਵੀ ਉਨ੍ਹਾਂ ਦੇ ਮਾਨਸਿਕ ਪੱਧਰ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ 'ਚ ਮਾਪਿਆਂ ਨੂੰ ਬੱਚਿਆਂ ਨਾਲ ਦੋਸਤਾਨਾ ਵਿਵਹਾਰ ਕਰਨਾ ਚਾਹੀਦਾ ਹੈ।

# ਕਾਰਪੋਰੇਟਰਾਂ ਦੇ ਹੱਕ ਵਿਚ ਬਦਲੇ ਜਾ ਰਹੇ ਹਨ ਕਿਰਤ ਕਾਨੂੰਨ

ਡਾ. ਅਮਨਪ੍ਰੀਤ ਸਿੰਘ ਬਰਾੜ

ਸ਼ਾਹੂਕਾਰਾ ਸਿਸਟਮ ਨੇ ਸਮੇਂ ਨਾਲ ਆਪਣੇ-ਆਪ ਨੂੰ ਬਦਲ ਕੇ ਕਾਰਪੋਰੇਟ ਦਾ ਰੂਪ ਧਾਰਨ ਕਰ ਲਿਆ। ਇਸ ਬਦਲਾਅ ਲਈ ਸਮੇਂ ਦੀਆਂ ਸਰਕਾਰਾਂ ਸਹੂਲਤਾਂ ਦਿੰਦੀਆਂ ਹਨ। ਸਰਕਾਰਾਂ ਲੋੜ ਅਨੁਸਾਰ ਕਾਨੂੰਨ ਬਣਾਉਂਦੀਆਂ ਹਨ, ਤਾਂ ਕਿ ਮਜ਼ਦੂਰ ਅਤੇ ਕਾਰਪੋਰੇਟ ਦੋਵੇਂ ਹੀ ਤਰੱਕੀ ਕਰਨ। ਆਜ਼ਾਦੀ ਤੋਂ ਪਹਿਲਾਂ ਇਹ ਵਿਵਸਥਾ ਰਾਜਿਆਂ ਤੇ ਅੰਗਰੇਜ਼ਾਂ ਦੇ ਰੂਪ ਵਿਚ ਸੀ ਅਤੇ ਆਜ਼ਾਦੀ ਤੋਂ ਬਾਅਦ ਇਹ ਸਿਆਸਤ ਦੀ ਰੰਗਤ ਵਿਚ ਰੰਗ ਕੇ ਆਉਣ ਲੱਗੀ। ਖ਼ੈਰ ਅਜ਼ਾਦੀ ਤੋਂ ਬਾਅਦ ਇੱਕ ਦੌਰ ਆਇਆ, ਜਿਸ ਵਿਚ ਅਸਮਾਨਤਾ ਘਟਣ ਲੱਗੀ ਅਤੇ ਲੋਕਾਂ ਵਿਚ ਆਰਥਿਕ ਪਾੜਾ ਘਟਣਾ ਸ਼ੁਰੂ ਹੋਇਆ। ਜਿਵੇਂ-ਜਿਵੇਂ ਵੋਟ ਰਾਜਨੀਤੀ ਵਿਚ ਪੈਸਾ ਹਾਵੀ ਹੋਣ ਲੱਗਿਆ ਅਤੇ ਕਾਰਪੋਰੇਟ ਬਦਲੇ ਕਾਨੂੰਨ ਨਾਲ ਕੀਤੀ ਕਮਾਈ ਦਾ ਕੁਝ ਹਿੱਸਾ ਸਿਆਸੀ ਪਾਰਟੀਆਂ ਨੂੰ ਚੰਦੇ ਦੇ ਰੂਪ ਵਿਚ ਦੇਣ ਲੱਗੇ, ਤਾਂ ਕਿ ਉਹ ਮੁੜ ਸੱਤਾ ਵਿਚ ਆ ਸਕਣ ਅਤੇ ਇਸੇ ਤਰ੍ਹਾਂ ਇੱਕ-ਦੂਜੇ ਦੀ ਸੇਵਾ ਜਾਰੀ ਰੱਖਣ। ਪਰ ਪਿਛਲੇ ਕੁਝ ਸਮੇਂ ਵਿਚ ਬੇਰੁਜ਼ਗਾਰੀ ਵਧਣ ਨਾਲ ਇਹ ਪਾੜਾ ਮੁੜ ਵਧਣਾ ਸ਼ੁਰੂ ਹੋ ਗਿਆ। ਵਿਸ਼ਵ ਅਸਮਾਨਤਾ ਰਿਪੋਰਟ 2026 ਮੁਤਾਬਕ ਭਾਰਤ ਦੇ ਇਕ ਫ਼ੀਸਦੀ ਅਮੀਰ 40 ਫ਼ੀਸਦੀ ਦੌਲਤ ਦੇ ਮਾਲਕ ਹਨ, ਜਦਕਿ ਜੇ ਉਪਰਲੇ 10 ਫ਼ੀਸਦੀ ਲਈਏ ਤਾਂ ਕੁੱਲ 65% ਫ਼ੀਸਦੀ ਦੌਲਤ ਇਨ੍ਹਾਂ ਕੋਲ ਹੈ। ਹੇਠਲੀ 50 ਫ਼ੀਸਦੀ ਆਬਾਦੀ ਭਾਵ ਕਿਸਾਨ, ਦਿਹਾੜੀਦਾਰ ਚੌਥੇ ਦਰਜੇ ਦੇ ਮੁਲਾਜ਼ਮਾਂ, ਰੇਹੜੀ ਲਗਾਉਣ ਵਾਲੇ ਆਦਿ ਕੋਲ ਸਿਰਫ਼ 6 ਫ਼ੀਸਦੀ ਦੌਲਤ ਹੈ। ਪਹਿਲਾਂ ਰੁਜ਼ਗਾਰ ਦੀ ਕਮੀ ਨੂੰ ਪਹਿਚਾਣਦੇ ਹੋਏ ਇਸ ਮਸਲੇ ਦੇ ਹੱਲ ਲਈ ਮਨਰੇਗਾ ਵਰਗੇ ਕਾਨੂੰਨ ਲਿਆਂਦੇ ਗਏ ਸਨ। ਹੁਣ ਮਨਰੇਗਾ ਦਾ ਨਾਂਅ ਵੀ ਬਦਲ ਦਿੱਤਾ ਗਿਆ ਹੈ ਅਤੇ ਇਸ ਦੀ ਵਿਵਸਥਾ ਵਿਚ ਵੀ ਤਬਦੀਲੀ ਕਰ ਦਿੱਤੀ ਗਈ ਹੈ। ਕੇਂਦਰੀ ਸਰਕਾਰ ਕਿਰਤੀਆਂ ਦੀ ਭਲਾਈ ਦੇ ਨਾਂਅ 'ਤੇ ਕਿਰਤ ਕੋਡ ਵੀ ਲੈ ਕੇ ਆਈ ਹੈ।

**ਮਨਰੇਗਾ ਤੋਂ 'ਜੀ ਰਾਮ ਜੀ' ਤੱਕ ਦਾ ਸਫ਼ਰ :** ਨਵੇਂ ਕਾਨੂੰਨ ਅਧੀਨ ਸਾਲ ਵਿਚ 100 ਦਿਨ ਤੋਂ ਵਧਾ ਕੇ 125 ਦਿਨਾਂ ਦੇ ਰੁਜ਼ਗਾਰ ਦੀ ਗਾਰੰਟੀ ਕੀਤੀ ਗਈ ਹੈ। ਇਸ ਦੇ ਨਾਲ ਇਹ ਵੀ ਪ੍ਰਚਾਰਿਆ ਜਾ ਰਿਹਾ ਹੈ ਕਿ ਖੇਤੀ ਵਿਚ ਜਦੋਂ ਕੰਮ ਜ਼ਿਆਦਾ ਹੁੰਦਾ ਹੈ ਭਾਵ ਬਿਜਾਈ ਅਤੇ ਵਾਢੀ ਜਦੋਂ ਪੂਰੇ ਜ਼ੋਰ 'ਤੇ ਹੁੰਦੀ ਹੈ ਉਸ ਵੇਲੇ 60 ਦਿਨ ਜੋ ਸੂਬਾ ਤੈਅ ਕਰਕੇ ਕੇਂਦਰ ਨੂੰ ਦੱਸੇਗਾ ਉਨ੍ਹਾਂ ਦਿਨਾਂ ਵਿਚ ਇਸ ਸਕੀਮ ਅਧੀਨ ਕੰਮ ਨਹੀਂ ਹੋਵੇਗਾ, ਤਾਂ ਜੋ ਉਸ ਵੇਲੇ ਖੇਤੀ ਲਈ ਕਿਰਤੀਆਂ ਦੀ ਮੁਸ਼ਕਿਲ ਨਾ ਆਵੇ। ਅਸਲ ਵਿਚ ਇਹ ਦੋਨੋਂ ਗੱਲਾਂ ਸਿਰਫ਼ ਭਰਮ ਜਾਲ ਹੀ ਬਣਾਉਂਦੀਆਂ ਹਨ, ਜਦਕਿ ਹਕੀਕਤ ਕੁਝ ਹੋਰ ਹੈ। ਮਨਰੇਗਾ ਵਿਚ 90 ਫ਼ੀਸਦੀ ਪੈਸੇ ਕੇਂਦਰ ਦਿੰਦਾ ਸੀ ਤੇ 10 ਫ਼ੀਸਦੀ ਸੂਬਾ ਪਾਉਂਦਾ ਸੀ। ਸਾਲ 2024-25 ਵਿਚ ਭਾਰਤ ਪੱਧਰ 'ਤੇ ਇਕ ਘਰ ਨੂੰ 50 ਦਿਨ ਅਤੇ ਪੰਜਾਬ ਵਿਚ 37 ਦਿਨ ਦਾ ਔਸਤ ਰੁਜ਼ਗਾਰ ਦਿੱਤਾ ਗਿਆ। 50 ਤੋਂ 100 ਦਿਨ ਤਾਂ ਸਾਥੋਂ ਹੋਇਆ ਨਹੀਂ 125 ਦਿਨ ਕਿਵੇਂ ਕਰਾਂਗੇ? ਇਸ ਵਿਚ ਕੰਮ ਜੋ ਵੀ ਪੇਂਡੂ ਖੇਤਰ ਵਿਚ ਪੰਚਾਇਤ ਚਾਹੁੰਦੀ ਸੀ ਉਹ ਹੁੰਦਾ ਸੀ। ਇਹ ਸਕੀਮ ਹੇਠੋਂ ਉਪਰ ਨੂੰ ਚੱਲਦੀ ਸੀ, ਜਿਸ ਕਾਰਨ ਲੋਕਾਂ ਨੂੰ ਲੋੜ ਅਨੁਸਾਰ ਕੰਮ ਅਤੇ ਰੁਜ਼ਗਾਰ ਦਿੰਦੀ ਸੀ ਅਤੇ ਨਾਲ ਹੀ ਲੋਕਾਂ ਨੂੰ ਕੰਮ ਮੰਗਣ ਦਾ ਹੱਕ ਵੀ ਦਿੰਦੀ ਸੀ। ਪਰ ਇਸ ਨੂੰ ਕੇਂਦਰ ਨੇ ਬਦਲ ਕਿ 'ਜੀ ਰਾਮ ਜੀ' ਤਹਿਤ ਆਪਣੇ ਹੱਥ ਵਿਚ ਲੈ ਲਿਆ ਅਤੇ ਕੰਮ ਖੇਤਰ ਵੀ ਨਿਰਧਾਰਤ ਕਰ ਦਿੱਤੇ ਹਨ। ਨਾਲ ਹੀ ਇਸ ਦਾ ਬਜਟ ਵੀ ਪਹਿਲਾਂ ਹੀ ਮੁਕੱਰਰ ਕਰ ਦਿੱਤਾ ਹੈ, ਭਾਵ ਬਜਟ ਖ਼ਤਮ ਤਾਂ ਸਾਲ ਦਾ ਟੀਚਾ ਵੀ ਖ਼ਤਮ। ਇਸ ਦੇ ਨਾਲ ਪੈਸੇ ਪਾਉਣ ਦੀ ਵਿਧੀ 60-40 ਵਿਚ ਵੰਡ ਦਿੱਤੀ ਗਈ ਕਿ 60 ਫ਼ੀਸਦੀ ਪੈਸਾ ਕੇਂਦਰ ਪਾਏਗਾ ਅਤੇ 40 ਫ਼ੀਸਦੀ ਸੂਬਾ ਪਾਏਗਾ। ਬਹੁਤੇ ਸੂਬੇ 10 ਫ਼ੀਸਦੀ ਪਾਉਣ ਤੋਂ ਵੀ ਅਸਮਰਥ ਸਨ, ਉਨ੍ਹਾਂ ਨੇ 40 ਫ਼ੀਸਦੀ ਕਿਥੋਂ ਪਾਉਣਾ ਹੈ। ਸੂਬਿਆਂ ਕੋਲੋਂ ਤਾਂ ਪੈਸੇ ਇਕੱਠੇ ਕਰਨ ਦਾ ਕੰਮ ਪਹਿਲਾਂ 'ਜੀ ਐੱਸ ਟੀ' ਦੇ ਰੂਪ ਵਿਚ ਕੇਂਦਰ ਨੇ ਆਪਣੇ ਹੱਥ ਲੈ ਲਿਆ ਅਤੇ ਹੁਣ ਸੂਬੇ ਆਪਣੇ ਪੈਸੇ ਲਈ ਵੀ ਕੇਂਦਰ 'ਤੇ ਨਿਰਭਰ ਕਰਦੇ ਹਨ। ਉੱਤੋਂ ਬਹੁਤੇ ਸੂਬੇ ਕਰਜ਼ਾਈ ਹਨ, ਜਿਸ ਕਾਰਨ ਸੂਬੇ ਵਾਲੇ ਪੈਸੇ ਪੈਣੇ ਨਹੀਂ ਅਤੇ ਕੇਂਦਰ ਦੇ ਪੈਸੇ ਵਰਤੇ ਨਹੀਂ ਜਾਣੇ, ਕੁੱਲ ਮਿਲਾ ਕੇ ਕੇਂਦਰ ਨੇ ਇਹ ਸਕੀਮ ਸੂਬਿਆਂ ਦੇ ਗਲ ਪਾ ਕੇ ਆਪਣਾ ਛੁਟਕਾਰਾ ਕਰ ਲਿਆ ਹੈ। ਇਸ ਪਿੱਛੇ ਮੰਤਵ ਇਹ ਹੈ ਕਿ ਸਸਤੀ ਲੇਬਰ ਕਾਰਪੋਰੇਟ ਵੱਲ ਨੂੰ ਧੱਕਣੀ ਹੈ। ਕੋਰੋਨਾ ਕਾਲ ਵਿਚ ਜਦੋਂ ਕਾਰਖਾਨਿਆਂ ਵਾਲਿਆਂ ਨੇ ਲੇਬਰ ਵਿਹਲੀ ਕਰ ਦਿੱਤੀ ਤਾਂ ਬਹੁਤੇ ਪਰਿਵਾਰ ਪਿੰਡਾਂ ਵੱਲ ਨੂੰ ਤੁਰ ਕੇ ਪਹੁੰਚੇ। ਉਨ੍ਹਾਂ ਨੇ ਆਪਣਾ ਜੀਵਨ ਵਸੇਬਾ ਉੱਥੇ ਹੀ ਸ਼ੁਰੂ ਕਰ ਲਿਆ, ਜਿਸ ਵਿਚ ਮਨਰੇਗਾ ਦਾ ਬਹੁਤ ਵੱਡਾ ਸਹਾਰਾ ਸੀ। ਜਿਸ ਕਾਰਨ ਕਾਫੀ ਲੇਬਰ ਮੁੜ ਸ਼ਹਿਰਾਂ ਨੂੰ ਨਹੀਂ ਆਈ ਅਤੇ ਇਥੇ ਕਾਰਖਾਨਿਆਂ ਵਾਲਿਆਂ ਦਾ ਲੇਬਰ ਦੇ ਰੇਟ ਵਧਾਉਣ ਨਾਲ ਮੁਨਾਫਾ ਘੱਟਣ ਲੱਗਾ। ਦੂਜਾ ਜਦੋਂ ਖੇਤੀ ਦਾ ਸੀਜ਼ਨ ਆਉਂਦਾ ਹੈ ਤਾਂ ਕਾਫੀ ਲੋਕ ਪਿੰਡਾਂ ਨੂੰ ਜਾਂਦੇ ਹਨ, ਕਿਉਂਕਿ ਕੁਝ ਮਨਰੇਗਾ ਵਿਚ ਲੱਗੇ ਹੁੰਦੇ ਹਨ ਅਤੇ ਉਧਰ ਖੇਤਾਂ ਵਿਚ ਕੰਮ ਮਿਲ ਜਾਂਦਾ ਹੈ। ਯੂ.ਪੀ., ਬਿਹਾਰ ਦੀ ਲੇਬਰ ਤਾਂ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਵੀ ਜਾਂਦੀ ਹੈ। ਉਦੋਂ ਸ਼ਹਿਰਾਂ ਦੇ ਕਾਰਖਾਨਿਆਂ ਦੀ ਰਫ਼ਤਾਰ ਘੱਟ ਜਾਂਦੀ ਹੈ, ਇਸ ਲਈ ਮਨਰੇਗਾ ਨੂੰ 60 ਦਿਨਾਂ ਲਈ ਬੰਦ ਕਰ ਦਿਓ ਤਾਂ ਜੋ ਉਹ ਬੰਦੇ ਖੇਤਾਂ ਵਿਚ ਕੰਮ ਕਰਨ ਅਤੇ ਸ਼ਹਿਰੀ ਲੇਬਰ ਕਾਰਖਾਨਿਆਂ ਵਿਚ ਟਿਕੀ ਰਹੇ। ਤੀਜਾ ਮਨਰੇਗਾ ਦੀ ਦਿਹਾੜੀ ਨੇ ਇੱਕ ਪੱਧਰ ਰੱਖ ਦਿੱਤਾ, ਜਿਸ ਨਾਲ ਪ੍ਰਾਈਵੇਟ ਦਿਹਾੜੀ ਉਸ ਤੋਂ ਉਪਰ ਚਲੀ ਗਈ ਸੀ। ਹੁਣ 'ਜੀ ਰਾਮ ਜੀ' ਵਿਚ ਦਿਹਾੜੀ ਕਿੰਨੀ ਹੋਵੇਗੀ ਇਸ 'ਤੇ ਕੋਈ ਗੱਲ ਨਹੀਂ ਤੇ ਜਦੋਂ ਹੌਲੀ-ਹੌਲੀ ਇਸ ਪਿੱਛੇ ਕੰਮ ਬੰਦ ਹੋ ਗਿਆ ਤਾਂ ਫਿਰ ਦਿਹਾੜੀ ਦਾ ਕੋਈ ਘੱਟੋ-ਘੱਟ ਮਿਆਰ ਵੀ ਨਹੀਂ ਰਹਿਣਾ। ਇਹ ਬਦਲਾਅ ਦੇ ਨਾਂਅ 'ਤੇ ਕਾਰਪੋਰੇਟਾਂ ਦਾ ਸਿੱਧਾ ਫਾਇਦਾ ਹੈ।

ਕੀ ਕਿਰਤ ਕੋਡ 2025 ਬਦਲਣਗੇ ਕਿਰਤੀਆਂ ਦੀ ਜ਼ਿੰਦਗੀ ਕਿਰਤ ਕੋਡ ਜੋ 2025 ਵਿਚ ਕਾਨੂੰਨ ਬਣਾ ਕੇ ਲਾਗੂ ਕੀਤੇ ਗਏ ਹਨ, ਕੀ ਕਿਰਤੀਆਂ ਦੀ ਜ਼ਿੰਦਗੀ ਬਦਲ ਪਾਉਣਗੇ ਜਾਂ ਫਿਰ ਉਨ੍ਹਾਂ ਨੂੰ ਸੁਰੱਖਿਆ ਘੱਟ ਅਤੇ ਅਸੁਰੱਖਿਅਤ ਜ਼ਿਆਦਾ ਕਰਨਗੇ? ਅਸਲ ਵਿਚ ਇਹ ਕਾਨੂੰਨ 'ਈਜ਼ ਆਫ਼ ਡੋਇੰਗ ਬਿਜ਼ਨਸ' ਭਾਵ ਵਪਾਰ ਨੂੰ ਸੁਖਾਲਾ ਕਰਨ ਦੇ ਮੰਤਵ ਨਾਲ ਲਿਆਂਦੇ ਗਏ ਹਨ। ਸੁਖਾਲਾ ਵਪਾਰ ਜਾਂ ਨਿਯਮਾਂ ਤਹਿਤ ਭਾਰਤ 63ਵੇਂ ਸਥਾਨ 'ਤੇ ਆਉਂਦਾ ਹੈ, ਜਿਥੇ ਵਪਾਰ ਕਰਨਾ ਸੌਖਾ ਹੈ। ਪਰ ਅਨੁਮਾਨ ਹੈ ਕਿ ਇਨ੍ਹਾਂ ਬਦਲੇ ਕਾਨੂੰਨਾਂ ਨਾਲ ਇਹ ਦੁਨੀਆ ਭਰ ਵਿਚ 10ਵੇਂ ਸਥਾਨ ਤੇ ਆ ਜਾਵੇਗਾ। ਇਸ ਵਿਚ ਜੋ ਤਬਦੀਲੀਆਂ ਲਿਆਂਦੀਆਂ ਗਈਆਂ ਹਨ ਉਹ ਇਸ ਤਰ੍ਹਾਂ ਹਨ-ਇਕ ਤਾਂ ਹੁਣ ਘੱਟੋ-ਘੱਟ ਭੱਤਾ ਤੇ ਤਨਖਾਹ ਕੇਂਦਰ ਵਲੋਂ ਨਿਰਧਾਰਤ ਕੀਤੀ ਜਾਵੇਗੀ। ਇਸ ਵਿਚ ਜੇ ਕਿਤੇ ਜ਼ਿਆਦਾ ਤਨਖਾਹ ਹੈ ਤਾਂ ਉਸ ਨੂੰ ਘਟਾਉਣ ਦੀ ਜ਼ਰੂਰਤ ਨਹੀਂ। ਇਹ ਪੰਜ ਸਾਲਾਂ ਤੱਕ ਚਲਦੀ ਰਹੇਗੀ, ਉਸ ਤੋਂ ਬਾਅਦ ਇਸ ਵਿਚ ਤਬਦੀਲੀ ਜ਼ਰੂਰੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਜੋ ਅੱਜ ਤੈਅ ਹੋ ਗਿਆ ਉਹ ਪੰਜ ਸਾਲ ਤੱਕ ਚੱਲੇਗਾ ਭਾਵ ਮਹਿੰਗਾਈ ਦਰ ਨਾਲ ਇਸ ਨੂੰ ਵਧਾਉਣ ਦਾ ਹਰ ਸਾਲ ਦਾ ਚੱਕਰ ਖ਼ਤਮ। ਇਸ ਵਿਚ ਕੋਈ ਵੀ ਕਾਰਖਾਨੇਦਾਰ ਪੰਜ ਸਾਲ ਤੱਕ ਉਜਰਤ ਕਿਉਂ ਵਧਾਏਗਾ ਅਤੇ ਕੋਈ ਵੀ ਕਾਮਾਂ ਇਸ ਵਿਰੁੱਧ ਆਵਾਜ਼ ਨਹੀਂ ਚੁੱਕ ਸਕੇਗਾ ਕਿ ਸਾਡਾ ਮਿਹਨਤਾਨਾ ਵਧਾਓ। ਇਸ ਦੇ ਨਾਲ ਹੀ ਹੁਣ ਜੋ ਕੋਈ ਕਾਰਖਾਨੇਦਾਰ ਕੰਮ ਘਟਾਉਣਾ ਜਾਂ ਬੰਦ ਕਰਨਾ ਚਾਹੁੰਦਾ ਹੈ, ਤਾਂ ਜੇ ਉਸ ਕੋਲ 300 ਜਾਂ ਉਸ ਤੋਂ ਵੱਧ ਲੋਕ ਕੰਮ ਕਰਦੇ ਹਨ ਤਾਂ ਉਸ ਨੂੰ ਸਰਕਾਰ ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਇਹ ਅੰਕੜਾ ਪਹਿਲਾਂ 100 ਲੋਕਾਂ ਤੋਂ ਉੱਪਰ ਤੋਂ ਸ਼ੁਰੂ ਹੋ ਜਾਂਦਾ ਸੀ। ਭਾਵ ਹੁਣ ਜਿਨ੍ਹਾਂ ਕੋਲ 299 ਲੋਕ ਕੰਮ ਕਰਦੇ ਹਨ ਉਹ ਜਦੋਂ ਮਰਜ਼ੀ ਉਨ੍ਹਾਂ ਨੂੰ ਕੱਢ ਸਕਦੇ ਹ ਅਤੇ ਕਾਰਖਾਨੇਦਾਰ 'ਤੇ ਕੋਈ ਵੀ ਐਕਸ਼ਨ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਸਾਡੇ ਦੇਸ਼ ਦੇ ਤਕਰੀਬਨ ਬਹੁਤੇ ਕਾਰਖਾਨੇ ਇਸ ਦੇ ਅਧੀਨ ਆ ਜਾਣਗੇ। ਇਸ ਦੇ ਨਾਲ ਹੀ ਕਾਰਖਾਨੇਦਾਰ ਨੂੰ ਠੇਕੇ ਦੇ ਕਾਮੇ ਰੱਖਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ ਪਰ ਉਸ ਨੂੰ ਮਿਹਨਤਾਨਾ ਅਤੇ ਹੋਰ ਭੱਤੇ ਰੈਗੂਲਰ ਵਾਲੇ ਹੀ ਦੇਣੇ ਹੋਣਗੇ। ਪਰ ਠੇਕੇ ਵਾਲੇ ਕਾਮੇ ਕਿਸੇ ਜਾਂ ਹੋਰ ਟਰੇਡ ਯੂਨੀਅਨ ਦਾ ਹਿੱਸਾ ਨਹੀਂ ਬਣ ਸਕਦੇ ਅਤੇ ਨਾ ਹੀ ਉਹ ਹੜਤਾਲ ਕਰ ਸਕਦੇ ਹਨ। ਇਨ੍ਹਾਂ ਨੂੰ ਜਦੋਂ ਮਰਜ਼ੀ ਕੱਢਿਆ ਜਾ ਸਕਦਾ ਹੈ। ਇਥੇ ਦਲੀਲ ਹੈ ਕਿ ਇਹਨਾਂ ਨਾਲ ਕੰਟਰੈਕਟ ਹੋਵੇਗਾ, ਪਰ ਕੀ ਆਮ ਇਨਸਾਨ ਅਤੇ ਸਰਮਾਏਦਾਰ ਵਿਚ ਬਰਾਬਰੀ ਹੋ ਸਕਦੀ ਹੈ?



ਜੇ ਕੋਈ ਕੰਮ ਦੀਆਂ ਸ਼ਰਤਾਂ ਬਦਲੀਆਂ ਜਾਂਦੀਆਂ ਹਨ ਜਾਂ ਕਾਮਿਆਂ ਨੂੰ ਗ਼ਲਤ ਤਰੀਕੇ ਨਾਲ ਕੱਢਿਆ ਜਾਂਦਾ ਹੈ ਤਾਂ ਉਸ ਸੂਰਤ ਵਿਚ ਲੇਬਰ ਯੂਨੀਅਨ ਨੂੰ ਕੋਈ ਇਤਰਾਜ਼ ਹੈ ਤਾਂ 14 ਦਿਨਾਂ ਦਾ ਨੋਟਿਸ ਦੇ ਕੇ ਹੜਤਾਲ 'ਤੇ ਜਾ ਸਕਦੇ ਹਨ। ਇਸ ਵਿਚ ਜੇ ਕਾਰਖਾਨੇਦਾਰ ਲੇਬਰ ਯੂਨੀਅਨ ਨਾਲ ਗੱਲਬਾਤ ਰਾਹੀਂ ਜਾਂ ਟ੍ਰਿਬਿਊਨਲ ਕੋਲ ਇਸ ਨੂੰ ਸੁਲਝਾ ਲੈਣ ਲਈ ਪਹੁੰਚਦਾ ਹੈ ਤਾਂ ਜਿਨ੍ਹਾਂ ਚਿਰ ਇਹ ਪ੍ਰਕਿਰਿਆ ਚੱਲੇਗੀ ਉਸ ਸਮੇਂ ਤੱਕ ਹੜਤਾਲ ਨਹੀਂ ਹੋ ਸਕਦੀ। ਟ੍ਰਿਬਿਊਨਲ ਨੂੰ ਇਕ ਸਾਲ ਦੇ ਅੰਦਰ ਆਪਣਾ ਫ਼ੈਸਲਾ ਦੇਣਾ ਜ਼ਰੂਰੀ ਹੈ। ਟ੍ਰਿਬਿਊਨਲ ਦੇ ਮੈਂਬਰ ਸਰਕਾਰ ਵੱਲੋਂ ਨਿਯੁਕਤ ਹੋਣਗੇ ਉਹ ਕਿਸ ਦੀ ਅੱਖ ਪਛਾਨਣਗੇ ਸਰਕਾਰ, ਉਦਯੋਗਪਤੀ ਜਾਂ ਫਿਰ ਕਿਰਤੀ ਦੀ ਇਹ ਸਭ ਜਾਣਦੇ ਹੀ ਹਨ। ਨਵੇਂ ਕੋਡ ਅਨੁਸਾਰ ਜੋ ਯੂਨੀਅਨ ਹੜਤਾਲ ਕਰਦੀ ਹੈ ਉਸ ਵਿਚ ਘੱਟੋ ਘੱਟ 51 ਫ਼ੀਸਦੀ ਕਾਮਿਆਂ ਦੀ ਸਹਿਮਤੀ ਹੋਣੀ ਚਾਹੀਦੀ ਹੈ। ਇਸ ਵਿਚੋਂ ਸਮੇਂ ਨਾਲ ਜੇ ਕਾਰਖਾਨੇਦਾਰ ਨੇ ਕੁਝ ਮੈਂਬਰ ਕੱਢ ਦਿੱਤੇ ਜਾਂ ਖਰੀਦ ਲਏ ਤਾਂ ਹੜਤਾਲ ਨਹੀਂ ਹੋ ਸਕਦੀ। ਇਸ ਵਿਚ ਜੇ ਕਾਮੇ ਕੋਈ ਸਮੂਹਿਕ ਛੁੱਟੀ (ਮਾਸ ਲੀਵ) ਲੈਂਦੇ ਹਨ ਤਾਂ ਉਸ ਨੂੰ ਹੜਤਾਲ ਮੰਨਦੇ ਹੋਏ ਕਿਰਤੀਆਂ 'ਤੇ ਕਾਰਵਾਈ ਕੀਤੀ ਜਾਵੇਗੀ। ਵਿਸ਼ਲੇਸ਼ਣ ਤੋਂ ਲੱਗਦਾ ਹੈ ਕਿ ਇਹ ਕਾਨੂੰਨ ਕਿਰਤੀਆਂ ਨੂੰ ਘੱਟ ਅਤੇ ਕਾਰਪੋਰੇਟਾਂ ਨੂੰ ਵੱਧ ਫਾਇਦਾ ਦੇਣਗੇ, ਤਾਂ ਹੀ ਤਾਂ ਸੁਖਾਲੇ ਵਪਾਰ ਦਾ ਅੰਕੜਾ ਉੱਪਰ ਜਾਵੇਗਾ।


# ਛੋਟੇ ਬੱਚਿਆਂ ਲਈ ਨੁਕਸਾਨਦਾਇਕ ਆਨਲਾਈਨ ਕਲਾਸਾਂ

ਸਵਿਤਾ

ਆਨਲਾਈਨ ਕਲਾਸ ਅਜਿਹੇ ਛੋਟੇ ਬੱਚਿਆਂ ਦੇ ਲਈ ਕਿੰਨੀ ਨੁਕਸਾਨਦੇਹ ਹੈ ਜਿਨ੍ਹਾਂ ਨੂੰ ਅਜੇ ਤੱਕ ਦੁਨੀਆ 'ਚ ਕੀ-ਕੀ ਹੈ ਦੇਖਣ ਲਈ ਦੀ ਪੂਰੀ ਸਮਝ ਵੀ ਨਹੀਂ ਹੈ। ਜੋ ਅਜੇ ਦੋ-ਢਾਈ-ਤਿੰਨ ਸਾਲ ਦੇ ਹਨ। ਘਰ 'ਚ ਉਨ੍ਹਾਂ ਦੇ ਮਾਪ-ਬਾਪ, ਦਾਦਾ-ਦਾਦੀ ਉਨ੍ਹਾਂ ਦੇ ਸਾਹਮਣੇ ਫੋਨ ਨਹੀਂ ਚਲਾਉਂਦੇ, ਗੱਲ ਨਹੀਂ ਕਰਦੇ। ਜੇਕਰ ਛੋਟਾ ਬੱਚਾ ਘਰ 'ਚ ਹੈ ਤਾਂ ਫੋਨ ਉਸ ਕਮਰੇ ਤੋਂ ਬਾਹਰ ਰੱਖਦੇ ਹਨ, ਜਿਸ 'ਚ ਬੱਚਾ ਹੈ, ਭਾਵੇਂ ਇਹ ਸਭ ਕੁਝ ਇਕ ਘਰ 'ਚ ਹੁੰਦਾ ਹੈ ਪਰ ਅੱਜਕੱਲ ਮਾਂ-ਬਾਪ, ਦਾਦਾ-ਦਾਦੀ, ਨਾਨਾ-ਨਾਨੀ ਇੰਨੇ ਤਾਂ ਚੌਕਸ ਹਨ ਹੀ ਕਿ ਜਦੋਂ ਤੱਕ ਬੱਚਿਆਂ ਨੂੰ ਮੋਬਾਇਲ ਫੋਨ ਵਰਗੇ ਜ਼ਹਿਰ ਤੋਂ ਬਚਾਇਆ ਜਾ ਸਕੇ ਬਚਾ ਕੇ ਰੱਖਣ। ਮੈਂ ਗੱਲ ਕਰ ਰਹੀ ਹਾਂ ਛੋਟੇ ਬੱਚਿਆਂ ਦੀ ਜੋ ਅਜੇ ਪਲੇਅ-ਵੇਅ, ਨਰਸਿੰਗ ਜਾਂ ਪ੍ਰੀ-ਨਰਸਰੀ 'ਚ ਹਨ, ਜਿਨ੍ਹਾਂ ਨੇ ਅਜੇ ਤੱਕ ਦੁਨੀਆ ਨਹੀਂ ਦੇਖੀ ਜਾਂ ਅਜੇ ਦੇਖਣੀ ਸ਼ੁਰੂ ਕੀਤੀ ਹੈ, ਉਨ੍ਹਾਂ ਨੂੰ ਸਕੂਲ ਦੀਆਂ ਛੁੱਟੀਆਂ 'ਚ ਆਨਲਾਈਨ ਕਲਾਸਾਂ ਦਿੱਤੀਆਂ ਜਾ ਰਹੀਆਂ ਹਨ। ਜਿਸ ਬੱਚੇ ਨੂੰ ਸਕੂਲ ਦਾ ਮਤਲਬ ਨਹੀਂ ਪਤਾ, ਕਲਾਸ ਦਾ ਮਤਲਬ ਨਹੀਂ ਪਤਾ, ਆਨਲਾਈਨ ਕਲਾਸ ਕੀ ਲਗਾਏਗਾ। ਜਿਹੜੇ ਬੱਚਿਆਂ ਦੇ ਮਾਂ-ਬਾਪ ਨੇ ਅਜੇ ਉਨ੍ਹਾਂ ਨੂੰ ਮੋਬਾਈਲ ਨਹੀਂ ਦਿਖਾਇਆ, ਲੁਕਾਇਆ ਹੀ ਹੈ, ਉਨ੍ਹਾਂ ਛੋਟੇ ਬੱਚਿਆਂ ਤੋਂ ਮੋਬਾਈਲ ਵਰਗੇ ਜ਼ਹਿਰ ਨੂੰ ਇੰਟਰਡਿਊਸ ਕਰਨ 'ਚ ਸਕੂਲ ਵਲੋਂ ਪਹਿਲ ਹੋ ਰਹੀ ਹੈ। ਕਿੰਨਾ ਗਲਤ ਹੈ।

ਅੱਜਕੱਲ ਸਕੂਲ ਵਰਗੇ ਪਵਿੱਤਰ ਸਥਾਨ 'ਤੇ ਜਿੱਥੇ ਪੜ੍ਹੇ-ਲਿਖੇ ਸੱਭਿਅਕ ਟੀਚਰ ਬੈਠੇ-ਬੈਠੇ ਲਈ ਗਈ ਸਕੂਲ ਦੀ ਫੀਸ ਨੂੰ ਜਸਟੀਫਾਈ ਕਰਨ ਲਈ ਆਨਲਾਈਨ ਕਲਾਸ ਦਾ ਸਹਾਰਾ ਲੈ ਕੇ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ, ਕੀ ਉਨ੍ਹਾਂ ਨੂੰ ਨਹੀਂ ਪਤਾ ਕਿ 5 ਸਾਲ ਤੋਂ 12 ਸਾਲ ਦੇ ਬੱਚੇ ਮੋਬਾਈਲ ਦੇ ਕਿੰਨੇ ਆਦੀ ਹੋ ਚੁੱਕੇ ਹਨ। 60 ਫੀਸਦੀ ਤੱਕ ਬੱਚੇ ਇਸ ਦੀ ਡਿਜੀਟਲ ਆਦਤ ਦੇ ਜ਼ੋਖਮ 'ਚ ਹਨ। ਇਹ ਨੀਂਦ ਦੀ ਕਮੀ, ਚਿੜਚਿੜਾਪਣ ਅਤੇ ਕਈ ਬੀਮਾਰੀਆਂ ਦੀ ਲਪੇਟ 'ਚ ਹਨ। ਅੱਖਾਂ 'ਚ ਥਕਾਵਟ, ਮੋਟਾਪਾ ਅਤੇ ਖਾਣੇ ਦੀਆਂ ਖਰਾਬ ਆਦਤਾਂ, ਬਾਹਰੀ ਦੁਨੀਆ ਨਾਲ ਸੰਪਰਕ ਟੁੱਟਣਾ, ਖੇਡਣ ਦੀ ਰੁਚੀ ਨਾ ਲੈ ਕੇ ਸਿਰਫ ਮੋਬਾਈਲ 'ਤੇ ਲੱਗੇ ਰਹਿਣ ਦੇ ਸ਼ੁਰੂਆਤ 5-6 ਸਾਲਾਂ ਦੇ ਕੋਮਲ ਬੱਚਿਆਂ ਦੀ ਸਕੂਲ ਤੋਂ ਹੀ ਹੋ ਰਹੀ ਹੈ। ਸਕੂਲ ਦੀ ਆਨਲਾਈਨ ਕਲਾਸ ਦੇ ਚੱਕਰ 'ਚ ਬੱਚਿਆਂ ਨੂੰ ਮੋਬਾਈਲ ਦੇਣਾ ਪੈਂਦਾ ਹੈ। ਜਿਸ ਨਾਲ ਉਹ ਮੋਬਾਈਲ ਤੋਂ ਜਾਣੂ ਹੁੰਦੇ ਹਨ ਅਤੇ ਕਲਾਸ ਦੇ ਬਾਅਦ ਵੀ ਆਪਣੇ ਮਾਂ-ਬਾਪ ਤੋਂ ਮੋਬਾਈਲ ਲੈਣ ਦੀ ਜ਼ਿੱਦ ਕਰਦੇ ਹਨ। ਹੌਲੀ-ਹੌਲੀ ਮੋਬਾਈਲ ਦੇ ਆਦੀ ਹੋ ਜਾਂਦੇ ਹਨ। ਜਿਸ ਨਾਲ ਮਾਂ-ਬਾਪ ਤੰਗ ਆ ਕੇ ਜਾਂ ਬੱਚਿਆਂ ਦੀ ਜ਼ਿੱਦ ਅਤੇ ਗੁੱਸੇ ਤੋਂ ਪ੍ਰੇਸ਼ਾਨ ਹੋ ਕੇ ਮੋਬਾਈਲ ਦੇ ਦਿੰਦੇ ਹਨ। ਕਿਉਂਕਿ ਦੋ-ਚਾਰ ਦਿਨ ਤਾਂ ਮਾਂ-ਬਾਪ ਬੱਚੇ ਨੂੰ ਸਮਝਾ ਕੇ ਜਾਂ ਨਵਾਂ ਖਿਡੌਣਾ ਦੇ ਕੇ ਮੋਬਾਈਲ ਤੋਂ ਦੂਰ ਕਰ ਦੇਣਗੇ ਪਰ ਜਦੋਂ ਅਗਲੇ ਦਿਨ ਫਿਰ ਆਨਲਾਈਨ ਕਲਾਸ ਦੀ ਵਾਰੀ ਆਵੇਗੀ ਤਾਂ ਬੱਚਾ ਤਾਂ ਖੁਸ਼ ਪਰ ਮਾਂ-ਬਾਪ ਪ੍ਰੇਸ਼ਾਨ ਹੋ ਜਾਂਦੇ ਹਨ ਅਤੇ ਸੋਚਣ ਲੱਗ ਜਾਂਦੇ ਹਨ ਕਿ ਅੱਜ ਕਿਵੇਂ ਕਲਾਸ ਤੋਂ ਬਾਅਦ ਬੱਚੇ ਨਾਲ ਨਜਿੱਠਣਾ ਹੈ, ਕਿ ਉਹ ਮੋਬਾਈਲ ਲੈਣ ਦੀ ਜ਼ਿੱਦ ਨਾ ਕਰੇ।

ਇੱਥੇ ਮੈਂ ਗੱਲ ਸਿਰਫ ਛੋਟੇ ਬੱਚਿਆਂ ਦੀ ਹੀ ਕਰ ਰਹੀ ਹਾਂ, ਜੋ ਅਜੇ 5-6 ਸਾਲ ਦੇ ਹੀ ਹਨ। ਪੰਜ ਸਾਲ ਤੱਕ ਤਾਂ ਵੈਸੇ ਵੀ ਬੱਚਾ ਅਜੇ ਦੁਨੀਆ ਨੂੰ ਜਾਨਣ ਦੀ ਸਮਝ ਨਹੀਂ ਰੱਖਦਾ, 90 ਫੀਸਦੀ ਤੱਕ ਬੱਚੇ ਦਾ ਦਿਮਾਗ 5 ਸਾਲ ਦੀ ਉਮਰ ਤੱਕ ਵਿਕਸਤ ਹੁੰਦਾ ਹੈ ਅਤੇ ਅਸੀਂ ਉਸ ਤੋਂ ਕਿੰਨੇ ਛੋਟੇ ਬੱਚਿਆਂ ਨੂੰ ਆਨਲਾਈਨ ਕਲਾਸ ਦਾ ਜ਼ਹਿਰ ਦੇ ਰਹੇ ਹਾਂ। ਖਾਣਾ-ਖਾਂਦੇ ਸਮੇਂ ਮੋਬਾਈਲ ਦੇਣ ਦੀ ਸ਼ੁਰੂਆਤ 'ਚ ਅਸੀਂ ਮਾਂ-ਬਾਪ ਨੂੰ ਦੋਸ਼ੀ ਮੰਨਦੇ ਹਾਂ ਪਰ ਆਨਲਾਈਨ ਕਲਾਸ ਦੀ ਸ਼ੁਰੂਆਤ ਕਰਨ ਵਾਲੇ ਸਕੂਲ ਜੋ ਪੜ੍ਹਾਈ ਦੇ ਨਾਂ 'ਤੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ, ਸਿਰਫ ਆਪਣੀ ਲਈ ਗਈ ਫੀਸ ਨੂੰ ਜਸਟੀਫਾਈਡ ਕਰਨ ਲਈ। ਇਸ ਸਮਾਜ 'ਚ ਹੋਰ ਕਈ ਅਜਿਹੇ ਕੰਮ ਹੋ ਰਹੇ ਹਨ, ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਬਹੁਤ ਹੀ ਨੁਕਸਾਨਦਾਇਕ ਹਨ ਪਰ ਅਸੀਂ ਸ਼ਾਇਦ



ਵਿੱਦਿਅਕ ਸੰਸਥਾਵਾਂ ਤੋਂ ਤਾਂ ਉਮੀਦ ਕਰ ਹੀ ਸਕਦੇ ਹਾਂ ਕਿ ਉਹ ਅਜਿਹੀ ਪਹਿਲ ਨਾ ਕਰਨ , ਜਿਸ ਨਾਲ ਆਉਣ ਵਾਲੇ ਪੀੜ੍ਹੀ ਦੀ ਸਿਹਤ ਨਾਲ ਖਿਲਵਾੜ ਹੋਵੇ। ਅਸੀਂ ਯਾਦ ਕਰਦੇ ਹਾਂ ਉਸ ਸਮੇਂ ਨੂੰ ਜਦੋਂ ਮੋਬਾਈਲ ਨਹੀਂ ਸੀ ਤਾਂ ਕੀ ਬੱਚੇ ਪੜ੍ਹਦੇ ਨਹੀਂ ਸਨ? ਮੈਂ ਆਪਣੇ ਇਸ ਲੇਖ 'ਚ ਅਜੇ ਸਿਰਫ ਛੋਟੇ ਬੱਚਿਆਂ ਦੀ ਹੀ ਗੱਲ ਕਰ ਰਹੀ ਹਾਂ।

**ਖਿਲਨੇ ਦੋ ਉਨਹੇਂ ਸਮਯ ਪਰ,**
**ਪਰੰਤੂ ਅਪਨੇ ਹੀ ਦਮ ਪਰ।**
**ਨਾ ਦੋ ਐਸਾ ਜ਼ਹਰ ਜਿਸ ਪਰ,**
**ਨਾਮ ਤੁਮਹਾਰਾ ਆਏ ਹਰ ਦਮ।**

# ਫੁੱਲਾਂ ਦੀ ਭਾਸ਼ਾ



ਕੁਦਰਤ ਨੇ ਮਨੁੱਖ ਨੂੰ ਸ਼ਬਦ ਦਿੱਤੇ ਤੇ ਫੁੱਲਾਂ ਨੂੰ ਅਹਿਸਾਸ। ਮਨੁੱਖ ਬੋਲ ਕੇ ਵੀ ਅਕਸਰ ਆਪਣੀ ਗੱਲ ਪੂਰੀ ਨਹੀਂ ਕਹਿ ਸਕਦਾ, ਪਰ ਫੁੱਲ ਬਿਨਾਂ ਕੁਝ ਕਹੇ ਹੀ ਦਿਲ ਤੱਕ ਪਹੁੰਚ ਜਾਂਦੇ ਹਨ। ਇਹੀ ਉਹ ਅਦ੍ਰਿਸ਼ਟ ਸੰਵਾਦ ਹੈ, ਜਿਸ ਨੂੰ ਅਸੀਂ ਫੁੱਲਾਂ ਦੀ ਭਾਸ਼ਾ ਕਹਿੰਦੇ ਹਾਂ। ਇਹ ਭਾਸ਼ਾ ਕਿਸੇ ਲਿੱਪੀ ਦੀ ਮੁਹਤਾਜ਼ ਨਹੀਂ, ਨਾ ਹੀ ਕਿਸੇ ਅਨੁਵਾਦ ਦੀ। ਇਹ ਸਿੱਧੀ ਮਨ ਤੋਂ ਮਨ ਤੱਕ ਵਹਿੰਦੀ ਹੈ।

ਫੁੱਲਾਂ ਦੀ ਭਾਸ਼ਾ ਮਨੁੱਖੀ ਸੱਭਿਆਚਾਰ ਨਾਲ ਗਹਿਰਾਈ ਨਾਲ ਜੁੜੀ ਹੋਈ ਹੈ। ਜਨਮ ਦੇ ਮੌਕੇ 'ਤੇ ਫੁੱਲ ਖ਼ੁਸ਼ੀ ਬਣ ਕੇ ਆਉਂਦੇ ਹਨ, ਵਿਆਹ ਸਮੇਂ ਫੁੱਲ ਸੁਪਨਿਆਂ ਦੀ ਸਜਾਵਟ ਬਣਦੇ ਹਨ, ਮੌਤ ਦੇ ਵੇਲੇ ਉਹੀ ਫੁੱਲ ਵਿਦਾਈ ਦਾ ਪ੍ਰਤੀਕ ਬਣ ਜਾਂਦੇ ਹਨ। ਇੱਕੋ ਫੁੱਲ, ਪਰ ਅਹਿਸਾਸ ਹਰ ਵਾਰ ਵੱਖਰਾ। ਇਹੀ ਫੁੱਲਾਂ ਦੀ ਭਾਸ਼ਾ ਦੀ ਖ਼ੂਬੀ ਹੈ। ਉਹ ਹਰ ਪਲ ਦੇ ਭਾਵ ਨੂੰ ਆਪਣੇ ਵਿੱਚ ਸਮੇਟ ਲੈਂਦੀ ਹੈ।

ਹਰ ਫੁੱਲ ਆਪਣੀ ਅਲੱਗ ਕਹਾਣੀ ਰੱਖਦਾ ਹੈ। ਗੁਲਾਬ ਦੀਆਂ ਪੰਖੁੜੀਆਂ ਵਿੱਚ ਪ੍ਰੇਮ ਦੀ ਗਰਮੀ ਵਸਦੀ ਹੈ, ਕਮਲ ਦੀ ਖਿੜਾਨ ਵਿੱਚ ਪਵਿੱਤਰਤਾ ਅਤੇ ਆਤਮਿਕ ਉਚਾਈ ਹੈ, ਗੇਂਦੇ ਦੇ ਫੁੱਲ ਸਾਦਗੀ ਅਤੇ ਲੋਕ ਜੀਵਨ ਨਾਲ ਜੁੜਾਅ ਦਰਸਾਉਂਦੇ ਹਨ। ਜੰਗਲੀ ਫੁੱਲ ਜੋ ਬਿਨਾਂ ਕਿਸੇ ਸਾਂਭ-ਸੰਭਾਲ ਦੇ ਖਿੜ ਜਾਂਦੇ ਹਨ, ਉਹ ਆਜ਼ਾਦੀ ਅਤੇ ਸਵੈ-ਹੋਂਦ ਦੀ ਗੱਲ ਕਰਦੇ ਹਨ। ਇਹ ਸਾਰੇ ਫੁੱਲ ਮਿਲ ਕੇ ਕੁਦਰਤ ਦੀ ਇੱਕ ਅਜਿਹੀ ਕਵਿਤਾ ਬਣਾਉਂਦੇ ਹਨ, ਜਿਸ ਦੀ ਹਰ ਪੰਕਤੀ ਮਹਿਸੂਸ ਕੀਤੀ ਜਾਂਦੀ ਹੈ, ਪੜ੍ਹੀ ਨਹੀਂ।

ਫੁੱਲਾਂ ਦੇ ਰੰਗ ਵੀ ਆਪਣੀ ਭਾਸ਼ਾ ਬੋਲਦੇ ਹਨ। ਲਾਲ ਰੰਗ ਜਜ਼ਬਾਤਾਂ ਦੀ ਤੀਬਰਤਾ ਦੱਸਦਾ ਹੈ, ਸਫ਼ੈਦ ਸ਼ਾਂਤੀ ਅਤੇ ਸੱਚਾਈ ਦਾ ਪ੍ਰਤੀਕ ਹੈ, ਪੀਲਾ ਰੰਗ ਉਮੀਦ ਅਤੇ ਦੋਸਤੀ ਦਾ ਸੰਦੇਸ਼ ਦਿੰਦਾ ਹੈ। ਨੀਲਾ ਰੰਗ ਗੰਭੀਰਤਾ ਅਤੇ ਡੂੰਘੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ, ਜਦੋਂਕਿ ਜਾਮਣੀ ਰੰਗ ਰਾਜ਼ ਅਤੇ ਆਤਮਿਕਤਾ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਫੁੱਲਾਂ ਦੀ ਇਹ ਰੰਗੀਨ ਭਾਸ਼ਾ ਮਨੁੱਖੀ ਮਨ ਦੇ ਅਨੇਕ ਪਹਿਲੂਆਂ ਨੂੰ ਬਿਆਨ ਕਰਦੀ ਹੈ।

ਫੁੱਲਾਂ ਦੀ ਭਾਸ਼ਾ ਸਬਰ ਅਤੇ ਸਹਿਣਸ਼ੀਲਤਾ ਦੀ ਭਾਸ਼ਾ ਹੈ। ਇੱਕ ਨਿੱਕਾ ਜਿਹਾ ਬੀਜ ਜੋ ਮਿੱਟੀ ਵਿੱਚ ਦੱਬਿਆ ਜਾਂਦਾ ਹੈ, ਅਣਗਿਣਤ ਮੁਸ਼ਕਿਲਾਂ ਸਹਾਰ ਕੇ ਫੁੱਲ ਬਣਦਾ ਹੈ। ਧੁੱਪ ਦੀ ਤਪਸ਼, ਮੀਂਹ ਦੀ ਮਾਰ, ਹਵਾ ਦੇ ਝੌਕੇ ਸਭ ਕੁਝ ਸਹਿੰਦਾ ਹੋਇਆ ਵੀ ਫੁੱਲ ਆਪਣੀ ਨਰਮੀ ਨਹੀਂ ਗੁਆਉਂਦਾ। ਇਹ ਮਨੁੱਖ ਨੂੰ ਸਿਖਾਉਂਦਾ ਹੈ ਕਿ ਤਕਲੀਫ਼ਾਂ ਜੀਵਨ ਦਾ ਹਿੱਸਾ ਹਨ। ਉਹ

**ਕਮਲਜੀਤ ਜੌਰ ਗੁੰਮਟੇ**

ਸਾਡੀ ਸੁੰਦਰਤਾ ਨੂੰ ਘਟਾਉਣ ਲਈ ਨਹੀਂ, ਸਗੋਂ ਨਿਖਾਰਨ ਲਈ ਹੁੰਦੀਆਂ ਹਨ।

ਪੰਜਾਬੀ ਸੱਭਿਆਚਾਰ ਵਿੱਚ ਫੁੱਲਾਂ ਦੀ ਭਾਸ਼ਾ ਬਹੁਤ ਡੂੰਘੀ ਹੈ। ਪਿੰਡਾਂ ਦੀ ਸਵੇਰ ਫੁੱਲਾਂ ਦੀ ਮਹਿਕ ਨਾਲ ਸ਼ੁਰੂ ਹੁੰਦੀ ਹੈ। ਖੇਤਾਂ ਦੇ ਕਿਨਾਰੇ ਖਿੜੇ ਫੁੱਲ ਕਿਸਾਨ ਦੀ ਮਿਹਨਤ ਦੇ ਗਵਾਹ ਹੁੰਦੇ ਹਨ। ਗੁਰਦੁਆਰਿਆਂ ਵਿੱਚ ਫੁੱਲਾਂ ਦੀ ਸੇਵਾ ਸਿਰਫ਼ ਸਜਾਵਟ ਨਹੀਂ, ਸਗੋਂ ਸ਼ਰਧਾ ਅਤੇ ਨਿਮਰਤਾ ਦਾ ਪ੍ਰਗਟਾਵਾ ਹੈ। ਗੁਰਬਾਣੀ ਵਿੱਚ ਫੁੱਲ ਨਾਸਵਾਨ ਜੀਵਨ ਦਾ ਪ੍ਰਤੀਕ ਬਣ ਕੇ ਆਉਂਦੇ ਹਨ ਜੋ ਮਨੁੱਖ ਨੂੰ ਹੰਕਾਰ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੇ ਹਨ।

ਲੋਕ ਗੀਤਾਂ ਅਤੇ ਪੰਜਾਬੀ ਕਵਿਤਾ ਵਿੱਚ ਫੁੱਲ ਵਾਰ-ਵਾਰ ਆਉਂਦੇ ਹਨ। ਕਦੇ ਪ੍ਰੇਮਿਕਾ ਦੀ ਤੁਲਨਾ ਫੁੱਲ ਨਾਲ ਕੀਤੀ ਜਾਂਦੀ ਹੈ, ਕਦੇ ਜਵਾਨੀ ਨੂੰ ਖਿੜਦਾ ਫੁੱਲ ਕਿਹਾ ਜਾਂਦਾ ਹੈ। ਫੁੱਲ ਇੱਥੇ ਸਿਰਫ਼ ਸੁੰਦਰਤਾ ਨਹੀਂ, ਸਗੋਂ ਨਾਜ਼ੁਕਤਾ ਅਤੇ ਅਸਥਿਰਤਾ ਦਾ ਸੰਦੇਸ਼ ਵੀ ਦਿੰਦੇ ਹਨ। ਇਹ ਸਾਨੂੰ ਯਾਦ ਦਿਵਾਉਂਦੇ ਹਨ, ਜਿਵੇਂ ਫੁੱਲ ਕੁਝ ਸਮੇਂ ਬਾਅਦ ਝੜ ਜਾਂਦਾ ਹੈ, ਉਸੇ ਤਰ੍ਹਾਂ ਮਨੁੱਖੀ ਜੀਵਨ ਵੀ ਅਸਥਾਈ ਹੈ।

ਫੁੱਲਾਂ ਦੀ ਭਾਸ਼ਾ ਨਿਸ਼ਕਾਮਤਾ ਦੀ ਭਾਸ਼ਾ ਹੈ। ਫੁੱਲ ਆਪਣੀ ਖ਼ੁਸ਼ਬੂ ਕਿਸੇ ਤੋਂ ਕੁਝ ਮੰਗੇ ਬਿਨਾਂ ਵੰਡਦਾ ਹੈ। ਉਹ ਇਹ ਨਹੀਂ ਦੇਖਦਾ, ਉਸ ਦੀ ਖ਼ੁਸ਼ਬੂ ਕਿਸ ਤੱਕ ਪਹੁੰਚ ਰਹੀ ਹੈ। ਇਹ ਗੁਣ ਮਨੁੱਖ ਲਈ ਸਭ ਤੋਂ ਵੱਡਾ ਪਾਠ ਹੈ। ਅੱਜ ਦੇ ਸਵਾਰਥੀ ਯੁੱਗ ਵਿੱਚ ਜਿੱਥੇ ਹਰ ਕੰਮ ਲਾਭ ਦੇ ਨਾਪ-ਤੋਲ ਨਾਲ ਕੀਤਾ ਜਾਂਦਾ ਹੈ, ਫੁੱਲ ਸਾਨੂੰ ਬਿਨਾਂ ਸ਼ਰਤ ਦੇ ਸਿਖਾਉਂਦੇ ਹਨ।

ਆਧੁਨਿਕ ਜੀਵਨ ਦੀ ਦੌੜ-ਭੱਜ ਵਿੱਚ ਮਨੁੱਖ ਨੇ ਸ਼ਾਇਦ ਫੁੱਲਾਂ ਦੀ ਭਾਸ਼ਾ ਸੁਣਨੀ ਘੱਟ ਕਰ ਦਿੱਤੀ ਹੈ। ਕੰਕਰੀਟ ਦੇ ਜੰਗਲਾਂ ਵਿੱਚ ਫੁੱਲ ਸਿਰਫ਼ ਸਜਾਵਟੀ ਵਸਤੂ ਬਣ ਕੇ ਰਹਿ ਗਏ ਹਨ। ਜਦੋਂ ਮਨੁੱਖ ਥੱਕ ਜਾਂਦਾ ਹੈ, ਉਹੀ ਫੁੱਲ ਉਸ ਨੂੰ ਸ਼ਾਂਤੀ ਦਿੰਦੇ ਹਨ। ਇੱਕ ਬਾਗ਼ ਵਿੱਚ ਕੁਝ ਪਲ ਬਿਤਾਉਣਾ, ਇੱਕ ਫੁੱਲ ਨੂੰ ਧਿਆਨ ਨਾਲ ਨਿਹਾਰਨਾ, ਇਹ ਸਭ ਮਨ ਨੂੰ ਉਹ ਸਕੂਨ ਦਿੰਦਾ ਹੈ ਜੋ ਲੰਬੇ ਭਾਸ਼ਣ ਵੀ ਨਹੀਂ ਦੇ ਸਕਦੇ।

ਫੁੱਲਾਂ ਦੀ ਭਾਸ਼ਾ ਸਾਨੂੰ ਨਰਮੀ ਦੀ ਤਾਕਤ ਦਿਖਾਉਂਦੀ ਹੈ। ਅਕਸਰ ਨਰਮੀ ਨੂੰ ਕਮਜ਼ੋਰੀ ਸਮਝਿਆ ਜਾਂਦਾ ਹੈ। ਫੁੱਲ ਸਾਬਤ ਕਰਦੇ ਹਨ ਕਿ ਨਰਮੀ ਵਿੱਚ ਵੀ ਅਸਾਧਾਰਨ ਤਾਕਤ ਹੁੰਦੀ ਹੈ। ਹਵਾ ਦੇ ਹਲਕੇ ਝੋਕੇ ਨਾਲ ਝੁਕ ਕੇ ਵੀ ਫੁੱਲ ਟੁੱਟਦਾ ਨਹੀਂ, ਸਗੋਂ ਹੋਰ ਸੁੰਦਰ ਲੱਗਦਾ ਹੈ। ਇਹ ਲਚਕੀਲਾਪਨ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹੈ।

ਫੁੱਲਾਂ ਦੀ ਭਾਸ਼ਾ ਇਹ ਵੀ ਸਿਖਾਉਂਦੀ ਹੈ ਕਿ ਸੁੰਦਰਤਾ ਸਦਾ ਲਈ ਨਹੀਂ ਹੁੰਦੀ। ਫੁੱਲ ਖਿੜਦਾ ਹੈ, ਮਹਿਕਦਾ ਹੈ ਅਤੇ ਫਿਰ ਝੜ ਜਾਂਦਾ ਹੈ। ਆਪਣੇ ਛੋਟੇ ਜਿਹੇ ਜੀਵਨ ਵਿੱਚ ਉਹ ਕੁਦਰਤ ਨੂੰ ਰੰਗੀਨ ਕਰ ਦਿੰਦਾ ਹੈ। ਇਹ ਮਨੁੱਖ ਨੂੰ ਸਿਖਾਉਂਦਾ ਹੈ ਕਿ ਜੀਵਨ ਦੀ ਕਦਰ ਉਸ ਦੀ ਮਿਆਦ ਨਾਲ ਨਹੀਂ, ਸਗੋਂ ਉਸ ਦੇ ਅਰਥ ਨਾਲ ਹੁੰਦੀ ਹੈ।

ਫੁੱਲਾਂ ਦੀ ਭਾਸ਼ਾ ਅਸਲ ਵਿੱਚ ਜੀਵਨ ਦੀ ਭਾਸ਼ਾ ਹੈ। ਇਹ ਸਾਨੂੰ ਪਿਆਰ ਕਰਨਾ, ਸਹਿਣਾ, ਖਾਮੋਸ਼ ਰਹਿ ਕੇ ਵੀ ਬਹੁਤ ਕੁਝ ਕਹਿਣਾ ਅਤੇ ਥੋੜ੍ਹੇ ਸਮੇਂ ਵਿੱਚ ਵੀ ਪੂਰਾ ਜੀਵਨ ਜਿਉਣਾ ਸਿਖਾਉਂਦੀ ਹੈ। ਜੋ ਮਨੁੱਖ ਫੁੱਲਾਂ ਦੀ ਭਾਸ਼ਾ ਸਮਝ ਲੈਂਦਾ ਹੈ, ਉਹ ਜੀਵਨ ਦੀਆਂ ਬਹੁਤ ਸਾਰੀਆਂ ਉਲਝਣਾਂ ਆਪਣੇ ਆਪ ਸੁਲਝਾ ਲੈਂਦਾ ਹੈ।

ਫੁੱਲ ਖਾਮੋਸ਼ ਹਨ, ਪਰ ਉਨ੍ਹਾਂ ਦੀ ਖਾਮੋਸ਼ੀ ਵਿੱਚ ਸਦੀਵੀ ਗਿਆਨ ਲੁਕਿਆ ਹੋਇਆ ਹੈ। ਜੇ ਅਸੀਂ ਧਿਆਨ ਨਾਲ ਸੁਣੀਏ ਤਾਂ ਫੁੱਲ ਸਾਨੂੰ ਹਰ ਰੋਜ਼ ਕੁਝ ਨਵਾਂ ਸਿਖਾਉਂਦੇ ਹਨ, ਜਿਉਣਾ, ਖਿੜਨਾ ਅਤੇ ਬਿਨਾਂ ਸ਼ਿਕਾਇਤ ਦੇ ਆਪਣਾ ਫ਼ਰਜ਼ ਨਿਭਾਉਣਾ।

# ਪੰਜਾਬ ਦੀ ਤ੍ਰਾਸਦੀ-ਪਰਵਾਸ ਕਾਰਨ ਖ਼ਾਲੀ ਹੁੰਦੇ ਪਿੰਡ

ਪੰਜਾਬ ਅੱਜ ਬੇਰੁਜ਼ਗਾਰੀ ਅਤੇ ਪਰਵਾਸ ਦੇ ਇਕ ਗੰਭੀਰ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਪੜ੍ਹੇ-ਲਿਖੇ ਨੌਜਵਾਨਾਂ ਕੋਲ ਆਪਣੀ ਧਰਤੀ 'ਤੇ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਉਹ ਡੂੰਘੀ ਨਿਰਾਸ਼ਾ ਵਿਚ ਹਨ ਜਿਸ ਕਾਰਨ ਪਿੰਡਾਂ ਵਿੱਚੋਂ ਵਿਦੇਸ਼ਾਂ ਵੱਲ ਪਲਾਇਨ ਲਗਾਤਾਰ ਜਾਰੀ ਹੈ। ਦੁੱਖ ਵਾਲੀ ਗੱਲ ਤਾਂ ਇਹ ਹੈ ਕਿ ਜੋ ਬੱਚੇ ਅਜੇ ਇੱਥੇ ਰਹਿ ਰਹੇ ਹਨ, ਉਹ ਬਹੁਤ ਹੀ ਘੱਟ ਤਨਖ਼ਾਹਾਂ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਆਪਣੇ ਘਰ ਦੇ ਨੇੜੇ ਕੋਈ ਯੋਗ ਕੰਮ ਨਾ ਮਿਲਣ ਕਾਰਨ ਇਨ੍ਹਾਂ ਨੌਜਵਾਨਾਂ ਨੂੰ ਮਾਮੂਲੀ ਪੈਸਿਆਂ ਬਦਲੇ ਆਪਣੇ ਘਰ-ਪਰਿਵਾਰ ਤੋਂ ਦੂਰ-ਦੁਰਾਡੇ ਦੇ ਸ਼ਹਿਰਾਂ ਵਿਚ ਜਾ ਕੇ ਨੌਕਰੀਆਂ ਕਰਨੀਆਂ ਪੈਂਦੀਆਂ ਹਨ ਜਿੱਥੇ ਰਹਿਣ-ਖਾਣ ਦਾ ਖ਼ਰਚਾ ਕੱਢ ਕੇ ਉਨ੍ਹਾਂ ਦੇ ਹੱਥ ਨਾਮਾਤਰ ਬੱਚਤ ਹੀ ਆਉਂਦੀ ਹੈ। ਪੰਜਾਬ ਦੇ ਮੁੱਖ ਧੰਦੇ ਖੇਤੀਬਾੜੀ ਵਿਚ ਵੀ ਅੱਜ ਨੌਜਵਾਨਾਂ ਦੀ ਦਿਲਚਸਪੀ ਘਟ ਰਹੀ ਹੈ। ਜੇਕਰ ਖੇਤੀ ਨੂੰ ਆਧੁਨਿਕ ਤਕਨੀਕਾਂ ਨਾਲ ਜੋੜ ਕੇ ਲਾਹੇਵੰਦ ਬਣਾਇਆ ਜਾਵੇ ਅਤੇ ਨੌਜਵਾਨ ਹੱਥੀਂ ਕੰਮ ਕਰਨ ਨੂੰ ਆਪਣਾ ਮਾਣ ਸਮਝਣ, ਤਾਂ ਖੇਤੀ ਅਤੇ ਸਹਾਇਕ ਧੰਦਿਆਂ ਰਾਹੀਂ ਪਿੰਡਾਂ ਵਿਚ ਹੀ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਜੇ ਮੈਂ ਆਪਣੇ ਪਿੰਡ ਭੁੱਚੋ ਖੁਰਦ ਦੀ ਗੱਲ ਕਰਾਂ ਤਾਂ ਉੱਥੇ ਵੀ ਹਾਲਾਤ ਚਿੰਤਾਜਨਕ ਹਨ। ਵੱਡੀ ਗਿਣਤੀ ਵਿਚ ਬੱਚੇ ਵਿਦੇਸ਼ ਜਾ ਚੁੱਕੇ ਹਨ ਤੇ ਬਾਕੀ ਦੇਖੋ-ਦੇਖੀ ਬਾਹਰ ਜਾਣ ਦੀ ਤਿਆਰੀ ਕਰ ਰਹੇ ਹਨ ਜਿਸ ਨਾਲ ਹਰ ਤੀਜੇ ਘਰ ਦਾ ਚਿਰਾਗ਼ ਅੱਜ ਪਰਦੇਸਾਂ ਵਿਚ ਮਿਹਨਤ ਕਰ ਰਿਹਾ ਹੈ। ਇਹ ਨੌਜਵਾਨ ਉੱਥੇ ਹੱਡ-ਭੰਨਵੀਂ ਮਿਹਨਤ ਕਰ ਕੇ ਆਪਣਾ ਗੁਜ਼ਾਰਾ ਚਲਾ ਰਹੇ ਹਨ। ਉਹ ਹੁਣ ਸ਼ਾਇਦ ਹੀ ਪਰਤਣ ਕਿਉਂਕਿ ਉਨ੍ਹਾਂ ਨੂੰ ਉੱਥੇ ਬਿਹਤਰ ਸਹੂਲਤਾਂ ਅਤੇ ਇਕ ਅਜਿਹਾ ਮਜ਼ਬੂਤ ਸਿਸਟਮ ਮਿਲ ਗਿਆ ਹੈ ਜਿਸ ਦੀ ਸਾਡੇ ਸੂਬੇ ਅਤੇ ਦੇਸ਼ ਵਿਚ ਭਾਰੀ ਘਾਟ ਹੈ।



ਵਿਦੇਸ਼ਾਂ ਵਿਚ ਵਸਦੇ ਲੋਕਾਂ ਨੂੰ ਵੀ ਬੇਨਤੀ ਕਰਨੀ ਬਣਦੀ ਹੈ ਕਿ ਉਹ ਉੱਥੇ ਕੀਤੇ ਜਾਣ ਵਾਲੇ ਔਖੇ ਕੰਮਾਂ ਅਤੇ ਮਿਲਦੇ ਮਿਹਨਤਾਨੇ ਦੀ ਅਸਲ ਤਸਵੀਰ ਪੇਸ਼ ਕਰਨ। ਅਕਸਰ ਸੋਸ਼ਲ ਮੀਡੀਆ ਰਾਹੀਂ ਸਿਰਫ਼ ਬਾਹਰਲੀ ਚਮਕ-ਦਮਕ ਹੀ ਦਿਖਾਈ ਜਾਂਦੀ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਬਿਨਾਂ ਸੋਚੇ-ਸਮਝੇ ਉਸੇ ਪਾਸੇ ਦੌੜ ਰਹੀਆਂ ਹਨ।

ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਉੱਥੋਂ ਦੇ ਸਖ਼ਤ ਸੰਘਰਸ਼ ਬਾਰੇ ਵੀ ਸੱਚਾਈ ਪਤਾ ਹੋਵੇ ਤਾਂ ਜੋ ਉਹ ਸਹੀ ਫ਼ੈਸਲਾ ਲੈ ਸਕਣ। ਨੌਜਵਾਨਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਇੱਥੇ ਹੀ ਰੁਜ਼ਗਾਰ ਦੇ ਸਾਧਨ ਉਪਲਬਧ ਕਰਵਾਏ ਜਾਣ ਦੀ ਲੋੜ ਹੈ। ਜੇਕਰ ਪੰਜਾਬ ਵਿਚ ਵੱਡੀਆਂ ਸਨਅਤਾਂ ਦੀ ਆਮਦ ਹੋਵੇ ਤਾਂ ਪਰਵਾਸ ਨੂੰ ਰੋਕਿਆ ਜਾ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਦਯੋਗਾਂ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਮਿਹਨਤਾਨੇ ਸਬੰਧੀ ਸਖ਼ਤ ਕਾਨੂੰਨ ਵੀ ਬਣਾਵੇ ਤਾਂ ਜੋ ਕਿਸੇ ਵੀ ਬੱਚੇ ਦਾ ਆਰਥਿਕ ਸ਼ੋਸ਼ਣ ਨਾ ਹੋਵੇ ਅਤੇ ਉਸ ਨੂੰ ਮਿਹਨਤ ਦਾ ਪੂਰਾ ਮੁੱਲ ਮਿਲੇ।

-ਜਤਿੰਦਰ ਸ਼ਰਮਾ



KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057



SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਭੁੱਲਣ ਵਿੱਚ ਹੀ ਭਲਾਈ



ਸਮਾਜ ਵਿੱਚ ਰਹਿੰਦਿਆਂ ਇਨਸਾਨ ਦਾ ਪਰਿਵਾਰਕ ਮੈਂਬਰਾਂ ਦੇ ਨਾਲ ਨਾਲ ਬਹੁਤ ਸਾਰੇ ਹੋਰ ਲੋਕਾਂ ਨਾਲ ਵੀ ਵਾਹ ਪੈਂਦਾ ਹੈ। ਰੋਜ਼ਮਰ੍ਹਾ ਦੇ ਕੰਮਾਂ ਕਾਰਾਂ ’ਚ ਵਿਚਰਦਿਆਂ ਇਨਸਾਨ ਨੂੰ ਵੱਖੋ ਵੱਖਰੇ ਸੁਭਾਅ ਵਾਲੇ ਇਨਸਾਨ ਮਿਲਦੇ ਹਨ। ਕਈ ਮਿਲਣ ਵਾਲੇ ਦੀ ਬਹੁਤ ਤਾਰੀਫ਼ ਕਰਦੇ ਹਨ। ਕਈ ਤੁਹਾਡੇ ਸੱਚੇ ਪ੍ਰਸ਼ੰਸਕ ਵੀ ਹੁੰਦੇ ਹਨ, ਪਰ ਬਹੁਗਿਣਤੀ ਲੋਕਾਂ ਦਾ ਵਿਹਾਰ ਸਾਹਮਣੇ ਕੁਝ ਹੋਰ ਹੁੰਦਾ ਹੈ ਅਤੇ ਪਿੱਠ ਪਿੱਛੇ ਕੁਝ ਹੋਰ ਹੁੰਦਾ ਹੈ। ਬਹੁਤ ਸਾਰੇ ਵਿਅਕਤੀ ਤੁਹਾਡੇ ਪਰ੍ਹੇ ਹੋਣ ਸਾਰ ਤੁਹਾਡੀ ਬੁਰਾਈ ਸ਼ੁਰੂ ਕਰ ਦਿੰਦੇ ਹਨ। ਸੂਝਵਾਨ ਲੋਕ ਅਜਿਹੇ ਵਿਅਕਤੀਆਂ ਦੀ ਅਸਲੀਅਤ ਸਾਹਮਣੇ ਆਉਣ ’ਤੇ ਵੀ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕਰਦੇ। ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ, ਜਿਵੇਂ ਉਨ੍ਹਾਂ ਨੂੰ ਕੁਝ ਪਤਾ ਹੀ ਨਾ ਹੋਵੇ। ਕਈ ਵਿਅਕਤੀਆਂ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੇ ਦੋਗਲੇ ਵਿਹਾਰ ਵਾਲੇ ਲੋਕਾਂ ਨੂੰ ਸ਼ੀਸ਼ਾ ਵਿਖਾਉਣਾ ਜ਼ਰੂਰੀ ਹੈ। ਫਿਰ ਉਹ ਸ਼ੀਸ਼ਾ ਵਿਖਾਉਣ ਲਈ ਤਰੀਕੇ ਤਲਾਸ਼ਣ ਵਿੱਚ ਬਹੁਤ ਸਾਰਾ ਸਮਾਂ ਬਰਬਾਦ ਕਰ ਦਿੰਦੇ ਹਨ।

ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜੋ ਇਨਸਾਨ ਨੂੰ ਧੁਰ ਅੰਦਰ ਤੱਕ ਵਲੂੰਧਰ ਕੇ ਰੱਖ ਦਿੰਦੀਆਂ ਹਨ। ਕਈ ਵਿਅਕਤੀ ਜ਼ੁਬਾਨ ਦੇ ਅਜਿਹੇ ਗਹਿਰੇ ਜ਼ਖ਼ਮ ਦਿੰਦੇ ਹਨ ਕਿ ਤੁਹਾਡੀ ਰੂਹ ਕੰਬ ਜਾਂਦੀ ਹੈ। ਜਿਵੇਂ ਕਿਸੇ ਨੇ ਕਿਹਾ ਹੈ ਕਿ ਤਲਵਾਰ ਦੇ ਜ਼ਖ਼ਮ ਤਾਂ ਭਰ ਜਾਂਦੇ ਹਨ, ਪਰ ਜ਼ੁਬਾਨ ਦੇ ਜ਼ਖ਼ਮ ਨਹੀਂ ਭਰਦੇ। ਕੌੜੇ ਜਾਂ ਚੁੱਭਵੇਂ ਬੋਲ ਇਨਸਾਨ ਨੂੰ ਰਹਿ ਰਹਿ ਕੇ ਪਰੇਸ਼ਾਨ ਕਰਦੇ ਹਨ। ਮੰਦੇ ਬੋਲਾਂ ਨਾਲ ਆਪਣੇ ਤੋਂ ਨੀਵੇਂ ਵਿਅਕਤੀ ’ਤੇ ਗੁੱਸਾ ਕੱਢਣਾ ਸਾਡੇ ਸਮਾਜ ਵਿੱਚ ਆਮ ਹੀ ਹੈ। ਫਿਰ ਉਹ ਕਹਿਣਗੇ ਮੇਰਾ ਬਲੱਡ ਪ੍ਰੈਸ਼ਰ ਵਧ ਗਿਆ ਸੀ ਜਾਂ ਮੈਨੂੰ ਗੁੱਸਾ ਆ ਗਿਆ ਸੀ, ਪਰ ਵਿਦਵਾਨਾਂ ਦਾ ਕਹਿਣਾ ਹੈ ਕਿ ਗੁੱਸਾ ਨਾਮ ਦੀ ਕੋਈ ਸ਼ੈਅ ਨਹੀਂ ਹੁੰਦੀ। ਇਹ ਹਮੇਸ਼ਾਂ ਆਪਣੇ ਤੋਂ ਕਮਜ਼ੋਰ ’ਤੇ ਹੀ ਕਿਉਂ ਆਉਂਦਾ ਹੈ? ਆਪਣੇ ਤੋਂ ਤਕੜੇ ਸਾਹਮਣੇ ਗੁੱਸਾ ਕਿੱਧਰ ਛੂੰ ਮੰਤਰ ਹੋ ਜਾਂਦਾ ਹੈ?

ਰੂਹ ਨੂੰ ਤਕਲੀਫ਼ ਦੇਣ ਵਾਲੀਆਂ ਘਟਨਾਵਾਂ ਜਾਂ ਬੋਲ ਇਨਸਾਨ ’ਚ ਬਦਲੇ ਦੀ ਭਾਵਨਾ ਪੈਦਾ ਕਰ ਦਿੰਦੇ ਹਨ। ਪੀੜਤ ਵਿਅਕਤੀ ਸੋਚਦਾ ਰਹਿੰਦਾ ਹੈ ਕਿ ਜਿਵੇਂ ਉਸ ਨੇ ਮੈਨੂੰ ਮੰਦੇ ਬੋਲ ਬੋਲੇ, ਉਵੇਂ ਹੀ ਮੈਂ ਬੋਲਾਂਗਾ ਜਾਂ ਫਿਰ ਵਿਅਕਤੀ ਕਿਸੇ ਵੱਲੋਂ ਕੀਤੀ ਵਧੀਕੀ ਦਾ ਜਵਾਬ ਵਧੀਕੀ ਦੇ ਰੂਪ ਵਿੱਚ ਹੀ ਦੇਣ ਬਾਰੇ ਸੋਚਦਾ ਰਹਿੰਦਾ ਹੈ। ਇਹ ਬਦਲਾ ਲੈਣ ਦੀ ਭਾਵਨਾ ਵਿਅਕਤੀ ਦੇ ਦਿਲੋ ਦਿਮਾਗ਼ ’ਤੇ ਭਾਰੂ ਰਹਿੰਦੀ ਹੈ। ਕਈ ਇਨਸਾਨ ਆਪਣੇ ਨਾਲ ਬੀਤੀ ਦਾ ਬਦਲਾ ਲੈਣ ਲਈ ਬਹੁਤ ਘਾਤਕ ਹੱਦ ਤੱਕ ਚਲੇ ਜਾਂਦੇ ਹਨ। ਬਦਲੇ ਦੀ ਅੱਗ ਇਨਸਾਨ ਨੂੰ ਕੁੱਟਮਾਰ ਕਰਨ ਤੋਂ ਅੱਗੇ ਕਤਲ ਤੱਕ ਵੀ ਲੈ ਜਾਂਦੀ ਹੈ। ਨੌਕਰਾਂ ਵੱਲੋਂ ਮਾਲਕਾਂ ਦੀ ਕੀਤੀ ਹੱਤਿਆ ਦੇ ਤਮਾਮ ਕਾਰਨਾਂ ਵਿੱਚੋਂ ਇੱਕ ਕਾਰਨ ਮੰਦੇ ਬੋਲਾਂ ਦਾ ਬਦਲਾ ਲੈਣਾ ਵੀ ਹੁੰਦਾ ਹੈ।

ਬਦਲੇ ਦੀ ਅੱਗ ਵਿੱਚ ਸੜਦਾ ਵਿਅਕਤੀ ਕਿਸੇ ਦਾ ਨੁਕਸਾਨ ਕਰਨ ਤੋਂ ਪਹਿਲਾਂ ਆਪਣਾ ਨੁਕਸਾਨ ਕਰ ਬੈਠਦਾ ਹੈ। ਅਜਿਹੀ ਭਾਵਨਾ ਇਨਸਾਨ ਦਾ ਦਿਮਾਗ਼ੀ ਤਵਾਜ਼ਨ ਵਿਗਾੜੀ ਰੱਖਦੀ ਹੈ। ਇਨਸਾਨ ਦੀ ਊਰਜਾ ਉਸਾਰੂ ਪਾਸੇ ਲੱਗਣ ਦੀ ਬਜਾਏ ਬਦਲੇ ਦੀਆਂ ਸਕੀਮਾਂ ਘੜਨ ਵਿੱਚ ਲੱਗੀ ਰਹਿੰਦੀ ਹੈ। ਸ਼ਾਇਦ ਬਹੁਤ ਸਾਰੇ ਅਪਰਾਧ ਵੀ ਇਸ ਤਰ੍ਹਾਂ ਦੇ ਹਾਲਾਤ ਵਿੱਚੋਂ ਉਪਜਦੇ ਹਨ।

ਹਰ ਇਨਸਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਧੀਕੀ ਜਾਂ ਚੁੱਭਵੇਂ ਬੋਲਾਂ ਦਾ ਸਾਹਮਣਾ ਸਿਰਫ਼ ਤੁਹਾਨੂੰ ਹੀ ਨਹੀਂ ਕਰਨਾ ਪੈ ਰਿਹਾ। ਇਸ ਤਰ੍ਹਾਂ ਦੇ ਅਣਸੁਖਾਵੇਂ ਪਲ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਬਣਦੇ ਹਨ। ਮੰਦੇ ਜਾਂ ਚੁੱਭਵੇਂ ਬੋਲਾਂ ਨਾਲ ਸਾਹਮਣੇ ਵਾਲੇ ਨੂੰ ਪਰੇਸ਼ਾਨ ਕਰਨਾ ਸਾਡੇ ਸਮਾਜ ਵਿੱਚ ਆਮ ਹੁੰਦਾ ਜਾ ਰਿਹਾ ਹੈ। ਅਜਿਹੇ ਪਲਾਂ ਨੂੰ ਭੁਲਾ ਦੇਣ ਵਾਲੇ ਇਨਸਾਨ ਆਪਣੀ ਊਰਜਾ ਨੂੰ ਉਸਾਰੂ ਪਾਸੇ ਲਗਾ ਕੇ ਜ਼ਿੰਦਗੀ ’ਚ ਬਿਹਤਰੀਨ ਪ੍ਰਾਪਤੀਆਂ ਕਰ ਜਾਂਦੇ ਹਨ। ਜਦੋਂਕਿ ਅਜਿਹੇ ਪਲਾਂ ਨੂੰ ਦਿਲ ’ਤੇ ਲਾ ਕੇ ਬਦਲਾ ਲੈਣ ਦੇ ਰਸਤੇ ਤੁਰੇ ਇਨਸਾਨ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਅੰਦਰ ਪਲਦਾ ਗੁੱਸਾ ਚੁੱਪ ਚਪੀਤੇ ਉਨ੍ਹਾਂ ਦਾ ਹੀ ਨੁਕਸਾਨ ਕਰਦਾ ਰਹਿੰਦਾ ਹੈ। ਬਦਲੇ ਦੀ ਅੱਗ ਵਿੱਚ ਸੜਦਾ ਇਨਸਾਨ ਸਮਾਜ ਲਈ ਵੀ ਚੁਣੌਤੀ ਬਣ ਜਾਂਦਾ ਹੈ। ਉਸ ਦੀਆਂ ਗਤੀਵਿਧੀਆਂ ਦੂਜਿਆਂ ਲਈ ਵੀ ਹਾਨੀਕਾਰਕ ਹੋ ਨਿੱਬੜਦੀਆਂ ਹਨ।

ਆਪਣੀ ਮੰਜ਼ਿਲ ’ਤੇ ਪਹੁੰਚਣ ਦੇ ਇਛੁੱਕ ਇਨਸਾਨ ਦੁਖਾਂਤਕ ਪਲਾਂ ਦਾ ਬੋਝ ਨਾਲ ਲੈ ਕੇ ਨਹੀਂ ਤੁਰਦੇ। ਉਹ ਸੁਖਾਂਤਕ ਪਲਾਂ ਨੂੰ ਅਪਣਾਈ ਜਾਂਦੇ ਹਨ ਅਤੇ ਦੁਖਦ ਪਲਾਂ ਨੂੰ ਭੁਲਾਈ ਜਾਂਦੇ ਹਨ। ਸੰਵੇਦਨਸ਼ੀਲ ਇਨਸਾਨ ਬਦਲੇ ਦੀ ਭਾਵਨਾ ਜਲਦੀ ਪਾਲਦੇ ਹਨ। ਉਨ੍ਹਾਂ ਲਈ ਉਨ੍ਹਾਂ ਦੀ ਸੰਵੇਦਨਸ਼ੀਲਤਾ ਹੀ ਸਰਾਪ ਹੋ ਨਿੱਬੜਦੀ ਹੈ। ਉਹ ਹਰ ਛੋਟੀ ਤੋਂ ਛੋਟੀ ਗੱਲ ਨੂੰ ਮਹਿਸੂਸ ਕਰਦੇ ਹਨ, ਪਰ ਇਸ ਪਾਸੇ ਰਾਜਸੀ ਆਗੂਆਂ ਦਾ ਹਾਜ਼ਮਾ ਬੜਾ ਬਾਕਮਾਲ ਹੁੰਦਾ ਹੈ। ਉਨ੍ਹਾਂ ਦੀ ਸਹਿਣਸ਼ੀਲਤਾ ਆਮ ਵਿਅਕਤੀਆਂ ਨੂੰ ਹੈਰਾਨ ਕਰ ਦਿੰਦੀ ਹੈ, ਪਰ ਸ਼ਾਇਦ ਇਹ ਹੀ ਉਨ੍ਹਾਂ ਦੀ ਸਫਲ ਜ਼ਿੰਦਗੀ ਦਾ ਮੰਤਰ ਹੁੰਦਾ ਹੈ। ਮੁੱਕਦੀ ਗੱਲ ਜ਼ਿੰਦਗੀ ’ਚ ਆਏ ਦੁਖਾਂਤਕ ਪਲਾਂ ਨੂੰ ਭੁਲਾਉਣ ਵਿੱਚ ਹੀ ਭਲਾਈ ਹੈ। ਇਹ ਵੀ ਹਕੀਕਤ ਹੈ ਕਿ ਅਜਿਹੇ ਪਲਾਂ ਨੂੰ ਭੁਲਾ ਦੇਣਾ ਓਨਾ ਸੌਖਾ ਨਹੀਂ ਜਿੰਨਾ ਕਹਿਣਾ ਸੌਖਾ ਹੈ, ਪਰ ਫਿਰ ਵੀ ਹਰ ਇਨਸਾਨ ਨੂੰ ਆਪਣਾ ਖ਼ੂਨ ਮਚਾਉਣ ਨਾਲੋਂ ਦੁੱਖ ਦੇਣ ਵਾਲੇ ਪਲਾਂ ਨੂੰ ਭੁਲਾ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਬਿੰਦਰ ਸਿੰਘ ਖੁਦੀ ਕਲਾਂ**

# ਵਕਤ ਦੀ ਹੇਰਾ-ਫੇਰੀ

ਅੱਜ ਫੇਰ ਉਨ੍ਹਾਂ ਦੋਵਾਂ ਦਾ ਘਮਸਾਨ ਯੁੱਧ ਹੋਇਆ। ਹਾਰਨ ਨੂੰ ਕੋਈ ਵੀ ਤਿਆਰ ਨਹੀਂ। ਇਕ ਦੇ ਚਾਰ- ਚਾਰ ਜਵਾਬ। ਬੱਚੇ ਤੇ ਬਜ਼ੁਰਗ ਬਥੇਰਾ ਮੱਥਾ ਮਾਰ ਰਹੇ ਸਨ ਪਰ ਉਨ੍ਹਾਂ ’ਤੇ ਕੋਈ ਅਸਰ ਨਹੀਂ। ਲੜਦੇ ਤਾਂ ਉਹ ਪਹਿਲਾਂ ਵੀ ਰਹਿੰਦੇ ਸਨ ਪਰ ਅੱਜ ਇੰਝ ਲੱਗਦਾ ਸੀ ਕਿ ਇਕ-ਦੂਜੇ ਨੂੰ ਮਾਰ ਕੇ ਹੀ ਸਾਹ ਲੈਣਗੇ।

ਸ਼ਾਮ ਹੋ ਗਈ। ਦੋਵਾਂ ਜੀਆਂ ਦੇ ਘਰਵਾਲੇ ਬੈਠੇ। ਰਸਮੀ ਜਿਹੀ ਦੁਆ-ਸਲਾਮ ਤੋਂ ਬਾਅਦ ਦੋਵਾਂ ਨੂੰ ਪੁੱਛਿਆ ਗਿਆ ਕਿ ਉਹ ਕੀ ਚਾਹੁੰਦੇ ਹਨ? ਬੱਚਿਆਂ ਨੂੰ ਵੀ ਕੋਲ ਬਿਠਾਇਆ ਗਿਆ ਤਾਂ ਜੋ ਉਹ ਵੀ ਸੱਚ ਤੇ ਹਾਲਾਤ ਦਾ ਸਾਹਮਣਾ ਖ਼ੁਦ ਕਰ ਸਕਣ ਤੇ ਬਾਅਦ ਵਿਚ ਕਿਸੇ ਨੂੰ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਨਾ ਰਹੇ।



ਦੋਵੇਂ ਆਖਣ ਲੱਗੇ ਕਿ ਅਲੱਗ ਹੋਣਾ। ਹੁਣ ’ਕੱਠਿਆਂ ਨਹੀਂ ਰਹਿ ਸਕਦੇ। ਅਖ਼ੀਰ ਫ਼ੈਸਲਾ ਹੋ ਗਿਆ। ਦੋਵਾਂ ਬੱਚਿਆਂ ਨੂੰ ਇਕ-ਇਕ ਵੰਡ ਲਿਆ ਗਿਆ। ਬੇਸ਼ਕ ਉਹ ਦੋਵੇਂ ਹੀ ਇਸ ਫ਼ੈਸਲੇ ਤੋਂ ਖ਼ੁਸ਼ ਨਹੀਂ ਸਨ ਪਰ ਉਨ੍ਹਾਂ ਦੀ ਸੁਣਦਾ ਕੌਣ? ਰੋਟੀ ਖਾ ਕੇ ਸੌਣ ਲੱਗੇ ਤਾਂ ਨੀਂਦ ਨਾ ਆਵੇ। ਸਵੇਰੇ ਦੋਵਾਂ ਨੇ ਅੱਡ-ਅੱਡ ਰਾਹੇ ਪੈ ਜਾਣਾ ਸੀ। ਪਿਆਰ ਤੋਂ ਨਫ਼ਰਤ ਤੱਕ (ਵਿਆਹ ਤੋਂ ਲੈ ਕੇ ਹੁਣ ਤੱਕ) ਦਾ ਸਫ਼ਰ ਅੱਖਾਂ ਮੂਹਰੇ ਘੁੰਮਦਾ ਰਿਹਾ। ਸਵੇਰੇ ਉਹ ਉੱਠੀ ਤੇ ਆਪਣਾ ਤੇ ਇਕ ਬੱਚੇ ਦਾ ਸਾਮਾਨ ’ਕੱਠਾ ਕਰਨ ਲੱਗੀ। ਥੋੜ੍ਹੀ ਦੇਰ ਬਾਅਦ ਸੋਚਣ ਲੱਗੀ ਕਿ ਨਾਲਦਾ ਉੱਠਿਆ ਕਿਉਂ ਨਹੀਂ ਅੱਜ? ਅੱਗੇ ਤਾਂ ਸੁਵੱਖਤੇ ਹੀ ਉੱਠ ਜਾਂਦਾ ਹੈ। ਚੱਲ ਛੱਡ, ਮੈਂ ਕੀ ਲੈਣਾ? ਆਪੇ ਉੱਠਦਾ ਰਹੂ। ਮੇਰਾ ਹੁਣ ਇਹਦੇ ਨਾਲ ਕੀ ਸੰਬੰਧ? ਸੋਚ ਕੇ ਉਹ ਫਿਰ ਆਪਣੇ ਕੰਮ ਲੱਗ ਗਈ। ਪਰ ਹੋਇਆ ਕੀ? ਇਕਦਮ ਦਿਲ ਨੂੰ ਕਾਹਲੀ ਜਿਹੀ ਪਈ ਤੇ ਉਹ ਭੱਜ ਕੇ ਅੰਦਰ ਗਈ। ਨਾਲਦੇ ਨੂੰ ਪਹਿਲਾਂ ਗ਼ੌਰ ਨਾਲ ਵੇਖਿਆ ਤਾਂ ਉਹ ਬੇਸੁੱਧ ਜਿਹਾ ਲੱਗਿਆ। ਕੰਬਦੇ ਹੱਥਾਂ ਨਾਲ ਹਿਲਾਇਆ ਤਾਂ ਓਹੀ ਗੱਲ। ਉਹ ਤਾਂ ਕੁਸਕਿਆ ਵੀ ਨਾ।

ਹਾਏ! ਹਾਏ! ਕੀ ਹੋਇਆ ਤੁਹਾਨੂੰ, ਬੋਲਦੇ ਕਾਹਤੋਂ ਨੀਂ। ਉਹਨੇ ਰੌਲਾ ਪਾ ਕੇ ਸਾਰੇ ਘਰਦਿਆਂ ਨੂੰ ’ਕੱਠੇ ਕਰ ਲਿਆ। ਵੱਡੇ ਜੇਠ ਨੇ ਗੱਡੀ ਵਿਚ ਪਾਇਆ ਤੇ ਹਸਪਤਾਲ ਲੈ ਆਏ। ਅੱਗੋਂ-ਅੱਗੇ ਭੱਜੀ ਡਾਕਟਰਾਂ ਨੂੰ ਆਖੇ, ਛੇਤੀ ਦੇਖੋ, ਕੀ ਹੋਇਆ ਇਨ੍ਹਾਂ ਨੂੰ? ਡਾਕਟਰਾਂ ਨੂੰ ਨੱਠ-ਭੱਜ ਪੈ ਗਈ। ਕਾਫੀ ਦੇਰ ਬਾਅਦ ਬਾਹਰ ਆ ਕੇ ਕਹਿੰਦੇ ਸ਼ੁਕਰ ਹੈ ਕਿ ਸਮੇਂ ਸਿਰ ਲੈ ਆਏ ਹੋ, ਨਹੀਂ ਤਾਂ ਬਹੁਤ ਦੇਰ ਹੋ ਜਾਣੀ ਸੀ। ਦਿਲ ਦਾ ਦੌਰਾ ਸੀ। ਬੱਸ, ਬਚਾਅ ਹੋ ਗਿਆ।

ਹੋਸ਼ ਆਇਆ ਤਾਂ ਕੋਲ ਬੈਠੀ ਸੀ। ਹੱਥ ਫੜ੍ਹ ਕੇ ਆਖੀ ਜਾਵੇ, ਠੀਕ ਹੋ ਤੁਸੀਂ? ਕਹਿਣ ਲੱਗਾ ਮੈਨੂੰ ਕੀ ਹੋਇਆ? ਚੰਗਾ- ਭਲਾ ਤੇ ਤੂੰ ਗਈ ਨੀਂ। ਉਸ ਤੋਂ ਜਵਾਬ ਨਾ ਦਿੱਤਾ ਗਿਆ। ਉੱਠ ਕੇ ਘੁੱਟ ਜੱਫ਼ੀ ਪਾ ਲਈ। ਆਲੇ ਦੁਆਲੇ ਦਾ ਵੀ ਧਿਆਨ ਨਾ ਰਿਹਾ। ਦੋਵਾਂ ਦੀਆਂ ਅੱਖਾਂ ਵਿਚੋਂ ਹੰਝੂਆਂ ਦਾ ਦਰਿਆ ਵੱਗ ਰਿਹਾ ਸੀ, ਜਿਹੜਾ ਸਾਰੇ ਗਿਲੇ-ਸ਼ਿਕਵੇ ਵਹਾ ਕੇ ਲੈ ਗਿਆ।

- ਮਨਜੀਤ ਕੌਰ ਧੀਮਾਨ

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

## ਪੰਜਾਬ ਦੀ ਅਵਾਜ਼

ਸੁਣੋਂ ਸੁਨਾਵਾਂ ਸੁਣ ਲਓ ਵੀਰੋ,
ਪੰਜਾਬ ਦੀ ਏ ਅਵਾਜ਼
ਦੋਨੋਂ ਹੱਥੀ ਸਭ ਨੇ ਲੁੱਟਿਆ,
ਜਿਸ ਨੇ ਵੀ ਕੀਤਾ ਰਾਜ
ਸੁਣੋਂ ਸੁਨਾਵਾਂ ਸੁਣ ਲਓ ਲੋਕੋਂ

ਸੰਨ 1947 ਦੇ ਵਿੱਚ ਅਸਾਂ
ਅਜ਼ਾਦੀ ਕਿਵੇ ਸੀ ਪਾਈ।
ਕਿਸੇ ਨੇ ਗੋਲੀ, ਕਿਸੇ ਨੇ ਲਾਠੀ,
ਕਿਸੇ ਫ਼ਾਂਸੀ ਸੀਨੇ ਲਾਈ।
ਪਰ ਅਪਣਿਆ ਨੇ, ਲੁੱਟੇ ਕੁੱਟੇ,
ਨਾ ਕੀਤੀ ਕਿਸੇ ਦੀ ਲਿਹਾਜ਼।
ਸੁਣੋਂ ਸੁਨਾਵਾਂ ਸੁਣ, ਲਓ ਲੋਕੋ

ਮੂੰਹ ਤੇ ਰਾਮ ਬਗਲ 'ਚ ਛੂਰੀਆ
ਇਹਨਾਂ ਪਾਲ ਨੇ ਰੱਖੀਆ।
ਰਾਮ ਰਾਜ ਨਾ ਆਇਆ ਭਰਾਵੋਂ
ਪੱਕੀਆਂ ਵੇਖ ਕੇ ਅੱਖੀਆਂ।
ਅਪਣੀ ਆਦਤ ਤੋਂ ਏ ਲੀਡਰ
ਨਾ ਆਏ ਅੱਜ ਤੱਕ ਬਾਜ।
ਸੁਣੋਂ ਸੁਨਾਵਾਂ ਸੁਣ ਲਓ ਲੋਕੋਂ

ਕੌਣ ਚੰਗਾ ਏ ਕੌਣ ਮਾੜਾ ਏ
ਮੈਂ ਕੀ ਕਰਾਂ ਬਿਆਨ।
ਸਹਿਣੇ ਵਾਲੇ ਵੇਖ ਲੈ ਆਪੇ,
ਮਾਰ ਕੇ ਮਿੱਤਲ ਧਿਆਨ।
ਕੌਣ ਕਿਸੇ ਤੇ ਕਰੇ ਭਰੋਸਾ
ਬਦਲ ਗਿਆ ਏ ਸਮਾਜ।
ਸੁਣੋਂ ਸੁਨਾਵਾਂ ਸੁਣ ਲਓ ਲੋਕੋ
ਪੰਜਾਬ ਦੀ ਏ ਅਵਾਜ਼



ਮੱਖਣ ਮਿੱਤਲ

## ਪੰਜਾਬ ਤੋਂ ਕਿਸਾਨ ਆਏ

ਦਿੱਲੀਏ ਪੰਜਾਬ ਤੋਂ ਕਿਸਾਨ ਆਏ ਨੇ
ਕੱਠੇ ਹੋਕੇ ਬੁੱਢੇ-ਨੌਜਵਾਨ ਆਏ ਨੇ
ਦਿੱਲੀਏ ਪੰਜਾਬ ਤੋਂ...

ਸਦਾ ਰੱਖੀ ਦੋਗਲੀ ਤੂੰ ਨੀਤੀ ਦਿੱਲੀਏ
ਸਾਡੇ ਨਾਲ ਸਦਾ ਮਾੜੀ ਕੀਤੀ ਦਿੱਲੀਏ
ਤਾਂਹੀਉਂ ਤੇਰਾ ਤੋੜਨ ਗੁਮਾਨ ਆਏ ਨੇ
ਦਿੱਲੀਏ ਪੰਜਾਬ ਤੋਂ...

ਤੇਰੇ ਬੈਰੀਕੇਟਾਂ ਸਾਡਾ ਰਾਹ ਰੋਕਿਆ
ਅੱਥਰੂ ਗੈਸ ਨੇ ਵੀ ਸਾਹ ਰੋਕਿਆ
ਤਲੀ ਉੱਤੇ ਰੱਖ ਜਿੰਦਜਾਨ ਆਏ ਨੇ
ਦਿੱਲੀਏ ਪੰਜਾਬ ਤੋਂ...

ਭੁੱਲ ਗਈ ਤੂੰ ਸਾਡੇ ਪਰਉਪਕਾਰ ਨੀ
ਤੇਰਾ ਧਰਮ ਬਚਾਇਆ ਸੀਸ ਵਾਰ ਨੀ
ਸ਼ਹੀਦੀ ਸਾਕੇ ਯਾਦ ਕਰਵਾਣ ਆਏ ਨੇ
ਦਿੱਲੀਏ ਪੰਜਾਬ ਤੋਂ...

ਤੇਰੇ ਹਾਕਮਾਂ ਨੂੰ ਸਤਾ ਦਾ ਸਰੂਰ ਨੀ
ਤੱਕਦੇ ਪੰਜਾਬ ਵੱਲ ਘੂਰ - ਘੂਰ ਨੀ
ਇੱਕੀਆਂ ਦੇ ਤੈਨੂੰ ਕੱਤੀ ਪਾਣ ਆਏ ਨੇ
ਦਿੱਲੀਏ ਪੰਜਾਬ ਤੋਂ...
ਤੇਰੇ ਨਵੇਂ-ਨਵੇਂ ਖੇਤੀ 'ਜੋ ਕਾਨੂੰਨ ਨੀ
ਅੰਨਦਾਤੇ ਦਾ ਚੂਸ ਗਏ ਨੇ ਖ਼ੂਨ ਨੀ
ਅੱਕ ਹੋਏ ਜੰਗ ਦੇ ਮੈਦਾਨ ਆਏ ਨੇ
ਦਿੱਲੀਏ ਪੰਜਾਬ ਤੋਂ...

ਤੈਨੂੰ ਆਖੇ 'ਮਸਤੇ ਵਾਲਾ' ਸ਼ਾਇਰ ਨੀ
ਮਹਿੰਗਾ ਪਵੇਗਾ ਪੰਜਾਬ ਨਾਲ ਵੈਰ ਨੀ
ਧਰ ਬਾਜ਼ਾਂ ਵਾਲੇ ਦਾ ਧਿਆਨ ਆਏ ਨੇ
ਦਿੱਲੀਏ ਪੰਜਾਬ ਤੋਂ...



ਹਰਦੇਵ ਸਿੰਘ 'ਭੁੱਲਰ'

## ਰਿਸ਼ਤਿਆਂ ਦਾ ਬਾਗ

ਬਾਗ਼ ਰਿਸ਼ਤਿਆਂ ਦਾ ਸਾਂਭਣਾ ਏ ਬੜਾ ਔਖਾ,
ਮੁੜ-ਮੁੜ ਕੱਟਣਾ ਵੱਢਣਾ ਸ਼ਿੰਗਾਰਨਾ ਪੈਂਦਾ।
ਲਹੂ ਦਾ ਦੇ ਪਾਣੀ, ਸੱਧਰਾਂ ਦੀ ਖਾਦ ਪਾ ਕੇ,
ਰੀਝਾਂ ਮਾਰ ਕੇ ਝੱਟ ਗੁਜ਼ਾਰਨਾ ਪੈਂਦਾ।
ਖਿੜੀ ਰਹੇ ਫੁਲਵਾੜੀ ਇਸ ਬਾਗ ਵਾਲੀ,
ਕਦੇ ਤਾੜਨਾ,ਕਦੇ ਨਿਹਾਰਨਾ ਪੈਂਦਾ।
ਫੁੱਲ ਤੋੜੇ ਨਾ ਟਾਹਣੀ ਦੇ ਨਾਲੋਂ ਕੋਈ,
ਵਾੜ ਚੌਕਸੀ ਵਾਲਾ ਉਸਾਰਨਾ ਪੈਂਦਾ।
ਮੋਹ ਦੇ ਧਾਗੇ ਵੀ ਰੇਸ਼ਮੀ ਤੰਦਾਂ ਨੇ,
ਪੱਟ ਰੇਸ਼ਮ ਦਾ ਕੱਤਣਾ,ਸਵਾਰਨਾ ਪੈਂਦਾ।
ਨਾਜ਼ੁਕ ਤਿਤਲੀਆਂ ਜਿਹੀਆਂ ਆਸਾਂ ਨੂੰ,
ਰੀਝਾਂ, ਚਾਵਾਂ ਨਾਲ ਕੋਲ ਬਹਾਲਣਾ ਪੈਂਦਾ।
ਤਲੀਓਂ ਚੋਗ ਚੁਗਦੇ, ਉੱਡ ਜਾਣ ਪੰਛੀ,
ਕਰਕੇ ਜਿਗਰ ਵੱਡਾ ਵਕਤ ਗੁਜਾਰਨਾ ਪੈਂਦਾ।



ਸਤਨਾਮ ਕੌਰ ਤੁਗਲਵਾਲਾ

## ਰੁੱਖਾਂ ਦੀ ਪਕੜ

ਇਹ ਰੁੱਖ ਨੇ ਸਾਡੇ ਸੱਚੇ ਮਿੱਤਰ,
ਲੋੜਾਂ ਪੂਰੀਆਂ ਕਰਦੇ ਨੇ।

ਮਿੱਠੇ ਮਿੱਠੇ ਨਾਲ ਫ਼ਲਾਂ ਦੇ ,
ਝੋਲੀਆਂ ਸਾਡੀਆਂ ਭਰਦੇ ਨੇ।

ਮਿੱਟੀ ਨੂੰ ਇਹ ਖੁਰਨ ਨਾ ਦਿੰਦੇ,
ਪਕੜ ਬਣਾਈ ਰੱਖਦੇ ਨੇ।

ਠੰਡੀਆਂ ਹਵਾਵਾਂ ਤੇ ਛਾਂ ਘਨੇਰੀ,
ਕੁਦਰਤ ਦੇ ਵਿੱਚ ਵੱਸਦੇ ਨੇ।

ਫ਼ਲ, ਫੁੱਲ, ਪੱਤੇ, ਜੜਾਂ ਟਾਹਣੀਆਂ,
ਸਭ ਕੁੱਝ ਸਾਥੋਂ ਵਾਰ ਦਿੰਦੇ।

ਚਾਹੇ ਕੱਟੇ ਕੋਈ ਨਾਲ ਕੁਹਾੜੇ,
ਉਸ ਦਾ ਵੀ ਕੰਮ ਸਵਾਰ ਦਿੰਦੇ।

ਜਨਮ ਤੋਂ ਲੈ ਕੇ ਮਰਨ ਦੇ ਤਾਂਈ
ਮਨੁੱਖ ਦਾ ਸਾਥ ਨਿਭਾਉਂਦੇ ਨੇ।

ਦੇਵਤੇ ਬਣ ਇਹ ਅਰਸ਼ੋ ਆਉਂਦੇ,
ਧਰਤੀ ਸਵਰਗ ਬਣਾਉਂਦੇ ਨੇ।

ਦੱਸੋਂ ਰੁੱਖਾਂ ਬਿਨਾਂ ਜੀਵਨ ਕੀ ਹੈ,
ਕੁੱਝ ਤਾਂ ਸੋਚ ਵਿਚਾਰੋ ਜੀ।

ਇਹ ਵੀ ਨੇ ਸਾਡੇ ਵਾਂਗ ਜਿਉਂਦੇ,
'ਪੱਤੋ' ਕੱਟ ਵੱਢ, ਨਾ ਮਾਰੋ ਜੀ।

ਹਰਪ੍ਰੀਤ ਪੱਤੋ
9465821417

## ਮਾਂ ਬੋਲੀ ਪੰਜਾਬੀ

ਗੱਲ ਮਾਂ ਬੋਲੀ ਦੇ ਵਿੱਚ ਕਰਿਆ ਕਰ,
ਤੂੰ ਸਿੱਖਿਆ ਕਰ ਪੰਜਾਬੀ।
ਮਾਂ ਜਿੰਨੀ ਮਿੱਠੀ ਤੋਂ ਨਾ ਡਰਿਆ ਕਰ,
ਤੂੰ ਲਿਖਿਆ ਕਰ ਪੰਜਾਬੀ।
ਰੰਗ ਜ਼ਿੰਦਗੀ ਦੇ ਵਿੱਚ ਭਰਿਆ ਕਰ,
ਤੂੰ ਦਿਖਿਆ ਕਰ ਪੰਜਾਬੀ।
ਸਾਗਰ ਜਜ਼ਬਾਤਾਂ ਵਾਲੇ ਤਰਿਆ ਕਰ,
ਤੂੰ ਵਿਕਿਆ ਕਰ ਪੰਜਾਬੀ।

ਅਮੀਰ ਸਾਹਿਤ ਪੰਜਾਬੀ ਪੜ੍ਹਿਆ ਕਰ,
ਤੂੰ ਗੁਰੂ ਪੀਰਾਂ ਦੀ ਬਾਣੀ।
ਰੰਗ ਹੁਸੈਨ-ਬੁੱਲ੍ਹੇਸ਼ਾਹ ਦੇ ਰੜਿਆ
ਕਰ, ਤੂੰ ਭੇਦ ਕਾਫ਼ੀ ਦਾ ਜਾਣੀ।
ਸੰਗ ਪੋਰਸ-ਸਿਕੰਦਰ ਦੇ ਖੜ੍ਹਿਆ ਕਰ,
ਤੂੰ ਬਹਾਦਰੀ ਨੂੰ ਪਛਾਣੀ।
ਪੰਨੇ ਪੰਜਾਬ-ਇਤਿਹਾਸ ਦੇ ਪੜ੍ਹਿਆ ਕਰ,
ਤੂੰ ਸਿੱਖ ਪੱਗ ਬਚਾਣੀ।

ਮਾਂ ਨੂੰ ਛੱਡਕੇ ਮਾਸੀ ਨ ਕਰਿਆ ਕਰ,
ਨ ਭੁੱਲ੍ਹਿਆ ਕਰ ਪੰਜਾਬੀ।
ਚਾਹੇ ਇੰਗਲਿਸ਼, ਹਿੰਦੀ ਜਰਿਆ ਕਰ,
ਨ ਭੁੱਲਿਆ ਕਰ ਪੰਜਾਬੀ।
ਐਵੇਂ ਦੁਨੀਆਂ ਕੋਲੋਂ ਨਾ ਡਰਿਆ ਕਰ,
ਤੂੰ ਖੁੱਲ੍ਹਿਆ ਕਰ ਪੰਜਾਬੀ।
ਬੋਲੀ ਮਾੜੀ ਮਨ 'ਚ ਨ ਕਰਿਆ ਕਰ,
ਹੋ ਭੁੱਲ੍ਹਿਆ ਕਰ ਪੰਜਾਬੀ।



ਸੇਵਾ ਸਿੰਘ "ਨੂਰਪੁਰੀ"

## ਜ਼ੁਲਮ

ਲੋਕਤੰਤਰ ਲੋਕਾਂ ਦਾ ਰਾਜ ਹੁੰਦਾ
ਅੱਜ ਫੇਰ ਜ਼ੁਲਮ ਢਾਹਿਆ ਜਾ ਰਿਹਾ ਏ
ਜਨਰਲ ਡਾਇਰ ਨੇ ਨਿਹੱਥਿਆਂ ਤੇ ਜ਼ੁਲਮ ਕੀਤਾ
ਓਹੋ ਇਤਿਹਾਸ ਦੁਬਾਰਾ ਰਚਾਇਆ ਜਾ ਰਿਹਾ ਏ

ਰੋਸ ਮੁਜ਼ਾਹਰੇ ਕਰਨ ਦਾ ਅਧਿਕਾਰ ਸਭ ਨੂੰ
ਅੱਜ ਇਹ ਵੀ ਲੋਕਾਂ ਕੋਲੋਂ ਹੱਕ ਖੋਹ ਲਿਆ ਏ
ਸਖ਼ਤ ਫੁਰਮਾਨ ਦਿੱਤੇ ਲਗਦੇ ਬਾਰਡਰਾਂ ਤੇ
ਇਹ ਜ਼ੁਲਮ ਵੇਖ ਸਾਰਾ ਸੰਸਾਰ ਰੋ ਰਿਹਾ ਏ

ਪੰਜਾਬੀਆਂ ਦੀਆਂ ਲਾਸ਼ਾਂ ਆਉਂਦੀਆਂ
ਚੀਨ ਪਾਕਿਸਤਾਨ ਦੇ ਬਾਡਰਾਂ ਤੋਂ
ਅੱਜ ਕਿਹੜੇ ਪਾਸਿਓਂ ਆਉਣ ਲੱਗੀਆਂ ਨੇਂ
ਲਾਸ਼ ਵੇਖ ਮਾਂ ਦਾ ਕਲੇਜਾ ਫੱਟ ਗਿਆ
ਅੱਖੀਆਂ ਰੋ ਰੋ ਭੈਣਾਂ ਦੀਆਂ ਨਾਂ ਰੱਜੀਆਂ ਨੇਂ

ਜ਼ੁਲਮ ਜਿੱਤ ਕੇ ਅਖ਼ੀਰ ਨੂੰ ਹਾਰ ਜਾਂਦਾ
ਸਹਿਣ ਵਾਲਿਆਂ ਤੇ ਨਾਨਕ ਦਾ ਹੱਥ ਹੁੰਦਾ
ਪੰਜ ਸਾਲ ਲਈ ਲੋਕਾਂ ਨੇਂ ਜੋ ਲਾਇਆ ਬੂਟਾ
ਨਾਨਕ ਦੀ ਕਿਰਪਾ ਨਾਲ ਜੜੋਂ ਫਿਰ ਪੁੱਟ ਹੁੰਦਾ



ਗੁਰਚਰਨ ਸਿੰਘ ਧੰਜੂ

## ਕਿਸਾਨੀ-ਅੰਦੋਲਨ 2018-2024

ਕਿਸਾਨਾਂ ਨੂੰ ਕਿਤੋਂ ਮਿਲਦੀ ਨ੍ਹੀਂ ਹੱਲਾਸ਼ੇਰੀ,
ਝੂਠੇ ਵਾਅਦੇ ਕਰਦੀਆਂ ਸਰਕਾਰਾਂ,
ਵਿਚਾਰਾ ਢਾਹ ਬੈਠਦਾ ਢੇਰੀ,
ਮੀਟਿੰਗ ਤੇ ਮੀਟਿੰਗ ਹੋਈ ਜਾਂਦੀ,
ਕਦੀ ਚੰਡੀਗੜ੍ਹ ਤੇ ਕਦੀ ਦਿੱਲੀ ਵਿੱਚ,
ਬੈਰੀਅਰ ਤੇ ਅਥਰੂ ਗੈਸ ਦੀ ਲਿਆਂਦੀ ਹਨੇਰੀ।
ਫਸਲਾਂ, ਡੇਅਰੀ, ਸਬਜੀਆਂ ਤੇ ਐਮਐਸਪੀ ਵੀ ਨ੍ਹੀਂ ਮਿਲਦਾ।
ਸੁਆਮੀਨਾਥਨ ਦੀ ਰਿਪੋਰਟ ਨਾਲ,
ਮਾਮਲਾ ਉੱਥੇ ਦਾ ਉੱਥੇ, ਨਹੀਂ ਹਿਲਦਾ।
1966 'ਚ ਕਣਕ,ਚੌਲਾਂ ਤੇ ਦਿੱਤੀ ਐਮਐਸਪੀ,
ਵਿਭਿੰਨਤਾ ਦੀ ਸਮਤੋਲ ਵਿਗਾੜ ਦਿੱਤੀ।
ਕਿਸਾਨ ਜੂਝ ਰਹੇ, ਵਿਚੋਲੇ ਲੁੱਟ ਰਹੇ,
ਕਾਰਪੋਰੇਟ ਰਿਆਇਤਾਂ ਲੈ ਕੇ ਚੁੱਪ ਰਹੇ।
ਬੀਜਾਂ, ਸੰਦਾਂ, ਮਸ਼ੀਨਰੀ ਦੀ ਘਸਾਈ,
ਪੰਜ ਸਾਲ ਬਾਦ ਮੰਗਦੀ ਲਾਗਤਾਂ ਦੀ ਦੁਹਰਾਈ।
ਖੇਤੀ ਵਿਗਿਆਨੀਆਂ ਖੋਜ ਨਾਲ ਝਾੜ ਵਧਾਏ,
ਦਰਾਮਦਾਂ ਰੁਕੀਆਂ ਭੁੱਖਮਰੀ ਤੋਂ ਬਚਾਏ।
ਪੰਜਾਬ ਸਰਕਾਰ ਦੀ ਇੱਛਾ ਸ਼ਕਤੀ ਮਸਲਾ ਕਰੀਏ ਹੱਲ,
ਕੇਂਦਰ ਸਰਕਾਰ ਹਰ ਵਾਰ ਫੈਸਲਾ ਦੇਵੇ ਠੱਲ੍ਹ।
ਉਹ ਚਾਹੁੰਦੀ ਹੈ ਪੰਜਾਬ 'ਚ ਬੀਜੇਪੀ ਦਾ ਰਾਜ,
ਪਰ ਅਸੰਭਵ, ਨਹੀਂ ਪੂਰਾ ਹੋਣਾ ਉਸ ਦਾ ਖਾਬ।
ਸਾਬਕਾ ਪ੍ਰੋਫੈਸਰ ਜੀਐਨਡੀਯੂ ਕਹਿਣ ਕਿਸਾਨ ਲਈ,
ਘੱਟੋ ਘੱਟ ਸਮਰਥਨ ਮੁੱਲ ਲਾਜ਼ਮੀ ਬਚਾਣ ਲਈ।
ਖੇਤੀਬਾੜੀ ਉਪਜ ਜੀਣ ਲਈ, ਉਦਯੋਗ ਨਹੀਂ,
ਉਦਯੋਗ ਉਤਪਾਦ ਹੁੰਦੇ ਵਾਧੂ ਉਪਯੋਗ ਲਈ।
ਮਾਹੌਲ ਕਿਸਾਨ ਦੀ ਮੌਤ ਤੇ ਹੋ ਜਾਂਦਾ ਗਮਗੀਨ,
ਪਰਿਵਾਰਿਕ ਢਾਂਚਾ ਹਿੱਲੇ ਤਾਬ ਨਾ ਆਵੇ ਜ਼ਮੀਨ।
ਮੰਡੀ ਦੇ ਮੰਗ-ਪੂਰਤੀ ਸਿਧਾਂਤ ਤੇ ਛੱਡਦੇ ਖੇਤੀ,
ਭੋਜਨ ਹੁੰਦਾ ਅਸੁਰੱਖਿਅਤ, ਖੇਤੀ ਖਸਮਾਂ ਸੇਤੀ।

ਅਮਰਜੀਤ ਸਿੰਘ ਤੂਰ
9878469639

## ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ

ਅਸੀਂ ਵੀ ਆ ਇਸੇ ਦੇਸ ਦੇ ਜਾਏ,
ਦੁੱਖਾਂ ਵਾਲੀ ਭੱਠੀ ਵਿਚ ਸਾਨੂੰ ਤੁਸੀਂ ਰਾੜ੍ਹਦੇ।

ਜਦੋਂ ਲੋੜ ਪਈ ਦੇਸ਼ ਨੂੰ ਅਸੀਂ ਪਿੱਛੇ ਨਹੀਂ ਹਟੇ,
ਹੁਣ ਮੰਗਦੇ ਆ ਹੱਕ ਤੁਸੀਂ ਗੋਲੀਆਂ ਹੋ ਮਾਰਦੇ।

ਹੱਕ ਲੈਣੇ ਆ ਜੋ ਬਣਦੇ ਆ ਸਾਡੇ,
ਵੱਡਿਆਂ ਹਾਕਮਾਂ ਭਾਵੇਂ ਸਾਨੂੰ ਸੂਲੀ ਉੱਤੇ ਚਾੜਦੇ।

ਹਰੀ ਕ੍ਰਾਂਤੀ ਦੇ ਨਾਮ ਉਤੇ ਪੰਜਾਬ ਨਾਲ ਕੀਤੇ ਵਾਧੇ,
ਖੇਤੀ ਲਾਹੇਵੰਦ ਬਣਾਉਣ ਧੰਦਾ, ਇਹੋ ਹੱਕ ਅਸੀਂ ਭਾਲਦੇ।

ਲਖੀਮਪੁਰ, ਸ਼ੰਭੂ ਬਾਰਡਰ ਬਣਾਤੇ ਜੰਗ ਦੇ ਮੈਦਾਨ,
ਗਿੰਦੇ ਮੰਗਿਆਂ ਨਹੀਂ ਹੱਕ ਮਿਲਦੇ ਇਹ ਅਸੀਂ ਜਾਣਦੇ।

ਕਈ ਫੇਕ ਜਿਹੇ ਬੰਦਿਆ ਨਾਲ ਰਲ ਮਾਰਦੇ ਫੁਕਰੀਆਂ,
ਸ਼ਾਂਤਮਈ ਧਰਨੇ ਨੂੰ, ਜਾਂਦੇ ਭਾਂਡੇ ਵਿੱਚ ਵਾੜਦੇ।

ਲਾ ਲੈ ਜਿੰਨਾ ਜ਼ੋਰ ਤੈਨੂੰ ਜਿੱਤ ਕੇ ਦਿਖਾਵਾਂਗੇ,
ਕਰ ਕੋਸ਼ਿਸ਼ ਇੰਨੀ ਛੇਤੀ ਹਿੰਮਤ ਤਾਂ ਨਹੀਂ ਹਾਰਦੇ।

ਗਿੰਦਾ ਸਿੱਧੂ

## ਹੰਕਾਰ

ਬੈਰੀਕੇਟ ਅੱਗੇ ਲਾਦੇ, ਵੱਡੀ ਕੰਧਾਂ ਚਿਣਵਾਦੇ।
ਭਾਵੇਂ ਰਾਹਵਾਂ ਵਿੱਚ ਕੰਡਿਆਂ ਦੀ ਸੇਜ ਤੂੰ ਵਿਛਾਦੇ।
ਜਿੰਨੇ ਮਰਜੀ ਦਿਖਾਲੈ ਹਥਿਆਰ ਹਾਕਮਾਂ।
ਓਏ ਤੇਰਾ ਛੱਡਣਾ! ਛੱਡਣਾ ਏ ਤੋੜਕੇ ਹੰਕਾਰ ਹਾਕਮਾਂ।

ਜਾਣ ਦੇਣਾ ਨਹੀਂ ਜਨਾਬ, ਪੂਰਾ ਲੈਣਾ ਏ ਹਿਸਾਬ।
ਹੁਣ ਆਪਣੀ ਆਈ ਤੇ ਆਇਆ ਫਿਰਦਾ ਪੰਜਾਬ।
ਅਸੀਂ ਕਰ ਲਈ ਤਿਆਰੀ ਦੂਜੀ ਵਾਰ ਹਾਕਮਾਂ।
ਓਏ ਤੇਰਾ ਛੱਡਣਾ! ਛੱਡਣਾ ਏ ਤੋੜਕੇ ਹੰਕਾਰ ਹਾਕਮਾਂ।

ਫੜ ਲੱਤਾਂ ਉਹ ਬਚਨੇ, ਗੱਲ ਸਾਡੀ ਨਹੀਂ ਜੋ ਮੰਨੇਂ।
ਬੜੇ ਅਲਕ ਵਛੇਰਿਆਂ ਦੇ ਨੱਕ ਅਸੀਂ ਭੰਨੇ।
ਸਾਡੀ ਸੁਣ ਦਿਲ ਖੋਲ੍ਹ ਕੇ ਵੰਗਾਰ ਹਾਕਮਾਂ।
ਓਏ ਤੇਰਾ ਛੱਡਣਾ! ਛੱਡਣਾ ਏ ਤੋੜਕੇ ਹੰਕਾਰ ਹਾਕਮਾਂ।

ਲਿਖੇ ਕਾਮੀ ਵਾਲਾ ਖ਼ਾਨ, ਟਿਕੀ ਤਲੀ ਉੱਤੇ ਜਾਂਨ।
ਕੀਹਨੇ ਝੁਕਣਾ ਏ ਹੁਣ ਦੱਸੂ ਸਮਾਂ ਬਲਵਾਨ।
ਕਿਹੜਾ ਦੋਵਾਂ ਵਿਚੋਂ ਬਣੂਗਾ ਸਟਾਰ ਹਾਕਮਾਂ।
ਓਏ ਤੇਰਾ ਛੱਡਣਾ! ਛੱਡਣਾ ਏ ਤੋੜਕੇ ਹੰਕਾਰ ਹਾਕਮਾਂ।

ਸੁਕਰ ਦੀਨ ਕਾਮੀਂ ਖੁਰਦ

## ਗ਼ਜ਼ਲ

ਹਰ ਕਦਮ ਤੇ ਭਾਵੇਂ ਮੇਰੇ ਰਾਹ ਵਿੱਚ ਔਕੜ ਖੜੀ ਹੈ,
ਫਿਰ ਵੀ ਮੈਂ ਅੱਗੇ ਕਦਮ ਰੱਖਾਂਗਾ, ਮੇਰੀ ਇਹ ਅੜੀ ਹੈ।

ਸੱਚ ਬੋਲਣ ਵਾਲੇ ਖ਼ਬਰੇ ਕਿੱਥੇ ਗਾਇਬ ਹੋ ਗਏ ਨੇ,
ਝੂਠ ਬੋਲਣ ਵਾਲਿਆਂ ਦੀ ਚੜ੍ਹ ਮਚੀ ਅੱਜ ਕੱਲ੍ਹ ਬੜੀ ਹੈ।

ਰੱਬ ਦੇ ਰੰਗਾਂ ਦਾ ਇਸ ਜੱਗ ਵਿੱਚ ਹੈ ਕਿਸ ਨੇ ਭੇਤ ਪਾਇਆ,
ਔੜ ਲਾਂਦਾ ਹੈ ਕਦੇ ਉਹ ਤੇ ਕਦੇ ਲਾਂਦਾ ਝੜੀ ਹੈ।

ਆਪਣੇ ਜੀਵਨ ਦੇ ਬਿਤਾ ਕੇ ਸਾਲ ਪੰਜਾਹ ਜਾਣਿਆ ਹੈ,
ਇੱਥੇ ਧਨਵਾਨਾਂ ਤੇ ਬੇਈਮਾਨਾਂ ਦੀ ਚਲਦੀ ਬੜੀ ਹੈ।

ਮੇਰੇ ਕੋਲੋਂ ਆਸ ਰੱਖੇਗਾ ਕਿਵੇਂ ਸਤਿਕਾਰ ਦੀ ਉਹ,
ਮੇਰੇ ਚਾਵਾਂ ਦੀ ਕਲੀ ਜਿਸ ਦੇ ਦਗੇ ਸਦਕਾ ਸੜੀ ਹੈ।

ਕਿਸ ਤਰ੍ਹਾਂ ਭੁੱਲ ਜਾਵਾਂ ਮੈਂ ਉਹਨਾਂ ਨੂੰ ਕੇਵਲ ਤੇਰੇ ਕਰਕੇ,
ਜਿਹਨਾਂ ਨੇ ਔਖੇ ਦਿਨਾਂ ਦੇ ਵਿੱਚ ਮੇਰੀ ਬਾਂਹ ਫੜੀ ਹੈ।

ਲੋੜ ਸੀ ਜਦ ਤੇਰੀ ਗੰਢੇ, ਗੰਢੇ ਮੇਰੀ ਜ਼ਿੰਦਗੀ ਨੂੰ,
ਇੱਕ ਦਿਆਲੂ ਸਾਥੀ ਸਦਕਾ ਬੀਤ ਚੁੱਕੀ ਉਹ ਘੜੀ ਹੈ।

ਮਹਿੰਦਰ ਸਿੰਘ ਮਾਨ
9915803554

## ਇੱਕ ਦਿਨ ਐਸਾ ਜ਼ਰੂਰ ਆਉਣਾ



ਜਦੋਂ ਬਜ਼ੁਰਗ ਤੂੰ ਹੋ ਜਾਣਾ,
ਚਲਦੀ ਅੱਜ ਤੇਰੀ ਕਾਇਆ ਜੋ
ਇਸ ਨੇ ਵੀ ਖਲੋਅ ਜਾਣਾ।
ਦੁੱਧ ਜਿਹੇ ਮੋਤੀਆਂ ਵਰਗੇ ਦੰਦ ਨੇ ਜੋ
ਇਨ੍ਹਾਂ ਨੇ ਵੀ ਢਹਿ-ਢੇਰੀ ਹੋ ਜਾਣਾ,
ਇੱਕ ਦਿਨ ਐਸਾ ਜ਼ਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਸੁੰਦਰ - ਸੁੰਦਰ ਇਨ੍ਹਾਂ ਅੱਖਾਂ ਨੇ ਵੀ
ਧੁੰਦਲਾ ਜਿਹਾ ਫਿਰ ਹੋ ਜਾਣਾ ,
ਸੁਣਦਾ ਬੜੀਆਂ ਗੱਲਾਂ ਜੋ ਇਨ੍ਹਾਂ ਕੰਨਾਂ ਨਾਲ ?
ਇਨ੍ਹਾਂ ਨੇ ਵੀ ਬੰਦ ਹੋ ਜਾਣਾ।
ਇੱਕ ਦਿਨ ਐਸਾ ਜ਼ਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਨੱਚਦਾ-ਟੱਪਦਾ ਇਨ੍ਹਾਂ ਲੱਤਾਂ-ਪੈਰਾਂ ਨਾਲ ਤੂੰ
ਇੱਕ ਦਿਨ ਇਨ੍ਹਾਂ ਨੇ ਵੀ ਖੜ੍ਹ ਜਾਣਾ।
ਜਿਨ੍ਹਾਂ ਹੱਥਾਂ ਨਾਲ ਅੱਜ ਚੱਕਦਾ-ਰੱਖਦਾ ਤੂੰ
ਇੱਕ ਦਿਨ ਇਨ੍ਹਾਂ ਨੇ ਵੀ ਰਹਿ ਜਾਣਾ,
ਇੱਕ ਦਿਨ ਐਸਾ ਜ਼ਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਸਮਾਂ ਲੰਘੇ 'ਤੇ ਕੁਝ ਨਹੀਂ ਪੱਲੇ ਪੈਣਾ
ਫਿਰ ਸਿਰ ਫੜ ਕੇ ਤੂੰ ਬਹਿ ਜਾਣਾ,
ਅੱਜ ਭਾਵੇਂ ਧੌਣ ਸਿੱਧੀ ਕਰਕੇ ਤੁਰਦਾ ਤੂੰ,
ਪਰ ਇੱਕ ਦਿਨ ਕੁੱਬ ਵੀ ਤੈਨੂੰ ਪੈ ਜਾਣਾ।
ਜਿਸ ਸਰੀਰ ਨੂੰ ਅੱਜ ਸਮਝਦਾ ਖਰਾ ਸੋਨਾ ਤੂੰ,
ਇਸਨੇ ਵੀ ਇੱਕ ਦਿਨ ਮਿੱਟੀ ਹੋ ਜਾਣਾ,
ਅੱਜ ਜਿਨ੍ਹਾਂ ਨੂੰ ਸਮਝਦਾ ਆਪਣੇ ਤੂੰ
ਇੱਕ ਦਿਨ ਉਨ੍ਹਾਂ ਨੇ ਵੀ ਚੁੱਕ ਕੇ ਲੈ ਜਾਣਾ।
ਕਰ ਲੈ ਚੰਗੇ ਕਰਮ 'ਧਰਮਾਣੀ' ਤੂੰ
ਅੰਤ ਸਭ ਕੁਝ ਇੱਥੇ ਹੀ ਰਹਿ ਜਾਣਾ,
ਅੰਤ ਸਭ ਕੁਝ ਇੱਥੇ ਹੀ ਰਹਿ ਜਾਣਾ।
ਇੱਕ ਦਿਨ ਐਸਾ ਜ਼ਰੂਰ ਆਉਣਾ
ਇੱਕ ਦਿਨ ਐਸਾ ਜ਼ਰੂਰ ਆਉਣਾ...।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
9478561356

# ਇੱਕ ਹਰੇ ਭਰੇ ਭਵਿੱਖ ਦਾ ਪਾਲਣ-ਪੋਸ਼ਣ



ਦਹਾਕਿਆਂ ਤੋਂ, ਭਾਰਤੀ ਖੇਤੀਬਾੜੀ ਦੀ ਕਹਾਣੀ ਤੀਬਰ ਵਿਕਾਸ ਦੀ ਰਹੀ ਹੈ, ਪਰ ਇਹ ਤਰੱਕੀ ਸਾਡੇ ਸਭ ਤੋਂ ਕੀਮਤੀ ਸਰੋਤ: ਮਿੱਟੀ ਲਈ ਇੱਕ ਲੁਕਵੀਂ ਕੀਮਤ ’ਤੇ ਆਈ ਹੈ। ਅੱਜ, ਜਿਵੇਂ ਕਿ ਅਸੀਂ ਵਧਦੀ ਆਬਾਦੀ ਅਤੇ ਬਦਲਦੇ ਜਲਵਾਯੂ ਦੀਆਂ ਦੋਹਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ, ਰਸਾਇਣਕ ਖਾਦਾਂ ਲਈ ‘ਬਹੁਤ ਵਧੀਆ ਹੈ’ ਪਹੁੰਚ ਇੱਕ ਕੰਧ ਨਾਲ ਟਕਰਾ ਰਹੀ ਹੈ। ਸਾਡੀ ਲੰਬੇ ਸਮੇਂ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਭਾਰਤ ਨੂੰ ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ ਵੱਲ ਵਧਣਾ ਚਾਹੀਦਾ ਹੈ - ਇੱਕ ਸੰਪੂਰਨ ਰਣਨੀਤੀ ਜੋ ਆਧੁਨਿਕ ਵਿਗਿਆਨ ਨੂੰ ਰਵਾਇਤੀ ਬੁੱਧੀ ਨਾਲ ਜੋੜਦੀ ਹੈ ਤਾਂ ਜੋ ਸਾਡੀ ਧਰਤੀ ਦੀ ਜੀਵਨਸ਼ਕਤੀ ਬਹਾਲ ਕੀਤੀ ਜਾ ਸਕੇ।

**ਸਾਡੇ ਪੈਰਾਂ ਹੇਠ ਸੰਕਟ :** ਭਾਰਤੀ ਖੇਤੀਬਾੜੀ ਛੋਟੀਆਂ ਅਤੇ ਮਾਮੂਲੀ ਜ਼ਮੀਨਾਂ ਦੀ ਵਿਸ਼ੇਸ਼ਤਾ ਹੈ ਅਤੇ ਨਾਈਟ੍ਰੋਜਨ ਵਾਲੇ ਰਸਾਇਣਕ ਖਾਦਾਂ ’ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਸਾਲਾਂ ਤੋਂ ਅਸੰਤੁਲਿਤ ਵਰਤੋਂ ਅਤੇ ਲਗਾਤਾਰ ਮੋਨੋਕ੍ਰੌਪਿੰਗ ਨੇ ਮਿੱਟੀ ਦੇ ਗੰਭੀਰ ਪਤਨ ਦਾ ਕਾਰਨ ਬਣਾਇਆ ਹੈ। ਅਸੀਂ ਹੁਣ ‘ਬਹੁ-ਪੱਖੀ ਤੱਤਾਂ ਦੀ ਘਾਟ’ ਦੇਖ ਰਹੇ ਹਾਂ, ਜਿੱਥੇ ਮਿੱਟੀ ਵਿੱਚ ਸਲਫਰ, ਜ਼ਿੰਕ ਅਤੇ ਬੋਰਨ ਵਰਗੇ ਸੈਕੰਡਰੀ ਅਤੇ ਸੂਖਮ ਪੌਸ਼ਟਿਕ ਤੱਤਾਂ ਦੀ ਬਹੁਤ ਘਾਟ ਹੈ। ਜਦੋਂ ਮਿੱਟੀ ਦੀ ਸਿਹਤ ਘਟਦੀ ਹੈ, ਤਾਂ ਉਤਪਾਦਕਤਾ ਦਾ ਕਾਰਕ ਵੀ ਘੱਟ ਜਾਂਦਾ ਹੈ। ਭਾਵ ਕਿਸਾਨਾਂ ਨੂੰ ਉਹੀ ਉਪਜ ਪ੍ਰਾਪਤ ਕਰਨ ਲਈ ਵਧੇਰੇ ਖਾਦ ਲਗਾਉਣਾ ਪੈਂਦਾ ਹੈ ਜੋ ਉਹ ਪਹਿਲਾਂ ਘੱਟ ਨਾਲ ਪ੍ਰਾਪਤ ਕਰਦੇ ਸਨ। ਇਹ ਚੱਕਰ ਉਤਪਾਦਨ ਲਾਗਤਾਂ ਨੂੰ ਵਧਾਉਂਦਾ ਹੈ ਅਤੇ ਫਸਲਾਂ ਨੂੰ ਅਨਿਯਮਿਤ ਬਾਰਿਸ਼ ਅਤੇ ਸੋਕੇ ਲਈ ਵਧੇਰੇ ਕਮਜ਼ੋਰ ਬਣਾਉਂਦਾ ਹੈ, ਜੋ ਕਿ ਭਾਰਤੀ ਮੌਸਮ ਦੀਆਂ ਸਥਿਤੀਆਂ ਵਿੱਚ ਅਕਸਰ ਹੁੰਦੇ ਜਾ ਰਹੇ ਹਨ।

**ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ ਕੀ ਹੈ ?**

ਏਕੀਕ੍ਰਿਤ ਪੌਸ਼ਟਿਕ ਤੱਤ ਪ੍ਰਬੰਧਨ ਰਸਾਇਣਕ ਖਾਦਾਂ ਨੂੰ ਛੱਡਣ ਦੀ ਵਕਾਲਤ ਨਹੀਂ ਕਰਦਾ। ਇਸ ਦੀ ਬਜਾਏ, ਇਹ ਜੈਵਿਕ ਅਤੇ ਜੀਵ-ਵਿਗਿਆਨਕ ਇਨਪੁਟਸ ਦੇ ਨਾਲ ਉਹਨਾਂ ਦੇ ਸਮਝਦਾਰੀ ਵਾਲੇ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਮਿੱਟੀ ਲਈ ਇੱਕ ਸੰਤੁਲਿਤ ਪੌਸ਼ਟਿਕ ਤੱਤ ਬਣਦਾ ਹੈ। ਆਈਐਨਐਮ ਵਿੱਚ ਸ਼ਾਮਲ ਹਨ:

ਰਸਾਇਣਕ ਖਾਦ, ਮਿੱਟੀ ਦੀਆਂ ਜ਼ਰੂਰਤਾਂ ਦੇ ਆਧਾਰ ’ਤੇ ਸਹੀ ਖੁਰਾਕਾਂ ਵਿੱਚ ਲਗਾਏ ਜਾਂਦੇ ਹਨ ਜੈਵਿਕ ਖਾਦ, ਜਿਵੇਂ ਕਿ ਫਾਰਮਯਾਰਡ ਖਾਦ ਐਫਵਾਈਐਮ), ਖਾਦ, ਵਰਮੀਕੰਪੋਸਟ ਅਤੇ ਹਰੀ ਖਾਦ ਜੈਵਿਕ ਖਾਦ, ਜਿਸ ਵਿੱਚ, ਰਾਈਜ਼ੋਬੀਅਮ, ਐਜ਼ੋਟੋਬੈਕਟਰ, ਅਤੇ ਮਾਈਕੋਰਾਈਜ਼ਾ ਵਰਗੇ ਲਾਭਦਾਇਕ ਸੂਖਮ ਜੀਵ ਸ਼ਾਮਲ ਹਨ ਜੋ ਨਾਈਟ੍ਰੋਜਨ ਨੂੰ ਠੀਕ ਕਰਦੇ ਹਨ ਅਤੇ ਫਾਸਫੋਰਸ ਨੂੰ ਲਾਮਬੰਦ ਕਰਦੇ ਹਨ ਫਸਲ ਦੇ ਰਹਿੰਦ-ਖੂੰਹਦ, ਜੈਵਿਕ ਪਦਾਰਥ ਨੂੰ ਵਧਾਉਣ ਲਈ ਮਿੱਟੀ ਵਿੱਚ ਵਾਪਸ ਰੀਸਾਈਕਲ ਕੀਤੇ ਜਾਂਦੇ ਹਨ ਮਿੱਟੀ ਦੀ ਸਿਹਤ ਦੇ ਥੰਮ੍ਹ

ਇਹ ਸਮਝਣ ਲਈ ਕਿ ਆਈਐਨਐਸ ਕਿਉਂ ਕੰਮ ਕਰਦਾ ਹੈ, ਸਾਨੂੰ ਮਿੱਟੀ ਦੀ ਸਿਹਤ ਦੇ ਤਿੰਨ ਥੰਮ੍ਹਾਂ ਦੀ ਜਾਂਚ ਕਰਨੀ ਚਾਹੀਦੀ ਹੈ: ਭੌਤਿਕ, ਰਸਾਇਣਕ ਅਤੇ ਜੈਵਿਕ।



ਡਾ. ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

**ਭੌਤਿਕ:** ਆਈਐਨਐਮ ਮਿੱਟੀ ਦੀ ਬਣਤਰ ਅਤੇ ਪਾਣੀ ਰੱਖਣ ਦੀ ਸਮਰੱਥਾ ਨੂੰ ਬਿਹਤਰ ਬਣਾਉਂਦਾ ਹੈ। ਮੀਂਹ ਵਾਲੇ ਖੇਤਰ ਦੇ ਕਿਸਾਨ ਲਈ, ਇਸਦਾ ਮਤਲਬ ਹੈ ਕਿ ਮਿੱਟੀ ਸਪੰਜ ਵਾਂਗ ਕੰਮ ਕਰਦੀ ਹੈ, ਸੁੱਕੇ ਸਮੇਂ ਦੌਰਾਨ ਨਮੀ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਦੀ ਹੈ।

**ਰਸਾਇਣਕ:** ਇਹ ਪੀਐਚ ਪੱਧਰਾਂ ਨੂੰ ਸੰਤੁਲਿਤ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਪੌਦਿਆਂ ਦੀਆਂ ਜੜ੍ਹਾਂ ਲਈ ਮੈਕਰੋ — ਅਤੇ ਮਾਈਕ੍ਰੋਨਿਊਟ ?ਰੀਐਂਟਸ ਉਪਲਬਧ ਹੋਣ, ਨਾ ਕਿ ਮਿੱਟੀ ਵਿੱਚ ਬੰਦ ਹੋਣ ਜਾਂ ਧੋਤੇ ਜਾਣ ਦੀ ਬਜਾਏ।

**ਜੈਵਿਕ:** ਸ਼ਾਇਦ ਸਭ ਤੋਂ ਮਹੱਤਵਪੂਰਨ, ਆਈਐਨਐਮ ਸੂਖਮ ਜੀਵ ਵਿਭਿੰਨਤਾ ਅਤੇ ਕੀੜੇ ਦੀ ਆਬਾਦੀ ਨੂੰ ਉਤੇਜਿਤ ਕਰਦਾ ਹੈ। ਇਹ ਛੋਟੇ-ਮੋਟੇ ਇੰਜੀਨੀਅਰ ਬਹੁਤ ਮਹੱਤਵਪੂਰਨ ਹਨ।

ਚੌਲਾਂ-ਘੋੜੇ ਜਾਂ ਗੰਨੇ ਦੀਆਂ ਪੱਟੀਆਂ ਵਰਗੇ ਤੀਬਰ ਪ੍ਰਣਾਲੀਆਂ ਵਿੱਚ ਪੌਸ਼ਟਿਕ ਤੱਤਾਂ ਦੇ ਚੱਕਰ ਲਗਾਉਣ ਅਤੇ ਉਤਪਾਦਕਤਾ ਨੂੰ ਕਾਇਮ ਰੱਖਣ ਲਈ।

**ਭਾਰਤੀ ਕਿਸਾਨਾਂ ਲਈ ਸਭ ਤੋਂ ਵਧੀਆ ਅਭਿਆਸ**

ਆਈਐਨਐਮ ਨੂੰ ਪ੍ਰਯੋਗਸ਼ਾਲਾ ਤੋਂ ਖੇਤਰ ਵਿੱਚ ਲਿਜਾਣ ਲਈ ਵਿਹਾਰਕ, ਸਾਈਟ-ਵਿਸ਼ੇਸ਼ ਰਣਨੀਤੀਆਂ ਦੀ ਲੋੜ ਹੁੰਦੀ ਹੈ। ਮਿੱਟੀ ਸਿਹਤ ਕਾਰਡ ਸਕੀਮ ਵਰਗੀਆਂ ਰਾਸ਼ਟਰੀ ਪਹਿਲਕਦਮੀਆਂ ਪਹਿਲਾਂ ਹੀ ਅੰਦਾਜ਼ੇ ਦੀ ਬਜਾਏ ਅਸਲ ਮਿੱਟੀ ਟੈਸਟਾਂ ਦੇ ਆਧਾਰ ’ਤੇ ਖਾਦ ਦੀਆਂ ਅਰਜ਼ੀਆਂ ਦੀ ਸਿਫ਼ਾਰਸ਼ ਕਰਕੇ ਇੱਕ ਰੋਡਮੈਪ ਪ੍ਰਦਾਨ ਕਰ ਰਹੀਆਂ ਹਨ। ਮੁੱਖ ਪ੍ਰਬੰਧਨ ਅਭਿਆਸਾਂ ਵਿੱਚ ਫਸਲਾਂ ਦੇ ਵਿਕਾਸ ਦੇ ਮਹੱਤਵਪੂਰਨ ਪੜਾਵਾਂ ਨਾਲ ਮੇਲ ਕਰਨ ਲਈ ਨਾਈਟ ?ਰੋਜਨ ਦੀ ਵੰਡ ਅਤੇ ਨੀਮ-ਕੋਟੇਡ ਯੂਰੀਆ ਵਰਗੇ ਹੌਲੀ-ਰਿਲੀਜ਼ ਵਿਕਲਪਾਂ ਦੀ ਵਰਤੋਂ ਸ਼ਾਮਲ ਹੈ। ਚੌਲਾਂ ਵਿੱਚ ਪੱਤੇ ਦੇ ਰੰਗ ਚਾਰਟ ਵਰਗੇ ਸਧਾਰਨ, ਘੱਟ ਕੀਮਤ ਵਾਲੇ ਔਜ਼ਾਰ ਕਿਸਾਨਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਦੇ ਹਨ ਕਿ ਯੂਰੀਆ ਕਦੋਂ ਲਗਾਉਣਾ ਹੈ, ਜਿਸ ਨਾਲ ਰਹਿੰਦ-ਖੂੰਹਦ ਅਤੇ ਵਾਤਾਵਰਣ ਦਾ ਵਹਾਅ ਘਟਦਾ ਹੈ। ਇਸ ਤੋਂ ਇਲਾਵਾ, ਫਲੀਆਂ ਨੂੰ ਫਸਲ ਪ੍ਰਣਾਲੀਆਂ ਵਿੱਚ ਜੋੜਨ ਨਾਲ ਕੁਦਰਤੀ ਤੌਰ ’ਤੇ ਨਾਈਟ੍ਰੋਜਨ ਫਿਕਸੇਸ਼ਨ ਵਧ ਸਕਦੀ ਹੈ, ਜਿਸ ਨਾਲ ਸਮੁੱਚੀ ਪ੍ਰਣਾਲੀ ਦੀ ਉਤਪਾਦਕਤਾ ਦਾ ਲਾਭ ਹੁੰਦਾ ਹੈ।

**ਫੀਲਡ-ਪੱਧਰ ਦਾ ਪ੍ਰਭਾਵ ਅਤੇ ਆਰਥਿਕ ਲਾਭ**

INM ਦੀ ਸਾਰਥਕਤਾ ਫਾਰਮ ਪੱਧਰ ’ਤੇ ਸਭ ਤੋਂ ਵੱਧ ਦਿਖਾਈ ਦਿੰਦੀ ਹੈ। ਪੂਰੇ ਭਾਰਤ ਵਿੱਚ ਲੰਬੇ ਸਮੇਂ ਦੇ ਖੇਤਰੀ ਪ੍ਰਯੋਗ ਦਰਸਾਉਂਦੇ ਹਨ ਕਿ ਖਾਦਾਂ ਅਤੇ ਜੈਵਿਕ ਪਦਾਰਥਾਂ ਦੀ ਏਕੀਕ੍ਰਿਤ ਵਰਤੋਂ ਸਿਰਫ਼ ਰਸਾਇਣਕ ਖਾਦ ਨਾਲੋਂ ਵੱਧ ਉਪਜ ਨੂੰ ਕਾਇਮ ਰੱਖਦੀ ਹੈ।

**ਔਸਤ ਕਿਸਾਨ ਲਈ, ਲਾਭ ਠੋਸ ਹਨ:**

**ਘੱਟ ਲਾਗਤ:** ਮਹਿੰਗੇ ਰਸਾਇਣਾਂ ਨੂੰ ਖੇਤ ਦੇ ਜੈਵਿਕ ਸਰੋਤਾਂ ਨਾਲ ਅੰਸ਼ਕ ਤੌਰ ’ਤੇ ਬਦਲਣਾ ਬਾਹਰੀ ਇਨਪੁਟਸ ’ਤੇ ਨਿਰਭਰਤਾ ਨੂੰ ਘਟਾਉਂਦਾ ਹੈ। ਲਚਕੀਲਾਪਣ: ਸੁਧਰੀ ਹੋਈ ਜੜ੍ਹਾਂ ਦੀ ਵਾਧਾ ਅਤੇ ਮਿੱਟੀ ਦਾ ਝੁਕਾਅ ਫਸਲਾਂ ਨੂੰ ਵਧੇਰੇ ਬਣਾਉਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਸੋਕੇ ਦੇ ਤਣਾਅ ਦਾ ਸਾਹਮਣਾ ਕਰਨ ਵਿੱਚ ਮਦਦ ਮਿਲਦੀ ਹੈ। ਗੁਣਵੱਤਾ: ਜ਼ਿੰਕ ਅਤੇ ਆਇਰਨ ਵਰਗੇ ਸੂਖਮ ਪੌਸ਼ਟਿਕ ਤੱਤਾਂ ਨੂੰ ਸ਼ਾਮਲ ਕਰਨ ਨਾਲ ਫਸਲਾਂ ਦੀ ਉਪਜ ਅਤੇ ਉਤਪਾਦਨ ਦੀ ਗੁਣਵੱਤਾ ਦੋਵਾਂ ਵਿੱਚ ਦਿਖਾਈ ਦੇਣ ਵਾਲੇ ਸੁਧਾਰ ਹੁੰਦੇ ਹਨ। ਇੱਕ ਟਿਕਾਊ ਰਸਤਾ ਅੱਗੇ ਵਿਅਕਤੀਗਤ ਫਾਰਮ ਤੋਂ ਇਲਾਵਾ, ਆਈਐਨਐਮ ਵਾਤਾਵਰਣ ਸਥਿਰਤਾ ਲਈ ਭਾਰਤ ਦੀਆਂ ਰਾਸ਼ਟਰੀ ਤਰਜੀਹਾਂ ਨਾਲ ਮੇਲ ਖਾਂਦਾ ਹੈ। ਲੀਚਿੰਗ ਅਤੇ ਵੋਟਾਲਾਈਜ਼ੇਸ਼ਨ ਰਾਹੀਂ ਪੌਸ਼ਟਿਕ ਤੱਤਾਂ ਦੇ ਨੁਕਸਾਨ ਨੂੰ ਘੱਟ ਕਰਕੇ, ਇਹ ਪਹੁੰਚ ਵਾਤਾਵਰਣ ਪ੍ਰਦੂਸ਼ਣ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਂਦੀ ਹੈ। ਜਿਵੇਂ ਹੀ ਅਸੀਂ ਭਾਰਤੀ ਖੇਤੀਬਾੜੀ ਦੇ ਭਵਿੱਖ ਵੱਲ ਦੇਖਦੇ ਹਾਂ, ਇਹ ਸਪੱਸ਼ਟ ਹੈ ਕਿ ਅਸੀਂ ਆਪਣੀ ਮਿੱਟੀ ਨੂੰ ਅਣਮਿੱਥੇ ਸਮੇਂ ਲਈ ਨਕਲੀ ਨਹੀਂ ਬਣਾ ਸਕਦੇ।

ਏਕੀਕ੍ਰਿਤ ਪੌਸ਼ਟਿਕ ਤੱਤ ਪ੍ਰਬੰਧਨ ਇੱਕ ਸਕੇਲੇਬਲ, ਕਿਸਾਨ-ਕੇਂਦ੍ਰਿਤ ਮਾਰਗ ਪ੍ਰਦਾਨ ਕਰਦਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਖੇਤੀ ਪ੍ਰਣਾਲੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਿਵਹਾਰਕ ਰਹਿਣ। ਇਹ ਸਮਾਂ ਆ ਗਿਆ ਹੈ ਕਿ ਮਿੱਟੀ ਨੂੰ ਸਿਰਫ਼ ਗੰਦਗੀ ਵਜੋਂ ਹੀ ਨਾ ਸਮਝਿਆ ਜਾਵੇ, ਸਗੋਂ ਇੱਕ ਜੀਵਤ ਪ੍ਰਣਾਲੀ ਦੇ ਰੂਪ ਵਿੱਚ ਮੰਨਿਆ ਜਾਵੇ ਜਿਸ ਲਈ ਦੇਸ਼ ਨੂੰ ਭੋਜਨ ਦੇਣ ਲਈ ਸੰਤੁਲਿਤ, ਟਿਕਾਊ ਖੁਰਾਕ ਦੀ ਲੋੜ ਹੁੰਦੀ ਹੈ।

# ਸਾਫ਼ ਪਾਣੀ ਹਾਲੇ ਦੂਰ ਦੀ ਗੱਲ, ਦੂਸ਼ਿਤ ਪੀਣ ਵਾਲੇ ਪਾਣੀ ਕਾਰਨ ਭਾਰਤੀ ਅਰਥਚਾਰੇ ’ਤੇ ਪੈ ਰਿਹੈ ਭਾਰੀ ਬੋਝ

ਵਰਲਡ ਇਕੋਨੋਮਿਕ ਫੋਰਮ ਦੀ ਇਕ ਰਿਪੋਰਟ ਮੁਤਾਬਕ ਭਾਰਤ ਵਿਚ ਧਰਤੀ ਹੇਠਲੇ ਪਾਣੀ ਦਾ ਲਗਪਗ 70 ਫ਼ੀਸਦੀ ਹਿੱਸਾ ਪੀਣ ਦੇ ਲਾਇਕ ਨਹੀਂ ਹੈ। ਸਮੱਸਿਆ ਇੰਨੀ ਗੰਭੀਰ ਹੈ ਕਿ ਇਸ ਦਾ ਅੰਦਾਜ਼ਾ ਕੇਵਲ ਇਨ੍ਹਾਂ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ ਕਿ ਹਰ ਰੋਜ਼ ਚਾਰ ਕਰੋੜ ਲੀਟਰ ਗੰਦਾ ਪਾਣੀ ਨਦੀਆਂ ਅਤੇ ਹੋਰ ਜਲ ਸੋਮਿਆਂ ਵਿਚ ਮਿਲ ਜਾਂਦਾ ਹੈ ਜਦਕਿ ਇਸ ਵਿਚਲੇ ਬਹੁਤ ਛੋਟੇ ਹਿੱਸੇ ਨੂੰ ਹੀ ਸੋਧਿਆ ਜਾ ਸਕਦਾ ਹੈ। ਵਿਸ਼ਵ ਸਿਹਤ ਸੰਗਠਨ ਦਾ ਵੀ ਕਹਿਣਾ ਹੈ ਕਿ ਭਾਰਤ ਵਿਚ ਬਿਮਾਰੀਆਂ ਦੀ ਵੱਡੀ ਵਜ ?ਹਾ ਦੂਸ਼ਿਤ ਪਾਣੀ ਹੀ ਹੈ। ਸਿਰਫ਼ ਪੇਟ ਰੋਗਾਂ ਦੀ ਵਜ੍ਹਾ ਕਰਕੇ ਹੀ ਭਾਰਤ ਵਿਚ ਘੱਟੋ-ਘੱਟ ਪੰਜ ਲੱਖ ਛੋਟੇ ਬੱਚਿਆਂ ਦੀ ਮੌਤ ਹੋ ਰਹੀ ਹੈ। ਇਸ ਦਾ ਖ਼ਮਿਆਜ਼ਾ ਅਰਥ-ਵਿਵਸਥਾ ਨੂੰ ਵੀ ਭੁਗਤਣਾ ਪੈ ਰਿਹਾ ਹੈ।

ਵਿਸ਼ਵ ਬੈਂਕ ਦੇ ਇਕ ਅਨੁਮਾਨ ਦੇ ਮੁਤਾਬਕ ਕੇਵਲ ਗੰਦੇ ਪਾਣੀ ਨਾਲ ਭਾਰਤੀ ਅਰਥ-ਵਿਵਸਥਾ ਉੱਤੇ 470 ਤੋਂ 610 ਅਰਬ ਤੱਕ ਦਾ ਬੋਝ ਪੈ ਰਿਹਾ ਹੈ। ਅੱਜ ਭਾਰਤ ਘਰ-ਘਰ ਤੱਕ ਪਾਣੀ ਪਹੁੰਚਾਉਣ ਦੇ ਦਾਅਵੇ ਕਰ ਰਿਹਾ ਹੈ। ਸ਼ਹਿਰਾਂ ਵਿਚ ਪਾਈਪਾਂ ਅਤੇ ਪਿੰਡਾਂ ਵਿਚ ਨਲਕਿਆਂ ਦੀ ਗਿਣਤੀ ਵਧ ਰਹੀ ਹੈ ਅਤੇ ਅੰਕੜੇ ਦੱਸਦੇ ਹਨ ਕਿ ਪਾਣੀ ਪਹਿਲਾਂ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚ ਰਿਹਾ ਹੈ। ਇਨ੍ਹਾਂ ਦਾਅਵਿਆਂ ਅਤੇ ਪ੍ਰਾਪਤੀਆਂ ਦੇ ਪਿੱਛੇ ਇਕ ਕੌੜੀ ਸੱਚਾਈ ਵੀ ਖੜ੍ਹੀ ਹੈ ਕਿ ਜਿਹੜਾ ਪਾਣੀ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ, ਉਹ ਸੱਚਮੁੱਚ ਸੁਰੱਖਿਅਤ ਤੇ ਪਾਣੀ ਦੇ ਯੋਗ ਹੈ।

ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਕੁਝ ਦਿਨ ਪਹਿਲਾਂ ਹੀ ਦੂਸ਼ਿਤ ਪਾਣੀ ਨਾਲ ਵਾਪਰੀ ਤ੍ਰਾਸਦੀ ਦੱਸਦੀ ਹੈ ਕਿ ਹੁਣ ਪਾਣੀ ਦਾ ਸੰਕਟ ਨਹੀਂ ਸਗੋਂ ਸੰਕਟ ਤਾਂ ਸਾਫ਼ ਪਾਣੀ ਮੁਹੱਈਆ ਕਰਵਾਉਣ ਦਾ ਹੈ। ਸੱਚ ਤਾਂ ਇਹ ਹੈ ਕਿ ਰਾਜਨੀਤਕ ਸੋਚ ਹਾਸ਼ੀਏ ’ਤੇ ਆ ਖੜ੍ਹੀ ਹੈ। ਮਾਮਲਾ ਸਿਰਫ਼ ਇੰਦੌਰ ਦਾ ਹੀ ਨਹੀਂ, ਇਹ ਮਸਲਾ ਸਾਰੇ ਦੇਸ਼ ਨਾਲ ਸਬੰਧਤ ਹੈ। ਜੋ ਕੁਝ ਇੰਦੌਰ ਵਿਚ ਵਾਪਰਿਆ, ਉਹ ਪਹਿਲੀ ਵਾਰ ਵੀ ਨਹੀਂ ਵਾਪਰਿਆ ਹੈ।

ਇਕ ਹੋਰ ਰਿਪੋਰਟ ਅਨੁਸਾਰ ਪੇਂਡੂ ਖੇਤਰ ਦੇ ਲਗਪਗ 25 ਤੋਂ 50 ਫ਼ੀਸਦੀ ਪਾਣੀ ਦੇ ਨਮੂਨਿਆਂ ਵਿਚ ਬੈਕਟੀਰੀਆ ਦੀ ਮੌਜੂਦਗੀ ਪਾਈ ਗਈ ਹੈ। ਇਸ ਦੇ ਉਲਟ ਕੇਵਲ 15 ਫ਼ੀਸਦੀ ਨਮੂਨੇ ਹੀ ਪੂਰੀ ਤਰ੍ਹਾਂ ਸੁਰੱਖਿਅਤ ਪਾਏ ਗਏ ਹਨ। ਪੇਂਡੂ ਖੇਤਰ ਦੇ ਪਾਣੀ ਵਿਚ ਪਾਇਆ ਜਾਣ ਵਾਲਾ ਕੀਕਲਾਈ ਬੈਕਟੀਰੀਆ ਮਨੁੱਖੀ ਮਲ ਵਿਚ ਮਿਲਣ ਵਾਲਾ ਸਭ ਤੋਂ ਘਾਤਕ ਬੈਕਟੀਰੀਆ ਦੱਸਿਆ ਜਾ ਰਿਹਾ ਹੈ। ਪਾਣੀ ਵਿਚ ਫਲੋਰਾਈਡ ਅਤੇ ਅਰਸੈਨਿਕ ਪ੍ਰਦੂਸ਼ਣ ਮਿਲਣਾ ਆਮ ਵਰਤਾਰਾ ਹੈ ਜਿਸ ਨਾਲ ਹੱਡੀਆਂ ਅਤੇ ਦੰਦਾਂ ਦੀਆਂ ਬਿਮਾਰੀਆਂ ਵਧਦੀਆਂ ਹਨ। ਨਹਿਰਾਂ ਦੇ ਪਾਣੀ ’ਚ ਨਾਈਟ ?ਰੇਟ ਮਿਲਿਆ ਹੈ ਜਿਹੜਾ ਗੰਭੀਰ ਸਮੱਸਿਆ ਬਣ ਰਿਹਾ ਹੈ। ਇਸੇ ਤਰ੍ਹਾਂ ਸ਼ਹਿਰੀ ਖੇਤਰ ਦੀ ਗੱਲ ਕਰੀਏ ਤਦ ਉੱਥੋਂ ਦੇ ਲੋਕਾਂ ਨੂੰ ਵੀ ਪੀਣ ਲਈ ਸਾਫ਼ ਪਾਣੀ ਨਹੀਂ ਮਿਲ ਰਿਹਾ ਹੈ। ਸ਼ਹਿਰਾਂ ਵਿਚ ਪਾਣੀ ਦੀ ਸਪਲਾਈ ਲਾਈਨ ਆਧਾਰਤ ਵਾਟਰ ਟਰੀਟਮੈਂਟ ਸਿਸਟਮ ਰਾਹੀ ਕੀਤੀ ਜਾ ਰਹੀ ਹੈ ਪਰ 15 ਫ਼ੀਸਦੀ ਪਾਣੀ ਵਿਚ ਈਕੋਲਾਈ ਬੈਕਟੀਰੀਆ ਪਾਇਆ ਗਿਆ ਹੈ। ਪੁਰਾਣੀਆਂ ਪਾਈਪਾਂ, ਸੀਵਰੇਜ ਦੀ ਲੀਕੇਜ ਆਦਿ ਦੀ ਵਜ ?ਹਾ ਕਰਕੇ ਗੰਦਾ ਪਾਣੀ ਸਪਲਾਈ ਹੋ ਰਿਹਾ ਹੈ।



-ਕਮਲਜੀਤ ਸਿੰਘ ਬਨਵੈਤ

ਕਈ ਥਾਈਂ ਫੈਕਟਰੀਆਂ ਦਾ ਪਾਣੀ ਨਦੀਆਂ ਦੇ ਪਾਣੀ ਨੂੰ ਦੂਸ਼ਿਤ ਕਰ ਰਿਹਾ ਹੈ। ਪੰਜਾਬ ਦੇ ਲੁਧਿਆਣਾ ਸ਼ਹਿਰ ਦੀਆਂ ਫੈਕਟਰੀਆਂ ਪਾਣੀ ਨੂੰ ਦੂਸ਼ਿਤ ਕਰ ਰਹੀਆਂ ਹਨ। ਜਲੰਧਰ ਦੀ ਸਨਅਤ ਵੀ ਪਾਣੀ ਨੂੰ ਦੂਸ਼ਿਤ ਕਰ ਰਹੀ ਹੈ।

ਰਾਜ ਸਭਾ ਦੇ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਬੇਈਂ ਦੇ ਪਾਣੀ ਨੂੰ ਸਾਫ਼ ਕਰਨ ਲਈ ਦਹਾਕਿਆਂ ਤੋਂ ਅਣਥੱਕ ਯਤਨ ਕਰ ਰਹੇ ਹਨ। ਲੁਧਿਆਣਾ ਦਾ ਬੁੱਢਾ ਨਾਲਾ ਇਸੇ ਕਰਕੇ ਅਕਸਰ ਚਰਚਾ ਵਿਚ ਰਹਿੰਦਾ ਹੈ।ੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜ਼ਿਆਦਾਤਰ ਸ਼ਹਿਰੀ ਖੇਤਰਾਂ ਵਿਚ ਨਦੀਆਂ ਦੇ ਪਾਣੀ ਨੂੰ ਟਰੀਟਮੈਂਟ ਕਰਕੇ ਸਪਲਾਈ ਕੀਤਾ ਜਾਂਦਾ ਹੈ। ਅਸਲ ਵਿਚ ਪਾਣੀ ਦਾ ਪ੍ਰਦੂਸ਼ਣ ਇਕ ਗੰਭੀਰ ਸਮੱਸਿਆ ਹੈ। ਭਾਰਤ ਵਿਚ ਜਲ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਸਰੋਤ ਅਣਸੋਧਿਆ ਪਾਣੀ ਹੈ। ਇੱਥੇ 40 ਹਜ਼ਾਰ ਬਿਲੀਅਨ ਮੀਟਰ ਬਾਰਿਸ਼ ਹੁੰਦੀ ਹੈ ਪਰ ਬੁਨਿਆਦੀ ਢਾਂਚੇ ਦੀ ਘਾਟ ਕਰਕੇ ਸਿਰਫ਼ 112 ਬਿਲੀਅਨ ਘਣ ਮੀਟਰ ਜਲ ਸਰੋਤ ਵਰਤੋਂ ਲਈ ਉਪਲਬਧ ਹੈ। ਸੋਧਿਆ ਪਾਣੀ ਜਿੱਥੇ ਅਸੁਰੱਖਿਅਤ ਹੈ, ਉੱਥੇ ਹੀ ਇਸ ਦੀ ਗੁਣਵੱਤਾ ਨੂੰ ਵੀ ਘੱਟ ਕਰਦਾ ਹੈ। ਭਾਰਤ ਦੀਆਂ ਜ਼ਿਆਦਾਤਰ ਨਦੀਆਂ ਅਤੇ ਦਰਿਆ ਪਾਣੀ ਨੂੰ ਦੂਸ਼ਿਤ ਕਰ ਰਹੇ ਹਨ। ਇਕ ਜਾਣਕਾਰੀ ਅਨੁਸਾਰ ਉਦਯੋਗ ਹਰ ਰੋਜ਼ 45 ਹਜ਼ਾਰ ਮਿਲੀਅਨ ਲੀਟਰ ਪਾਣੀ ਨੂੰ ਦੂਸ਼ਿਤ ਕਰ ਰਹੇ ਹਨ।

ਇਸ ਵਿਚ ਕੱਪੜਾ ਉਦਯੋਗ ਦਾ 5000 ਲੀਟਰ ਹਿੱਸਾ ਹੈ। ਭਾਰਤ ਵਿਚ 300 ਸ਼ਰਾਬ ਉਦਯੋਗ ਹਨ ਅਤੇ ਸ਼ਰਾਬ ਖੇਤਰ ਦਾ ਉਦਯੋਗ 3000 ਮਿਲੀਅਨ ਲੀਟਰ ਪਾਣੀ ਦੂਸ਼ਿਤ ਕਰ ਰਿਹਾ ਹੈ। ਕਾਗਜ਼ ਉਦਯੋਗ ਦਾ 4500 ਮਿਲੀਅਨ ਲੀਟਰ ਦਾ ਹਿੱਸਾ ਵੱਖਰਾ ਹੈ। ਕਾਗਜ਼, ਚਮੜਾ ਅਤੇ ਹੋਰ ਕਈ ਸਨਅਤਾਂ ਵੀ ਪਾਣੀ ਨੂੰ ਦੂਸ਼ਿਤ ਕਰ ਰਹੀਆਂ ਹਨ। ਇੰਦੌਰ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਸਬਕ ਸਿੱਖਣ ਦੀ ਲੋੜ ਹੈ ਜਿੱਥੇ ਪੀਣ ਵਾਲਾ ਪਾਣੀ ਦੂਸ਼ਿਤ ਹੋਣ ਕਾਰਨ ਨਾ ਸਿਰਫ਼ ਅਨੇਕ ਲੋਕ ਮੌਤ ਦੇ ਮੂੰਹ ਵਿਚ ਚਲੇ ਗਏ ਸਗੋਂ 200 ਤੋਂ ਵੱਧ ਬਿਮਾਰ ਪੈ ਗਏ ਸਨ।

ਹਾਦਸੇ ਦੀ ਵਜ੍ਹਾ ਸੀਵਰੇਜ ਵਾਲੀ ਪਾਈਪ ਦਾ ਪਾਣੀ ਲੀਕ ਹੋ ਕੇ ਪੀਣ ਵਾਲੇ ਪਾਣੀ ਵਿਚ ਜਾ ਰਲਣਾ ਦੱਸਿਆ ਜਾਂਦਾ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਤਾਂ ਕੀਤਾ ਹੈ ਪਰ ਸਵਾਲ ਖੜ੍ਹਾ ਹੁੰਦਾ ਹੈ ਕਿ ਇਸ ਨਾਲ ਜਹਾਨੋਂ ਤੁਰ ਗਏ ਜੀਆਂ ਦੀ ਭਰਪਾਈ ਹੋ ਜਾਵੇਗੀ। ਘੱਟ ਤੋਂ ਘੱਟ ਸਰਕਾਰਾਂ ਇਸ ਹਾਦਸੇ ਤੋਂ ਸਬਕ ਸਿੱਖ ਲੈਣ ਤਾਂ ਵੀ ਮਨ ਨੂੰ ਢਾਰਸ ਬੱਝ ਸਕੇਗਾ।

ਪੰਜਾਬ ਵਿਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ ਹੋ ਰਹੀਆਂ ਹਨ ਅਤੇ ਸਮੇਂ ਦੀਆਂ ਸਰਕਾਰਾਂ ਮੁਆਵਜ਼ਾ ਦੇਣ ਤੋਂ ਬਾਅਦ ਅੱਖਾਂ ਤੇ ਕੰਨ ਬੰਦ ਕਰ ਕੇ ਬੈਠ ਜਾਂਦੀਆਂ ਹਨ। ਦੂਸ਼ਿਤ ਪਾਣੀ ਨੂੰ ਸਾਫ਼ ਕਰਨ ਦੀ ਬਜਾਏ ਸ਼ਰਾਬ ਫੈਕਟਰੀਆਂ ਉਸ ਨੂੰ ਦੂਸ਼ਿਤ ਕਰੀ ਜਾ ਰਹੀਆਂ ਹਨ। ਇਸ ਸਮੱਸਿਆ ’ਤੇ ਕਾਬੂ ਪਾਉਣਾ ਬਹੁਤ ਛੋਟੀ ਜਿਹੀ ਗੱਲ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਸਰਕਾਰਾਂ ਆਪਣੀ ਡਿਊਟੀ ਸਮਝਣ। ਰਕਾਰਾਂ ਦੇ ਦਿਲਾਂ ਵਿਚ ਲੋਕਾਂ ਲਈ ਦਰਦ ਹੋਵੇ। ਲੋਕਾਂ ਦੇ ਜਾਨ-ਮਾਲ ਦੀ ਫ਼ ?ਕਰਮੰਦੀ ਹੋਵੇ। ਸਾਡੀਆਂ ਸਰਕਾਰਾਂ ਨੇ ਤਾਂ ਲੋਕਾਂ ਨੂੰ ਰੱਬ ਭਰੋਸੇ ਹੀ ਛੱਡ ਰੱਖਿਆ ਹੈ। ਭਾਰਤ ਦਾ ਤਾਂ ਰੱਬ ਹੀ ਬੇਲੀ ਹੈ।

# Dosanjh Family AUTO GROUP

Cadillac | CHEVROLET | INFINITI | KIA | NISSAN | BUICK

GMC | LIVERMORE TOYOTA | HYUNDAI Fremont Hyundai | TOYOTA | Ford | ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI